PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

14th - 21th March 2024 • Issue No. 3021

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389








## ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਨੂੰ ਅਸਾਮ ਦੀ ਜੇਲ੍ਹ ‘ਚ ਬੰਦ ਕਰਨ ਦੀ ਸ: ਪੁਰੇਵਾਲ ਵੱਲੋਂ ਨਿਖੇਧੀ

### * ਮੁਗਲ ਤੇ ਅੰਗਰੇਜ਼ ਸਿੰਘਾਂ ਨੂੰ ਕਾਲੇ ਪਾਣੀ ਘੱਲਦੇ ਸੀ, ਪੰਜਾਬ ਸਰਕਾਰ ਵੀ ਉਨ੍ਹਾਂ ਲੀਹਾਂ ‘ਤੇ ਚੱਲ ਰਹੀ ਹੈ

* ਤੀਹ-ਤੀਹ ਸਾਲਾਂ ਤੋਂ ਜੇਲ੍ਹਾਂ ‘ਚ ਬੰਦੀ ਸਿੰਘਾਂ ਅਤੇ ਆਸਾਮ ’ਚ ਕੈਦ ਕੀਤੇ ਸਿੰਘਾਂ ਦੀ ਰਿਹਾਈ ਲਈ ਸਾਰੀਆਂ ਜਥੇਬੰਦੀਆਂ ਇਕੱਠੀਆਂ ਹੋ ਕੇ ਹੰਭਲਾ ਮਾਰਨ – ਸ: ਪੁਰੇਵਾਲ











ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਪੰਜਾਬ ਤਬਦੀਲੀ ਸਬੰਧੀ ਲੱਗੇ ਮੋਰਚੇ ਵਿੱਚ ਬੋਲਦੇ ਹੋਏ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਬਾਕੀ ਤਸਵੀਰਾਂ ‘ਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਸ: ਤਰਸੇਮ ਸਿੰਘ ਜੀ, ਚਾਚਾ ਜੀ ਅਤੇ ਮਾਤਾ ਜੀ ਨਾਲ ਗੱਲਬਾਤ ਕਰਦੇ ਹੋਏ

## ਬਾਬਾ ਰਾਮ ਸਿੰਘ ਜੀ ਨੇ ਡਿਬਰੂਗੜ੍ਹ ਜੇਲ੍ਹ ‘ਚ ਅਸਾਮ ਪਹੁੰਚ ਕੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਨਾਲ ਮੁਲਾਕਾਤ ਕੀਤੀ




ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨਾਲ ਮੁਲਾਕਾਤ ਕਰਨ ਪਿੱਛੋਂ ਡਿਬਰੂਗੜ੍ਹ ਜੇਲ੍ਹ ਦੇ ਸਾਹਮਣੇ ਖੜ੍ਹੇ ਨੇ ਬਾਬਾ ਰਾਮ ਸਿੰਘ ਜੀ, ਰਾਜਨਦੀਪ ਸਿੰਘ ਅਤੇ ਸਾਥੀ ਸਿੰਘ

# ਲਾਹੌਰ ਤੋਂ 'ਜੀਵੇ ਸਾਂਝਾ ਪੰਜਾਬ' ਚੈਨਲ ਦੀ ਡਾਇਰੈਕਟਰ ਪੂਰਵਾ ਮਸੂਦ ਕੌਮੀ ਸਿੱਖ ਵਿਰਾਸਤ ਕੇਂਦਰ ਅਤੇ ਘੱਲੂਘਾਰਾ ਅਜਾਇਬ ਘਰ, ਡਰਬੀ ਵਿੱਖੇ ਪਹੁੰਚੇ

ਡਰਬੀ–ਦੇਸ ਪੰਜਾਬ ਦੀ ਆਖਰੀ ਮਹਾਰਾਣੀ, ਮਹਾਰਾਣੀ ਜਿੰਦ ਕੌਰ ਦੇ ਜੀਵਨ ਤੇ ਖੋਜ ਕਰਦੇ ਹੋਏ ਲਾਹੌਰ ਤੋਂ ਜੀਵੇ ਸਾਂਝਾ ਪੰਜਾਬ ਚੈਨਲ ਦੀ ਡਾਇਰੈਕਟਰ ਪੂਰਵਾ ਮਸੂਦ ਕੌਮੀ ਸਿੱਖ ਵਿਰਾਸਤ ਕੇਂਦਰ ਅਤੇ ਘੱਲੂਘਾਰਾ ਅਜਾਇਬ ਘਰ, ਡਰਬੀ ਵਿਖੇ ਪਹੁੰਚੇ। ਉਨ੍ਹਾਂ ਦੇ ਨਾਲ ਲੈਸਟਰ ਤੋਂ ਉਨ੍ਹਾਂ ਦੇ ਸਹਿਯੋਗੀ ਕਿਰਣ ਕੌਰ ਘੁੰਮਣ ਸਨ। ਪੂਰਵਾ ਨੇ ਮਹਾਰਾਣੀ ਜਿੰਦ ਕੌਰ ਦੇ ਜੀਵਨ ਅਤੇ ਘਾਲਣਾ ਬਾਰੇ ਖੋਜ ਕਾਰਜ ਲਾਹੌਰ ਵਿਖੇ ਪਿਛਲੇ ਸਾਲ ਸ਼ੁਰੂ ਕੀਤਾ ਸੀ, ਜਿਸ ਵਿੱਚ ਉਹ ਵੱਖ–ਵੱਖ ਸ਼ਖਸੀਅਤਾਂ ਅਤੇ ਇਤਿਹਾਸਕ ਸ੍ਰੋਤਾਂ ਤੋਂ ਮਹਾਰਾਣੀ ਜਿੰਦ ਕੌਰ ਜੀ ਦੇ ਬਾਰੇ ਜਾਣਕਾਰੀ ਇਕੱਤਰ ਕਰ ਰਹੇ ਸਨ। ਪੰਜਾਬ ਵਿੱਚੋਂ ਦੇਸ ਨਿਕਾਲਾ ਹੋਣ ਤੋਂ ਬਾਅਦ ਮਹਾਰਾਣੀ ਜਿੰਦ ਕੌਰ ਨੇਪਾਲ ਵਿਖੇ 11 ਸਾਲ ਰਹੇ ਸਨ। ਮਹਾਰਾਣੀ ਦੀਆਂ ਪੈੜਾਂ ਨੱਪਦਿਆਂ ਪੂਰਵਾ ਮਸੂਦ ਵੀ ਨਵੰਬਰ 2023 ਵਿੱਚ ਨੇਪਾਲ ਪਹੁੰਚੇ ਅਤੇ ਨੇਪਾਲ ਵਿੱਚ ਮੌਜੂਦ ਸਿੱਖ ਇਤਿਹਾਸ ਨਾਲ ਜੁੜੇ ਸੀਮਤ ਜਿਹੇ ਸ੍ਰੋਤਾਂ ਤੋਂ ਇਤਿਹਾਸਕ ਜਾਣਕਾਰੀ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ। ਮਹਾਰਾਣੀ ਜਿੰਦ ਕੌਰ ਨੇਪਾਲ ਵਿੱਚ 11 ਸਾਲ ਗੁਜ਼ਾਰਨ ਤੋਂ ਬਾਅਦ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ ਯੂ ਕੇ ਆ ਗਏ ਸਨ। ਪੂਰਵਾ ਵੀ ਤਿੰਨ ਮਹੀਨੇ ਨੇਪਾਲ ਵਿੱਚ ਇਤਿਹਾਸਕ ਸ੍ਰੋਤਾਂ, ਹੱਥ–ਲਿਖਤਾਂ ਅਤੇ ਵਿਦਵਾਨਾਂ ਤੋਂ ਜਾਣਕਾਰੀ ਇਕੱਤਰ ਕਰਨ ਮਗਰੋਂ ਮਹਾਰਾਣੀ ਜਿੰਦ ਕੌਰ ਦੇ ਯੂ ਕੇ ਵਿੱਚ ਗੁਜ਼ਾਰੇ ਸਮੇਂ ਬਾਰੇ ਖੋਜ ਕਰਨ ਲਈ ਯੂ ਕੇ ਆਏ ਹੋਏ ਹਨ।



ਸਿੱਖ ਅਜਾਇਬਘਰ ਡਰਬੀ ਵਿਖੇ ਖੱਬੇ ਤੋਂ ਅਜੀਤ ਸਿੰਘ, ਕਿਰਨ ਕੌਰ ਘੁੰਮਣ, ਪੂਰਵਾ ਮਸੂਦ, ਰਾਜਿੰਦਰ ਸਿੰਘ ਪੁਰੇਵਾਲ ਅਤੇ ਪ੍ਰਭਜੋਤ ਸਿੰਘ



Ask in store for further details.

# ਕਿਸਾਨੀ ਅੰਦੋਲਨ ਤੇ ਬੰਦੀ ਸਿਖਾਂ ਦੀ ਰਿਹਾਈ ਅਕਾਲੀ-ਭਾਜਪਾ ਗੱਠਜੋੜ ਹੋਣ ਵਿਚ ਬਣਿਆ ਵੱਡਾ ਅੜਿੱਕਾ

## ✪ ਦੋਵੇਂ ਪਾਰਟੀਆਂ ਗਠਜੋੜ ਕਰਨ ਲਈ ਸਰਗਰਮ ✪ ਮੋਦੀ ਸਰਕਾਰ ਨੇ ਬੰਦੀ ਸਿਖਾਂ ਤੇ ਕਿਸਾਨੀ ਮੰਗਾਂ ਬਾਰੇ ਚੁਪ ✪ ਗਠਜੋੜ ਨੂੰ ਲੈ ਕੇ ਸਮੁੱਚੀ ਤਸਵੀਰ 14 ਅਤੇ 15 ਮਾਰਚ ਤੱਕ ਸਪੱਸ਼ਟ ਹੋਣ ਦੀ ਸੰਭਾਵਨਾ





ਤਰਨਤਾਰਨ-ਭਾਰਤ ਦੀਆਂ ਲੋਕ ਸਭਾ ਚੋਣਾਂ ਸਿਰ 'ਤੇ ਹਨ, ਸਾਰੀਆਂ ਪਾਰਟੀਆਂ ਗੱਠਜੋੜ ਕਰ ਕੇ ਸੀਟਾਂ ਦੀ ਲੈਣ ਦੇਣ ਕਰ ਰਹੀਆਂ ਹਨ ਪਰ ਪੰਜਾਬ ਵਿਚ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਅਜੇ ਹੋਣ ਦਾ ਨਾਂ ਨਹੀਂ ਲੈ ਰਿਹਾ ਸਗੋਂ ਦਿਨੋਂ-ਦਿਨ ਪਿੱਛੇ ਚੱਲ ਰਿਹਾ ਹੈ। ਇਸੇ ਕਰਕੇ ਦੋਹਾਂ ਪਾਰਟੀਆਂ ਨੇ ਉਮੀਦਵਾਰਾਂ ਦਾ ਐਲਾਨ ਵੀ ਨਹੀਂ ਕੀਤਾ।ਆਪ ਤੇ ਕਾਂਗਰਸ ਵੀ ਇਸ ਗੱਠਜੋੜ ਕਾਰਣ ਆਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕਰ ਸਕੀਆਂ। ਉਹ ਇਸ ਗਠਜੋੜ ਦੇ ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਆਪਣੇ ਉਮੀਦਵਾਰ ਐਲਾਨ ਕਰਨਗੀਆਂ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ ਮੌਕੇ ਅਕਾਲੀ ਦਲ ਦੇ ਆਗੂਆਂ ਦੇ ਨਾਲ ਹੋਰ ਪਾਰਟੀਆਂ ਦੇ ਆਗੂ ਵੀ ਵੱਡੀ ਗਿਣਤੀ ਵਿੱਚ ਪਹੁੰਚੇ ਸਨ। ਇਸ ਦੌਰਾਨ ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬੀਜੇਪੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮੰਚ ਤੋਂ ਗਠਜੋੜ ਨੂੰ ਲੈਕੇ ਵੱਡਾ ਇਸ਼ਾਰਾ ਕਰ ਦਿੱਤਾ ਸੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਸੂਬੇ ਦੀ ਭਲਾਈ ਦੇ ਲਈ ਇੱਕ ਝੰਡੇ ਹੇਠਾਂ ਆਉਣ ਦੀ ਜ਼ਰੂਰਤ ਹੈ। ਸੁਖਬੀਰ ਸਿੰਘ ਬਾਦਲ ਦਾ ਇਹ ਇਸ਼ਾਰਾ ਬੀਜੇਪੀ ਦੇ ਲਈ ਸੀ। ਸੁਖਬੀਰ ਸਿੰਘ ਬਾਦਲ ਨੇ ਮੰਚ ਤੋਂ ਇੱਕ ਹੋਰ ਸੁਨੇਹਾ ਵੀ ਦਿੱਤਾ,ਇਹ ਪਾਰਟੀ ਤੋਂ ਰੁਸੇ ਉਨ੍ਹਾਂ ਸਿਆਸਤਦਾਨਾਂ ਦੇ ਲਈ ਵੀ ਜੋ ਕਿਸੇ ਨਾ ਕਿਸੇ ਵਜ੍ਹਾ ਕਰਕੇ ਪਾਰਟੀ ਤੋਂ ਵੱਖ ਹੋਕੇ ਦੂਜੀਆਂ ਪਾਰਟੀਆਂ ਵਿੱਚ ਚੱਲੇ ਗਏ ਸਨ। ਉਨ੍ਹਾਂ ਨੇ ਕਿਹਾ ਮੇਰੇ ਪਿਤਾ ਨੂੰ ਸਚੀ ਸ਼ਰਧਾਂਜਲੀ ਤਾਂ ਹੀ ਮਿਲੇਗੀ ਜਦੋਂ ਅਸੀਂ ਸਾਰੇ ਏਕੇ ਦਾ ਸਬੂਤ ਦੇਇਏ। ਬੀਜੇਪੀ ਪ੍ਰਧਾਨ ਸੁਨੀਲ ਜਾਖੜ ਜਾਖੜ ਨੇ ਆਪਣੀ ਤਕਰੀਰ ਵਿੱਚ ਗਠਜੋੜ ਨੂੰ ਲੈਕੇ ਅਕਾਲੀ ਦਲ ਦੇ ਮਨ ਵਿੱਚ ਚੱਲ ਰਹੇ ਸਿਆਸੀ ਖਦਸ਼ੇ ਨੂੰ ਦੂਰ ਕਰਨ ਦੇ ਲਈ 1996 ਦੀ ਯਾਦ ਦਿਵਾਈ ਸੀ।

ਬੀਜੇਪੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਬਿਨਾਂ ਅਕਾਲੀ ਦਲ ਦਾ ਨਾਂ ਲਏ ਕਿਹਾ ਪੰਜਾਬ ਨੂੰ ਬਚਾਉਣ ਦੇ ਲਈ ਸਾਨੂੰ ਇਕੱਠੇ ਆਉਣਾ ਹੋਵੇਗਾ। ਜਦੋਂ 1996 ਵਿੱਚ ਬੀਜੇਪੀ ਨਾਲ ਸਮਝੌਤਾ ਹੋਇਆ ਸੀ ਤਾਂ ਕੁਝ ਲੋਕਾਂ ਨੇ ਕਿਹਾ ਸੀ ਪੰਥ ਦੀ ਰਾਹ ਤੋਂ ਭੱਟਕਨ ਲੱਗਾ ਹੈ ਅਕਾਲੀ ਦਲ। ਪਰ ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲੇ ਵੱਡਾ ਜਿਗਰਾ ਵਿਖਾਇਆ ਸੀ ਅਤੇ ਪੰਜਾਬ ਨੂੰ ਅੱਗੇ ਰੱਖ ਕੇ ਭਾਜਪਾ ਨਾਲ ਸਮਝੌਤਾ ਕੀਤਾ ਸੀ। ਜਾਖੜ ਨੇ ਕਿਹਾ ਪ੍ਰਕਾਸ਼ ਸਿੰਘ ਬਾਦਲ ਸਿਰਫ ਇੱਕ ਕੌਮ ਦੇ ਆਗੂ ਨਹੀਂ ਸਨ ਉਨ੍ਹਾਂ ਦੇ ਵੱਲ ਪੰਜਾਬ ਦੇ ਲੋਕ ਝਾਕਦੇ ਸਨ। ਸੁਖਬੀਰ ਸਿੰਘ ਬਾਦਲ ਨੂੰ ਜਿਹੜੀ ਚੀਜ਼ ਵਿਰਾਸਤ ਵਿੱਚ ਮਿਲੀ ਹੈ ਉਸ ਨੂੰ ਅੱਗੇ ਵਧਾਉਣ ਦੀ ਵੱਡੀ ਜ਼ਿੰਮੇਵਾਰੀ ਹੈ।

ਅਕਾਲੀ ਦਲ ਲਈ ਸਭ ਤੋਂ ਵੱਡੀ ਮੁਸ਼ਕਲ ਹੈ ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨ ਅੰਦੋਲਨ, ਦੋਵੇ ਪਾਰਟੀ ਦੇ ਕੋਰ ਵੋਟਰ ਹਨ। ਅਕਾਲੀ ਦਲ ਚਾਹੁੰਦਾ ਹੈ ਕਿ ਸਮਝੌਤੇ ਤੋਂ ਪਹਿਲਾਂ ਬੀਜੇਪੀ ਬੰਦੀ ਸਿੰਘਾਂ ਦੀ ਰਿਹਾਈ ਲਈ ਕੁਝ ਅਜਿਹਾ ਐਲਾਨ ਕਰੇ ਤਾਂਕਿ ਉਹ ਅੱਗੇ ਵੱਧ ਸਕੇ, ਦੂਜਾ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਸ਼ਾਤ ਕਰਵਾਏ।

ਸੂਤਰਾਂ ਅਨੁਸਾਰ ਦੋਵਾਂ ਪਾਰਟੀਆਂ ਅਕਾਲੀ ਤੇ ਭਾਜਪਾ ਨੂੰ ਗੱਠਜੋੜ ਦੀ ਲੋੜ ਹੈ, ਭਾਜਪਾ ਨੇ ਕਿਆਸ ਲਾ ਲਿਆ ਹੈ ਕਿ ਪੰਜਾਬ ਵਿਚ ਉਨ੍ਹਾਂ ਦੇ ਪੈਰ ਨਹੀਂ ਲੱਗਣਗੇ ਸ਼ਾਇਦ 2019 ਵਿਚ ਮਿਲੀਆਂ ਦੋ ਸੀਟਾਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਨੂੰ ਵੀ ਬਚਾ ਨਾ ਸਕਣ। ਇਸੇ ਤਰ੍ਹਾਂ ਅਕਾਲੀ ਦਲ ਵੀ ਸੋਚਦਾ ਹੈ ਕਿ ਜੇਕਰ ਗਠਜੋੜ ਨਾ ਹੋਇਆ ਤਾਂ ਅਸੀਂ 2019 ਵਿਚ ਮਿਲੀਆਂ ਬਠਿੰਡਾ, ਫਿਰੋਜ਼ਪੁਰ ਲੋਕ ਸਭਾ ਸੀਟਾਂ ਬਚਾ ਨਹੀਂ ਪਾਵਾਂਗੇ, ਅਕਾਲੀ-ਭਾਜਪਾ ਗਠਜੋੜ ਵਿਚ ਕੁਝ ਅੜਚਨਾਂ ਹਨ , ਉਹ ਹਨ ਕਿਸਾਨੀ ਅੰਦੋਲਨ,ਤੇ ਬੰਦੀ ਸਿੱਖਾਂ ਦੀ ਰਿਹਾਈ ਜੋ ਇਸ ਗਠਜੋੜ ਦੀ ਗਲੇ ਦੀ ਹੱਡੀ ਬਣਿਆ ਹੋਇਆ ਹੈ। ਜੇਕਰ ਕਿਸਾਨੀ ਅੰਦੋਲਨ 13 ਫਰਵਰੀ ਨੂੰ ਨਾ ਸ਼ੁਰੂ ਹੁੰਦਾ ਤਾਂ ਇਕ-ਦੋ ਦਿਨਾਂ ਵਿਚ ਹੀ ਸੁਖਬੀਰ ਸਿੰਘ ਬਾਦਲ ਅਤੇ ਅਮਿਤ ਸ਼ਾਹ ਦੀ ਮੀਟਿੰਗ ਵਿਚ ਗੱਠਜੋੜ ਹੋ ਜਾਣਾ ਸੀ ਤੇ ਹੁਣ ਤੱਕ ਸੀਟਾਂ ਦੀ ਵੰਡ ਵੀ ਹੋ ਜਾਣੀ ਸੀ, ਹੁਣ ਜਿਹੜੇ ਅਕਾਲੀ ਦਲ ਦੇ ਬਜ਼ੁਰਗ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵਾਪਸ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ, ਇਸ ਨਾਲ ਢੀਂਡਸਾ ਦਾ ਕੱਦ ਭਾਵੇਂ ਏਨਾ ਨਾ ਵਧਿਆ ਹੋਵੇ, ਜਿੰਨਾ ਸੁਖਬੀਰ ਬਾਦਲ ਅਤੇ ਉਸ ਦੇ ਅਕਾਲੀ ਦਲ ਦਾ ਵਧਿਆ। ਸੂਤਰਾਂ ਅਨੁਸਾਰ ਭਾਜਪਾ ਅਕਾਲੀ ਦਲ ਤੋਂ 5 ਤੋਂ 6 ਸੀਟਾਂ ਮੰਗ ਰਹੀ ਹੈ ਪਰ ਅਕਾਲੀ ਦਲ ਚਾਰ ਸੀਟਾਂ ਤੋਂ ਵਧ ਦੇਣ ਨੂੰ ਤਿਆਰ ਨਹੀਂ ਹੈ। ਇਥੋਂ ਤਕ ਭਾਜਪਾ ਹਾਈਕਮਾਂਡ ਨੇ ਬੰਦੀ ਸਿਖਾਂ ਦੀ ਰਿਹਾਈ ਤੇ ਕਿਸਾਨੀ ਮੰਗਾਂ ਬਾਰੇ ਕੋਈ ਫੈਸਲਾ ਨਹੀਂ ਕੀਤਾ। ਇਹੀ ਕਾਰਣ ਗਠਜੋੜ ਵਿਚ ਰੁਕਾਵਟ ਹਨ।

ਭਾਜਪਾ ਅਤੇ ਅਕਾਲੀ ਦਲ ਦੇ ਸੰਭਾਵੀ ਚੋਣਾਵੀ ਗਠਜੋੜ ਨੂੰ ਲੈ ਕੇ ਸਮੁੱਚੀ ਤਸਵੀਰ 14 ਅਤੇ 15 ਮਾਰਚ ਤੱਕ ਸਪੱਸ਼ਟ ਹੋਣ ਦੀ ਸੰਭਾਵਨਾ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਇਸ ਸਮੇਂ ਗਠਜੋੜ ਨੂੰ ਲੈ ਕੇ ਅਕਾਲੀ ਦਲ ਦੇ ਸੰਪਰਕ ਵਿਚ ਹੈ। ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਫਿਲਹਾਲ ਸੂਬਾ ਭਾਜਪਾ ਇਕਾਈ ਨੂੰ ਆਪਣੀਆਂ ਚੋਣ ਤਿਆਰੀਆਂ ਕਰਨ ਲਈ ਕਿਹਾ ਗਿਆ ਹੈ।

ਦੂਜੇ ਪਾਸੇ ਇਸ ਸਮੇਂ ਅਕਾਲੀ ਦਲ ਲਈ ਬੇਵਸੀ ਦਾ ਵਿਸ਼ਾ ਇਹ ਹੈ ਕਿ ਇਸ ਕੋਲ ਹੁਣ ਭਾਜਪਾ ਨਾਲ ਹੱਥ ਮਿਲਾਉਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਹੈ। ਜੇਕਰ ਅਕਾਲੀ ਦਲ ਲੋਕ ਸਭਾ ਚੋਣਾਂ ਵਿਚ ਵੀ ਹਾਰਦਾ ਹੈ ਤਾਂ ਉਸ ਲਈ ਬਹੁਤ ਔਖੇ ਹਾਲਾਤ ਪੈਦਾ ਹੋ ਜਾਣਗੇ। ਅਕਾਲੀ ਲੀਡਰਸ਼ਿਪ ਇਸ ਵਾਰ ਕਿਸੇ ਵੀ ਤਰੀਕੇ ਨਾਲ ਲੋਕ ਸਭਾ ਚੋਣਾਂ ਭਾਜਪਾ ਦੇ ਸਹਾਰੇ ਜਿੱਤਣਾ ਚਾਹੁੰਦੀ ਹੈ। ਦੂਜੇ ਪਾਸੇ ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੀ ਸੀਨੀਅਰ ਅਕਾਲੀ ਆਗੂਆਂ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਆਉਣ ਵਾਲੇ ਦਿਨਾਂ ਵਿਚ ਹੱਥ ਪਾ ਸਕਦੀ ਹੈ। ਅਜਿਹੇ ਹਾਲਾਤ ਵਿਚ ਵੀ ਅਕਾਲੀ ਦਲ ਕੇਂਦਰ ਵਿਚ ਭਾਜਪਾ ਦੇ ਨਾਲ ਚੱਲਣਾ ਚਾਹੁੰਦਾ ਹੈ। ਅਕਾਲੀ ਦਲ ਨੂੰ ਇਹ ਲੱਗਦਾ ਹੈ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣੇਗੀ ਅਤੇ ਕੱਲ੍ਹ ਨੂੰ ਉਹ ਭਾਜਪਾ ਲੀਡਰਸ਼ਿਪ ਰਾਹੀਂ ਪੰਜਾਬ ਸਰਕਾਰ 'ਤੇ ਵੀ ਦਬਾਅ ਬਣਾ ਸਕਦੀ ਹੈ। ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਵਾਜਪਾਈ ਸਰਕਾਰ ਸਮੇਂ ਕੇਂਦਰ ਵਿਚ ਉਨ੍ਹਾਂ ਕੋਲ ਅਹਿਮ ਮੰਤਰਾਲੇ ਸਨ। ਹੁਣ ਵੀ ਚੋਣਾਂ ਤੋਂ ਬਾਅਦ ਉਹ ਕੇਂਦਰ ਦੀ ਮੋਦੀ ਸਰਕਾਰ ਵਿਚ ਅਹਿਮ ਮੰਤਰਾਲਾ ਚਾਹੁੰਦਾ ਹੈ।

ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸੁਨੀਲ ਜਾਖੜ ਕਿਹਾ, 'ਭਾਜਪਾ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ ਲੋਕ ਸਭਾ ਚੋਣਾਂ ਲੜਨ ਦੀ ਤਿਆਰੀ ਕਰ ਰਹੀ ਹੈ। ਅਸੀਂ ਇਹ ਨਹੀਂ ਦੱਸ ਸਕਦੇ ਕਿ ਗਠਜੋੜ ਹੋਵੇਗਾ ਜਾਂ ਨਹੀਂ।ਇਸ ਦਾ ਫੈਸਲਾ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਕਰੇਗੀ।ਉਨ੍ਹਾਂ ਇਸ ਮੁੱਦੇ 'ਤੇ ਅੱਗੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਮੁੱਖ ਰੱਖਦਿਆਂ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਵੈਸੇ ਭਾਜਪਾ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ।

ਸੂਤਰਾਂ ਦੀ ਮੰਨੀਏ ਤਾਂ ਇਸ ਮੁੱਦੇ 'ਤੇ ਦੋਵਾਂ ਪਾਰਟੀਆਂ ਦੇ ਆਗੂਆਂ ਵਿਚਾਲੇ ਪਰਦੇ ਪਿੱਛੇ ਗੱਲਬਾਤ ਚੱਲ ਰਹੀ ਹੈ। ਫਿਲਹਾਲ ਗਠਜੋੜ ਹੋਵੇਗਾ ਜਾਂ ਨਹੀਂ ਇਸ ਨੂੰ ਲੈ ਕੇ ਅਨਿਸ਼ਚਿਤਤਾ ਬਣੀ ਹੋਈ ਹੈ।

# ਲੋਕ ਸਭਾ ਚੋਣਾਂ ਦੌਰਾਨ ਵੱਡੇ ਚਿਹਰਿਆਂ 'ਤੇ ਦਾਅ ਖੇਡ ਸਕਦੀਆਂ ਨੇ ਸਿਆਸੀ ਪਾਰਟੀਆਂ

ਚੰਡੀਗੜ੍ਹ-ਹਾਲਾਂਕਿ ਲੋਕ ਸਭਾ ਚੋਣਾਂ ਦਾ ਅਜੇ ਐਲਾਨ ਨਹੀਂ ਹੋਇਆ ਪਰ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਮੈਦਾਨ ਵਿਚ ਕੁੱਦਣ ਲਈ ਜ਼ੋਰਦਾਰ ਢੰਗ ਨਾਲ ਤਿਆਰੀਆਂ ਵਿੱਢੀਆ ਹੋਈਆਂ ਹਨ। ਪੰਜਾਬ ਦੇ ਰਾਜਸੀ ਅਖਾੜੇ ਵਿਚ ਪਹਿਲੀ ਵਾਰ ਚਾਰਕੋਣਾ ਮੁਕਾਬਲੇ ਹੋਣ ਦੇ ਆਸਾਰ ਬਣੇ ਹੋਏ ਹਨ। ਜੇਕਰ ਅਕਾਲੀ ਦਲ ਅਤੇ ਭਾਜਪਾ ਦਾ ਚੋਣ ਗਠਜੋੜ ਹੋ ਜਾਂਦਾ ਹੈ ਤਾਂ ਸਿਆਸੀ ਦ੍ਰਿਸ਼ ਬਦਲ ਜਾਵੇਗਾ।

ਇਨ੍ਹਾਂ ਚੋਣਾਂ 'ਚ ਸਿਆਸੀ ਪਾਰਟੀਆਂ ਦੇ ਨਾਲ-ਨਾਲ ਉਮੀਦਵਾਰ ਦੀ ਸ਼ਖ਼ਸੀਅਤ ਵੀ ਅਹਿਮ ਰੋਲ ਅਦਾ ਕਰੇਗੀ। ਇਹੀ ਕਾਰਨ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਲੋਕ ਸਭਾ ਚੋਣਾਂ ਵਿਚ ਵੱਡੇ ਕੱਦ ਦੇ ਆਗੂਆਂ 'ਤੇ ਦਾਅ ਖੇਡਣ 'ਤੇ ਵਿਚਾਰ ਕਰ ਰਹੀਆਂ ਹਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੁਣੌਤੀ ਕਬੂਲ ਕਰਦੇ ਹੋਏ ਮੁੱਖ ਮੰਤਰੀ ਦੇ ਮੁਕਾਬਲੇ ਚੋਣ ਲੜ੍ਹਨ ਦੀ ਸ਼ਰਤ ਤਹਿਤ ਹਾਮੀ ਭਰ ਦਿੱਤੀ ਹੈ। ਇਹ ਗੱਲ ਵੱਖਰੀ ਹੈ ਕਿ ਮੁੱਖ ਮੰਤਰੀ ਚੋਣ ਲੜ੍ਹਨਗੇ ਜਾਂ ਨਹੀਂ। ਹੁਕਮਰਾਨ ਧਿਰ ਆਪ ਪਾਰਟੀ ਲਈ ਇਹ ਚੋਣਾਂ ਵਕਾਰ ਦਾ ਸਵਾਲ ਹੈ। ਇਹੀ ਕਾਰਨ ਹੈ ਕਿ ਆਪ ਲੀਡਰਸ਼ਿਪ ਨੇ ਚਾਰ ਕੈਬਨਿਟ ਮੰਤਰੀਆਂ ਅਤੇ ਇਕ ਰਾਜ ਸਭਾ ਮੈਂਬਰ ਨੂੰ ਚੋਣ ਪਿੜ ਵਿਚ ਉਤਰਨ ਦਾ ਇਸ਼ਾਰਾ ਕਰ ਦਿੱਤਾ ਹੈ। ਪਤਾ ਲੱਗਿਆ ਹੈ ਕਿ ਆਪ ਲੀਡਰਸ਼ਿਪ ਆਗਾਮੀ ਤਿੰਨ-ਚਾਰ ਦਿਨਾਂ ਵਿਚ ਉਮੀਦਵਾਰਾਂ ਦਾ ਰਸਮੀ ਐਲਾਨ ਕਰ ਸਕਦੀ ਹੈ, ਕਿਉਂਕਿ ਪਾਰਟੀ ਸੱਭ ਤੋਂ ਪਹਿਲਾਂ ਉਮੀਦਵਾਰਾਂ ਦੀ ਘੋਸ਼ਣਾ ਕਰਨ ਵਾਲੀ ਰਵਾਇਤ ਨੂੰ ਕਾਇਮ ਰੱਖਣਾ ਚਾਹੁੰਦੀ ਹੈ।

ਜਾਣਕਾਰੀ ਅਨੁਸਾਰ ਮੁੱਖ ਮੰਤਰੀ ਦੇ ਗ੍ਰਹਿ ਜ਼ਿਲ੍ਹੇ ਸੰਗਰੂਰ ਲੋਕ ਸਭਾ ਹਲਕੇ ਤੋਂ ਪਾਰਟੀ ਨੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਚੋਣ ਲੜ੍ਹਾਉਣ ਦਾ ਫੈਸਲਾ ਲਿਆ ਹੈ। ਫਿਲਮੀ ਤੇ ਕਮੇਡੀਅਨ ਕਲਾਕਾਰ ਕਰਮਜੀਤ ਅਨਮੋਲ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਬਣਾਉਣ ਦਾ ਫੈਸਲਾ ਲਿਆ ਹੈ। ਕਾਂਗਰਸ ਪਾਰਟੀ ਇਸ ਹਲਕੇ ਤੋਂ ਵਿਜੈ ਇੰਦਰ ਸਿੰਗਲਾਂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਉਤਾਰਨ 'ਤੇ ਵਿਚਾਰ ਕਰ ਰਹੀ ਹੈ। ਜਦਕਿ ਭਾਜਪਾ ਸਾਬਕਾ ਵਿਧਾਇਕ ਕੇਵਲ ਸਿੰਘ ਢਿਲੋਂ 'ਤੇ ਦਾਅ ਖੇਡਣਾ ਚਾਹੁੰਦੀ ਹੈ। ਜੇਕਰ ਅਕਾਲੀ ਦਲ ਤੇ ਭਾਜਪਾ ਦਾ ਸਮਝੌਤਾ ਹੋ ਗਿਆ ਤਾਂ ਇਹ ਸੀਟ ਅਕਾਲੀ ਦਲ ਦੇ ਖਾਤੇ ਵਿਚ ਆਵੇਗੀ ਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਉਮੀਦਵਾਰ ਹੋ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੌਜੂਦਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਮੁੜ ਉਮੀਦਵਾਰ ਹੋਣਗੇ।

ਇਸੇ ਤਰ੍ਹਾਂ ਪਟਿਆਲਾ ਹਲਕੇ ਤੋਂ ਆਪ ਨੇ ਸਿਹਤ ਮੰਤਰੀ ਬਲਬੀਰ ਸਿੰਘ ਨੂੰ ਉਮੀਦਵਾਰ ਬਣਾਉਣ ਦਾ ਫੈਸਲਾ ਲਿਆ ਹੈ। ਵੈਸੇ ਮੁੱਖ ਮੰਤਰੀ ਭਗਵੰਤ ਮਾਨ ਇੱਥੋਂ ਬਲਤੇਜ ਪੰਨੂ ਨੂੰ ਚੋਣ ਲੜ੍ਹਾਉਣ ਦੇ ਇਛੁੱਕ ਹਨ, ਪਰ ਪਾਰਟੀ ਨੇ ਡਾ. ਬਲਬੀਰ ਸਿੰਘ 'ਤੇ ਦਾਅ ਖੇਡਣ ਦਾ ਫੈਸਲਾ ਲੈ ਲਿਆ ਹੈ। ਇਸੀ ਤਰ੍ਹਾਂ ਭਾਜਪਾ ਵਲੋਂ ਸੰਸਦ ਮੈਂਬਰ ਪਰਨੀਤ ਕੌਰ ਨੂੰ ਮੁੜ ਚੋਣ ਮੈਦਾਨ ਵਿਚ ਉਤਾਰਨ ਦੇ ਚਰਚੇ ਹਨ। ਆਪ ਪਾਰਟੀ ਵਲੋਂ ਲੁਧਿਆਣਾ ਹਲਕੇ ਤੋਂ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾ ਰਿਹਾ ਹੈ। ਜਲੰਧਰ ਤੋਂ ਮੁੜ ਸ਼ੁਸ਼ੀਲ ਰਿੰਕ ਨੂੰ ਟਿਕਟ ਦਿੱਤੀ ਜਾਵੇਗੀ। ਜਦਕਿ ਹੁਸ਼ਿਆਰਪੁਰ ਤੋਂ ਲਾਲ ਚੰਦ ਕਟਾਰੂਚੱਕ ਦੇ ਨਾਮ 'ਤੇ ਵਿਚਾਰ ਕਰ ਰਹੀ ਹੈ, ਵੈਸੇ ਪਾਰਟੀ ਕਿਸੇ ਵੱਡੇ ਦਲਿਤ ਚਿਹਰੇ ਦੀ ਤਲਾਸ਼ ਵਿਚ ਹੈ। ਫਰੀਦਕੋਟ ਤੋਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਫਿਰੋਜਪੁਰ ਤੋਂ ਚਰਨਜੀਤ ਸਿੰਘ ਧਾਲੀਵਾਲ, ਸ੍ਰੀ ਅਨੰਦਪੁਰ ਸਾਹਿਬ ਤੋਂ ਦੀਪਕ ਬਾਲੀ, ਨਰਿੰਦਰ ਸਿੰਘ ਸ਼ੇਰਗਿੱਲ ਤੇ ਮਾਲਵਿੰਦਰ ਸਿੰਘ ਕੰਗ ਟਿਕਟ ਦੀ ਦੌੜ ਵਿਚ ਹਨ।

ਅਕਾਲੀ ਦਲ ਨੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਹਰੀ ਝੰਡੀ ਦੇ ਦਿੱਤੀ ਹੈ। ਖਡੂਰ ਸਾਹਿਬ ਤੋਂ ਕਾਂਗਰਸ ਰਾਣਾ ਗੁਰਜੀਤ ਸਿੰਘ, ਜਲੰਧਰ ਤੋਂ ਚਰਨਜੀਤ ਸਿੰਘ ਚੰਨੀ ਤੇ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਸਮਸ਼ੇਰ ਸਿੰਘ ਦੂਲੋਂ 'ਤੇ ਦਾਅ ਖੇਡ ਸਕਦੀ ਹੈ।

# ਬੇਅਦਬੀ ਮਾਮਲੇ ਵਿਚ ਡੇਰਾ ਸੌਦਾ ਮੁਖੀ ਨੂੰ ਹਾਈਕੋਰਟ ਤੋਂ ਮਿਲੀ ਰਾਹਤ, ਚੱਲ ਰਹੀ ਸੁਣਵਾਈ 'ਤੇ ਲਗਾਈ ਰੋਕ

ਚੰਡੀਗੜ੍ਹ-ਡੇਰਾ ਸੌਦਾ ਮੁਖੀ ਰਾਮ ਰਹੀਮ ਨੂੰ ਪੰਜਾਬ ਹਰਿਆਣਾ ਹਾਈਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਇਹ ਰਾਹਤ ਫਰੀਦਕੋਟ ਜ਼ਿਲ੍ਹੇ ਵਿੱਚ 2015 ਵਿੱਚ ਵਾਪਰੇ ਬੇਅਦਬੀ ਕਾਂਡ ਵਿੱਚ ਦਿੱਤੀ ਗਈ ਹੈ। ਹਾਈ ਕੋਰਟ ਨੇ ਡੇਰਾ ਮੁਖੀ ਖ਼ਿਲਾਫ਼ ਅਦਾਲਤ ਵਿੱਚ ਚੱਲ ਰਹੀ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਗਈ ਸੀ ਕਿ ਬੇਅਦਬੀ ਮਾਮਲੇ ਵਿਚ ਸੌਦਾ ਸਾਧ ਬਾਰੇ ਦਰਜ ਤਿੰਨ ਮਾਮਲਿਆਂ ਦੀ ਜਾਂਚ ਪੰਜਾਬ ਸਰਕਾਰ ਦੀ ਐੱਸ.ਆਈ.ਟੀ ਦੀ ਬਜਾਏ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਹਾਲ ਹੀ ਵਿਚ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈਕੋਰਟ 'ਚ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ।



ਪਟੀਸ਼ਨਰ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਬੇਅਦਬੀ ਮਾਮਲੇ ਵਿੱਚ ਦਰਜ ਐਫਆਈਆਰ ਦੀ ਨਵੰਬਰ 2015 ਵਿੱਚ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਸਨ ਪਰ ਬਾਅਦ ਵਿੱਚ ਪੰਜਾਬ ਵਿੱਚ ਸਰਕਾਰ ਬਦਲਣ ਨਾਲ ਅਗਸਤ 2018 ਵਿੱਚ ਇਸ ਮਾਮਲੇ ਦੀ ਸੀਬੀਆਈ ਜਾਂਚ ਦੇ ਹੁਕਮ ਵਾਪਸ ਲੈ ਲਏ ਗਏ ਸਨ।

ਪਟੀਸ਼ਨਕਰਤਾ ਨੇ ਦਾਇਰ ਪਟੀਸ਼ਨ ਵਿਚ ਕਿਹਾ ਹੈ ਕਿ ਰਾਜ ਸਰਕਾਰ ਨੇ ਬੇਅਦਬੀ ਮਾਮਲੇ 'ਚ ਦਰਜ ਐੱਫ.ਆਈ.ਆਰ. ਦੀ ਨਵੰਬਰ 2015 'ਚ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਸਨ ਪਰ ਸੂਬੇ 'ਚ ਸੱਤਾ ਪਰਿਵਰਤਨ ਕਾਰਨ ਇਸ ਮਾਮਲੇ ਦੀ ਜਾਂਚ ਇਕ ਗਠਿਤ ਕਰਕੇ ਕਰਵਾਈ ਗਈ ਸੀ। ਰਿਟਾਇਰਡ ਜਸਟਿਸ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਜਾਂਚ ਕਮਿਸ਼ਨ ਬਣਾ ਕੇ ਜਾਂਚ ਸ਼ੁਰੂ ਕੀਤੀ ਗਈ ਅਤੇ ਬਾਅਦ ਵਿੱਚ ਅਗਸਤ 2018 ਵਿੱਚ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਮਾਮਲੇ ਦੀ ਸੀਬੀਆਈ ਜਾਂਚ ਦੇ ਹੁਕਮ ਵਾਪਸ ਲੈ ਲਏ।

ਡੇਰਾ ਮੁਖੀ ਦਾ ਕਹਿਣਾ ਹੈ ਕਿ ਇਸ ਮਾਮਲੇ ਦੇ ਇੱਕ ਮੁਲਜ਼ਮ ਦੇ ਬਿਆਨਾਂ ਤੋਂ ਬਾਅਦ ਪਿਛਲੇ ਸਾਲ ਉਸ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ ਅਤੇ ਫਿਰ ਉਸ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਸਨ। ਇਸ ਨੂੰ ਰੱਦ ਕਰਦੇ ਹੋਏ ਹਾਈਕੋਰਟ ਨੇ ਐਸਆਈਟੀ ਨੂੰ ਸੁਨਾਰੀਆ ਜੇਲ੍ਹ ਵਿੱਚ ਜਾ ਕੇ ਪੁੱਛਗਿੱਛ ਕਰਨ ਦੇ ਹੁਕਮ ਦਿੱਤੇ ਸਨ ਅਤੇ ਐਸਆਈਟੀ ਪਹਿਲਾਂ ਹੀ ਉਸ ਤੋਂ ਪੁੱਛਗਿੱਛ ਕਰ ਚੁੱਕੀ ਹੈ।

ਅਜਿਹੇ ਵਿਚ ਸੌਦਾ ਸਾਧ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਜਾਣ ਬੁੱਝ ਕੇ ਫਸਾਇਆ ਜਾ ਰਿਹਾ ਹੈ, ਅਜਿਹੇ ਵਿਚ ਸਰਕਾਰ ਨੇ ਬੇਅਦਬੀ ਮਾਮਲੇ ਨਾਲ ਸਬੰਧਤ ਐੱਫ.ਆਈ.ਆਰ. ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ, ਉਨ੍ਹਾਂ ਹੁਕਮਾਂ ਨੂੰ ਰੱਦ ਕੀਤਾ ਜਾਵੇ ਅਤੇ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਹੋਣੀ ਚਾਹੀਦੀ ਹੈ।

# ਖੱਟਰ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



ਹਰਿਆਣਾ ਦੀ ਰਾਜਨੀਤੀ ਨਾਲ ਜੁੜੀ ਵੱਡੀ ਖਬਰ ਸਾਹਮਣੇ ਆਈ ਹੈ। ਮਨੋਹਰ ਲਾਲ ਖੱਟਰ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫਾ ਰਾਜਪਾਲ ਨੂੰ ਸੌਂਪ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਖੱਟਰ ਨੂੰ ਕਰਨਾਲ ਤੋਂ ਲੋਕ ਸਭਾ ਚੋਣ ਲੜਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਮੁੱਖ ਮੰਤਰੀ ਦੇ ਅਹੁਦੇ ਲਈ ਨਵੇਂ ਨਾਵਾਂ ਵਿਚਾਲੇ ਨਾਇਬ ਸੈਣੀ ਅਤੇ ਸੰਜੇ ਭਾਟੀਆ ਚਰਚਾ ਵਿੱਚ ਹਨ। ਹਰਿਆਣਾ ਦੀ ਭਾਜਪਾ ਸਰਕਾਰ ਦੀ ਕੈਬਨਿਟ ਅੱਜ ਸਮੂਹਿਕ ਤੌਰ 'ਤੇ ਅਸਤੀਫ਼ਾ ਦੇ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਅੱਜ ਹੀ ਵਿਧਾਇਕ ਦਲ ਦੀ ਬੈਠਕ ਹੋਵੇਗੀ ਅਤੇ ਹਰਿਆਣਾ ਸਰਕਾਰ ਦੀ ਕੈਬਨਿਟ ਦਾ ਨਵੇਂ ਸਿਰੇ ਤੋਂ ਗਠਨ ਕੀਤਾ ਜਾਵੇਗਾ। ਇਸ ਤੋਂ ਬਾਅਦ ਸਹੁੰ ਚੁੱਕ ਸਮਾਗਮ ਹੋਵੇਗਾ। ਆਗਾਮੀ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਹੁਣ ਹਰਿਆਣਾ 'ਚ ਭਾਜਪਾ ਅਤੇ ਜੇਜੇਪੀ ਵਿਚਾਲੇ ਕੋਈ ਗਠਜੋੜ ਨਹੀਂ ਹੋਵੇਗਾ। ਜੇਜੇਪੀ ਨੂੰ ਨਵੀਂ ਕੈਬਨਿਟ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਹਰਿਆਣਾ ਵਿੱਚ ਨਵੀਂ ਕੈਬਨਿਟ ਦਾ ਗਠਨ ਕੀਤਾ ਜਾਵੇਗਾ।

## ਨਾਇਬ ਸਿੰਘ ਸੈਣੀ ਨੇ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ



ਲੋਕ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਦੀ ਜਨਤਾ ਨੂੰ ਨਵਾਂ ਮੁੱਖ ਮੰਤਰੀ ਮਿਲ ਗਿਆ ਹੈ। ਭਾਜਪਾ ਦੇ ਸੂਬਾ ਪ੍ਰਧਾਨ ਨਾਇਬ ਸਿੰਘ ਸੈਣੀ ਨੇ ਸ਼ਾਮ ਨੂੰ ਹਰਿਆਣਾ ਦੇ ਰਾਜਭਵਨ ਵਿਚ ਸੀਐੱਮ ਅਹੁਦੇ ਦੀ ਸਹੁੰ ਚੁੱਕੀ ਹੈ। ਨਾਇਬ ਸੈਣੀ ਨੂੰ ਰਾਜਪਾਲ ਬੰਡਾਰੂ ਦਤਾਤ੍ਰੇਯ ਨੇ ਸਹੁੰ ਚੁਕਾਈ। ਸਹੁੰ ਲੈਣ ਤੋਂ ਪਹਿਲਾਂ ਨਾਇਬ ਸਿੰਘ ਸੈਣੀ ਨੇ ਮਨੋਹਰ ਲਾਲ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ। ਇਸ ਦੌਰਾਨ ਕੰਵਰ ਪਾਲ ਗੁਰਜਰ ਨੇ ਵੀ ਮੰਤਰੀ ਅਹੁਦੇ ਤੇ ਗੋਪਨੀਅਤ ਦੀ ਸਹੁੰ ਚੁੱਕੀ। ਖੱਟਰ ਸਰਕਾਰ ਵਿਚ ਕੰਵਰ ਪਾਲ ਗੁਰਜਰ ਸਿੱਖਿਆ ਮੰਤਰੀ ਸਨ। ਦੂਜੇ ਪਾਸੇ ਮੂਲਚੰਦ ਸ਼ਰਮਾ ਨੂੰ ਵੀ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਰਾਜ ਭਵਨ ਵਿਚ ਮੂਲਚੰਦ ਸ਼ਰਮਾ ਨੇ ਵੀ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਹੈ। ਉਨ੍ਹਾਂ ਦੇ ਨਾਲ ਵਿਧਾਇਕ ਰਣਜੀਤ ਸਿੰਘ ਵੀ ਕੈਬਨਿਟ ਮੰਤਰੀ ਬਣੇ ਹਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪ੍ਰਧਾਨ ਮੋਦੀ ਦੇ 75 ਦਿਨਾਂ ਦਾ ਰਿਪੋਰਟ ਕਾਰਡ ਪਿਛੇ ਅਸਲ ਸੱਚ

**✪ ਕਾਰਪੋਰੇਟ ਮਾਲਾਮਾਲ ਕਿਰਤੀਆਂ ਦੇ ਬੁਰੇ ਹਾਲ! ✪ ਤੇਲ, ਗੈਸ ਤੇ ਸਬਜੀਆਂ ਦੀਆਂ ਕੀਮਤਾਂ ਨੇ ਰਸੋਈ ਦੇ ਬਜਟ ਵਿਗਾੜੇ ✪ ਭਾਰਤ ਦਾ 80 ਫੀਸਦੀ ਸਿਹਤ ਢਾਂਚਾ ਨਿੱਜੀ ਹੱਥਾਂ ਵਿੱਚ**

# ਭਾਰਤ ਦੀ ਰਾਜਨੀਤੀ ਵਿਚ ਸਿੱਖਾਂ ਦੀ ਸਥਿਤੀ ਕਮਜ਼ੋਰ

**✪ ਅਕਾਲੀ ਦਲ ਨੂੰ ਸੰਗਠਿਤ ਹੋਕੇ ਖੇਤਰੀ ਤੇ ਪੰਥਕ ਰਾਜਨੀਤੀ ਉਭਾਰਨ ਦੀ ਲੋੜ ✪ ਸਿਖ ਲੀਡਰਸ਼ਿਪ ਤੇ ਬੁੱਧੀਜੀਵੀ ਸੋਚਣ ਕਿ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਰਾਜ ਭਾਗ ਵਿਚ ਹਿੱਸੇਦਾਰ ਕਿਵੇਂ ਬਣਾਇਆ ਜਾਵੇ**

ਦੇਸ਼ ਦੀ ਰਾਜਨੀਤੀ ਵਿਚ ਸਿੱਖਾਂ ਦੀ ਸਥਿਤੀ ਖ਼ਰਾਬ ਤੇ ਕਮਜ਼ੋਰ ਹੁੰਦੀ ਜਾ ਰਹੀ ਹੈ। ਇਸ ਵਾਰ ਭਾਜਪਾ ਨੇ ਅਜੇ ਤੱਕ ਕਿਸੇ ਵੀ ਰਾਜ ਵਿਚ ਕਿਸੇ ਵੀ ਸਿੱਖ ਨੂੰ ਲੋਕ ਸਭਾ ਦੀ ਟਿਕਟ ਨਹੀਂ ਦਿੱਤੀ, ਜਦੋਂ ਕਿ ਅਜਿਹਾ ਜਾਪਦਾ ਹੈ ਕਿ ਪੰਜਾਬ ਤੋਂ ਬਿਨਾਂ ਕਿਸੇ ਹੋਰ ਰਾਜ ਵਿਚ ਦੂਜੀਆਂ ਪਾਰਟੀਆਂ ਵਲੋਂ ਵੀ ਕਿਸੇ ਸਿੱਖ ਨੂੰ ਉਮੀਦਵਾਰ ਬਣਾਏ ਜਾਣ ਦੇ ਅਸਾਰ ਵੀ ਘੱਟ ਹਨ। ਕਾਂਗਰਸ ਸ਼ਾਇਦ ਪੰਜਾਬ ਤੋਂ ਬਾਹਰ ਸਿਰਫ਼ ਸਿਰਸਾ ਦੀ ਸੀਟ ਤੋਂ ਇਕ ਸਿੱਖ ਉਮੀਦਵਾਰ ਖੜ੍ਹਾ ਕਰੇ। ਜਦੋਂ ਕਿ ਪਹਿਲਾਂ ਸਿੱਖਾਂ ਨੂੰ ਬੰਗਾਲ ਤੇ ਹੋਰ ਸੂਬਿਆਂ ਵਿਚ ਰਾਸ਼ਟਰੀ ਪਾਰਟੀਆਂ ਉਮੀਦਵਾਰ ਬਣਾਉਂਦੀਆਂ ਹੁੰਦੀਆਂ ਸਨ ਤੇ ਉਹ ਜਿੱਤਦੇ ਵੀ ਰਹੇ ਹਨ। ਇਸਦਾ ਕਾਰਣ ਸਿਖ ਪੰਥ ਦਾ ਸੰਗਠਨ ਅਕਾਲੀ ਦਲ ਕਮਜ਼ੋਰ ਹੋਣਾ ਹੈ ਬਾਕੀ ਪੰਜਾਬ ਤੋਂ ਬਾਹਰ ਵਖ ਵਖ ਪਾਰਟੀਆਂ ਵਿਚ ਖਿੰਡਕੇ ਆਪਣੀ ਹੋਂਦ ਬਰਕਰਾਰ ਨਾ ਰਖਣਾ ਹੈ। ਬਾਦਲ ਅਕਾਲੀ ਦਲ ਆਪਣੇ ਖੋ ਚੁੱਕੇ ਵੱਕਾਰ ਨੂੰ ਕਿਸ ਤਰ੍ਹਾਂ ਦੁਬਾਰਾ ਸਥਾਪਿਤ ਕਰੇਗਾ? ਕੀ ਇਸ ਦੀ ਥਾਂ ਨਵੀਂ ਸਿਖ ਲੀਡਰਸ਼ਿਪ ਹੋਂਦ ਵਿਚ ਆ ਸਕੇਗੀ ਇਹ ਮਸਲਾ ਸਮੁੱਚੇ ਪੰਥ ਦੇ ਵੀ ਵਿਚਾਰਨਯੋਗ ਹੈ। ਇਕ ਗੱਲ ਸਪਸ਼ਟ ਹੈ ਕਿ ਅਜੋਕੇ ਕੌਮੀ ਪ੍ਰਸੰਗ ਵਿਚ ਸਿੱਖਾਂ ਅਤੇ ਪੰਜਾਬ ਦੇ ਸਰਬਪੱਖੀ ਹਿਤਾਂ ਦੀ ਦੇਸ਼ ਅੰਦਰ ਸੁਰੱਖਿਆ ਅਤੇ ਪ੍ਰਤੀਨਿਧਤਾ ਲਈ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਗੀ ਬਹੁਤ ਜ਼ਰੂਰੀ ਹੈ। ਦੇਸ਼ ਦੀ ਖੇਤਰੀ, ਭਾਸ਼ਾਈ, ਸਭਿਆਚਾਰਕ ਅਤੇ ਧਾਰਮਿਕ ਵੰਨ-ਸੁਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਲਈ ਖੇਤਰੀ ਤੇ ਪੰਥਕ ਰਾਜਨੀਤੀ ਨੂੰ ਉਭਾਰਨ ਦੀ ਲੋੜ ਹੈ ਅਤੇ ਇਸ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਹੀ ਇਕੋ-ਇਕ ਪਾਰਟੀ ਹੈ, ਜੋ ਆਪਣੇ ਸ਼ਾਨਮੱਤੇ ਇਤਿਹਾਸ, ਵਿਚਾਰਧਾਰਾ ਅਤੇ ਪਰੰਪਰਾ ਤੋਂ ਸੇਧ ਲੈ ਕੇ ਅਗਵਾਈ ਕਰ ਸਕਦਾ ਹੈ। ਪੰਜਾਬ ਟਾਈਮਜ਼ ਅਨੁਸਾਰ ਸਿੱਖ ਸਮਾਜ ਨੂੰ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਸਿੱਖ ਧਰਮ ਨੂੰ ਬਚਾਉਣ ਨੂੰ ਪਹਿਲ ਦੇਣੀ ਹੈ ਜਾਂ ਸਿੱਖ ਸਿਆਸੀ ਲੀਡਰਾਂ ਦੀ ਕੁਰਸੀ ਨੂੰ। ਸਿੱਖਾਂ ਨੂੰ ਯਹੂਦੀ ਇਤਿਹਾਸ ਤੋਂ ਇਹ ਸਬਕ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਦੋ-ਢਾਈ ਹਜ਼ਾਰ ਸਾਲ ਬਗੈਰ ਰਾਜ ਆਪਣੇ ਆਪ ਨੂੰ ਬਚਾਏ ਹੀ ਨਹੀਂ ਰੱਖਿਆ, ਸਗੋਂ ਪ੍ਰਫੁੱਲਤ ਵੀ ਕੀਤਾ। ਜਿਸ ਦੇ ਨਤੀਜੇ ਵਜੋਂ ਅਸੀਂ ਅੱਜ ਦੇਖ ਰਹੇ ਹਾਂ ਕਿ ਯਹੂਦੀ ਸਾਰੇ ਸੰਸਾਰ ਵਿਚ ਛਾਏ ਹੋਏ ਹਨ। ਇਸ ਲਈ ਸਿੱਖ ਲੀਡਰਸ਼ਿਪ, ਬਾਕੀ ਪਾਰਟੀਆਂ ਵਿਚ ਮੌਜੂਦ ਸਿੱਖ ਨੇਤਾਵਾਂ, ਸਾਡੇ ਧਾਰਮਿਕ ਰਾਹਨੁਮਾਵਾਂ ਤੇ ਬੁੱਧੀਜੀਵੀਆਂ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਰਾਜ ਭਾਗ ਵਿਚ ਹਿੱਸੇਦਾਰ ਕਿਵੇਂ ਬਣਾਇਆ ਜਾਵੇ ਤੇ ਭਾਰਤ ਭਰ ਵਿਚ ਸਿੱਖਾਂ ਦੀ ਪਹਿਲਾਂ ਵਾਲੀ ਸ਼ਾਨ ਕਿਵੇਂ ਬਹਾਲ ਕੀਤੀ ਜਾ ਸਕਦੀ ਹੈ।



ਹੁਣੇ ਜਿਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਹ ਦਹਾਕਾ ਭਾਰਤ ਦੇ ਨਿਰਮਾਣ ਦਾ ਦਹਾਕਾ ਹੈ। ਰਿਪਬਲਿਕ ਟੀਵੀ ਸੰਮੇਲਨ ਵਿੱਚ ਹਿੱਸਾ ਲੈਂਦਿਆਂ ਉਨ੍ਹਾਂ ਕਿਹਾ ਸੀ ਕਿ ਅਗਲੇ ਦਹਾਕੇ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਭਾਰਤ ਦੀ ਅਰਥਵਿਵਸਥਾ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਹੋਵੇਗੀ। ਪੀਐਮ ਮੋਦੀ ਨੇ ਕਿਹਾ ਕਿ ਭਾਰਤ ਦੁਨੀਆ ਦੀ ਅਗਵਾਈ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪੀਐਮ ਮੋਦੀ ਨੇ ਪਿਛਲੇ 75 ਦਿਨਾਂ ਦੇ ਕੰਮ ਗਿਣਾਉਂਦਿਆਂ ਕਿਹਾ ਕਿ ਇਨ੍ਹਾਂ ਦਿਨਾਂ ਵਿੱਚ ਦੇਸ਼ ਵਿੱਚ 7 ਨਵੇਂ ਏਮਜ਼, 4 ਮੈਡੀਕਲ ਅਤੇ ਨਰਸਿੰਗ ਕਾਲਜ, 6 ਰਿਸਰਚ ਲੈਬ, 3 ਆਈਆਈਐਮ, 10 ਆਈਆਈਟੀ, 5 ਐਨਆਈਟੀ ਸਥਾਈ ਕੈਂਪਸ, 3 ਟ੍ਰਿਪਲ ਆਈਟੀ, 2 ਆਈਸੀਆਰ ਅਤੇ 10 ਕੇਂਦਰੀ ਸੰਸਥਾਵਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ ਅਤੇ ਉਦਘਾਟਨ ਹੋਇਆ ਹੈ। ਪੁਲਾੜ ਬੁਨਿਆਦੀ ਢਾਂਚੇ ਨਾਲ ਸਬੰਧਤ 1800 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ। 55 ਬਿਜਲੀ ਪ੍ਰਜੈਕਟਾਂ ਦੇ ਨੀਂਹ ਪੱਥਰ ਦਾ ਉਦਘਾਟਨ ਕੀਤਾ ਗਿਆ ਹੈ।

ਸਚਾਈ ਇਹ ਹੈ ਕਿ ਮੋਦੀ ਸਰਕਾਰ ਨੇ ਆਪਣੇ ਦਸ ਸਾਲਾਂ ਦੌਰਾਨ ਕਈ ਸਕੀਮਾਂ ਸ਼ੁਰੂ ਕੀਤੀਆਂ ਜਿਨ੍ਹਾਂ ਦਾ ਬੁਰੀ ਤਰ੍ਹਾਂ ਜਲੂਸ ਨਿਕਲ ਚੁੱਕਿਆ ਹੈ। ਉੱਜਵਲ ਯੋਜਨਾ ਤਹਿਤ ਸਰਕਾਰ ਆਮ ਲੋਕਾਂ ਨੂੰ ਮਿਲਣ ਵਾਲ਼ੇ ਗੈਸ ਸਿਲੰਡਰ ਦੀ ਗੱਲ ਕਰ ਰਹੀ ਹੈ ਪਰ ਹਕੀਕਤ ਇਹ ਹੈ ਕਿ 9.6 ਕਰੋੜ ਲੋਕਾਂ ਨੇ ਗੈਸ ਕੁਨੈਕਸ਼ਨ ਲਿਆ ਪਰ ਇਸਤੋਂ ਬਾਅਦ ਵਧਦੀ ਮਹਿੰਗਾਈ ਕਰਕੇ 4.12 ਕਰੋੜ ਲੋਕ ਮੁੜ ਕੇ ਸਿਲੰਡਰ ਨਹੀਂ ਭਰਾ ਸਕੇ। ਪਰ ਉੱਜਵਲ ਯੋਜਨਾ ਦਾ ਇਹ ਪੱਖ ਸਰਕਾਰੀ ਇਸ਼ਤਿਹਾਰਬਾਜੀ ਵਿੱਚੋਂ ਬਿਲਕੁਲ ਗਾਇਬ ਹੈ।

ਬੇਰੁਜਗਾਰੀ ਇਸ ਸਰਮਾਏਦਾਰਾ ਢਾਂਚੇ ਦਾ ਵਜੂਦ ਸਮੋਇਆ ਨਿਯਮ ਹੈ। ਮੋਦੀ ਸਰਕਾਰ ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਬੇਰੁਜਗਾਰੀ ਵਿੱਚ ਰਿਕਾਰਡ ਵਾਧਾ ਹੋਇਆ ਹੈ। ਇਸ ਵੇਲ਼ੇ ਪਿਛਲੇ 50 ਸਾਲਾਂ ਦੀ ਰਿਕਾਰਡ ਤੋੜ ਬੇਰੁਜਗਾਰੀ ਹੈ। ਮੋਦੀ ਸਰਕਾਰ ਨੇ 2014 ਵਿੱਚ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੀ ਗੱਲ ਕਹੀ ਸੀ ਪਰ ਕੁਰਸੀ ਮਿਲ਼ਣ ਤੋਂ ਬਾਅਦ ਕਿੰਨੀਆਂ ਨੌਕਰੀਆਂ ਦਿੱਤੀਆਂ ਗਈਆਂ ਇਸ ਬਾਰੇ ਸਰਕਾਰ ਚੁੱਪ ਹੈ। ਇਹ ਵੀ ਜਿਕਰਯੋਗ ਹੈ ਕਿ ਸਰਕਾਰੀ ਅਦਾਰਿਆਂ ਵਿੱਚ ਲੱਖਾਂ ਹੀ ਅਸਾਮੀਆਂ ਖਾਲੀ ਪਈਆਂ ਨੇ। ਸਿੱਖਿਆ ਵਿਭਾਗ ਦੀ ਗੱਲ ਕਰੀਏ ਤਾਂ ਲੱਗਭੱਗ 1.50 ਲੱਖ ਮੁੱਢਲੇ ਸਕੂਲਾਂ ਵਿੱਚ ਸਿਰਫ ਇੱਕ ਹੀ ਅਧਿਆਪਕ ਹੈ। ਦੇਸ਼ ਦੇ ਸਕੂਲ ਲੱਗਭੱਗ 11 ਲੱਖ ਅਧਿਆਪਕਾਂ ਦੀ ਘਾਟ ਨਾਲ਼ ਜੂਝ ਰਹੇ ਹਨ। ਰੇਲਵੇ ਵਿੱਚ ਲੱਗਭੱਗ 3.12 ਲੱਖ ਪੋਸਟਾਂ, ਬੀਐਸਐਨਐਲ ਵਿੱਚ 18,535 ਪੋਸਟਾਂ ਖਾਲੀ ਪਈਆਂ ਨੇ ਪਰ ਦਿੱਤੀਆਂ ਨਹੀਂ ਜਾ ਰਹੀਆਂ। ਇਸੇ ਤਰ੍ਹਾਂ ਸਿਰਫ ਕੇਂਦਰ ਸਰਕਾਰ ਦੇ ਵਿਭਾਗਾਂ ਵਿੱਚ 9 ਲੱਖ ਤੋਂ ਵੱਧ ਪੋਸਟਾਂ ਖਾਲੀ ਪਈਆਂ ਹਨ ਪਰ ਨਿੱਜੀਕਰਨ ਦੇ ਰਾਹ ਤੁਰੀ ਸਰਕਾਰ ਇਹਨਾਂ ਨੂੰ ਭਰ ਨਹੀਂ ਰਹੀ।

ਭਾਰਤ ਵਿੱਚ ਮਹਿੰਗਾਈ ਨੇ ਕਿਰਤੀ ਲੋਕਾਂ ਦਾ ਕਚੂਮਰ ਕੱਢਿਆ ਹੋਇਆ ਹੈ। ਤੇਲ, ਗੈਸ ਤੇ ਸਬਜੀਆਂ ਦੀਆਂ ਕੀਮਤਾਂ ਨੇ ਰਸੋਈ ਦੇ ਬਜਟ ਵਿਗਾੜ ਦਿੱਤੇ ਨੇ। ਕੌਮੀ ਸੈਂਪਲ ਸਰਵੇਖਣ ਅਦਾਰੇ ਦੇ ਅਗਸਤ 2022 ਤੋਂ ਜੁਲਾਈ 2023 ਤੱਕ ਘਰੇਲੂ ਖਪਤ ’ਤੇ ਖ਼ਰਚ ਬਾਰੇ ਕਰਵਾਏ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਪਿਛਲੇ ਇਕ ਦਹਾਕੇ ਵਿਚ ਦੇਸ਼ ’ਚ ਪ੍ਰਤੀ ਜੀਅ ਮਹੀਨੇਵਾਰ ਘਰੇਲੂ ਖ਼ਰਚ ਵਿਚ ਦੁੱਗਣੇ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ। ਨੀਤੀ ਆਯੋਗ ਦੇ ਸੀਈਓ ਬੀਵੀਆਰ ਸੁਬਰਾਮਣੀਅਮ ਮੁਤਾਬਕ ਅੰਕੜੇ ਦਿਖਾਉਂਦੇ ਹਨ ਕਿ ਦੇਸ਼ਵਾਸੀਆਂ ਦੀ ਵਧਦੀ ਖ਼ੁਸ਼ਹਾਲੀ ਦਰਮਿਆਨ ਭਾਰਤ ਵਿਚ ਗਰੀਬੀ ਦਾ ਪੱਧਰ ਵੀ 5 ਪ੍ਰਤੀਸ਼ਤ ਤੋਂ ਹੇਠਾਂ ਆ ਗਿਆ ਹੈ। ਕੌਮੀ ਸੈਂਪਲ ਸਰਵੇਖਣ ਦਫ਼ਤਰ ਮੁਤਾਬਕ, ਦੇਸ਼ ਵਿਚ ਅਨਾਜ ਦੀ ਖਪਤ ਵਿਚ ਵੱਡੀ ਗਿਰਾਵਟ ਆਈ ਹੈ। ਦਿਹਾਤੀ ਇਲਾਕਿਆਂ ਵਿਚ ਔਸਤ ਐੱਮਪੀਸੀਈ (ਮਹੀਨਾਵਾਰ ਪ੍ਰਤੀ ਜੀਅ ਖਪਤ ਖ਼ਰਚ) ਦੇ ਹਿੱਸੇ ਵਜੋਂ ਇਹ 10.7 ਪ੍ਰਤੀਸ਼ਤ (2011-12) ਦੇ ਮੁਕਾਬਲੇ ਘਟ ਕੇ 5 ਪ੍ਰਤੀਸ਼ਤ ਰਹਿ ਗਈ ਹੈ।

ਇਸ ਸਰਵੇਖਣ ਦੀ ਖਾਸ ਗੱਲ ਇਹ ਵੀ ਹੈ ਕਿ ਦੇਸ਼ ਵਿਚ ਦੁੱਧ, ਸਬਜ਼ੀਆਂ ਅਤੇ ਫਲ਼ਾਂ ਉਪਰ ਪਰਿਵਾਰਕ ਖਰਚ ਵਿਚ ਕਾਫ਼ੀ ਵਾਧਾ ਹੋਇਆ ਹੈ; ਅਨਾਜ ’ਤੇ ਖਰਚ ਸਥਿਰ ਹੀ ਹੈ। ਸੰਸਾਰ ਭੁੱਖਮਰੀ ਸੂਚਕ ਸਕੇਲ ’ਤੇ ਭਾਰਤ 2023 ਵਿਚ 125 ਦੇਸ਼ਾਂ ਵਿਚੋਂ 111 ਵੇਂ ਸਥਾਨ ’ਤੇ ਸੀ ਅਤੇ 2022 ਵਿਚ 120 ਦੇਸ਼ਾਂ ਵਿਚੋਂ 107ਵੇਂ ਸਥਾਨ ’ਤੇ। ਜਿਸ ਦੇਸ਼ ਵਿਚ ਇੰਨੀ ਵਿਆਪਕ ਤੇ ਗੰਭੀਰ ਭੁੱਖਮਰੀ ਹੋਵੇ, ਉੱਥੋਂ ਦੇ ਲੋਕਾਂ ਦੀ ਸਿਹਤ ਸਥਿਤੀ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਜੇ ਸਿਹਤ ਦੀ ਵੀ ਗੱਲ ਕੀਤੀ ਜਾਵੇ ਤਾਂ ਲੋਕਾਂ ਨੂੰ ਮਿਲ਼ਣ ਵਾਲ਼ਾ ਇਲਾਜ ਨਿੱਜੀ ਹਸਪਤਾਲਾਂ ਤੋਂ ਮਹਿੰਗੇ ਮੁੱਲ ਹੋ ਰਿਹਾ ਹੈ ਕਿਉਂਕਿ ਦੇਸ਼ ਦਾ 80 ਫੀਸਦੀ ਸਿਹਤ ਢਾਂਚਾ ਨਿੱਜੀ ਹੱਥਾਂ ਵਿੱਚ ਹੈ।

ਇੱਕ ਪਾਸੇ ਮੋਦੀ ਸਰਕਾਰ ਆਮ ਲੋਕਾਂ ਨੂੰ ਮਿਲ਼ਣ ਵਾਲ਼ੀਆਂ ਨਿਗੂਣੀਆਂ ਜਿਹੀਆਂ ਜਨਤਕ ਸੇਵਾਵਾਂ ਨੂੰ ਰਿਉੜੀਆਂ ਕਹਿ ਕੇ ਭੰਡਦੀ ਹੈ ਤੇ ਦੂਜੇ ਪਾਸੇ ਸਰਮਾਏਦਾਰਾਂ ਨੂੰ ਖੁੱਲੇ ਗੱਫੇ ਦਿੱਤੇ ਜਾ ਰਹੇ ਹਨ। ਔਕਸਫੈਮ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਉਤਲੇ 1 ਫੀਸਦੀ ਅਮੀਰਾਂ ਕੋਲ਼ ਕੁੱਲ ਦੌਲਤ ਦਾ 40 ਫੀਸਦੀ ਹਿੱਸਾ ਹੈ ਅਤੇ ਹੇਠਲੇ 50 ਫੀਸਦੀ ਲੋਕਾਂ ਕੋਲ਼ ਸਿਰਫ 3 ਫੀਸਦੀ। ਕਰੋਨਾ ਕਾਲ ਦੀ ਸ਼ੁਰੂਆਤ ਤੋਂ ਲੈਕੇ ਨਵੰਬਰ 2022 ਤੱਕ ਅਰਬਪਤੀਆਂ ਦੀ ਦੌਲਤ ਹਰ ਦਿਨ 3608 ਕਰੋੜ ਰੁਪਏ ਦੇ ਹਿਸਾਬ ਨਾਲ਼ ਵਧੀ। ਦੂਜੇ ਪਾਸੇ, ਟੈਕਸ ਵਿੱਚ ਹਿੱਸੇਦਾਰੀ ਦੀ ਗੱਲ ਕਰੀਏ ਤਾਂ ਜੀ.ਐੱਸ.ਟੀ ਦਾ 64% ਹੇਠਲੇ 50% ਲੋਕਾਂ ਤੋਂ ਆਇਆ ਜਦੋਂਕਿ ਉਤਲੇ 10% ਤੋਂ ਸਿਰਫ 3%। ਜਾਣੀ ਟੈਕਸ ਦਾ ਵੱਡਾ ਬੋਝ ਵੀ ਆਮ ਲੋਕਾਂ ਸਿਰ ਸੁੱਟਿਆ ਜਾ ਰਿਹਾ ਹੈ। ਸਾਲ 2023 ਵਿਚ ਦੁਨੀਆ ਵਿਚ ਅਰਬਪਤੀਆਂ ਦੀ ਗਿਣਤੀ 3,384 ਤੋਂ ਘੱਟ ਕੇ 3,112 ’ਤੇ ਆ ਗਈ ਹੈ। ਜਦੋਂ ਕਿ ਭਾਰਤ ਵਿੱਚ ਇਹ ਗਿਣਤੀ ਵਧੀ ਹੈ। ਇਹ ਹੈਰਾਨਕੁਨ ਖੁਲਾਸਾ ਹੁਰੁਨ ਰਿਸਰਚ ਇੰਸਟੀਚਿਊਟ ਵੱਲੋਂ ਜਾਰੀ ਸਾਲ 2023 ਲਈ ਗਲੋਬਲ ਰਿਚ ਲਿਸਟ ਵਿੱਚ ਹੋਇਆ ਹੈ। ਇਸ ਸੂਚੀ ਵਿੱਚ ਇਸ ਸਾਲ 16 ਨਵੇਂ ਭਾਰਤੀ ਅਰਬਪਤੀ ਸ਼ਾਮਲ ਹੋਏ ਹਨ। ਇਸ ਦੇ ਨਾਲ ਹੀ ਭਾਰਤੀ ਮੂਲ ਦੇ ਅਰਬਪਤੀਆਂ ਦੀ ਗਿਣਤੀ 217 ਹੋ ਗਈ ਹੈ। ਮੋਦੀ ਦੇ ਰਾਜ ਵਿੱਚ ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਕਿ ਦੌਲਤ ਅਤੇ ਗਰੀਬੀ ਇੱਕੋ ਸਮੇਂ ਐਨੀ ਤੇਜੀ ਨਾਲ਼ ਵਧ ਰਹੇ ਹੋਣ। ਇਸਤੋਂ ਬਿਨਾਂ ਪਿਛਲੇ 10 ਸਾਲਾ ਦੌਰਾਨ ਮੋਦੀ ਸਰਕਾਰ ਨੇ ਉੱਪਰਲੇ 150 ਵੱਡੇ ਸਰਮਾਏਦਾਰਾਂ ਦਾ 13 ਲੱਖ ਕਰੋੜ ਦਾ ਕਰਜਾ ਮੁਆਫ ਕੀਤਾ ਹੈ।


ਪੰਜਾਬ ਟਾਈਮਜ਼ ਅਨੁਸਾਰ ਭਾਰਤ ਵਿਚ ਬਹੁਗਿਣਤੀ ਲੋਕ ਅੱਜ ਵੀ ਬਹੁਤ ਨਾਜ਼ੁਕ ਆਰਥਿਕ ਹਾਲਤ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਜਿੱਥੇ ਭੁੱਖਮਰੀ ਤੇ ਕੁਪੋਸ਼ਣ ਵਰਗੀਆਂ ਅਲਾਮਤਾਂ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ, ਉੱਥੇ ਬੇਰੁਜ਼ਗਾਰੀ, ਅਰਧ ਤੇ ਲੁਕਵੀਂ ਬੇਰੁਜ਼ਗਾਰੀ, ਘੱਟ ਉਜਰਤਾਂ ਉੱਪਰ ਰੁਜ਼ਗਾਰ, ਮਾੜੀਆਂ ਕੰਮ ਹਾਲਤਾਂ, ਸਮਾਜਿਕ ਅਸੁਰੱਖਿਆ, ਜਾਤੀਗਤ ਤੇ ਧਾਰਮਿਕ ਵਿਤਕਰਾ ਅਤੇ ਬਦਹਾਲ ਸਰਕਾਰੀ ਸਿੱਖਿਆ ਤੇ ਸਿਹਤ ਤੰਤਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਹਾਲਾਤ ਟੋਹ ਦਿੰਦੇ ਹਨ ਕਿ ਆਮ/ਔਸਤ ਭਾਰਤੀ ਨਾਗਰਿਕ ਕਿੰਨਾ ਕੁ ਸੁਖਮਈ, ਖੁਸ਼ਹਾਲ ਤੇ ਸੰਤੁਸ਼ਟ ਜੀਵਨ ਜੀਅ ਰਿਹਾ ਹੈ। ਸੰਸਾਰ ਪ੍ਰਸੰਨਤਾ ਸੂਚਕ ਸਕੇਲ ’ਤੇ ਭਾਰਤ 146 ਦੇਸ਼ਾਂ ਦੀ ਸੂਚੀ ਵਿਚ 126ਵੇਂ ਸਥਾਨ ’ਤੇ ਹੈ।

* * * * * * * * *

# ਮੋਦੀ ਸਰਕਾਰ ਤੇ ਕਿਸਾਨਾਂ ਵਿਚਾਲੇ ਹਾਲੇ ਤਕ ਗਲ ਨਾ ਨਿਪਟੀ

## ✪ 5 ਫਸਲਾਂ ਬਾਰੇ ਐਮਐਸਪੀ ਗਰੰਟੀ ਦਾ ਨਵਾਂ ਫਾਰਮੂਲਾ ਲਾਗੂ ਕਰੇਗੀ ਸਰਕਾਰ ✪ ਕਿਸਾਨਾਂ ਨੇ ਕਿਹਾ 23 ਫਸਲਾਂ 'ਤੇ ਐਮਐਸਪੀ ਚਾਹੀਦਾ ਹੈ ਸਰਕਾਰ ਲਿਖਿਤ ਦੇ ਨਾਲ ਕਾਨੂੰਨ ਵੀ ਬਣਾਏ





ਲੁਧਿਆਣਾ-ਕਿਸਾਨੀ ਦਾ ਮਸਲਾ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਮੋਦੀ ਸਰਕਾਰ ਵਲੋਂ ਕਾਰਪੋਰੇਟ ਸੰਸਥਾਵਾਂ ਨੂੰ ਦਿੱਤੀ ਹੱਲਾਸ਼ੇਰੀ ਨੇ ਇਸ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਖਰੀਦਣ ਵਾਲਿਆਂ ਦੀ ਬਦਨੀਤੀ ਤੇ ਦਖਲ ਅੰਦਾਜ਼ੀ ਘੱਟੋ-ਘੱਟ ਸਮਰਥਨ ਮੁੱਲ ਨੂੰ ਗਰੰਟੀਸ਼ੁਦਾ ਬਣਾਉਣ ਦੇ ਰਾਹ ਵਿਚ ਅੜਿੱਕਾ ਬਣੀ ਬੈਠੀ ਹੈ।

ਕਿਸਾਨਾਂ ਸਿਰ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ, ਜਿਹੜਾ ਸਤੰਬਰ 2016 ਤੱਕ 1260 ਲੱਖ ਕਰੋੜ ਰੁਪਏ ਹੋ ਚੁੱਕਾ ਸੀ। 1996 ਤੋਂ 2013 ਤੱਕ ਤਿੰਨ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਸਨ। ਦੁਨੀਆ ਦੇ ਹਜ਼ਾਰਾਂ ਸਾਲਾਂ ਦੇ ਖੇਤੀਬਾੜੀ ਦੇ ਇਤਿਹਾਸ ਵਿਚ ਮਹਾਮਾਰੀਆਂ ਜਾਂ ਕਾਲਾਂ ਨਾਲ ਕਿਸਾਨ ਮਰਦੇ ਤਾਂ ਸੁਣੇ ਸਨ ਪਰ ਇੰਨੀ ਵੱਡੀ ਪੱਧਰ 'ਤੇ ਖ਼ੁਦਕੁਸ਼ੀਆਂ ਨਾਲ ਮਰਦੇ ਨਹੀਂ ਸਨ। ਕੇਂਦਰ ਦੀ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਨਿਸ਼ਚਿਤ ਕਰਨ ਲਈ ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੀ ਬਣਾਇਆ ਹੋਇਆ ਹੈ ਪਰ ਇਸ ਦੀ ਵੀ ਪੇਸ਼ ਨਹੀਂ ਜਾਂਦੀ। ਸ਼ੁਰੂ-ਸ਼ੁਰੂ ਵਿਚ ਇਸ ਨੂੰ ਕਾਨੂੰਨੀ ਰੂਪ ਦੇਣ ਵਾਸਤੇ ਵੱਡੇ ਪੱਧਰ 'ਤੇ ਰਾਜਨੀਤਕ ਸਮਰਥਨ ਮਿਲਿਆ ਸੀ, ਪ੍ਰੰਤੂ ਮਗਰੋਂ ਦੀਆਂ ਸਰਕਾਰਾਂ ਇਸ ਨੂੰ ਇਹ ਰੂਪ ਦੇਣ 'ਵਿਚ ਨਾਕਾਮਯਾਬ ਰਹੀਆਂ ਹਨ ਅਤੇ ਇਸੇ ਕਾਰਨ ਖੇਤੀਬਾੜੀ ਖੇਤਰ ਅੱਜ ਵੀ ਸ਼ਸ਼ੋਪੰਜ ਵਾਲੇ ਹਾਲਤ ਵਿਚੋਂ ਗੁਜ਼ਰ ਰਿਹਾ ਹੈ।

ਕਿਸਾਨਾਂ ਨਾਲ ਚੌਥੀ ਮੀਟਿੰਗ ਦੌਰਾਨ ਕੇਂਦਰ ਸਰਕਾਰ ਨੇ ਜਿਹੜਾ 5 ਫਸਲਾਂ ਦੇ 5 ਸਾਲ ਲਈ ਐਮਐਸਪੀ ਗਰੰਟੀ ਦੇਣ ਦਾ ਪ੍ਰੋਪਜ਼ਲ ਰੱਖਿਆ ਸੀ ਹੁਣ ਇਸ ਨੂੰ ਮੋਦੀ ਸਰਕਾਰ ਪੂਰੇ ਦੇਸ਼ ਵਿੱਚ ਲਾਗੂ ਕਰਨ ਜਾ ਰਹੀ ਹੈ। ਇੰਨਾਂ ਫਸਲਾਂ ਦੀ ਖਰੀਦ ਏਜੰਸੀਆਂ ਐਨਸੀਸੀਐਫ,ਐਨਏਐਫਈਡੀ, ਸੀਸੀਆਈ ਕਰਨਗੀਆਂ। ਖਰੀਦ ਦਾ ਕਾਂਟਰੈਕਟ 5 ਸਾਲ ਦੇ ਲਈ ਹੋਵੇਗੀ। ਪਰ ਉਸ ਦੀ ਮਾਤਰਾ ਤੈਅ ਨਹੀਂ ਕੀਤੀ ਗਈ। ਖ਼ਾਸ ਗੱਲ ਇਹ ਵੀ ਹੈ ਕਿ ਇਹ ਸਾਰੀਆਂ ਫ਼ਸਲਾਂ ਪੰਜਾਬ ਅਤੇ ਹਰਿਆਣਾ ਦੇ ਸੂਬਿਆਂ ਤੋਂ ਬਾਹਰ ਪੈਦਾ ਹੁੰਦੀਆਂ ਹਨ। ਫਿਰ ਵੀ ਇਨ੍ਹਾਂ ਦੀ ਐੱਮ.ਐੱਸ.ਪੀ. ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਹੀ ਘਰੋਂ ਬਾਹਰ ਨਿਕਲ ਕੇ ਸੜਕਾਂ 'ਤੇ ਬੈਠੇ ਹੋਏ ਹਨ। ਧਰਨੇ 'ਤੇ ਬੈਠੀਆਂ ਕਿਸਾਨ ਜਥੇਬੰਦੀਆਂ ਦੇ ਨਾਲ ਐਸ ਕੇਅਐਮ ਨੇ ਵੀ ਇਸ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਸੀ ਅਤੇ ਦਾਅਵਾ ਕੀਤਾ ਸੀ ਕਿ ਸਰਕਾਰ ਕੰਟਰੈਕਟ ਫਾਰਮਿੰਗ ਚਾਹੁੰਦੀ ਹੈ ਉਹ ਸਾਨੂੰ ਮਨਜ਼ੂਰ ਨਹੀਂ ਹੈ।

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਸਾਨੂੰ 23 ਫਸਲਾਂ 'ਤੇ ਐਮਐਸਪੀ ਚਾਹੀਦਾ ਹੈ। ਸਾਨੂੰ 5 ਫਸਲਾਂ 'ਤੇ ਐਮਐਸਪੀ ਮਨਜ਼ੂਰ ਨਹੀਂ ਹੈ। ਸਰਕਾਰ ਲਿਖਿਤ ਦੇ ਨਾਲ ਕਾਨੂੰਨ ਵੀ ਬਣਾਏ। ਸਰਕਾਰ ਦੀ ਸਕੀਮ ਦੇ ਮੁਤਾਬਿਕ ਉਨ੍ਹਾਂ ਥਾਵਾਂ 'ਤੇ ਹੀ ਇਹ ਲਾਗੂ ਹੋਵੇਗੀ ਜਿੱਥੇ ਪਾਣੀ ਦਾ ਪੱਧਰ ਘੱਟ ਹੋ ਰਿਹਾ ਹੈ ਅਤੇ ਜਿਹੜੇ ਕਿਸਾਨ ਝੋਨੇ ਅਤੇ ਕਣਕ ਵਰਗੀ ਰਵਾਇਤੀ ਫਸਲਾਂ ਤੋਂ ਬਾਹਰ ਆਕੇ ਸਰਕਾਰ ਵੱਲੋਂ ਤੈਅ ਫਸਲਾਂ ਹੀ ਪੈਦਾ ਕਰਨਗੇ ਉਨ੍ਹਾਂ ਨੂੰ ਐਮਐਸਪੀ ਐਮਐਸਪੀਦੀ ਗਰੰਟੀ ਦਿੱਤੀ ਜਾਵੇਗੀ। ਮਾਹਿਰਾਂ ਮੁਤਾਬਿਕ ਸਰਕਾਰ ਦੀ ਇਹ ਯੋਜਨਾ ਕਲੀਅਰ ਨਹੀਂ ਹੈ, ਸਰਕਾਰ ਨੇ ਇਹ ਵੀ ਨਹੀਂ ਦੱਸਿਆ ਹੈ ਕਿ ਇਸ ਦੀ ਖਰੀਦ ਸੂਬਾ ਸਰਕਾਰ ਕਰਕੇ ਏਜੰਸੀਆਂ ਨੂੰ ਦੇਵੇਗੀ ਜਾਂ ਸਿੱਧਾ ਏਜੰਸੀਆਂ ਖਰੀਦ ਕਰਨਗੀਆਂ। ਡਲੇਵਾਲ ਨੇ ਕਿਹਾ ਕਿ ਜੇਕਰ ਮੌਸਮ ਦਾ ਪ੍ਰਭਾਵ ਫਸਲ 'ਤੇ ਪੈਂਦਾ ਹੈ ਤਾਂ ਉਸ ਦੀ ਐਮਐਸਪੀ ਕਿਵੇਂ ਤੈਅ ਹੋਵੇਗੀ, ਕਣਕ ਅਤੇ ਝੋਨੇ ਨੂੰ ਲੈਕੇ ਗਾਈਡ ਲਾਈਨ ਹੈ, ਨਮੀ ਦੀ ਤੈਅ ਮਾਤਰਾ 'ਤੇ ਕੇਂਦਰ ਖਰੀਦ ਕਰਦੀ ਹੈ। ਜੇਕਰ ਕਿਸਾਨਾਂ ਨੂੰ ਸਰਕਾਰ ਵਲੋਂ ਐਲਾਨੀ 5 ਫਸਲਾਂ ਤੋਂ ਝੋਨੇ ਅਤੇ ਕਣਕ ਵਰਗਾ ਝਾੜ ਨਹੀਂ ਮਿਲਦਾ ਅਤੇ ਉਸ ਦੇ ਹਿਸਾਬ ਨਾਲ ਕੀਮਤ ਨਹੀ ਮਿਲਦੀ ਹੈ ਤਾਂ ਇਹ ਸਕੀਮ ਕਿਵੇਂ ਸਫਲ ਹੋ ਸਕੇਗੀ। ਹੁਣ ਤੱਕ ਇਹ ਵੀ ਸਰਕਾਰ ਨੇ ਸਾਫ ਨਹੀਂ ਕੀਤਾ ਹੈ।

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਦੀਆਂ ਡੰਗ ਟਪਾਊ ਤੇ ਦਿਸ਼ਾਹੀਣ ਨੀਤੀਆਂ ਕਾਰਨ ਕਿਸਾਨਾਂ ਤੇ ਖੇਤ-ਮਜ਼ਦੂਰਾਂ ਵਿਚ ਰੋਸ ਵਧ ਰਿਹਾ ਹੈ ਜਦੋਂਕਿ ਕਿਸਾਨਾਂ ਦੇ ਗੰਭੀਰ ਮੁੱਦਿਆਂ ਦਾ ਫੌਰੀ ਹੱਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੇਂਦਰੀ ਹਕੂਮਤ ਕਿਸਾਨਾਂ ਨਾਲ ਟਾਲ-ਮਟੋਲ ਦੀ ਨੀਤੀ ਅਪਣਾਉਂਦੇ ਹੋਏ ਜਬਰ ਢਾਹ ਰਹੀ ਹੈ ਉਸ ਨਾਲ ਸਮੁੱਚੇ ਦੇਸ਼ ਦੇ ਹਾਲਾਤ ਪਹਿਲੇ ਨਾਲੋਂ ਵੀ ਖਰਾਬ ਹੋ ਰਹੇ ਹਨ।

ਇਸ ਲਈ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨਾਲ ਕਿਸੇ ਤਰ੍ਹਾਂ ਦਾ ਧੋਖਾ ਨਾ ਕਰੇ। ਉਨ੍ਹਾਂ ਕਿਹਾ ਕਿ ਭਾਜਪਾ ਲੋਕ ਸਭਾ ਚੋਣਾਂ ਵਿਚ 400 ਸੀਟਾਂ ਦੇ ਦਾਅਵੇ ਕਰ ਰਹੀ ਹੈ ਪਰ ਭਾਜਪਾ ਦੀਆਂ ਗਲਤ ਨੀਤੀਆਂ ਖ਼ਿਲਾਫ਼ ਕਿਸਾਨ ਤੇ ਖੇਤ-ਮਜ਼ਦੂਰ ਆਪਣੇ ਵੋਟ ਦੀ ਵਰਤੋਂ ਕਰਕੇ ਜਵਾਬ ਦੇਣਗੇ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਦਾ ਬਹਾਨਾ ਬਣਾ ਕੇ ਸਮਾਂ ਨਾ ਟਪਾਏ ਤੇ ਐਮਐਸਪੀ ਲਾਗੂ ਕਰਨ ਦੇ ਨਾਲ-ਨਾਲ ਸਵਾਮੀਨਾਥਨ ਰਿਪੋਰਟ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ।

### ਸ਼ੰਭੂ ਵਿੱਚ ਵੀ ਕਿਸਾਨ ਬਣਾਉਣ ਲੱਗੇ ਪੱਕੀਆਂ ਠਾਹਰਾਂ

ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸ਼ੰਭੂ ਅਤੇ ਢਾਬੀਗੁੱਜਰਾਂ ਸਥਿਤ ਬਾਰਡਰਾਂ ਤੋਂ ਹੀ ਲੰਬਾ ਸੰਘਰਸ਼ ਲੜਨ ਦੇ ਲਏ ਗਏ ਫ਼ੈਸਲੇ ਦੇ ਚੱਲਦਿਆਂ ਹੁਣ ਕਿਸਾਨਾਂ ਵੱਲੋਂ ਇੱਥੇ ਹੀ ਪੱਕੀਆਂ ਠਾਹਰਾਂ ਬਣਾਉਣ ਬਾਰੇ ਵਿਚਾਰਾਂ ਕੀਤੀਆਂ ਜਾਣ ਲੱਗੀਆਂ ਹਨ। ਮਹੀਨੇ ਭਰ ਤੋਂ ਭਾਵੇਂ ਕਿ ਟਰਾਲੀਆਂ ਜੋੜ ਕੇ ਹੀ ਸਟੇਜ ਬਣਾਈ ਜਾਂਦੀ ਰਹੀ ਹੈ ਪਰ ਸ਼ੰਭੂ ਬਾਰਡਰ 'ਤੇ ਬਾਕਾਇਦਾ ਤੌਰ 'ਤੇ ਲੋਹੇ ਦੀ ਸਟੇਜ ਬਣਾਈ ਗਈ ਹੈ। ਸਟੇਜ ਪੰਜ ਫੁੱਟ ਉੱਚੀ ਰੱਖੀ ਗਈ ਹੈ। ਦਿੱਲੀ ਵਿਚਲੇ ਅੰਦੋਲਨ ਦੌਰਾਨ ਵੀ ਇਸੇ ਤਰ੍ਹਾਂ ਪੱਕੀਆਂ ਸਟੇਜਾਂ ਸਨ।

# ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨਾਲ ਗਿਆਨੀ ਰਾਮ ਸਿੰਘ ਨੇ ਕੀਤੀ ਮੁਲਾਕਾਤ



ਅੰਮ੍ਰਿਤਸਰ : ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨਾਲ ਮੁਲਾਕਾਤ ਲਈ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਤੇ ਭਾਈ ਰਾਜਨਦੀਪ ਸਿੰਘ ਡਿਬਰੂਗੜ੍ਹ ਜ਼ੇਲ ਪੁਜੇ। ਜਿਥੇ ਉਨਾਂ ਨੇ ਭੁੱਖ ਹੜਤਾਲ ਤੇ ਬੈਠੇ ਬੰਦੀ ਸਿੱਖਾਂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਭਗਵੰਤ ਸਿੰਘ ਬਾਜੇਕੇ ਦੇ ਪਿਤਾ ਹਰਜਿੰਦਰ ਸਿੰਘ ਤੇ ਪਪਲਪ੍ਰੀਤ ਸਿੰਘ ਦੀ ਮਾਤਾ ਬੀਬੀ ਮਨਧੀਰ ਕੌਰ ਵੀ ਸ਼ਾਮਲ ਸਨ। ਪੱਤਰਕਾਰਾਂ ਨਾਲ ਗਲ ਕਰਦਿਆਂ ਗਿਆਨੀ ਰਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨਾਲ ਕਰੀਬ ਇਕ ਘੰਟਾ ਮੁਲਾਕਾਤ ਹੋਈ ਹੈ ਜਿਸ ਵਿਚ ਸਾਰੇ ਹੀ ਸਿੰਘਾਂ ਨੇ ਇਕ ਅਵਾਜ ਹੋ ਕੇ ਕਿਹਾ ਹੈ ਕਿ ਅਸੀ ਅਰਦਾਸ ਕੀਤੀ ਹੈ ਕਿ ਜਾਂ ਤਾਂ ਪੰਜਾਬ ਜਾਵਾਂਗੇ ਤੇ ਜਾਂ ਸਰੀਰ ਛਡਾਂਗੇ। ਗਿਆਨੀ ਰਾਮ ਸਿੰਘ ਨੇ ਦਸਿਆ ਕਿ ਭੁੱਖ ਹੜਤਾਲ ਕਾਰਨ ਸਾਰੇ ਸਿੰਘ ਸਰੀਰਕ ਪਖੋਂ ਤਾਂ ਕਮਜੋਰ ਹੋਏ ਹਨ ਪਰ ਮਾਨਸਿਕ ਤੌਰ ਤੇ ਪੂਰੀ ਤਰਾਂ ਨਾਲ ਚੜਦੀਕਲਾ ਵਿਚ ਹਨ। ਉਨ੍ਹਾਂ ਦਸਿਆ ਕਿ ਮੁਬਲਾਕਾਤ ਦੌਰਾਨ ਹੀ ਬਸੰਤ ਸਿੰਘ ਨੂੰ ਵੀ ਹਸਪਤਾਲ ਤੌਂ ਵਾਪਸ ਜੇਲ ਵਿਚ ਲਿਆਂਦਾ ਗਿਆ।

# ਨਾਗਰਿਕਤਾ ਸੋਧ ਕਾਨੂੰਨ ਭਾਰਤ ਵਿਚ ਲਾਗੂ

## ✪ ਨੋਟੀਫਿਕੇਸ਼ਨ ਹੋਇਆ ਜਾਰੀ ✪ 2014 ਤੋਂ ਪਹਿਲਾਂ ਭਾਰਤ ਆਏ ਸ਼ਰਨਾਰਥੀ ਹੋਣਗੇ ਯੋਗ




## ਕੀ ਕਹਿੰਦੇ ਨੇ ਸਿਆਸੀ ਜਾਣਕਾਰ

ਸਿਆਸੀ ਜਾਣਕਾਰਾਂ ਦਾ ਮੰਨਣਾ ਹੈ ਕਿ ਬੀਜੇਪੀ ਨੇ ਪੱਛਮੀ ਬੰਗਾਲ, ਅਸਾਮ ਅਤੇ ਕੇਰਲਾ ਨੂੰ ਟਾਰਗੇਟ ਕਰਦੇ ਹੋਏ ਨਾਗਰਿਕਤਾ ਸੋਧ ਕਾਨੂੰਨ ਕਾਨੂੰਨ ਬਣਾਇਆ ਹੈ। ਇੱਥੇ ਦੀ ਸਿਆਸਤ ਦਾ ਫੈਸਲਾ ਮੁਸਲਮਾਨ ਭਾਈਚਾਰੇ ਦੇ ਹੱਥ ਸਭ ਤੋਂ ਜ਼ਿਆਦਾ ਹੈ। ਬੰਗਾਲਦੇਸ਼ ਤੋਂ ਵੱਡੀ ਗਿਣਤੀ ਵਿੱਚ ਮੁਸਲਿਮ ਸ਼ਰਨਾਰਥੀ ਪੱਛਮੀ ਬੰਗਾਲ ਵਿੱਚ ਵਸੇ ਹਨ। ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋਣ ਨਾਲ ਸ਼ਰਨਾਰਥੀਆਂ ’ਤੇ ਸਖਤੀ ਹੋਵੇਗੀ ਅਤੇ ਉਨ੍ਹਾਂ ਨੂੰ ਮੁਲਕ ਛੱਡ ਕੇ ਜਾਣ ਲਈ ਮਜ਼ਬੂਰ ਹੋਣਾ ਪੈ ਸਕਦਾ ਹੈ। ਬੀਜੇਪੀ ਇਸ ਦੇ ਨਾਲ ਹਿੰਦੂ ਭਾਈਚਾਰੇ ਨੂੰ ਇਹ ਵੀ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਉਨ੍ਹਾਂ ਦੀ ਪਾਰਟੀ ਹਰ ਉਹ ਸ਼ਖਤ ਫੈਸਲਾ ਲੈ ਰਹੀ ਹੈ ਜੋ ਹਿੰਦੂ ਭਾਈਚਾਰੇ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ।

ਨਵੀਂ ਦਿੱਲੀ-ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕੇਂਦਰ ਸਰਕਾਰ ਨੇ ਬੀਤੇ ਦਿਨੀਂ ਨੋਟੀਫਿਕੇਸ਼ਨ ਜਾਰੀ ਕਰਦਿਆਂ ਨਾਗਰਿਕਤਾ ਸੋਧ ਕਾਨੂੰਨ 2019 ਨੂੰ ਦੇਸ਼ ਭਰ ਵਿਚ ਲਾਗੂ ਕਰ ਦਿੱਤਾ। ਜਿਸ ਤਹਿਤ ਹੁਣ ਪਾਕਿਸਤਾਨ, ਬੰਗਲਾਦੇਸ਼ ਅਤੇ ਅ.ਫਗਾਨਿਸਤਾਨ ਤੋਂ ਆਏ ਗੈਰ ਮੁਸਲਮਾਨ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਦੀ ਵਿਵਸਥਾ ਹੈ। ਪਰ ਮੁਸਲਮਾਨ ਭਾਈਚਾਰੇ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ, ਜਿਸ ਨੂੰ ਲੈਕੇ ਮੁਸਲਮਾਨ ਭਾਈਚਾਰਾ ਲਗਾਤਾਰ ਪ੍ਰਦਰਸ਼ਨ ਕਰ ਰਿਹਾ ਸੀ ਦੱਸਣਯੋਗ ਹੈ ਕਿ ਸੰਸਦ ਵਿਚ ਪਾਸ ਹੋਣ ਤੋਂ ਬਾਅਦ 4 ਸਾਲਾਂ ਬਾਅਦ ਨਾਗਰਿਕਤਾ ਸੋਧ ਕਾਨੂੰਨ ਨੂੰ ਲਾਗੂ ਕੀਤਾ ਗਿਆ ਹੈ। ਦਸੰਬਰ 2019 ਵਿਚ ਸੰਸਦ ਵਿਚ ਪਾਸ ਹੋਣ ਤੋਂ ਬਾਅਦ ਥਾਂ-ਥਾਂ ’ਤੇ ਇਸ ਦੇ ਵਿਰੋਧ ਵਿਚ ਹਿੰਸਕ ਪ੍ਰਦਰਸ਼ਨ ਕੀਤੇ ਗਏ ਸਨ ਜਿਨ੍ਹਾਂ ਵਿਚ 100 ਤੋਂ ਵੱਧ ਲੋਕ ਮਾਰੇ ਗਏ।

ਜਾਰੀ ਹੋਏ ਨੋਟੀਫਿਕੇਸ਼ਨ ਮੁਤਾਬਿਕ ਸਰਕਾਰ ਵਲੋਂ ਪਾਕਿਸਤਾਨ, ਬੰਗਲਾਦੇਸ਼ ਅਤੇ ਅ.ਫਗਾਨਿਸਤਾਨ ਤੋਂ 31 ਦਸੰਬਰ 2014 ਤੋਂ ਪਹਿਲਾਂ ਭਾਰਤ ਆਏ ਗੈਰ ਮੁਸਲਮਾਨ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਜਾ ਸਕਦੀ ਹੈ। ਇਹ ਪਹਿਲੀ ਵਾਰ ਹੈ ਕਿ ਭਾਰਤੀ ਨਾਗਰਿਕਤਾ ਲਈ ਧਰਮ ਨੂੰ ਅਧਾਰ ਬਣਾਇਆ ਗਿਆ ਹੈ। ਸੀ.ਏ.ਏ. ਤਹਿਤ ਤਿੰਨਾਂ ਦੇਸ਼ਾਂ ਤੋਂ ਆਏ ਹਿੰਦੂ, ਸਿੱਖ, ਜੈਨੀ, ਬੋਧੀ, ਪਾਰਸੀ ਅਤੇ ਈਸਾਈ ਭਾਈਚਾਰੇ ਨਾਲ ਸੰਬੰਧਿਤ ਘੱਟ ਗਿਣਤੀ ਭਾਈਚਾਰੇ ਨੂੰ ਭਾਰਤੀ ਨਾਗਰਿਕਤਾ ਲੈਣ ਵਿਚ ਅਸਾਨੀ ਹੋਵੇਗੀ। ਦੱਸਣਯੋਗ ਹੈ ਕਿ ਕਾਨੂੰਨਨ ਭਾਰਤ ਦੀ ਨਾਗਰਿਕਤਾ ਲਈ ਘੱਟੋ-ਘੱਟ 11 ਸਾਲ ਤੱਕ ਦੇਸ਼ ਵਿਚ ਰਹਿਣਾ ਜ਼ਰੂਰੀ ਹੈ। ਪਰ ਨਾਗਰਿਕਤਾ ਸੋਧ ਕਾਨੂੰਨ ਵਿਚ ਇਹ ਤਿੰਨ ਦੇਸ਼ਾਂ ਦੇ .ਗੈਰ ਮੁਸਲਮਾਨਾਂ ਨੂੰ 11 ਸਾਲ ਦੀ ਥਾਂ ’ਤੇ 6 ਸਾਲ ਰਹਿਣ ’ਤੇ ਹੀ ਨਾਗਰਿਕਤਾ ਦਿੱਤੀ ਜਾਏਗੀ। ਬਾਕੀ ਦੂਜੇ ਦੇਸ਼ਾਂ ਦੇ ਲੋਕਾਂ ਨੂੰ 11 ਸਾਲ ਦਾ ਸਮਾਂ ਭਾਰਤ ’ਚ ਗੁਜ਼ਾਰਨਾ ਹੋਵੇਗਾ। ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ। ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋਣ ਨਾਲ 31 ਹਜ਼ਾਰ ਤੋਂ ਵੱਧ ਲੋਕ ਭਾਰਤੀ ਨਾਗਰਿਕਤਾ ਹਾਸਲ ਕਰ ਸਕਣਗੇ। ਜਨਵਰੀ 2019 ਵਿਚ ਜੁਆਇੰਟ ਸੰਸਦੀ ਕਮੇਟੀ ਨੇ ਇਸ ਗੱਲ ਬਾਰੇ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਭਾਜਪਾ ਦੇ ਰਜਿੰਦਰ ਅਗਰਵਾਨੀ ਵਾਲੀ ਕਮੇਟੀ ਜਿਸ ’ਚ ਆਈ.ਬੀ. ਅਤੇ ਰਾਅ ਦੇ ਅਧਿਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ, ਦੀ ਰਿਪੋਰਟ ਮੁਤਾਬਿਕ 31 ਦਸੰਬਰ 2014 ਤੱਕ ਪਾਕਿਸਤਾਨ, ਬੰਗਲਾਦੇਸ਼ ਅਤੇ ਅ.ਫਗਾਨਿਸਤਾਨ ਤੋਂ ਆਏ ਗੈਰ ਮੁਸਲਮਾਨ ਲੋਕਾਂ ਦੀ ਗਿਣਤੀ 31313 ਹੈ, ਜਿਨ੍ਹਾਂ ਨੂੰ ਕਾਨੂੰਨ ਲਾਗੂ ਹੋਣ ਤੋਂ ਫੌਰਨ ਬਾਅਦ ਨਾਗਰਿਕਤਾ ਮਿਲ ਜਾਏਗੀ। ਇਨ੍ਹਾਂ ਵਿਚ ਸਭ ਤੋਂ ਵੱਧ 25447 ਲੋਕ ਹਿੰਦੂ ਅਤੇ 5807 ਸਿੱਖ ਸਨ। ਇਨ੍ਹਾਂ ਸਭ ਨੂੰ ਧਾਰਮਿਕ ਅਧਾਰ ’ਤੇ ਵਿਤਕਰੇ ਅਤੇ ਜ਼ੁਲਮਾਂ ਕਾਰਨ ਦੇਸ਼ ਛੱਡ ਕੇ ਭਾਰਤ ਆਉਣਾ ਪਿਆ ਸੀ।

ਨਾਗਰਿਕਤਾ ਸੋਧ ਕਾਨੂੰਨ ਸੰਬੰਧੀ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਸੀ.ਏ.ਏ. ਜ਼ਰੂਰ ਨੋਟੀਫਾਈ ਕੀਤਾ ਜਾਏਗਾ। ਇਹ ਦੇਸ਼ ਦਾ ਕਾਨੂੰਨ ਹੈ। ਨਾਗਰਿਕਤਾ ਸੋਧ ਕਾਨੂੰਨ ਨੂੰ ਲੋਕਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਇਸ ਲਈ ਵੀ ਲਿਆਂਦਾ ਗਿਆ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਅਜਿਹਾ ਐਲਾਨ ਨਹੀਂ ਕੀਤਾ ਜਾ ਸਕਦਾ। ਕੇਂਦਰ ਵਲੋਂ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਦਿੱਲੀ, ਉੱਤਰ ਭਾਰਤ ਸਮੇਤ ਕਈ ਰਾਜਾਂ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ। ਸੀ.ਏ.ਏ. ਵਿਚ ਭਾਰਤ ਦੇ ਉੱਤਰ ਪੂਰਬੀ ਰਾਜਾਂ ਅਤੇ ਪੱਛਮੀ ਬੰਗਾਲ ’ਚ ਕਾਫੀ ਵਿਰੋਧ ਹੁੰਦਾ ਰਿਹਾ ਹੈ। ਉੱਤਰ ਪੂਰਬੀ ਰਾਜਾਂ ਜਿਵੇਂ ਵੱਡੀ ਅਬਾਦੀ ਆਦਿਵਾਸੀਆਂ ਦੀ ਹੈ, ਦੇ ਸਥਾਨਕ ਲੋਕਾਂ ਨੂੰ ਆਪਣੀ ਪਹਿਚਾਣ ਖੁੰਝ ਜਾਣ ਦਾ ਡਰ ਹੈ। ਮੇਘਾਲਿਆ ਵਿਚ ਗਾਰੋ, ਜੈਤਿਆ, ਤ੍ਰਿਪੁਰਾ ਵਿਚ ਬੇਰੋਕ ਭਾਈਚਾਰੇ ਨੂੰ ਡਰ ਹੈ ਕਿ ਸ਼ਰਨਾਰਥੀਆਂ ਨੂੰ ਨਾਗਰਿਕਤਾ ਮਿਲਣ ਤੋਂ ਬਾਅਦ ਉਨ੍ਹਾਂ ਦੇ ਵਸੀਲਿਆਂ ’ਤੇ ਕਬਜ਼ਾ ਹੋ ਜਾਏਗਾ।

### ਮਮਤਾ ਵਲੋਂ ਵਿਰੋਧ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਜੋ ਖੁੱਲ੍ਹ ਕੇ ਇਸ ਦਾ ਵਿਰੋਧ ਕਰਦੇ ਰਹੇ ਹਨ ਨੇ ਸੀ.ਏ.ਏ. ਲਾਗੂ ਕਰਨ ’ਤੇ ਤਿੱਖਾ ਪ੍ਰਤੀਕਰਮ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਹਰ ਉਸ .ਫ਼ੈਸਲੇ ਦਾ ਵਿਰੋਧ ਕਰੇਗੀ ਜੋ ਧਰਮ ਦੇ ਅਧਾਰ ’ਤੇ ਵਿਤਕਰਾ ਕਰਦਾ ਹੋਏ। ਯਾਦ ਰਹੇ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਆਪਣੇ ਸੂਬੇ ਵਿੱਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਨਹੀਂ ਹੋਣ ਦੇਣਗੇ। ਉਧਰ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕਰਦੇ ਹੋਏ ਨਾਗਰਿਕਤਾ ਸੋਧ ਕਾਨੂੰਨ ਦੀ ਟਾਇਮਿੰਗ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਲਿਖਿਆ ਦਸੰਬਰ 2019 ਵਿੱਚ ਪਾਰਲੀਮੈਂਟ ਵੱਲੋ ਪਾਸ ਨਾਗਰਿਕਤਾ ਸੋਧ ਬਿੱਲ ਦੇ ਨਿਯਮਾਂ ਨੂੰ ਲਾਗੂ ਕਰਨ ਦੇ ਲਈ ਮੋਦੀ ਸਰਕਾਰ ਨੇ 4 ਸਾਲ 3 ਮਹੀਨੇ ਲੱਗਾ ਦਿੱਤੇ ਹਨ। ਪ੍ਰਧਾਨ ਮੰਤਰੀ ਦਾਅਵਾ ਕਰਦੇ ਸਨ ਕਿ ਉਨ੍ਹਾ ਦੀ ਸਰਕਾਰ ਬਿਲਕੁਲ ਪ੍ਰੋਫੈਸ਼ਨਲ ਢੰਗ ਅਤੇ ਤੈਅ ਸਮੇਂ ਨਾਲ ਕੰਮ ਕਰਦੀ ਹੈ। ਨਾਗਰਿਕਤਾ ਸੋਧ ਕਾਨੂੰਨ ਦੇ ਨਿਯਮ ਦਾ ਨੋਟਿਫਿਕੇਸ਼ਨ ਕਰਨ ਦੇ ਲਈ ਏਨਾ ਸਮਾਂ ਪ੍ਰਧਾਨ ਮੰਤਰੀ ਦੇ ਸਫੇਦ ਝੂਠ ਦੀ ਇੱਕ ਝਲਕ ਹੈ।

### ਚੋਣਾਂ ਦਾ ਧਰੁਵੀਕਰਨ-ਕਾਂਗਰਸ

ਕਾਂਗਰਸ ਨੇ ਸੀ.ਏ.ਏ. ਦੇ ਨੋਟੀਫਿਕੇਸ਼ਨ ਨੂੰ ਚੋਣਾਂ ਦੇ ਧਰੁਵੀਕਰਨ ਦਾ ਤਰੀਕਾ ਕਰਾਰ ਦਿੱਤਾ। ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ ਮੰਚ ’ਤੇ ਪਾਏ ਸੰਦੇਸ਼ ਵਿਚ ਕਿਹਾ ਕਿ ਨੇਮਾਂ ਦੇ ਨੋਟੀਫਿਕੇਸ਼ਨ ਲਈ 9 ਵਾਰ ਸਮਾਂ ਵਧਾਉਣ ਤੋਂ ਬਾਅਦ ਐਲਾਨ ਕਰਨ ਲਈ ਜਾਣਬੁੱਝ ਕੇ ਲੋਕਸਭਾ ਚੋਣਾਂ ਤੋਂ ਠੀਕ ਪਹਿਲਾਂ ਦਾ ਸਮਾਂ ਚੁਣਿਆ ਗਿਆ। ਅਜਿਹਾ ਸਪੱਸ਼ਟ ਤੌਰ ’ਤੇ ਚੋਣਾਂ ਦਾ ਧਰੁਵੀਕਰਨ ਕਰਨ ਲਈ ਕੀਤਾ ਗਿਆ ਹੈ। ਉਹ ਵੀ ਵਿਸ਼ੇਸ਼ ਤੌਰ ’ਤੇ ਅਸਾਮ ਤੇ ਬੰਗਾਲ ਵਿਚ।

### ਆਨਲਾਈਨ ਹੋਏਗਾ ਅਮਲ

ਸਰਕਾਰ ਨੇ ਨਾਗਰਿਕਤਾ ਹਾਸਿਲ ਕਰਨ ਦੇ ਪੂਰੇ ਅਮਲ ਨੂੰ ਆਨਲਾਈਨ ਬਣਾਇਆ ਹੈ। ਇਸ ਲਈ ਇਕ ਵੈਬ ਪੋਰਟਲ ਤਿਆਰ ਕੀਤਾ ਗਿਆ ਹੈ। ਦਰਖ਼ਾਸਤ ਕਰਨ ਵਾਲੇ ਨੂੰ ਹੋਰ ਕੋਈ ਦਸਤਾਵੇਜ਼ ਮੁਹੱਈਆ ਨਹੀਂ ਕਰਵਾਉਣਾ ਪਏਗਾ। ਉਹ ਮੋਬਾਈਲ ਫੋਨ ਰਾਹੀਂ ਵੀ ਦਰਖ਼ਾਸਤ ਕਰ ਸਕਦਾ ਹੈ। ਉਸ ਨੂੰ ਸਿਰ.ਫ ਉਹ ਸਾਲ ਦੱਸਣਾ ਹੋਏਗਾ, ਜਦੋਂ ਉਹ ਬਿਨਾਂ ਦਸਤਾਵੇਜ਼ਾਂ ’ਤੇ ਭਾਰਤ ’ਚ ਦਾਖ਼ਲ ਹੋਇਆ ਸੀ। ਨਾਗਰਿਕਤਾ ਨਾਲ ਜੁੜੇ ਜਿੰਨੇ ਵੀ ਅਜਿਹੇ ਬਕਾਇਆ ਮਾਮਲੇ ਹੋਣਗੇ ਉਹ ਸਭ ਆਨਲਾਈਨ ਕਰ ਦਿੱਤੇ ਜਾਣਗੇ। ਦਰਖ਼ਾਸਤ ਤੋਂ ਬਾਅਦ ਗ੍ਰਹਿ ਮੰਤਰਾਲਾ ਜਾਂਚ ਕਰੇਗਾ ਅਤੇ ਨਾਗਰਿਕਤਾ ਜਾਰੀ ਕਰ ਦੇਵੇਗਾ।

## ਨਾਗਰਿਕਤਾ ਸੋਧ ਕਾਨੂੰਨ ਦਾ ਸਿੱਖ ਭਾਈਚਾਰੇ ਨੂੰ ਹੋਵੇਗਾ ਫਾਇਦਾ



ਇਸ ਕਾਨੂੰਨ ਦੇ ਬਣਨ ਦੇ ਨਾਲ ਅਫਗਾਨਿਸਤਾਨ ਤੋਂ ਆਏ ਸਿੱਖਾਂ ਨੂੰ ਵੱਡੀ ਰਾਹਤ ਮਿਲੇਗੀ। ਲੰਮੇ ਸਮੇਂ ਤੋਂ ਦਿੱਲੀ ਅਤੇ ਪੰਜਾਬ ਦੇ ਕਈ ਇਲਾਕਿਆਂ ਵਿੱਚ ਰਹਿੰਦਾ ਸਿੱਖ ਅਫਗਾਨੀ ਭਾਈਚਾਰਾ ਨਾਗਰਿਕਤਾ ਨਾ ਹੋਣ ਦੀ ਵਜ੍ਹਾ ਕਰਕੇ ਕਾਫੀ ਪਰੇਸ਼ਾਨ ਸੀ। ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕੇਂਦਰ ਸਰਕਾਰ ਵਲੋਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ) ਨੂੰ ਲਾਗੂ ਕਰਨ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਇਸ .ਫ਼ੈਸਲੇ ਨਾਲ ਦੂਜੇ ਦੇਸ਼ਾਂ ਤੋਂ ਭਾਰਤ ਆਏ ਸਿੱਖਾਂ ਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਹਜ਼ਾਰਾਂ ਪਰਿਵਾਰਾਂ ਨੂੰ ਵੱਡਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਪਾਕਿਸਤਾਨ, ਅਫਗਾਨਿਸਤਾਨ ਤੇ ਹੋਰ ਦੇਸ਼ਾਂ ਤੋਂ ਸੈਂਕੜੇ ਪਰਿਵਾਰਾਂ ਨੂੰ ਭਾਰਤ ਲਿਆਂਦਾ ਗਿਆ ਸੀ, ਤਾਂ ਜੋ ਉਹਨਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ ਤੇ ਉਨ੍ਹਾਂ ਨੂੰ ਨਿਰਪੱਖ, ਆਜ਼ਾਦ ਤੇ ਸਨਮਾਨ ਭਰੀ ਜ਼ਿੰਦਗੀ ਦਿੱਤੀ ਜਾ ਸਕੇ।

**ਵਿਚਾਰ :–** ਔਰਤ ਦੀ ਵਿਲੱਖਣਤਾ ਨੂੰ ਸਲਾਮ, ਬਚੂ ਉਹੀ, ਜਿਹੜਾ ਰਹੂਗਾ ਗੁਲਾਮ–ਜਨਮੇਜਾ ਸਿੰਘ ਜੌਹਲ



ਰਜਿੰਦਰ ਸਿੰਘ ਪੁਰੇਵਾਲ

# ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਦੀ ਰਿਹਾਈ ਦਾ ਮਾਮਲਾ

ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਮੇਤ ਇਸ ਦੇ 10 ਮੈਂਬਰ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਇਨ੍ਹਾਂ ਵਿਅਕਤੀਆਂ ਨੂੰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਰਾਸੁਕਾ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇਹ ਪਿਛਲੇ ਸਾਲ ਤੋਂ ਇਸ ਜੇਲ੍ਹ ਵਿਚ ਬੰਦ ਹਨ। ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਨਜ਼ਰਬੰਦਾਂ ਤੇ ਉਨ੍ਹਾਂ ਦੇ ਮਾਪਿਆਂ ਤੇ ਪਰਿਵਾਰਾਂ ਵਲੋਂ ਭੁੱਖ ਹੜਤਾਲਾਂ ਦੇ ਮਾਮਲਿਆਂ ਸੰਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਗਠਿਤ ਪੰਜ ਮੈਂਬਰੀ ਸਬ-ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮਸਲੇ ਦੇ ਹੱਲ ਲਈ ਗੱਲਬਾਤ ਕਰਨ ਹਿਤ 13 ਮਾਰਚ ਤੱਕ ਮੁਲਾਕਾਤ ਲਈ ਸਮਾਂ ਦੇਣ ਦੀ ਮੰਗ ਕੀਤੀ ਸੀ। ਪਰ ਮੁਖ ਮੰਤਰੀ ਵਲੋਂ ਕੋਈ ਹੁੰਗਾਰਾ ਨਹੀਂ ਦਿਤਾ ਗਿਆ। ਡਿਬਰੂਗੜ ਵਾਲੇ ਅੰਮ੍ਰਿਤ ਪਾਲ ਸਿੰਘ ਸਮੇਤ ਸਿਖ ਬੰਦੀਆਂ ਦੇ ਮੁੱਦੇ ਦਾ ਸਿਧਾ ਸਬੰਧ ਕੇਂਦਰੀ ਗ੍ਰਹਿ ਮੰਤਰੀ ਨਾਲ ਹੈ। ਅਕਾਲ ਤਖਤ ਦੇ ਜਥੇਦਾਰ ਨੇ ਜਿਹੜੀ ਪੰਜ ਮੈਂਬਰੀ ਕਮੇਟੀ ਬਣਵਾਈ ਹੈ ਉਹ ਮਹਿਜ਼ ਖਾਨਾ ਪੂਰਤੀ ਵਾਲੀ ਭੂਮਿਕਾ ਨਿਭਾ ਰਹੀ ਹੈ। ਅਕਾਲੀ ਲੀਡਰਸ਼ਿਪ ਨੂੰ ਸਿਧੀ ਗ੍ਰਹਿ ਮੰਤਰੀ ਨਾਲ ਗਲ ਕਰਨੀ ਚਾਹੀਦੀ ਸੀ। ਇਹ ਵਤੀਰਾ ਉਸ ਅਮਲ ਦਾ ਹੀ ਦੁਹਰਾ ਹੈ ਜੋ ਅਕਾਲੀ ਦਲ ਨੇ ਭਾਰਤ ਸਰਕਾਰ ਦੇ ਦਰਬਾਰ ਸਾਹਿਬ ਹਮਲੇ ਸਮੇਂ 1984 ਵਿਚ ਧਾਰਨ ਕੀਤਾ ਸੀ। ਹੁਣ ਇਨ੍ਹਾਂ ਦੀ ਕਮੇਟੀ ਪੰਜਾਬ ਦੇ ਮੁਖ ਮੰਤਰੀ ਨੂੰ ਮਿਲਣ ਲਈ ਰਸਮੀ ਚਿਠੀਆਂ ਲਿਖ ਰਹੀ ਹੈ। ਮੁਖ ਮੰਤਰੀ ਭਗਵੰਤ ਮਾਨ ਨੇ ਜਵਾਬ ਤਾਂ ਕੀ ਦੇਣਾ ਸੀ ਉਹ ਇਹ ਦੋ ਹਰਫ ਵੀ ਨਹੀਂ ਲਿਖ ਰਿਹਾ ਕਿ ਮੈਨੂੰ ਤੁਹਾਡਾ ਬੇਨਤੀ ਪੱਤਰ ਮਿਲ ਗਿਆ ਹੈ। ਆਪਣੇ ਵਲੋਂ ਕਮੇਟੀ ਨਿਯੁਕਤ ਕਰਨ ਵਾਲੇ ਰਾਜਸੀ ਅਣਗਹਿਲੀ ਤੋਂ ਕੰਮ ਲੈ ਰਹੇ ਹਨ ਪਰ ਇਸ ਹਲਕੀ ਮੁਹਿੰਮ ਰਾਹੀਂ ਅਕਾਲ ਤਖਤ ਦੇ ਵਡੇ ਰੁਤਬੇ ਦੀ ਭਰਪੂਰ ਹੇਠੀ ਹੋ ਰਹੀ ਹੈ। ਨਹੀਂ ਤਾਂ ਸਾਧਾਰਨ ਤੌਰ ਤੇ ਕੀ ਭਗਵੰਤ ਮਾਨ ਨੂੰ ਅਕਾਲ ਤਖਤ ਦੀ ਕਮੇਟੀ ਦੀਆਂ ਚਿਠੀਆਂ ਨੂੰ ਅਖੋਂ ਪਰੋਖੇ ਕਰਨ ਦੀ ਜੁਰਅਤ ਹੋ ਸਕਦੀ ਸੀ ? ਇਸ ਦੇ ਅਰਥ ਇਹ ਵੀ ਹਨ ਕਿ ਭਗਵੰਤ ਮਾਨ ਸਿਖ ਪੰਥ ਤੇ ਜਥੇਦਾਰ ਅਕਾਲ ਤਖਤ ਨੂੰ ਟਿਚ ਜਾਣ ਰਿਹਾ ਹੈ। ਇਸ ਸਬੰਧੀ ਅਕਾਲੀ ਦਲ ਤੇ ਸਿਖ ਜਗਤ ਨੂੰ ਸਖਤ ਨੋਟਿਸ ਲੈਣ ਦੀ ਲੋੜ ਹੈ।

## ਪੰਜਾਬ ਵਿਚ ਸ਼ਰਾਬ ਦੀ ਵਧ ਰਹੀ ਵਿੱਕਰੀ ਵੀ ਚਿੰਤਾਜਨਕ

ਪੰਜਾਬ ਵਿਚ ਪਿਛਲੇ ਸਾਲਾਂ ਤੋਂ ਸ਼ਰਾਬ ਦੀ ਵਿੱਕਰੀ 'ਚ ਲਗਾਤਾਰ ਵਾਧਾ ਹੋਣ ਕਰਕੇ ਚਾਹੇ ਸਰਕਾਰਾਂ ਦੀ ਪਿਛਲੇ 6 ਸਾਲਾਂ ਵਿਚ ਆਮਦਨ ਦੁੱਗਣੀ ਹੋ ਗਈ ਹੈ ਪਰ ਸ਼ਰਾਬ ਦੀ ਲਗਾਤਾਰ ਵਧ ਰਹੀ ਸ਼ਰਾਬ ਦੀ ਵਿੱਕਰੀ ਵੀ ਚਿੰਤਾਜਨਕ ਕਹੀ ਜਾ ਰਹੀ ਹੈ ਕਿਉਂਕਿ ਇਕ ਪਾਸੇ ਤਾਂ ਰਾਜ ਨੂੰ ਪੂਰੀ ਤਰ੍ਹਾਂ ਨਾਲ ਨਸ਼ਾ ਮੁਕਤ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਸ਼ਰਾਬ ਦੀ ਲਗਾਤਾਰ ਵਧ ਰਹੀ ਖਪਤ ਵੀ ਇਸ ਤਰ੍ਹਾਂ ਦੀ ਮੁਹਿੰਮ ਵਿਚ ਰੁਕਾਵਟਾਂ ਪਾਉਂਦੀ ਨਜ਼ਰ ਆ ਰਹੀ ਹੈ ਕਿਉਂਕਿ ਕਦੇ ਛੁਪੀਆਂ ਹੋਈਆਂ ਥਾਵਾਂ 'ਤੇ ਬਣੇ ਸ਼ਰਾਬ ਦੇ ਠੇਕੇ ਹੁਣ ਗਲੀਆਂ, ਮੁਹੱਲਿਆਂ 'ਚ ਨਜ਼ਰ ਆਉਣ ਲੱਗ ਪਏ ਹਨ ਜਿਸ ਕਰ ਕੇ ਸ਼ਰਾਬ ਦੀ ਰਿਕਾਰਡ ਖਪਤ ਵਧ ਰਹੀ ਹੈ। 'ਆਪ' ਸਰਕਾਰ ਦੀ ਪਿਛਲੀ ਸ਼ਰਾਬ ਨੀਤੀ ਵਿਚ ਤਾਂ ਸ਼ਰਾਬ ਦੀਆਂ ਹੋਰ ਦੁਕਾਨਾਂ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਗਈ ਸੀ। ਇਕ ਜਾਣਕਾਰੀ ਮੁਤਾਬਿਕ ਹਰ ਸਾਲ 5 ਲੱਖ ਤੋਂ ਜ਼ਿਆਦਾ ਸ਼ਰਾਬ ਦੀਆਂ ਬੋਤਲਾਂ ਦੀ ਖਪਤ ਵਧ ਰਹੀ ਹੈ ।ਪੰਜਾਬ ਵਿਚ ਲਗਾਤਾਰ ਵਧ ਰਹੀ ਸ਼ਰਾਬ ਦੀ ਖਪਤ ਕਰਕੇ ਹੀ ਪਿਛਲੇ 6 ਸਾਲਾਂ ਵਿਚ ਹੁਣ ਸ਼ਰਾਬ ਤੋਂ 10 ਹਜ਼ਾਰ ਕਰੋੜ ਰੁਪਏ ਆਮਦਨ ਆਉਣ ਦਾ ਟੀਚਾ ਰੱਖਿਆ ਗਿਆ ਹੈ ਤੇ ਜਿਸ ਤਰ੍ਹਾਂ ਨਾਲ ਸ਼ਰਾਬ ਦੀ ਖਪਤ ਵਧ ਰਹੀ ਹੈ ਅਤੇ ਮਾਲੀਏ ਵਿਚ ਵਾਧਾ ਕਰਨ ਤੋਂ ਇਲਾਵਾ ਡਿਊਟੀਆਂ ਵਿਚ ਵਾਧਾ ਕੀਤਾ ਗਿਆ ਹੈ, ਉਸ ਨਾਲ ਸ਼ਰਾਬ ਦੇ ਹੋਰ ਮਹਿੰਗੀ ਹੋਣ ਨਾਲ ਐਕਸਾਈਜ਼ ਵਿਭਾਗ ਨੂੰ 10 ਹਜ਼ਾਰ ਕਰੋੜ ਰੁਪਏ ਦੀ ਆਮਦਨ ਵੀ ਆਸਾਨੀ ਨਾਲ ਮਿਲ ਜਾਵੇਗੀ। ਪੰਜਾਬ 'ਚ ਹਰ ਸਾਲ ਲੱਖਾਂ ਸ਼ਰਾਬ ਦੀਆਂ ਬੋਤਲਾਂ ਦੀ ਖਪਤ ਸਰਕਾਰੀ ਠੇਕਿਆਂ 'ਤੇ ਹੀ ਨਹੀਂ ਵਧ ਰਹੀ ਹੈ, ਸਗੋਂ ਦੂਜੇ ਪਾਸੇ ਦਰਿਆਵਾਂ ਦੇ ਕੰਢੇ ਕੱਢੀ ਜਾਂਦੀ ਸ਼ਰਾਬ ਅਤੇ ਦੂਜੇ ਕੁੱਝ ਰਾਜਾਂ ਤੋਂ ਆਉਂਦੀ ਨਾਜਾਇਜ਼ ਸ਼ਰਾਬ ਦੀ ਆਮਦ ਕਰਕੇ ਤਾਂ ਇਹ ਗਿਣਤੀ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ। ਇਕ ਜਾਣਕਾਰੀ ਮੁਤਾਬਿਕ ਸਾਲ 2021-22 ਵਿਚ ਅੰਗਰੇਜ਼ੀ, ਦੇਸੀ ਸ਼ਰਾਬ ਅਤੇ ਬੀਅਰ ਦੀਆਂ 27 ਕਰੋੜ ਬੋਤਲਾਂ ਤੋਂ ਜ਼ਿਆਦਾ ਖਪਤ ਹੋਈ ਸੀ । ਇਸ ਵਿਚ ਨਾਜਾਇਜ਼ ਸ਼ਰਾਬ ਦੀ ਖਪਤ ਸ਼ਾਮਿਲ ਨਹੀਂ ਹੈ ਜਿਹੜੀ ਕਿ ਕਈ ਵਾਰ ਫੜੀ ਵੀ ਜਾਂਦੀ ਰਹੀ ਹੈ। ਇਸ ਵੇਲੇ ਗੁਜਰਾਤ, ਮਣੀਪੁਰ, ਮਿਜ਼ੋਰਮ, ਬਿਹਾਰ, ਨਾਗਾਲੈਂਡ, ਕੇਂਦਰ ਸ਼ਾਸਤ ਪ੍ਰਦੇਸ਼, ਲਕਸ਼ਦੀਪ ਵਿੱਚ ਪੂਰਨ ਸ਼ਰਾਬਬੰਦੀ ਹੈ, ਪਰ ਦੂਜੇ ਪਾਸੇ ਪੰਜਾਬ ਵਿੱਚ ਸ਼ਰਾਬ ਦੀ ਖਪਤ ਦੇਸ਼ ਦੀ ਔਸਤ ਤੋਂ ਡੇਢ ਗੁਣਾਂ ਵੱਧ ਹੈ ਅਤੇ ਇਸਦੇ ਮਾਰੂ ਅਤੇ ਖਤਰਨਾਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਸ਼ਰਾਬ ਕਾਰਨ ਸਾਡੀ ਬੌਧਿਕ ਜ਼ਮੀਨ ਬੰਜਰ ਹੋ ਰਹੀ ਹੈ। ਪੰਜਾਬ ਸਰਕਾਰ ਇਸ ਪਾਸੇ ਧਿਆਨ ਦੇਵੇ। ਸ਼ਰਾਬ ਤੋਂ ਆਮਦਨ ਵਧਾਉਣ ਦੀ ਥਾਂ ਹੋਰ ਜਰੀਆ ਭਾਲੇ।

## ਹਰਦੀਪ ਨਿੱਝਰ ਦੀ ਕੈਨੇਡਾ 'ਚ ਕਤਲ ਦੀ ਵੀਡੀਓ ਤੇ ਇਨਸਾਫ ਦਾ ਮਾਮਲਾ

ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਕਥਿਤ ਵੀਡੀਓ ਫੁਟੇਜ ਸਾਹਮਣੇ ਆਈ ਹੈ, ਜਿਸ ਵਿਚ ਨਿੱਝਰ ਨੂੰ ਹਥਿਆਰਬੰਦ ਵਿਅਕਤੀਆਂ ਵੱਲੋਂ ਗੋਲੀਆਂ ਮਾਰਦੇ ਹੋਏ ਦਿਖਾਇਆ ਗਿਆ ਹੈ, ਜਿਸ ਨੂੰ 'ਕਾਂਟਰੈਕਟ ਕਿਲਿੰਗ' ਦੱਸਿਆ ਗਿਆ ਹੈ। ਕੈਨੇਡਾ ਸਥਿਤ ਸੀ.ਬੀ.ਸੀ. ਨਿਊਜ਼ ਨੇ ਇਹ ਰਿਪੋਰਟ ਦਿੱਤੀ ਸੀ। ਨਿੱਝਰ, ਜਿਸ ਨੂੰ ਭਾਰਤ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ 2020 ਵਿੱਚ ਇੱਕ ਖਾੜਕੂ ਨਾਮਜ਼ਦ ਕੀਤਾ ਗਿਆ ਸੀ, ਨੂੰ 18 ਜੂਨ 2023 ਦੀ ਸ਼ਾਮ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਤੋਂ ਬਾਹਰ ਆਉਣ ਸਮੇਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਬਾਕੀ ਹਿਸਾ ਸਫਾ 9 ਤੇ ਪੜ੍ਹੋ ⟶

# NEWS & VIEWS

# THE STATE OF INDIAN DEMOCRACY AS THE COUNTRY HEADS FOR GENERAL ELECTION 2024



Gurmukh Singh OBE

People of Indian origin in the diaspora, take a keen interest in the state of the Indian democracy. More so as the 2024 General Election approaches. At stake are the constitutional safeguards for minorities. There are legitimate diaspora Sikh concerns for the future of *Des Panjab*.

Regardless of the political party in power, India has been slipping in the world league table of democracies for some years when measured against some key democratic values such a *rule of law, civil liberties, electoral processes, political participation, government functioning, equal rights of minorities and acceptance of diversity.* Depending on surveys by different organisations, India ranks between 46th to 66th place amongst world democracies. Surprisingly, USA too is regarded as a *flawed democracy* and is placed at 30th place in one survey. Right wing nationalism is on the increase globally.

India has been described as a *flawed democracy* for some decades. Recently the system has been further downgraded to an *electoral autocracy*.

Scandals like lack of public openness about those who donated to Indian political parties through the Electoral Bonds Scheme continue to erode public trust in the system which can be manipulated by those in power. It is alleged that the State Bank of India is complicit in the cover up. According to the Centre for Media Studies at Delhi, electoral bonds have benefitted the party in power and are responsible for the *soaring cost* of elections making 2019 election costing $8.6 billion, the most expensive in the world! According to critics, the Scheme *distorts democracy* and has been banned by the Supreme Court of India.

However, against all the negatives, there is a positive angle which shows the resilience of Indian intellectuals to safeguard the plural Indian society. Despite restrictions and risks, Indian intelligentsia and independent journalists are not silent about the slippery slope Indian democracy has been taking towards becoming an authoritarian regime regardless of ruling political parties. Sikhs will not forget that 1984 events took place when Congress was in power.

There are open and highly informative debates on the digital and electronic media about the ongoing protests (called *andolans* in Hindi) all over the country.

Of these, the current second protest by Indian farmers starting from Punjab and Haryana, is a good example. There is exposure of lack of a coherent farm policy over the decades on the part of the political parties in power at State and Central levels, and of the slow but certain takeover by the wealthy corporate sector pushing small farmers to suicides. We need to bear in mind that, although, farmers insist that their protest about farm prices is above politics, they, together with farm dependent sectors, do form the most influential voting bloc in India.

The widening rich-poor divide, increasing unemployment and falling incomes in real terms have become 2024 election issues. It would be simplistic to assume that the protests for many different reasons and by different interest groups are just against the present BJP government. The protests are the result of cumulated grievances, most going back over the decades.

Experts doing the ranking of World democracies, blame the Indian administration for *increased pressure on human rights groups, intimidation of journalists and activists, and a spate of attacks, especially against Muslims.* This has led to a deterioration of political and civil liberties in the country. The topic is ongoing.

**Gurmukh Singh OBE,** Ret'd Principal Civil Servant (UK) sewauk2005@yahoo.co.uk


# ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਨੂੰ ਅਸਾਮ ਦੀ ਜੇਲ੍ਹ 'ਚ ਬੰਦ ਕਰਨ ਦੀ ਸ: ਪੁਰੇਵਾਲ ਵੱਲੋਂ ਨਿਖੇਧੀ

## ਮੁਗਲ ਤੇ ਅੰਗਰੇਜ਼ ਸਿੰਘਾਂ ਨੂੰ ਕਾਲੇ ਪਾਣੀ ਘੱਲਦੇ ਸੀ, ਪੰਜਾਬ ਸਰਕਾਰ ਵੀ ਉਨ੍ਹਾਂ ਲੀਹਾਂ 'ਤੇ ਚੱਲ ਰਹੀ ਹੈ

**ਡਰਬੀ (ਪੰਜਾਬ ਟਾਈਮਜ਼) – ਸ: ਰਾਜਿੰਦਰ ਸਿੰਘ ਪੁਰੇਵਾਲ ਪਿਛਲੇ ਦਿਨੀਂ ਦੋ ਕੁ ਹਫ਼ਤਿਆਂ ਲਈ ਪੰਜਾਬ ਗਏ ਸਨ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਹਾਜ਼ਰੀ ਉਪਰੰਤ ਜੂਨ 1984 ਘੱਲੂਘਾਰੇ ਦੀ ਚਾਲੀ ਸਾਲਾ ਯਾਦ ਵਿੱਚ ਡਰਬੀ ਸਿੰਘ ਸਭਾ ਗੁਰਦੁਆਰੇ ਬਣੇ ਸਿੱਖ ਅਜਾਇਬਘਰ ਵਿੱਚ ਸਿੱਖ ਰੈਫਰੈਂਸ ਲਾਇਬ੍ਰੇਰੀ ਲਈ ਇਤਿਹਾਸਕ ਕਿਤਾਬਾਂ ਤੇ ਸਿੱਖ ਮਿਸਲਾਂ ਦੇ ਨਿਸ਼ਾਨ ਸਾਹਿਬ ਬਣਵਾ ਕੇ ਲਿਆਏ ਸਨ। ਅੰਮ੍ਰਿਤ-ਸਰ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਪੰਜਾਬ ਦੇ ਵਾਰਿਸ ਜਥੇਬੰਦੀ ਦੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਰਿਹਾਈ ਲਈ ਲੱਗੇ ਧਰਨੇ ਵਿੱਚ ਵੀ ਹਾਜ਼ਰੀ ਭਰੀ । ਪੁਰਵਾਲ ਹੁਣਾਂ ਨੂੰ ਸਟੇਜ ਤੋਂ ਬੋਲਣ ਲਈ ਪਹਿਲਾਂ ਤਾਂ ਸਿਰਫ਼ 10 ਕੁ ਮਿੰਟ ਹੀ ਸਮਾਂ ਦਿੱਤਾ ਗਿਆ, ਪਰ ਬਾਅਦ ਵਿੱਚ ਸੰਗਤਾਂ ਨੇ ਉਹਨਾਂ ਨੂੰ ਸੁਣਨ ਉਪਰੰਤ ਖੁੱਲ੍ਹਾ ਸਮਾਂ ਦੇ ਦਿੱਤਾ।**

ਇਸ ਮੌਕੇ ਸ: ਪੁਰੇਵਾਲ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦਲੇਰ ਨੌਜਵਾਨ ਹੈ। ਸਾਨੂੰ ਉਸ ਤੇ ਬਹੁਤ ਮਾਣ ਹੈ। ਕੋਈ ਸੂਰਮਾ ਉਠਿਆ ਹੈ, ਜੋ ਗੁਰੂ ਡੰਮ੍ਹ ਤੇ ਨਸ਼ਿਆਂ ਤੋਂ ਸੰਗਤਾਂ ਨੂੰ ਸੁਚੇਤ ਕਰ ਰਿਹਾ ਹੈ। ਅੱਗੇ ਕਿਹਾ ਕਿ ਪੰਜਾਬ ਸਰਕਾਰ ਮੁਗਲਾਂ, ਬ੍ਰਿਟਿਸ਼ ਰਾਜ ਵਾਂਗ ਸਿੱਖਾਂ ਨਾਲ ਬੇ-ਇਨਸਾਫ਼ੀ ਤੇ ਜ਼ਿਆਦਤੀਆਂ ਕਰ ਰਹੀ ਹੈ। ਉਸ ਸਮੇਂ ਅਜ਼ਾਦੀ ਘੁਲਾਟੀਆਂ ਨੂੰ ਕਾਲੇ ਪਾਣੀ ਘੱਲਦੇ ਸੀ, ਤੇ ਹੁਣ ਦੀ ਸਰਕਾਰ ਨੇ ਵੀ ਉਨ੍ਹਾਂ ਲੀਹਾਂ ਤੇ ਚੱਲਦਿਆਂ ਸਾਡੇ ਸਿੱਖ ਨੌਜਵਾਨਾਂ ਨੂੰ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਅਸਾਮ ਦੀ ਜੇਲ ਵਿੱਚ ਬੰਦ ਕੀਤਾ ਹੈ। ਬੇਅੰਤ ਸਰਕਾਰ ਨੇ ਵੀ ਇਹੋ ਜਿਹਾ ਹੀ ਰੋਲ ਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਬੇਅੰਤ ਸਿੰਘ ਨੂੰ ਸੋਧਣ ਵਾਲੇ ਨੌਜਵਾਨ ਵੀ ਸਜ਼ਾ ਪੂਰੀ ਹੋਣ 'ਤੇ ਵੀ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ, ਉਹਨਾਂ ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਮੈਂ ਕਈ ਵਾਰ ਮਿਲਿਆ ਹਾਂ, ਤੇ ਸਿੰਘ ਸਭਾ ਵੱਲੋਂ ਸਹਿਯੋਗ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਹਨਾਂ ਦਾ ਸਨਮਾਨ ਵੀ ਕਰਵਾਇਆ ਹੈ।

**✷ ਸਮੂਹ ਪੰਥਕ ਸੰਸਥਾਵਾਂ ਤੇ ਬੁੱਧੀਜੀਵੀ ਅਤੇ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਇੱਕ ਪਲੇਟ ਫਾਰਮ 'ਤੇ ਇਕੱਠੇ ਹੋਣ**
**✷ ਸਰਕਾਰਾਂ ਧਰਨਿਆਂ ਤੋਂ ਨਹੀਂ ਡਰਦੀਆਂ, ਇਹਨਾਂ ਦੀ ਜਾਨ ਵੋਟਾਂ ਵਿੱਚ ਹੁੰਦੀ ਹੈ**
**✷ ਟਰੈਫਿਕ ਰੋਕੇ ਬਿਨਾ ਸੜਕਾਂ ਦੇ ਆਸੇ ਪਾਸੇ ਹੀ ਮੁਜ਼ਾਹਰੇ ਕੀਤੇ ਜਾਣ**



ਸ: ਰਾਜਿੰਦਰ ਸਿੰਘ ਪੁਰੇਵਾਲ ਮੋਰਚੇ ਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ

ਸ: ਪੁਰੇਵਾਲ ਨੇ ਕਿਹਾ ਕਿ ਜੇ ਨੌਜਵਾਨਾਂ ਨੇ ਕਾਨੂੰਨ ਦੀ ਉਲੰਘਣਾ ਵੀ ਕੀਤੀ ਸੀ ਤਾਂ ਕੇਸ ਪਾ ਕੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਰੱਖਿਆ ਜਾ ਸਕਦਾ ਸੀ। ਪਰ ਸਰਕਾਰ ਨੇ ਐਨ ਡੀ ਏ ਦੇ ਕੇਸ ਪਾ ਕੇ ਅਸਾਮ ਵਿੱਚ ਘੱਲਣਾ ਸਰਾਸਰ ਜ਼ਿਆਦਤੀ ਅਤੇ ਬੇ-ਇਨਸਾਫ਼ੀ ਹੈ। ਉਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਸਮੂਹ ਸਿੱਖਾਂ ਤੇ ਪੰਜਾਬੀਆਂ ਨੂੰ ਸਾਂਝੇ ਤੌਰ ਤੇ ਵਿਰੋਧਤਾ ਕਰਨੀ ਚਾਹੀਦੀ ਹੈ। ਅਸੀਂ ਬਹੁਤ ਸਾਰੇ ਧੜਿਆਂ ਵਿੱਚ ਵੰਡੇ ਹੋਏ ਹਾਂ, ਤੇ ਅਲੱਗ ਅਲੱਗ ਮੋਰਚੇ ਲਾ ਕੇ ਬੈਠੇ ਹਾਂ, ਜਿਸ ਦਾ ਸਰਕਾਰਾਂ ਉਤੇ ਬਹੁਤਾ ਅਸਰ ਨਹੀਂ ਹੋ ਰਿਹਾ। ਜੇ ਅਸੀਂ ਬੰਦੀ ਸਿੰਘਾਂ ਤੇ ਅੰਮ੍ਰਿਤ-ਪਾਲ ਦੇ ਸਾਥੀਆਂ ਲਈ ਇਨਸਾਫ਼ ਲੈਣਾ ਹੈ ਤਾਂ ਸਭ ਨੂੰ ਰਲ ਕੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਤੱਕ ਸੜਕਾਂ ਉਤੇ ਆਉਣਾ ਪਵੇਗਾ। ਸਰਕਾਰ ਦੀ ਜਾਨ ਵੋਟਾਂ ਵਿੱਚ ਹੁੰਦੀ ਹੈ, ਉਹ ਧਰਨਿਆਂ ਤੋਂ ਨਹੀਂ ਡਰਦੇ। ਸੜਕਾਂ ਬੰਦ ਕਰਨ ਨਾਲ ਆਮ ਲੋਕ ਸਾਡੇ ਨਾਲੋਂ ਟੁੱਟਦੇ ਹਨ, ਇਸ ਲਈ ਸਾਨੂੰ ਸੜਕਾਂ ਬੰਦ ਨਹੀਂ ਕਰਨੀਆਂ ਚਾਹੀਦੀਆਂ। ਸਿੱਖ ਤਾਂ ਮਨੁੱਖਤਾ ਦੀ ਸੇਵਾ ਕਰਦੇ ਹਨ, ਇਸ ਲਈ ਸੜਕਾਂ ਦੇ ਬਾਹਰ ਹੱਥਾਂ ਵਿੱਚ ਬੇ-ਇਨਸਾਫ਼ੀ ਦੇ ਬੈਨਰ ਤੇ ਪੋਸਟਰ ਲੈ ਕੇ ਬੱਚਿਆਂ ਸਮੇਤ ਹਾਜ਼ਰੀ ਭਰਨੀ ਚਾਹੀਦੀ ਹੈ। ਸਗੋਂ ਸੜਕਾਂ ਉਤੇ ਜਾ ਰਹੇ ਲੋਕਾਂ ਦੀ ਚਾਹ ਪਾਣੀ, ਤੇ ਲੰਗਰ ਨਾਲ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਹੋਰ ਲੋਕ ਵੀ ਇਸ ਮੁਹਿੰਮ ਨਾਲ ਜੁੜਨ। ਉਹ ਕੰਮ ਨਾ ਕਰੋ, ਜਿਸ ਨਾਲ ਆਮ ਜਨਤਾ ਤੁਹਾਡੇ ਵਿਰੁੱਧ ਹੋ ਜਾਵੇ। ਕੋਈ ਵੀ ਕਾਰਵਾਈ ਕਾਨੂੰਨ ਦਾ ਖਿਆਲ ਰੱਖ ਕੇ ਕਰਨੀ ਚਾਹੀਦੀ ਹੈ। ਜਿਹੜੇ ਆਗੂ ਸਮਾਜ ਵਿਰੁੱਧ ਗਲਤ ਕੰਮ ਕਰਦੇ ਹਨ, ਉਹਨਾਂ ਦੀ ਰਿਕਾਰਡਿੰਗ ਕਰਕੇ ਜਨਤਾ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਪੰਜਾਬ ਵਿੱਚ ਹਰੇਕ ਧਰਮ ਨੂੰ ਮੰਨਣ ਵਾਲਿਆਂ ਦਾ ਸਾਨੂੰ ਸਤਿਕਾਰ ਕਰਨਾ ਚਾਹੀਦਾ ਹੈ।

ਗੁਰਬਾਣੀ ਅਨੁਸਾਰ, "ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥" ਜਿੱਥੇ ਸਭ ਸੁਖੀ ਤੇ ਬਰਾਬਰ ਦੇ ਹੱਕਦਾਰ ਹੋਣ ਅਜਿਹਾ ਰਾਜ ਕਾਇਮ ਕਰਨ ਦੇ ਯਤਨ ਹੋਣੇ ਚਾਹੀਦੇ ਹਨ। ਜਿੱਥੇ ਹਰ ਕਿਸੇ ਨੂੰ ਆਪਣੇ ਅਨੁਸਾਰ ਆਸਥਾ ਰੱਖਣ ਵਾਲੇ ਦਾ ਸਤਿਕਾਰ ਹੋਵੇ। ਸਾਡੇ ਕਈ ਬੁਲਾਰੇ ਸੰਗਤਾਂ ਵਿੱਚ ਗਰਮ ਭਾਸ਼ਣ ਨਾਲ ਭੜਕਾ ਦਿੰਦੇ ਹਨ। ਬਾਅਦ 'ਚ ਆਪ ਗਾਇਬ ਹੋ ਜਾਂਦੇ ਹਨ। ਨੌਜਵਾਨ ਜੇਲ੍ਹਾਂ ਵਿੱਚ ਬੰਦ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਯੂ ਕੇ ਵਿੱਚ ਬੰਦੀ ਸਿੰਘਾਂ ਦੇ ਮੁੱਦੇ 'ਤੇ 31 ਮਾਰਚ ਨੂੰ ਵੱਡੀ ਕਾਨਫਰੰਸ ਕਰਨਗੇ। ਜਿੱਥੇ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਲਈ ਬੁੱਧੀਜੀਵੀਆਂ ਦੀ ਸਲਾਹ ਨਾਲ ਵਿਉਂਤਬੰਦੀ ਕੀਤੀ ਜਾਵੇਗੀ। ਪੰਜਾਬ ਨੂੰ ਨਸ਼ਾ ਰਹਿਤ, ਜੁਰਮ ਮੁਕਤ, ਗੁਰੂ ਡੰਮ੍ਹ ਰਹਿਤ ਕਰਨ ਲਈ ਸਮੂਹ ਸੰਸਥਾਵਾਂ ਇਕੱਠੀਆਂ ਹੋਣ ਤੇ ਗੁਰਬਾਣੀ ਦੀ ਸੇਧ ਵਿੱਚ ਆਪਾਂ ਉਦਮ ਕਰੀਏ। ਫੇਰ ਹੀ ਇਨਸਾਫ਼ ਮਿਲੇਗਾ ਤੇ ਸਿੱਖਾਂ ਦਾ ਮਾਣ ਸਤਿਕਾਰ ਵਧੇਗਾ।

## ਵੁਲਵਰਹੈਂਪਟਨ ਵਿਖੇ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ

ਮਾਤ-ਭਾਸ਼ਾ ਨਾਲ ਪਿਆਰ ਕਰਨ ਵਾਲੇ ਪ੍ਰੇਮੀਆਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਵੁਲਵਰਹੈਂਪਟਨ ਵਿਖੇ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਹੇਠ ਲਿਖੀਆਂ ਪੰਜਾਬੀ ਮਾਤ-ਬੋਲੀ ਨਾਲ ਸਬੰਧਤ ਜਥੇਬੰਦੀਆਂ ਵਲੋਂ ਇਕੱਠਿਆਂ ਹੋ ਕੇ ਮਨਾਇਆ ਜਾ ਰਿਹਾ ਹੈ।

**1. ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰ.ਬ.) ਵੁਲਵਰਹੈਂਪਟਨ 2. ਪੰਜਾਬੀ ਭਾਸ਼ਾ ਪਸਾਰ ਭਾਈਚਾਰਾ (ਯੂ.ਕੇ) 3. ਯੂਰਪੀਨ ਪੰਜਾਬੀ ਸੱਥ, ਵਾਲਸਾਲ, ਯੂ.ਕੇ. 4. ਪੰਜਾਬੀ ਸਿੱਖਿਆ ਅਤੇ ਅਧਿਆਪਕ ਸਿਖਲਾਈ (PETT) 5. ਗੁਰੂ ਨਾਨਕ ਖ਼ਾਲਸਾ ਕਾਲਜ, ਸੈਜਲੀ ਸਟਰੀਟ, ਵੁਲਵਰਹੈਂਪਟਨ**

ਮਾਤ-ਬੋਲੀ ਨਾਲ ਪਿਆਰ ਕਰਨ ਵਾਲਿਆਂ ਨੂੰ ਖੁੱਲ੍ਹਾ ਸੱਦਾ ਹੈ ਕਿ ਆਉ ਰਲ ਮਿਲ ਕੇ ਆਪਣੀ ਮਾਂ-ਬੋਲੀ ਦਾ ਜਸ਼ਨ ਮਨਾਈਏ। ਯਾਦ ਰਹੇ ਕਿ ਕਿਸੇ ਵੀ ਕੌਮ ਦਾ ਸੱਭਿਆਚਾਰ ਉਸ ਕੌਮ ਦੀ ਮਾਤ-ਭਾਸ਼ਾ ਨਾਲ ਹੀ ਜਿਊਂਦਾ ਰਹਿ ਸਕਦਾ ਹੈ। ਸੋ ਆਉ ਆਪਣੀ ਮਾਤ-ਭਾਸ਼ਾ ਨੂੰ ਹੋਰ ਪ੍ਰਫੁਲਿਤ ਕਰਨ ਲਈ ਵਧ ਚੜ੍ਹ ਕੇ ਹੰਭਲਾ ਮਾਰੀਏ।

ਸਥਾਨ:- ਸੇਂਟ ਮੈਥਿਊਜ਼ ਚਰਚ, ਈਸਟ ਪਾਰਕ ਵੇਅ, ਵੁਲਵਰਹੈਂਪਟਨ, WV1 2DN
ਸਮਾਂ:- 1.30 ਬਾਅਦ ਦੁਪਹਿਰ ਤੋਂ 5.30 ਵਜੇ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-ਡਾ. ਮੁਹਿੰਦਰ ਸਿੰਘ ਗਿੱਲ 07860139384, ਨਿਰਮਲ ਸਿੰਘ ਕੰਧਾਲਵੀ 07578389725, ਗੁਰਜੀਤ ਸਿੰਘ ਗਿੱਲ 07940974011**

## –8 ਸਫ਼ੇ ਦੀ ਬਾਕੀ

**ਸੀ.ਬੀ.ਸੀ. ਨਿਊਜ਼ ਮੁਤਾਬਕ ਵੀਡੀਓ 'ਦਿ ਫਿਫਥ ਅਸਟੇਟ' ਵੱਲੋਂ ਪ੍ਰਾਪਤ ਕੀਤੀ ਗਈ ਹੈ ਅਤੇ ਇੱਕ ਤੋਂ ਵੱਧ ਸਰੋਤਾਂ ਵੱਲੋਂ ਸੁਤੰਤਰ ਤੌਰ 'ਤੇ ਪੁਸ਼ਟੀ ਕੀਤੀ ਗਈ ਹੈ। ਇਸ ਹਮਲੇ ਵਿਚ 6 ਦੋਸ਼ੀ ਅਤੇ 2 ਵਾਹਨ ਸ਼ਾਮਲ ਸਨ। ਵੀਡੀਓ ਵਿੱਚ ਨਿੱਝਰ ਆਪਣੇ ਸਲੇਟੀ ਰੰਗ ਦੇ ਡੌਜ ਰੈਮ ਪਿਕਅੱਪ ਟਰੱਕ ਵਿੱਚ ਗੁਰਦੁਆਰੇ ਦੀ ਪਾਰਕਿੰਗ ਵਿਚੋਂ ਨਿਕਲਦਾ ਦਿਖਾਈ ਦੇ ਰਿਹਾ ਹੈ। ਇਸ ਦੌਰਾਨ ਇੱਕ ਚਿੱਟੇ ਰੰਗ ਦੀ ਸੇਡਾਨ ਉਸਦੇ ਸਾਹਮਣੇ ਆ ਜਾਂਦੀ ਹੈ, ਜਿਸ ਨਾਲ ਨਿੱਝਰ ਆਪਣਾ ਪਿਕਅੱਪ ਟਰੱਕ ਰੋਕ ਲੈਂਦਾ ਹੈ। ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਫਿਰ 2 ਲੋਕ ਦੌੜਦੇ ਹਨ ਅਤੇ ਸਿਲਵਰ ਰੰਗ ਦੀ ਟੋਇਟਾ ਕੈਮਰੀ ਵਿੱਚ ਭੱਜਣ ਤੋਂ ਪਹਿਲਾਂ ਨਿੱਝਰ ਨੂੰ ਗੋਲੀਆਂ ਮਾਰ ਦਿੰਦੇ ਹਨ।**

**ਦੋ ਗਵਾਹ, ਜੋ ਘਟਨਾ ਦੇ ਸਮੇਂ ਨੇੜੇ ਦੇ ਇੱਕ ਮੈਦਾਨ ਵਿੱਚ ਫੁੱਟਬਾਲ ਖੇਡ ਰਹੇ ਸਨ, ਨੇ ਖੁਲਾਸਾ ਕੀਤਾ ਕਿ ਉਹ ਉਸ ਜਗ੍ਹਾ ਵੱਲ ਭੱਜੇ, ਜਿੱਥੋਂ ਗੋਲੀਆਂ ਦੀ ਆਵਾਜ਼ ਆਈ ਸੀ ਅਤੇ ਉਨ੍ਹਾਂ ਨੇ ਹਮਲਾਵਰਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਇੱਕ ਗਵਾਹ ਭੁਪਿੰਦਰਜੀਤ ਸਿੰਘ ਸਿੱਧੂ ਨੇ ਦਿ ਫਿਫਥ ਅਸਟੇਟ ਨੂੰ ਦੱਸਿਆ, 'ਅਸੀਂ ਉਨ੍ਹਾਂ ਦੋ ਵਿਅਕਤੀਆਂ ਨੂੰ ਭੱਜਦੇ ਦੇਖਿਆ। ਅਸੀਂ ਉਸ ਪਾਸੇ ਭੱਜਣ ਲੱਗੇ... ਜਿੱਥੋਂ ਆਵਾਜ਼ ਆ ਰਹੀ ਸੀ। ਫਿਰ ਉਸ ਨੇ ਆਪਣੇ ਦੋਸਤ ਮਲਕੀਤ ਸਿੰਘ ਨੂੰ ਕਿਹਾ ਕਿ ਉਹ ਪੈਦਲ ਜਾ ਰਹੇ ਦੋ ਲੋਕਾਂ ਦਾ ਪਿੱਛਾ ਕਰੇ, ਜਦੋਂਕਿ ਉਹ ਨਿੱਝਰ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।' ਮਲਕੀਤ ਸਿੰਘ ਨੇ ਦੱਸਿਆ ਕਿ ਉਸ ਨੇ ਦੋਵਾਂ ਵਿਅਕਤੀਆਂ ਦਾ ਉਦੋਂ ਤੱਕ ਪਿੱਛਾ ਕੀਤਾ ਜਦੋਂ ਤੱਕ ਉਹ ਟੋਇਟਾ ਕੈਮਰੀ ਵਿੱਚ ਨਹੀਂ ਚੜ੍ਹ ਗਏ। ਸਿੰਘ ਨੇ ਕਿਹਾ, "ਇੱਕ ਕਾਰ ਆਈ ਅਤੇ ਉਹ ਉਸ ਵਿੱਚ ਚੜ੍ਹ ਗਏ। ਉਸ ਕਾਰ ਵਿੱਚ 3 ਹੋਰ ਲੋਕ ਬੈਠੇ ਸਨ।"**

**ਇਸ ਦੌਰਾਨ, ਲਗਭਗ 9 ਮਹੀਨੇ ਬਾਅਦ ਵੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ (ਆਰ.ਸੀ.ਐੱਮ.ਪੀ.) ਨੇ ਅਜੇ ਤੱਕ ਨਿੱਝਰ ਦੇ ਕਤਲ ਦੇ ਸਬੰਧ ਵਿੱਚ ਸ਼ੱਕੀ ਵਿਅਕਤੀਆਂ ਦੇ ਨਾਮ ਜਾਂ ਗ੍ਰਿਫ਼ਤਾਰੀਆਂ ਨਹੀਂ ਕੀਤੀਆਂ ਹਨ। ਨਿੱਝਰ ਦੀ ਮੌਤ ਨਾਲ ਭਾਰਤ ਅਤੇ ਕੈਨੇਡਾ ਵਿਚਾਲੇ ਕੂਟਨੀਤਕ ਵਿਵਾਦ ਵੀ ਪੈਦਾ ਹੋਇਆ। ਪਿਛਲੇ ਸਾਲ ਸਤੰਬਰ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੀ ਧਰਤੀ 'ਤੇ ਨਿੱਝਰ ਦੇ ਕਤਲ 'ਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ। ਹਾਲਾਂਕਿ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਤੁਕਾ ਅਤੇ ਪ੍ਰੇਰਿਤ ਦੱਸਦਿਆਂ ਰੱਦ ਕਰ ਦਿੱਤਾ ਸੀ। ਭਾਰਤੀ ਵਿਦੇਸ਼ ਮੰਤਰਾਲਾ ਅਨੁਸਾਰ, ਕੈਨੇਡਾ ਇਸ ਕਤਲੇਆਮ 'ਤੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆ ਹੈ।**

**ਕੈਨੇਡਾ ਸਰਕਾਰ ਨੂੰ ਚਾਹੀਦਾ ਕਿ ਉਹ ਇਸ ਬਾਰੇ ਆਪਣੀ ਕਾਰਵਾਈ ਤੇਜ ਕਰੇ ਤੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਏ। ਕੈਨੇਡਾ ਦੀ ਜਾਂਚ ਤੋਂ ਹਾਲੇ ਤਕ ਕੋਈ ਉਸਾਰੂ ਸਿਟਾ ਨਹੀਂ ਨਿਕਲਿਆ।**

**-ਰਜਿੰਦਰ ਸਿੰਘ ਪੁਰੇਵਾਲ**

# ਬੀਬੀ ਜਗੀਰ ਕੌਰ ਦੀ ਅਕਾਲੀ ਦਲ 'ਚ ਵਾਪਸੀ ਕਰਾਉਣਗੇ ਸੁਖਬੀਰ ਬਾਦਲ

ਚੰਡੀਗੜ੍ਹ-ਬੀਬੀ ਜਗੀਰ ਕੌਰ ਮੁੜ ਅਕਾਲੀ ਦਲ ਵਿਚ ਸ਼ਾਮਲ ਹੋਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢਣ ਦਾ ਮਤਾ ਰੱਦ ਕਰ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 14 ਮਾਰਚ ਨੂੰ ਬੇਗੋਵਾਲ ਵਿੱਚ ਬਣੇ ਡੇਰਾ ਬਾਬਾ ਪ੍ਰੇਮ ਸਿੰਘ ਜੀ ਮੁਰਾਰੇ ਵਾਲੇ ਵਿਖੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਨੇ ਇਸ ਦੀ ਪੁਸ਼ਟੀ ਕਰਦਿਆ ਕਿਹਾ ਕਿ ਬੀਬੀ ਜਗੀਰ ਕੌਰ ਹਮੇਸ਼ਾਂ ਪੰਥ ਦੀ ਚੜ੍ਹਦੀ ਕਲਾ ਵਾਸਤੇ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਉਨ੍ਹਾਂ ਨੇ ਕਿਹਾ ਵੀ ਕਿਹਾ ਕਿ ਬੀਬੀ ਜਗੀਰ ਕੌਰ ਦੇ ਸਾਰੇ ਅਹੁਦੇ ਬਹਾਲ ਕੀਤੇ ਜਾਣਗੇ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਸੁਖਬੀਰ ਸਿੰਘ ਬਾਦਲ ਹਰ ਨਰਾਜ਼ ਆਗੂ ਨੂੰ ਪਾਰਟੀ ਵਿੱਚ ਵਾਪਿਸ ਲਿਆਉਣ ਦੀ ਪੁਰਜ਼ੋਰ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨੇ ਆਪਣੀ ਪਾਰਟੀ ਅਕਾਲੀ ਦਲ ਸੰਯੁਕਤ ਦਾ ਅਕਾਲੀ ਦਲ ਵਿੱਚ ਰਲੇਵਾਂ ਕਰ ਲਿਆ ਹੈ। ਜਿਸ ਤੋਂ ਬਾਅਦ ਅਕਾਲੀ ਦਲ ਬਾਦਲ ਨੂੰ ਵੱਡੀ ਤਾਕਤ ਮਿਲੀ ਹੈ, ਹੁਣ ਬੀਬੀ ਜਗੀਰ ਕੌਰ ਦਾ ਆਉਣ ਨਾਲ ਮਹਿਲਾ ਵਿੰਗ ਨੂੰ ਵੀ ਕਾਫੀ ਮਜ਼ਬੂਤੀ ਮਿਲੇਗੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਜੋ ਕੁੱਝ ਵੀ ਹੋਇਆ ਹੈ ਉਹ ਕੁੱਝ ਰਾਜਨੀਤਿਕ ਮੱਤਭੇਦਾਂ ਨੂੰ ਲੈਕੇ ਹੋਇਆ ਸੀ। ਅੱਜ ਉਨ੍ਹਾਂ ਦਾ



ਫੋਨ ਆਇਆ ਸੀ ਕਿ ਉਹ ਨੇ ਮਿਲਣ ਦੇ ਆਉਣਾ ਹੈ, ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਤੁਸੀਂ ਆਉਣ ਤੋਂ ਰਹਿਣ ਦਵੋ ਕਿਉਂਕਿ ਮੈਂ ਹਮੇਸ਼ਾ ਤੋਂ ਹੀ ਅਕਾਲੀ ਦਲ ਸੀ, ਅਕਾਲੀ ਹਾਂ, ਅਕਾਲੀ ਰਹਾਂਗੀ।

ਸ਼੍ਰੋਮਣੀ ਅਕਾਲੀ ਦਲ ਸਾਡੀ ਮਾਂ ਪਾਰਟੀ ਹੈ, ਇਸ ਨੂੰ ਮਜ਼ਬੂਤ ਕਰਨ ਦੇ ਲਈ ਸਾਨੂੰ ਕੰਮ ਕਰਨਾ ਚਾਹੀਦਾ ਹੈ, ਅਕਾਲੀ ਦਲ ਨੂੰ ਮਜ਼ਬੂਤ ਕਰ ਦੇ ਸਾਨੂੰ ਸਭ ਤੋਂ ਪਹਿਲਾਂ ਅਕਾਲੀ ਦਲ ਦੇ ਮੁੱਖ ਸਿਧਾਤਾਂ 'ਤੇ ਚਲਣਾ ਚਾਹੀਦਾ ਹੈ, ਜਦੋਂ ਸੁਖਬੀਰ ਬਾਦਲ ਮਿਲਣ ਲਈ ਆਉਣਗੇ ਤਾਂ ਵੀ ਮੈਂ ਇਹ ਗੱਲ ਉਨ੍ਹਾਂ ਅੱਗੇ ਰੱਖਾਂਗੀ। ਕਿਉਂਕਿ ਅਕਾਲੀ ਦਲ ਹਮੇਸ਼ਾ ਹੀ ਆਪਣੇ ਸਿਧਾਤਾਂ ਨੂੰ ਲੈ ਕੇ ਸਿਆਸਤ ਕਰਦਾ ਆਇਆ ਹੈ। ਜੇਕਰ ਅਸੀਂ ਆਪਣੇ ਸਿਧਾਂਤਾਂ ਨੂੰ ਭੁੱਲ ਜਾਵਾਂਗੇ ਤਾਂ ਅਕਾਲੀ ਦਲ ਲੋਕਾਂ ਨਾਲ ਟੁੱਟ ਜਾਵੇਗਾ।

# ਸੁਪਰੀਮ ਕੋਰਟ ਕਿਸਾਨ ਅੰਦੋਲਨ ਖ਼ਿਲਾਫ਼ ਸੁਣਵਾਈ ਤੋਂ ਇਨਕਾਰੀ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਕਿਸਾਨ ਅੰਦੋਲਨ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਪਟੀਸ਼ਨਕਰਤਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਾਣ ਲਈ ਕਿਹਾ। ਸੁਪਰੀਮ ਕੋਰਟ ਨੇ ਕਿਹਾ ਕਿ ਜਦੋਂ ਹਾਈ ਕੋਰਟ ਵਿਚ ਸੁਣਵਾਈ ਚੱਲ ਰਹੀ ਹੈ ਤਾਂ ਪਟੀਸ਼ਨਕਰਤਾ ਸੁਪਰੀਮ ਕੋਰਟ ਵਿਚ ਸਮਾਂਤਰ ਕਾਰਵਾਈ ਕਿਉਂ ਕਰਨਾ ਚਾਹੁੰਦੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਜਦੋਂ ਹਾਈ ਕੋਰਟ ਇਸ ਮਾਮਲੇ ਵਿਚ ਹੱਥ ਖੜ੍ਹੇ ਕਰ ਲਵੇਗਾ ਤਾਂ ਹੀ ਉਹ ਇਸ ਮਾਮਲੇ ਵਿਚ ਦਖ਼ਲ ਦੇਵੇਗਾ। ਅਦਾਲਤ ਦੀ ਇਸ ਟਿੱਪਣੀ ਤੋਂ ਬਾਅਦ ਪਟੀਸ਼ਨਕਰਤਾ ਨੇ ਆਪਣੀ ਅਰਜ਼ੀ ਵਾਪਸ ਲੈ ਲਈ। ਸਾਬਕਾ ਵਿਧਾਇਕ ਡਾ. ਨੰਦਕਿਸ਼ੋਰ ਗਰਗ ਨੇ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਚ ਕਿਹਾ ਕਿ ਅਦਾਲਤ ਸਰਕਾਰ ਅਤੇ ਪ੍ਰਸ਼ਾਸਨ ਨੂੰ ਕਹੇ ਕਿ ਦਿੱਲੀ, ਹਰਿਆਣਾ ਸਰਹੱਦ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼ ਵਿਚ ਅੰਦੋਲਨਕਾਰੀਆਂ ਨੂੰ ਸੜਕ ਤੋਂ ਹਟਾਇਆ ਜਾਵੇ ਕਿਉਂਕਿ ਅਜਿਹੇ ਪ੍ਰਦਰਸ਼ਨਾਂ ਨਾਲ ਆਮ ਜਨਤਾ ਨੂੰ ਸਮੱਸਿਆ ਹੋ ਰਹੀ।

# ਐਮਪੀ ਬਿੱਟੂ ਨਜ਼ਰਬੰਦ, ਘਰ ਦੇ ਬਾਹਰ ਭਾਰੀ ਪੁਲਿਸ ਫੋਰਸ

ਲੁਧਿਆਣਾ-ਪੰਜਾਬ ਦੇ ਲੁਧਿਆਣਾ ਤੋਂ ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ



ਪੁਲਿਸ ਨੇ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਹੈ। ਘਰ ਦੇ ਬਾਹਰ ਭਾਰੀ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ। ਹਾਲਾਂਕਿ ਪੁਲਿਸ ਨੇ ਇਸ ਸਬੰਧੀ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ ਹੈ। ਇਸ ਦੇ ਨਾਲ ਹੀ ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਉਹ ਬਿੱਟੂ ਦੇ ਘਰ ਦੇ ਬਾਹਰ ਸੁਰੱਖਿਆ ਲਈ ਹੀ ਖੜ੍ਹੇ ਹਨ। ਪੁਲੀਸ ਨੇ ਬਿੱਟੂ ਦੇ ਘਰ ਦੇ ਬਾਹਰ ਰੱਸਾ ਪਾ ਕੇ ਰਸਤਾ ਬੰਦ ਕਰ ਦਿੱਤਾ ਹੈ। ਦੱਸ ਦੇਈਏ ਕਿ ਲੁਧਿਆਣਾ ਨਗਰ ਨਿਗਮ ਦੇ ਮੁੱਖ ਦਫਤਰ ਨੂੰ ਤਾਲਾ ਲਾਉਣ ਦੇ ਮਾਮਲੇ ਵਿਚ ਰਵਨੀਤ ਸਿੰਘ ਬਿੱਟੂ ਨੇ 5 ਜਨਵਰੀ ਨੂੰ ਗ੍ਰਿਫਤਾਰੀਆਂ ਦੇਣ ਦਾ ਐਲਾਨ ਕੀਤਾ ਸੀ। ਉਸੇ ਦਿਨ ਬਿੱਟੂ ਨੂੰ ਉਨ੍ਹਾਂ ਦੇ ਘਰ ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਇਸ ਮਗਰੋਂ ਰਵਨੀਤ ਬਿੱਟੂ, ਭਾਰਤ ਭੂਸ਼ਣ ਆਸ਼ੂ, ਤਲਵਾੜ ਸਣੇ 60 ਤੋਂ 70 ਵਰਕਰਾਂ ਨੂੰ ਪੁਲਿਸ ਨੇ ਪਿਛਲੇ ਹਫਤੇ ਹਿਰਾਸਤ ਵਿੱਚ ਲੈ ਲਿਆ ਸੀ, ਜਿਸ ਦੌਰਾਨ ਕਾਂਗਰਸੀ ਵਰਕਰਾਂ ਨੇ ਖੂਬ ਹੰਗਾਮਾ ਕੀਤਾ। ਹਾਲਾਂਕਿ ਅਦਾਲਤ ਵਿਚ ਪਟੀਸ਼ਨ 'ਤੇ ਸੁਣਵਾਈ ਹੋਈ, ਜਿਸ ਮਗਰੋਂ ਐਮ.ਪੀ. ਰਵਨੀਤ ਬਿੱਟੂ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾੜ ਅਤੇ ਸ਼ਾਮ ਸੁੰਦਰ ਮਲਹੋਤਰਾ ਨੂੰ ਜ਼ਮਾਨਤ ਦੇ ਦਿੱਤੀ ਗਈ।

# ਸਿੱਖ ਔਰਤਾਂ ਨੂੰ ਹੈਲਮੇਟ ਦੀ ਛੋਟ ਦੇਣ ਬਾਰੇ ਹਾਈਕੋਰਟ ਨਰਾਜ਼

## ✪ ਹਾਈਕੋਰਟ ਨੇ ਕਿਹਾ ਕਿ ਕੇਂਦਰ ਨਵਾਂ ਹਲਫ਼ਨਾਮਾ ਦਾਖ਼ਲ ਕਰੇ

ਚੰਡੀਗੜ੍ਹ-ਔਰਤਾਂ ਲਈ ਹੈਲਮੇਟ ਤੋਂ ਛੋਟ ਬਾਰੇ ਕੇਂਦਰ ਦੇ ਜਵਾਬ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਨੂੰ ਨਵਾਂ ਹਲਫ਼ਨਾਮਾ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਵਿੱਚ ਆਪਣੇ ਜਵਾਬ ਵਿੱਚ ਕੇਂਦਰ ਨੇ ਕਿਹਾ ਸੀ ਕਿ ਮੋਟਰ ਵਹੀਕਲ ਐਕਟ ਵਿੱਚ ਅਜਿਹੀ ਕੋਈ ਛੋਟ ਨਹੀਂ ਹੈ, ਪਰ ਰਾਜ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਇਸ ਦੇ ਨਾਲ ਹੀ ਹਾਈਕੋਰਟ ਨੇ ਇਸ ਮਾਮਲੇ ਵਿੱਚ ਐਸਜੀਪੀਸੀ ਨੂੰ ਜਵਾਬ ਦਾਇਰ ਕਰਨ ਦੇ ਹੁਕਮ ਵੀ ਦਿੱਤੇ ਹਨ।

ਹਾਈ ਕੋਰਟ ਨੇ ਮੋਟਰ ਵਾਹਨ ਹਾਦਸਿਆਂ ਅਤੇ ਸੜਕ ਸੁਰੱਖਿਆ ਦਾ ਨੋਟਿਸ ਲੈਂਦਿਆਂ ਸੁਣਵਾਈ ਸ਼ੁਰੂ ਕੀਤੀ ਸੀ। ਇਸ ਮਾਮਲੇ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ 6 ਜੁਲਾਈ 2018 ਨੂੰ ਮੋਟਰ ਵਹੀਕਲ ਐਕਟ ਵਿੱਚ ਸੋਧ ਕਰਕੇ ਸਿਰਫ਼ ਦਸਤਾਰ ਸਜਾਉਣ ਵਾਲੀਆਂ ਸਿੱਖ ਔਰਤਾਂ ਨੂੰ ਹੈਲਮੇਟ ਤੋਂ ਛੋਟ ਦੇਣ ਦੀ ਵਿਵਸਥਾ ਕੀਤੀ ਗਈ ਸੀ।

ਇਸ ਤਹਿਤ ਬਾਕੀ ਸਾਰੀਆਂ ਔਰਤਾਂ ਲਈ ਹੈਲਮੇਟ ਲਾਜ਼ਮੀ ਕਰ ਦਿੱਤਾ ਗਿਆ ਸੀ। ਉਹ ਸਿੱਖ ਸੀ ਜਾਂ ਨਹੀਂ, ਇਸ ਤੋਂ ਬਾਅਦ ਧਾਰਮਿਕ ਜਥੇਬੰਦੀਆਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਚੰਡੀਗੜ੍ਹ ਪ੍ਰਸ਼ਾਸਨ ਨੇ ਕੇਂਦਰ ਸਰਕਾਰ ਤੋਂ ਐਡਵਾਈਜ਼ਰੀ ਮੰਗੀ ਸੀ। ਜਿਸ ਦੇ ਜਵਾਬ ਵਿੱਚ ਸਾਰੀਆਂ ਸਿੱਖ ਔਰਤਾਂ ਨੂੰ ਹੈਲਮਟ ਪਾਉਣ ਤੋਂ ਛੋਟ ਦੇਣ ਦਾ ਸੁਝਾਅ ਦਿੱਤਾ ਗਿਆ। ਇਸ ਤੋਂ ਬਾਅਦ ਨਿਯਮਾਂ ਵਿੱਚ ਬਦਲਾਅ ਕਰਕੇ ਸਾਰੀਆਂ ਸਿੱਖ ਔਰਤਾਂ ਨੂੰ ਹੈਲਮਟ ਪਾਉਣ ਤੋਂ ਛੋਟ ਦੇ ਦਿੱਤੀ ਗਈ।

ਮਾਮਲੇ ਦੀ ਸੁਣਵਾਈ ਕਰਦਿਆਂ ਹਾਈਕੋਰਟ ਨੇ ਚੰਡੀਗੜ੍ਹ ਪ੍ਰਸ਼ਾਸਨ ਅਤੇ ਕੇਂਦਰ ਸਰਕਾਰ ਨੂੰ ਫਟਕਾਰ ਲਾਈ ਸੀ ਅਤੇ ਕਿਹਾ ਸੀ ਕਿ ਸਰਕਾਰ ਅਜਿਹਾ ਪ੍ਰਬੰਧ ਕਿਵੇਂ ਕਰ ਸਕਦੀ ਹੈ। ਹੈਲਮੇਟ ਧਾਰਮਿਕ ਭਾਵਨਾਵਾਂ ਨੂੰ ਕਿਵੇਂ ਠੇਸ ਪਹੁੰਚਾ ਸਕਦਾ ਹੈ? ਇਹ ਔਰਤਾਂ ਦੀ ਸੁਰੱਖਿਆ ਦਾ ਮਾਮਲਾ ਹੈ, ਜਿਸ ਬਾਰੇ ਅਸੀਂ ਚਿੰਤਤ ਹਾਂ। ਹਾਈ ਕੋਰਟ ਨੇ ਕੇਂਦਰ ਨੂੰ ਇਸ ਮਾਮਲੇ ਵਿੱਚ ਜਵਾਬ ਦਾਖ਼ਲ ਕਰਨ ਲਈ ਕਿਹਾ ਸੀ। ਪਰ ਹਾਈ ਕੋਰਟ ਕੇਂਦਰ ਦੇ ਜਵਾਬ ਤੋਂ ਅਸੰਤੁਸ਼ਟ ਨਜ਼ਰ ਆਈ। ਹਾਈਕੋਰਟ ਨੇ ਕਿਹਾ ਸੀ ਕਿ ਤੁਸੀਂ ਇਸ ਤਰ੍ਹਾਂ ਸਿੱਖ ਔਰਤਾਂ ਦੀ ਪਛਾਣ ਕਿਵੇਂ ਕਰੋਗੇ। ਕੀ ਤੁਸੀਂ ਹਰ ਵਾਹਨ ਨੂੰ ਰੋਕ ਕੇ ਉਨ੍ਹਾਂ ਦੀ ਪਛਾਣ ਪੁੱਛੋਗੇ?

# Silver Linings: Embracing Your Greys with the Magic of Nature

Ah, grey hair. The whispers of time and experience finds its way to showcase naturally. However, it is understandable for many of us – the need to slow down this change in life. But instead of waging war by applying chemicals on our hair, let's explore some natural ingredient led hair dye alternatives. With the world moving towards natural and sustainable alternatives, the choice towards softer ingredients is finally expanding.



Harsh chemicals are instruments of hair-hate and are out of the question, so instead let's dive into the kinds of ingredients we should seek in a hair dye. Along with being successful colour pigments, these ingredients are also beneficial for vibrant and healthy hair.

Mistletoe, known for its calming effect, subsides scalp irritation, creating the perfect environment for nourishing hair. Fennel's vitamin-rich composition strengthens the hair, reducing breakage and promoting hair health. Yarrow, with its acidic nature, assists in controlling excess hair oil, ensuring a clean and healthy scalp. Balm mint and chamomile join forces to provide a refreshing and soothing experience, making the hair care routine a sensory delight. Meanwhile, Hops, with their antioxidant properties, protects you from hair loss. Together, these natural ingredients are responsible for healthy and nourished hair.

Now, let's bust some of the myths that could cloud the world of grey.

**Myth 1 - Greys are coarse and unmanageable.**

However, the reality is that with hair care, such as deep conditioning and using gentle cleansers Grey hair is just as smooth and manageable.

**Myth 2 - Grey hair can't be coloured.**

Hair colours like Bigen, infused with the ingredients mentioned above, can colour your grey hair just as effortlessly and get them looking like your acquired hair colour. To discover more about Bigen and explore their range, **visit their e-shop at: https://bigenshop.co.uk.** Additionally, incorporating a balanced diet enriched with vitamins and minerals play a vital role in maintaining hair health and colour. Foods rich in Omega-3 fatty acids, antioxidants, and biotin contribute to the overall well-being of your hair, ensuring it remains vibrant and strong.

**Myth 3 – Only strong chemicals can colour the greys**

Let's bust this myth once and for all. Due to the lack of natural ingredient led products in the market, many have turn towards chemical led products. However, with products like Bigen's Speedy Conditioning Colour that use the essence of natural ingredients to not only colour, but also nourish your hair; it is safe to say that natural led ingredients do the very job without damaging your hair.

So, the next time your greys called out for some maintenance - know that there are gentler and natural friendly options waiting for you to be tried. Remember, there's always a silver lining.

***For any PR queries, please email: khushi.gandhi@hereandnow365.co.uk***

# ਪਾਕਿਸਤਾਨ ਦੀ ਸਿਆਸਤ ਤੇ ਇਸਲਾਮੀ ਸਮਾਜ ਵਿਚ ਸਿਖ ਪੰਥ ਦੀ ਚੜ੍ਹਦੀ ਕਲਾ

**✪ ਰਮੇਸ਼ ਸਿੰਘ ਅਰੋੜਾ ਪਾਕਿਸਤਾਨ ਸਰਕਾਰ ਵਿੱਚ ਹੋਣਗੇ ਪਹਿਲੇ ਸਿੱਖ ਮੰਤਰੀ ✪ ਮੁੱਖ ਮੰਤਰੀ ਮਰੀਅਮ ਨਵਾਬ ਸ਼ਰੀਫ਼ ਦੀ ਕੈਬਨਿਟ ਵਿੱਚ ਹੋਣਗੇ ਸ਼ਾਮਲ ✪ ਅਰੋੜਾ ਦੇ ਮੰਤਰੀ ਬਣਨ ਬਾਅਦ ਪਾਕਿ ਵਿਚ ਅਨੰਦ ਮੈਰਿਜ ਐਕਟ ਲਾਗੂ ਹੋਣ ਦਾ ਰਾਹ ਪੱਧਰਾ**





ਲਾਹੌਰ-ਪਾਕਿਸਤਾਨ ਦੇ ਨਾਰੋਵਾਲ ਤੋਂ ਵਿਧਾਇਕ ਰਮੇਸ਼ ਸਿੰਘ ਅਰੋੜਾ ਨੇ ਬੀਤੇ ਦਿਨੀਂ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਮੰਤਰੀ ਵਜੋਂ ਸਹੁੰ ਚੁੱਕੀ। ਉਹ ਪਾਕਿਸਤਾਨ ਦੇ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਪਹਿਲੇ ਵਿਅਕਤੀ ਹਨ ਜੋ ਮੰਤਰੀ ਬਣੇ ਹਨ। ਅਰੋੜਾ ਪਾਕਿਸਤਾਨ ਮੁਸਲਿਮ ਲੀਗ (ਪੀਐਮਐਲ-ਐਨ) ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦੀ ਕੈਬਨਿਟ ਵਿੱਚ ਸ਼ਾਮਲ ਹੋਣਗੇ। ਪਾਕਿਸਤਾਨ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਅਰੋੜਾ ਨਾਰੋਵਾਲ ਤੋਂ ਵਿਧਾਇਕ ਚੁਣੇ ਗਏ ਸਨ।

### ਰਾਜਨੀਤੀ ਤੇ ਇਸਲਾਮੀ ਸਮਾਜ ਵਿਚ ਸਿਖਾਂ ਦਾ ਬੋਲਬਾਲਾ

ਪ੍ਰਵਾਸੀ ਸਿਖਾਂ ਵਲੋਂ ਪਾਕਿਸਤਾਨ ਵਿਚ ਗੁਰਦੁਆਰਿਆਂ ਦੀ ਕਾਰਸੇਵਾ ਤੇ ਪਾਕਿਸਤਾਨ ਵਿਚ ਰਹਿੰਦੇ ਸਿਖਾਂ ਦੀ ਬਾਂਹ ਫੜਨ ਤੇ ਵਿਦਿਅਕ ਤੌਰ ਉਪਰ ਉਚਾ ਚੁਕਣ ਕਾਰਣ ਸਿਖ ਜਿਥੇ ਹਰ ਪਖੋਂ ਵਿਕਾਸ ਕਰ ਰਹੇ ਹਨ, ਉਥੇ ਪਾਕਿਸਤਾਨ ਦੀ ਸਿਆਸਤ ਵਿਚ ਵਡਾ ਨਾਮ ਕਮਾ ਰਹੇ ਹਨ। ਪਾਕਿਸਤਾਨ ਵਿਚ ਗੁਰਧਾਮਾਂ ਦੀ ਸੇਵਾ ਕਾਰਣ ਪਾਕਿਸਤਾਨ ਦੀ ਆਰਥਿਕਤਾ ਨੂੰ ਵਡਾ ਹੁਲਾਰਾ ਮਿਲਿਆ ਹੈ। ਦੇਸਾਂ ਵਿਦੇਸ਼ਾਂ ਤੋਂ ਸੰਗਤਾਂ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਕਰਦੀਆਂ ਹਨ ਤੇ ਸ਼ਾਪਿੰਗ ਕਰਦੀਆਂ ਹਨ। ਪਾਕਿਸਤਾਨੀ ਸਮਾਜ ਵੀ ਸਿਖਾਂ ਨੂੰ ਸਤਿਕਾਰ ਦੇ ਰਿਹਾ ਹੈ। ਪਾਕਿਸਤਾਨ ਦੀ ਸਰਕਾਰ ਤੇ ਰਾਜਨੀਤਕ ਪਾਰਟੀਆਂ ਸਿਖਾਂ ਨੂੰ ਸਿਆਸਤ ਵਿਚ ਅਹਿਮ ਥਾਂ ਦੇ ਰਹੀਆਂ ਹਨ।

ਸਾਲ 2013 ਵਿੱਚ ਜਦੋਂ ਪੀਟੀਆਈ ਦੀ



ਸਰਕਾਰ ਸੀ ਤਾਂ ਘੱਟ-ਗਿਣਤੀ ਸਿੱਖ ਭਾਈਚਾਰੇ ਵਲੋਂ ਸੂਰਨ ਸਿੰਘ ਜੋ ਕਿ ਜ਼ਿਲ੍ਹਾ ਬੁਨੇਰ ਦੇ ਰਹਿਣ ਵਾਲੇ ਸਨ, ਨੂੰ ਮੈਂਬਰ ਅਸੈਂਬਲੀ ਚੁਣਿਆ ਗਿਆ।

ਸਾਲ 2016 ਵਿੱਚ ਸੂਰਨ ਸਿੰਘ ਦਾ ਕਤਲ ਹੋਇਆ ਸੀ। ਉਸ ਵਿੱਚ ਚਾਰ ਮੁਲਜ਼ਮਾਂ ਵਿੱਚ ਬਲਦੇਵ ਕੁਮਾਰ ਵੀ ਸ਼ਾਮਿਲ ਸੀ। 2 ਸਾਲ ਤੱਕ ਉਹ ਜੇਲ੍ਹ ਵਿੱਚ ਰਹੇ ਸਨ। ਕੇਸ ਚੱਲਦਾ ਰਿਹਾ। ਪਰ ਸਬੂਤਾਂ ਦੀ ਘਾਟ ਹੋਣ 'ਤੇ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰਾਰ ਦਿੱਤਾ ਗਿਆ ਸੀ।

ਮ੍ਰਿਤਕ ਸੂਰਨ ਸਿੰਘ ਦੇ ਬੇਟੇ ਨੇ ਇਲਜ਼ਾਮ ਲਾਇਆ ਸੀ ਕਿ ਉਨ੍ਹਾਂ ਦੇ ਪਿਤਾ ਦਾ ਕਤਲ ਵਿਧਾਇਕ ਦੇ ਅਹੁਦੇ ਲਈ ਬਲਦੇਵ ਕੁਮਾਰ ਨੇ ਕੀਤਾ ਹੈ। ਬਲਦੇਵ ਕੁਮਾਰ ਚੋਣਾਂ ਵਿੱਚ ਦੂਜੇ ਨੰਬਰ 'ਤੇ ਆਏ ਸਨ ਇਸ ਲਈ ਸੂਰਨ ਸਿੰਘ ਦੇ ਕਤਲ ਮਗਰੋਂ ਉਨ੍ਹਾਂ ਨੂੰ ਅਸੈਂਬਲੀ ਦਾ ਮੈਂਬਰ 2018 ਵਿੱਚ ਬਣਾਇਆ ਗਿਆ ਸੀ।

30 ਮਈ, 2018 ਜਦੋਂ ਪੀਟੀਆਈ ਦੀ ਹਕੂਮਤ ਖ਼ਤਮ ਹੋ ਰਹੀ ਸੀ ਤਾਂ ਉਸੇ ਦਿਨ ਬਲਦੇਵ ਕੁਮਾਰ ਨੇ ਸਹੁੰ ਚੁੱਕੀ, ਉਸੇ ਦਿਨ ਹੀ ਸਰਕਾਰ ਖ਼ਤਮ ਹੋ ਗਈ। ਯਾਨਿ ਕਿ ਸਿਰਫ਼ ਇੱਕ ਦਿਨ ਲਈ ਹੀ ਉਹ ਵਿਧਾਇਕ ਰਹੇ।

ਅਗਸਤ 2018 ਦੌਰਾਨ ਲਹਿੰਦੇ ਪੰਜਾਬ ਵਿਚੋਂ ਪਹਿਲਾ ਗੁਰਸਿੱਖ ਨੌਜਵਾਨ ਮਹਿੰਦਰ ਸਿੰਘ ਮੁਲਤਾਨ ਤੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ (ਪੀਟੀਆਈ) ਦਾ ਵਿਧਾਇਕ ਚੁਣਿਆ ਗਿਆ ਸੀ। ਮਹਿੰਦਰ ਸਿੰਘ ਦੇ ਪਿਤਾ ਗਿਆਨੀ ਰਵੇਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸੇਵਾ ਨਿਭਾਉਂਦੇ ਰਹੇ ਸਨ। ਵਿਧਾਇਕ ਮਹਿੰਦਰ ਸਿੰਘ ਨੇ ਐੱਮਬੀਏ ਦੀ ਪੜ੍ਹਾਈ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਕੀਤੀ ਸੀ।

ਮਹਿੰਦਰ ਸਿੰਘ ਨੇ ਪੰਜਾਬ ਦੇ ਇਕਲੌਤੇ ਵਿਧਾਇਕ ਦੀ ਸੀਟ ਤੋਂ ਰਮੇਸ਼ ਸਿੰਘ ਅਰੋੜਾ ਨੂੰ ਹਰਾਇਆ ਸੀ।

ਮਾਰਚ 2021 ਦੌਰਾਨ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਪਾਰਟੀ ਨੇਤਾ ਗੁਰਦੀਪ ਸਿੰਘ ਨੂੰ ਪਾਕਿਸਤਾਨ ਦੀ ਸੰਸਦ ਵਿਚ ਉਪਰਲੇ ਸਦਨ ਵਿਚ ਸਿੱਖਾਂ ਦੇ ਪਹਿਲੇ ਪ੍ਰਤੀਨਿਧੀ ਬਣਕੇ ਸੈਨੇਟਰ ਵਜੋਂ ਸਹੁੰ ਚੁੱਕੀ ਸੀ। ਗੁਰਦੀਪ ਸਿੰਘ ਪਾਕਿਸਤਾਨ ਦੇ ਸੀਨੇਟ ਵਿਚ ਖੈਬਰ ਪਖਤੂਨਖਵਾ ਰਾਜ ਤੋਂ ਪਹਿਲੇ ਸਿੱਖ ਪ੍ਰਤੀਨਿਧੀ ਬਣੇ ਸਨ।

**ਬਾਕੀ ਹਿਸਾ ਸਫ਼ਾ 12 ਤੇ ਪੜ੍ਹੋ →**

## ਪਾਕਿਸਤਾਨ ਵਿਚ ਸਿਖਾਂ ਦੀ ਸਿਆਸਤ ਤੇ ਸਮਾਜ ਵਿਚ ਚੜ੍ਹਦੀ ਕਲਾ ਵਿਚ-ਪੁਰੇਵਾਲ



ਹੁਣੇ ਜਿਹੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣੇ ਸਲਾਹਕਾਰ ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਸਾਬਕਾ ਜਨਰਲ ਸਕਤਰ ਪਾਕਿਸਤਾਨ ਗੁਰਧਾਮ ਕਾਰ ਸੇਵਾ ਕਮੇਟੀ ਨੇ ਪਾਕਿਸਤਾਨ ਦੇ ਨਾਰੋਵਾਲ ਤੋਂ ਵਿਧਾਇਕ ਰਮੇਸ਼ ਸਿੰਘ ਅਰੋੜਾ ਨੂੰ ਬੀਤੇ ਦਿਨੀਂ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਮੰਤਰੀ ਬਣ ਉਪਰੰਤ ਵਧਾਈ ਦਿੰਦਿਆਂ ਕਿਹਾ ਕਿ ਇਹ ਸਿਖ ਜਗਤ ਲਈ ਮਾਣ ਵਾਲੀ ਗਲ ਹੈ। ਉਨ੍ਹਾਂ ਦਸਿਆ ਕਿ ਪਾਕਿਸਤਾਨ ਵਿੱਚ ਸਿੱਖ ਧਰਮ ਦਾ ਵਿਕਾਸ ਬੜੇ ਉਤਸ਼ਾਹ ਨਾਲ ਹੋ ਰਿਹਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਦੇ ਵੱਡੇ ਚੰਗੇ ਕੰਮ, ਦੂਜੇ ਦੇਸ਼ਾਂ ਵਿਚ ਸਿੱਖਾਂ ਦੀ ਸਫਲਤਾ, ਪੱਛਮ ਵਿਚ ਸਿੱਖ ਧਰਮ ਦਾ ਪਸਾਰ, ਵਧ ਰਹੀ ਗਿਣਤੀ ਪਾਕਿਸਤਾਨ ਵਿਚ ਦਬਾਏ ਗਏ ਹਿੰਦੂ ਭਾਈਚਾਰਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ ਤੇ ਪਾਕਿਸਤਾਨੀ ਸਿਖਾਂ ਦਾ ਮਨੋਬਲ ਉਚਾ ਕਰ ਰਹੀ ਹੈ। ਉਨ੍ਹਾਂ ਦਸਿਆ ਕਿ ਭਾਰਤ ਦੇ ਫਿਰਕੂ ਹਿੰਦੂਆਂ ਦੀਆਂ ਮੁਸਲਮਾਨਾਂ ਵਿਰੁੱਧ ਹਿੰਸਕ ਗਤੀਵਿਧੀਆਂ ਕਾਰਣ ਪਾਕਿਸਤਾਨ ਵਿੱਚ ਹਿੰਦੂਵਾਦ ਨੂੰ ਨਕਾਰਾਤਮਕ ਤੌਰ 'ਤੇ ਦੇਖਿਆ ਜਾ ਰਿਹਾ ਹੈ। ਉਥੋਂ ਦੇ ਮੁਸਲਮਾਨ ਹਿੰਦ ਭਾਈਚਾਰੇ 'ਤੇ ਆਪਣਾ ਗੁੱਸਾ ਕੱਢਦੇ ਹਨ ਅਤੇ ਭਾਰਤ ਵਿੱਚ ਅਜਿਹੇ ਅੱਤਿਆਚਾਰਾਂ ਪ੍ਰਤੀ ਮੁਸਲਿਮ ਦੇਸ਼ਾਂ ਵਿੱਚ ਤਿਖਾ ਪ੍ਰਤੀਕਰਮ ਹੁੰਦਾ ਹੈ। ਨੌਜਵਾਨ ਹਿੰਦੂ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਨੂੰ ਜ਼ਬਰਦਸਤੀ ਨਿਕਾਹ ਵਿੱਚ ਉਲਝਾਉਣ ਦੀਆਂ ਕਈ ਘਟਨਾਵਾਂ ਅਤੇ ਰਿਪੋਰਟਾਂ ਹਨ। ਅਜਿਹੀਆਂ ਅਣਗਿਣਤ ਉਦਾਹਰਣਾਂ ਹਨ ਕਿ ਹਿੰਦੂਆਂ ਉੱਤੇ ਹਮਲੇ ਹੋਏ ਹਨ।

ਪੁਰੇਵਾਲ ਨੇ ਕਿਹਾ ਕਿ ਸਿੱਖਾਂ ਦੇ ਖਿਲਾਫ ਅਜਿਹਾ ਨਹੀਂ ਹੋਇਆ ਹੈ। ਪਾਕਿਸਤਾਨ ਦਾ ਮੁਸਲਿਮ ਭਾਈਚਾਰਾ ਸਿੱਖਾਂ ਨੂੰ ਇੱਕ ਰੱਬ ਨੂੰ ਮੰਨਣ ਵਾਲੇ, ਆਪਣੇ ਵਾਂਗ ਮੰਨਦਾ ਹੈ। ਉਹ ਸਿੱਖੀ ਨੂੰ ਕਹਿਣੀ ਅਤੇ ਕਰਨੀ ਵਿਚ ਸਮੁੱਚੀ ਮਾਨਵਤਾ ਪ੍ਰਤੀ ਸਦਭਾਵਨਾ ਰਖਣ ਵਾਲਾ ਸਮਾਜ ਮੰਨਕੇ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਉਹ ਇਹ ਵੀ ਸਮਝਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਫਲਸਫ਼ਾ ਕੁਰਾਨ ਦੇ ਬਹੁਤ ਨੇੜੇ ਹੈ। ਉਹ ਸਿੱਖਾਂ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਉਹਨਾਂ ਨੂੰ ਸਮਾਜ ਦੇ ਬਹੁਤ ਹੀ ਅਨੁਸ਼ਾਸਿਤ ਅਤੇ ਸਤਿਕਾਰਤ ਲੋਕ ਸਮਝਦੇ ਹਨ। ਇਹੀ ਕਾਰਨ ਹੈ ਕਿ ਪਾਕਿਸਤਾਨ ਵਿੱਚ ਹਿੰਦੂ ਅਤੇ ਦਲਿਤ ਸਿੱਖ ਧਰਮ ਨੂੰ ਅਪਨਾ ਰਹੇ ਹਨ। ਸਿਖਾਂ ਦੀ ਸਿਆਸਤ ਤੇ ਇਸਲਾਮੀ ਸਮਾਜ ਵਿਚ ਮਹਾਨਤਾ ਵਧ ਰਹੀ ਹੈ। ਉਨ੍ਹਾਂ ਦਸਿਆ ਕਿ ਵੀਹ ਪਚੀ ਸਾਲ ਪਹਿਲਾਂ ਅਸੀਂ ਇੰਗਲੈਂਡ ਦੀਆਂ ਸੰਗਤਾਂ ਵਲੋਂ ਭਾਈ ਜੋਗਾ ਸਿੰਘ, ਭਾਈ ਅਵਤਾਰ ਸਿੰਘ ਸੰਘੇੜਾ ਦੀ ਅਗਵਾਈ ਵਿਚ ਪਾਕਿਸਤਾਨ ਸਰਕਾਰ ਨਾਲ ਗਲਬਾਤ ਕਰਕੇ ਗੁਰਦੁਆਰਿਆਂ ਦੀ ਕਾਰ ਸੇਵਾ ਕਰਵਾਈ ਅਤੇ ਉਥੋਂ ਦੇ ਸਿਖਾਂ ਨੂੰ ਵਿਦਿਅਕ ਤੌਰ ਉਪਰ ਉਚਾ ਚੁਕਿਆ। ਇਸ ਵਿਚ ਕਨੇਡਾ, ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਦਾ ਸਹਿਯੋਗ ਰਿਹਾ ਹੈ। ਉਨ੍ਹਾਂ ਦਸਿਆ ਕਿ ਪਾਕਿਸਤਾਨ ਵਿਚ ਬਹੁਤ ਸਾਰੇ ਗੁਰਦੁਆਰਿਆਂ ਦੀ ਕਾਰ ਸੇਵਾ ਕਰਵਾਈ ਜਾ ਚੁਕੀ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਸਿਖਾਂ ਦੇ ਇਸ ਯੋਗਦਾਨ ਕਾਰਣ ਪਾਕਿਸਤਾਨ ਵਿਚ ਸਿਖਾਂ ਦਾ ਵਕਾਰ ਬਹਾਲ ਹੋਇਆ ਹੈ ਤੇ ਸਿਆਸੀ ਤੌਰ ਉਪਰ ਚੜ੍ਹਦੀਕਲਾ ਹੋ ਰਹੀ ਹੈ।

11 ਸਫ਼ੇ ਦੀ ਬਾਕੀ

## ਕੋਣ ਹਨ ਰਮੇਸ਼ ਸਿੰਘ ਅਰੋੜਾ

ਇਥੇ ਜ਼ਿਕਰਯੋਗ ਹੈ ਕਿ 2013 ਵਿੱਚ ਰਮੇਸ਼ ਸਿੰਘ ਅਰੋੜਾ 63 ਸਾਲਾਂ ਵਿੱਚ ਪਹਿਲੀ ਵਾਰ ਪਾਕਿਸਤਾਨੀ ਪੰਜਾਬ ਦੀ ਸੂਬਾਈ ਅਸੈਂਬਲੀ ਲਈ ਚੁਣਿਆ ਜਾਣ ਵਾਲੇ ਪਹਿਲੇ ਸਿੱਖ ਬਣੇ ਸਨ। ਉਦੋਂ ਨਵਾਜ਼ ਸ਼ਰੀਫ਼ ਦੀ ਪਾਰਟੀ ਨੇ ਘੱਟ ਗਿਣਤੀਆਂ ਲਈ ਰਾਖਵੀਂ ਸੀਟ 'ਤੇ ਉਨ੍ਹਾਂ ਨੂੰ ਨਾਮਜ਼ਦ ਕੀਤਾ ਸੀ। 2011-2013 ਵਿੱਚ ਉਹ ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ ਦਾ ਮੈਂਬਰ ਅਤੇ 2009-2013 ਤੱਕ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸੈਕਰੇਟਰੀ ਰਿਹਾ। ਉਹ ਕਾਮਰਸ ਅਤੇ ਨਿਵੇਸ਼ ਦੀ ਸਟੈਂਡਿੰਗ ਕਮੇਟੀ ਦਾ ਚੇਅਰਮੈਨ ਰਹੇ ਹਨ। ਪਿਛਲੇ ਸਾਲ ਉਨ੍ਹਾਂ ਨੂੰ ਕਰਤਾਰਪੁਰ ਲਾਂਘੇ ਲਈ ਰਾਜਦੂਤ ਵੀ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਅਰੋੜਾ ਤਿੰਨ ਸਾਲਾਂ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ।

ਨਨਕਾਣਾ ਸਾਹਿਬ ਵਿੱਚ ਜਨਮੇ ਰਮੇਸ਼ ਸਿੰਘ ਅਰੋੜਾ ਨੇ ਸਰਕਾਰੀ ਯੂਨੀਵਰਸਿਟੀ, ਲਾਹੌਰ ਤੋਂ ਉੱਦਮਤਾ ਅਤੇ ਐਸਐਮਈ ਪ੍ਰਬੰਧਨ ਵਿੱਚ ਪੋਸਟ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ ਹੈ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਅਰੋੜਾ ਨੇ ਪਾਕਿਸਤਾਨ ਵਿੱਚ ਵਿਸ਼ਵ ਬੈਂਕ ਦੇ ਗਰੀਬੀ ਹਟਾਓ ਪ੍ਰੋਗਰਾਮ ਲਈ ਕੰਮ ਕੀਤਾ।

2008 ਵਿੱਚ, ਉਨ੍ਹਾਂ ਨੇ ਮੋਜਾਜ ਫਾਊਂਡੇਸ਼ਨ ਦੀ ਸਥਾਪਨਾ ਕੀਤੀ, ਇੱਕ ਸੰਸਥਾ ਜੋ ਪਾਕਿਸਤਾਨ ਵਿੱਚ ਗਰੀਬਾਂ ਲਈ ਕੰਮ ਕਰਦੀ ਹੈ। ਅਰੋੜਾ ਦੇ ਵੱਡੇ ਭਰਾ ਗੋਬਿੰਦ ਸਿੰਘ ਕਰਤਾਰਪੁਰ ਗੁਰਦੁਆਰੇ ਵਿੱਚ ਮੁੱਖ ਗ੍ਰੰਥੀ ਵਜੋਂ ਕੰਮ ਕਰ ਰਹੇ ਹਨ। ਰਮੇਸ਼ ਸਿੰਘ ਅਰੋੜਾ ਨਾਰੋਵਾਲ ਤੋਂ ਤਿੰਨ ਵਾਰ ਪ੍ਰੋਵਿੰਸ਼ੀਅਲ ਅਸੈਂਬਲੀ (ਐਮਪੀਏ) ਦੇ ਮੈਂਬਰ ਹਨ। 1947 ਦੀ ਵੰਡ ਦੇ ਦੌਰਾਨ, ਉਨ੍ਹਾਂ ਦੇ ਪਰਿਵਾਰ ਨੇ ਜ਼ਿਆਦਾਤਰ ਸਿੱਖ/ਹਿੰਦੂ ਪਰਿਵਾਰਾਂ ਵਾਂਗ ਭਾਰਤ ਵਿੱਚ ਰਹਿਣ ਦੀ ਬਜਾਏ ਪਾਕਿਸਤਾਨ ਵਿੱਚ ਰਹਿਣ ਦੀ ਚੋਣ ਕੀਤੀ।

ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਤੋਂ ਪ੍ਰੋਵਿੰਸ਼ੀਅਲ (ਸੂਬਾਈ) ਅਸੈਂਬਲੀ ਮੈਂਬਰ (ਐੱਮ. ਪੀ. ਏ.) ਰਮੇਸ਼ ਸਿੰਘ ਅਰੋੜਾ (48 ਸਾਲ) ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਮੰਤਰੀ ਬਣਨ ਤੋਂ ਬਾਅਦ ਲਹਿੰਦੇ ਪੰਜਾਬ 'ਚ ਸਿੱਖ ਵਿਆਹਾਂ ਲਈ ਅਨੰਦ ਕਾਰਜ ਐਕਟ ਲਾਗੂ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ. ਐੱਸ. ਜੀ. ਪੀ. ਸੀ.) ਦੇ ਨਵ-ਨਿਯੁਕਤ ਪ੍ਰਧਾਨ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਦੀ ਘੱਟ-ਗਿਣਤੀ ਭਾਈਚਾਰੇ ਲਈ ਰਾਖਵੀਂ ਸੀਟ ਤੋਂ ਐੱਮ. ਐੱਨ. ਏ. ਨਿਯੁਕਤ ਹੋਣ ਤੋਂ ਬਾਅਦ ਕੈਬਨਿਟ ਮੰਤਰੀ ਬਣਨ ਵਾਲੇ ਰਮੇਸ਼ ਸਿੰਘ ਅਰੋੜਾ ਪਾਕਿ ਦੇ ਪਹਿਲੇ ਸਿੱਖ ਹਨ। ਪਿਛਲੇ ਕਾਰਜਕਾਲ ਦੌਰਾਨ ਐੱਮ. ਪੀ. ਏ. ਰਹਿੰਦਿਆਂ ਅਰੋੜਾ ਦੀਆਂ ਕੋਸ਼ਿਸ਼ਾਂ ਸਦਕਾ ਮਾਰਚ 2018 'ਚ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਸਿੱਖ ਮੈਰਿਜ ਰਜਿਸਟ੍ਰੇਸ਼ਨ ਐਕਟ 2017 ਪਾਸ ਕੀਤਾ ਗਿਆ ਸੀ, ਪਰ ਵਿਸ਼ਵ ਦੇ ਸਭ ਦੇਸ਼ਾਂ ਤੋਂ ਪਹਿਲਾਂ ਇਹ ਬਿੱਲ ਪਾਸ ਹੋਣ ਦੇ ਬਾਵਜੂਦ ਕੁੱਝ ਤਕਨੀਕੀ ਖ਼ਾਮੀਆਂ ਕਾਰਨ ਲਾਗੂ ਨਹੀਂ ਹੋ ਸਕਿਆ। ਉਕਤ ਬਿੱਲ ਦਾ ਡਰਾਫ਼ਟ ਅਜੇ ਵੀ ਲਹਿੰਦੇ ਪੰਜਾਬ ਦੀ ਅਸੈਂਬਲੀ ਦੇ ਕਾਨੂੰਨ ਮੰਤਰਾਲੇ ਦੇ ਵਿਚਾਰ ਅਧੀਨ ਹੈ। ਲਹਿੰਦੇ ਪੰਜਾਬ ਵਿਚ ਇਸ ਬਿੱਲ ਦੇ ਲਾਗੂ ਹੋਣ ਉਪਰੰਤ ਇਸੇ ਦੀ ਤਰਜ਼ 'ਤੇ ਪਾਕਿ ਦੇ ਸੂਬਾ ਖ਼ੈਬਰ ਪਖਤੂਨਖਵਾ ਵਿਚ ਇਸ ਬਿੱਲ ਨੂੰ ਲਾਗੂ ਕੀਤਾ ਜਾ ਸਕੇਗਾ।

ਰਮੇਸ਼ ਸਿੰਘ ਅਰੋੜਾ ਨੇ ਮੰਤਰੀ ਬਣਨ ਉਪਰੰਤ ਕਿਹਾ, "ਵੰਡ ਤੋਂ ਬਾਅਦ ਪਹਿਲੀ ਵਾਰ ਕਿਸੇ ਸਿੱਖ ਨੂੰ ਪੰਜਾਬ ਸੂਬੇ ਦੀ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ ਹੈ। ਮੈਂ ਨਾ ਸਿਰਫ਼ ਸਿੱਖਾਂ, ਸਗੋਂ ਹਿੰਦੂਆਂ ਸਮੇਤ ਸਾਰੀਆਂ ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਕੰਮ ਕਰਾਂਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਗੁਰਦਵਾਰਾ ਪ੍ਰਬੰਧਕ ਕਮੇਟੀ 'ਚ ਸੁਧਾਰਾਂ ਦਾ ਸਿਲਸਿਲਾ ਜਾਰੀ ਹੈ ਅਤੇ ਛੇਤੀ ਹੀ ਇਸ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਕਰ ਕੇ ਗੁਰਦਵਾਰਿਆਂ ਵਿਚ ਸੁਚੱਜੇ ਪ੍ਰਬੰਧ ਲਾਗੂ ਕੀਤੇ ਜਾਣਗੇ।"

ਯਾਦ ਰਹੇ ਕਿ ਮਰੀਅਮ ਨਵਾਜ਼, ਸਾਬਕਾ ਪਾਕਿਸਤਾਨੀ ਸ਼ਾਮ ਨਵਾਜ਼ ਸ਼ਰੀਫ ਦੀ ਬੇਟੀ, ਜੋ ਪਾਕਿਸਤਾਨ ਦੀ ਪਹਿਲੀ ਮਹਿਲਾ ਨੇਤਾ ਹਨ, ਜੋ ਮੁੱਖ ਮੰਤਰੀ ਬਣੀ ਹੈ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਕਾਲ ਤਖਤ ਦੇ ਜਥੇਦਾਰ ਨੇ ਅਰੋੜਾ ਨੂੰ ਦਿੱਤੀ ਵਧਾਈ



ਸ਼੍ਰੀ ਅਕਾਲ ਤਖ਼ਤ ਅੰਮ੍ਰਿਤਸਰ ਦੇ ਜਥੇਦਾਰ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ. ਰਮੇਸ਼ ਸਿੰਘ ਨੂੰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਲ-ਨਾਲ ਘੱਟਗਿਣਤੀ ਮਾਮਲਿਆਂ ਦਾ ਮੰਤਰੀ ਬਣਾਉਣਾ ਸਰਕਾਰ ਅਤੇ ਘੱਟਗਿਣਤੀ ਸਿੱਖਾਂ ਵਿਚ ਪੁੱਲ ਵਜੋਂ ਕੰਮ ਕਰੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਸ. ਰਮੇਸ਼ ਸਿੰਘ ਅਰੋੜਾ ਜਿਥੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਪੰਥਕ ਭਾਵਨਾਵਾਂ ਅਨੁਸਾਰ ਸੇਵਾਵਾਂ ਨਿਭਾਉਣਗੇ, ਉਥੇ ਹੀ ਘਟਗਿਣਤੀਆਂ ਬਾਰੇ ਮੰਤਰੀ ਬਣ ਕੇ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ ਸਿੱਖ ਗੁਰਧਾਮਾਂ ਅਤੇ ਸਿੱਖ ਹਿੱਤਾਂ ਦੀ ਸੁਰੱਖਿਆ ਲਈ ਵੀ ਯਤਨਸ਼ੀਲ ਹੋਣਗੇ।

## ਹਿਸਾਰ ਦੇ ਸੰਸਦ ਮੈਂਬਰ ਨੇ ਭਾਜਪਾ ਛੱਡੀ ਕਾਂਗਰਸ ਵਿੱਚ ਹੋਇਆ ਸ਼ਾਮਲ




ਦਿੱਲੀ-ਅਗਾਮੀ ਸੰਸਦੀ ਚੋਣਾਂ ਤੋਂ ਪਹਿਲਾਂ ਹਿਸਾਰ ਤੋਂ ਭਾਜਪਾ ਦੇ ਸੰਸਦ ਮੈਂਬਰ ਬ੍ਰਿਜੇਂਦਰ ਸਿੰਘ ਨੇ ਕੁਝ ਸਿਆਸੀ ਕਾਰਨਾਂ ਕਰ ਕੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਲੋਕ ਸਭਾ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਉਪਰੰਤ ਬ੍ਰਿਜੇਂਦਰ ਸਿੰਘ ਕੌਮੀ ਰਾਜਧਾਨੀ ਵਿਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਰਿਹਾਇਸ਼ 'ਤੇ ਪੁੱਜੇ ਤੇ ਕਾਂਗਰਸ ਵਿਚ ਸ਼ਾਮਲ ਹੋ ਗਏ। ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਅਫ਼ਸਰਸ਼ਾਹ ਤੋਂ ਸਿਆਸਤਦਾਨ ਬਣੇ ਬ੍ਰਿਜੇਂਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਭਾਜਪਾ ਤੋਂ ਅਸਤੀਫ਼ਾ ਦੇਣ ਦਾ ਫੈਸਲਾ ਲਿਆ ਹੈ ਕਿਉਂਕਿ ਕੁਝ ਸਿਆਸੀ ਕਾਰਨਾਂ ਕਰ ਕੇ ਉੱਥੇ ਬੇਚੈਨੀ ਵਧਦੀ ਜਾ ਰਹੀ ਸੀ। ਉਨ੍ਹਾਂ ਕਿਹਾ, "ਇਹ ਬੇਚੈਨੀ ਮੁੱਢਲੇ ਤੌਰ 'ਤੇ ਵਿਚਾਰਧਾਰਕ ਮੁੱਦਿਆਂ ਨੂੰ ਲੈ ਕੇ ਸੀ ਅਤੇ ਮੈਂ ਕਿਸਾਨਾਂ ਦੇ ਮੁੱਦੇ, ਅਗਨੀਵੀਰ ਦੇ ਮੁੱਦੇ ਅਤੇ ਕੌਮਾਂਤਰੀ ਮਹਿਲਾ ਪਹਿਲਵਾਨਾਂ ਪ੍ਰਤੀ ਅਪਣਾਏ ਗਏ ਵਤੀਰੇ ਨਾਲ ਸਹਿਮਤ ਨਹੀਂ ਸੀ।"

# ਨਵਜੋਤ ਸਿੱਧੂ ਦਾ ਐਲਾਨ ਕਿ ਅੰਮ੍ਰਿਤਸਰ ਤੋਂ ਬਗੈਰ ਹੋਰ ਕਿਸੇ ਥਾਂ ਤੋਂ ਚੋਣ ਨਹੀਂ ਲੜੇਗਾ



ਪਟਿਆਲਾ-ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਨੇ ਆਖਿਆ ਕਿ ਅੰਮ੍ਰਿਤਸਰ ਵਾਸੀਆਂ ਨਾਲ ਉਸ ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਚੋਣ ਲੜੇਗਾ ਤਾਂ ਸਿਰਫ਼ ਅੰਮ੍ਰਿਤਸਰ ਤੋਂ ਹੀ ਲੜੇਗਾ। ਉਨ੍ਹਾਂ ਕਿਹਾ ਕਿ ਵਿਰੋਧੀਆਂ ਵੱਲੋਂ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ 'ਤੇ ਗ਼ੌਰ ਨਾ ਕੀਤੀ ਜਾਵੇ ਸਗੋਂ ਉਸ ਵੱਲੋਂ ਕੀਤੇ ਵਾਅਦੇ ਵੱਲ ਧਿਆਨ ਦਿੱਤਾ ਜਾਵੇ। ਅੰਮ੍ਰਿਤਸਰ ਉਸ ਦੀ ਕਰਮ ਭੂਮੀ ਹੈ ਤੇ ਗੁਰੂ ਦਾ ਦਰ ਹੈ।

# ਮਨਪ੍ਰੀਤ ਬਾਦਲ ਨੂੰ ਦਿਲ ਦਾ ਦੌਰਾ ਪਿਆ



ਬਠਿੰਡਾ-ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੂੰ ਦਿਲ ਦਾ ਦੌਰਾ ਪਿਆ ਹੈ। ਉਨ੍ਹਾਂ ਨੂੰ ਬਠਿੰਡਾ ਦੇ ਜਿੰਦਲ ਹਾਰਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਦੇ ਦੋ ਸਟੰਟ ਪਾਏ ਗਏ ਹਨ।


## ਨਾਨਕਸ਼ਾਹੀ ਨਵਾਂ ਸਾਲ 1 ਚੇਤ, 14 ਮਾਰਚ ਨੂੰ ਅਰੰਭ

# ਨਾਨਕਸ਼ਾਹੀ ਨਵੇਂ ਸਾਲ ਦੀ ਆਮਦ 'ਤੇ ਖਾਲਸਾ ਪੰਥ ਨੂੰ ਲੱਖ ਲੱਖ ਵਧਾਈ

## ਨਾਨਕਸ਼ਾਹੀ 556 ਦੇ ਨਵੇਂ ਵਰ੍ਹੇ ਦੀ ਆਮਦ, 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ' ਦੀ ਪ੍ਰਤੀਕ ਹੈ

### ਨਾਨਕਸ਼ਾਹੀ ਸ਼ਬਦ ਸਿੱਖ ਕੌਮ ਦੀ ਅੱਡਰੀ ਤੇ ਵਿਲੱਖਣ ਕੌਮੀਅਤ ਦਾ ਪ੍ਰਗਟਾਵਾ ਕਰਦਾ ਹੈ

ਸਿੱਖ ਰਾਜ ਅਤੇ ਸਰਕਾਰ–ਏ–ਖ਼ਾਲਸਾ ਦੀ ਮੋਹਰ, ਦੇਗੋ ਤੇਗੋ ਫ਼ਤਿਹ ਨੁਸਰਤ ਬੇ–ਦਿਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ। ਇਹ ਮੋਹਰ ਉਸ ਵਕਤ ਤੋਂ ਵਰਤਮਾਨ ਤੱਕ ਖ਼ਾਲਸਾ ਪੰਥ ਦੇ ਹਰ ਹੁਕਮ 'ਤੇ ਲੱਗਦੀ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਇਸੇ ਮੋਹਰ ਨੂੰ ਹੀ ਸੁਤੰਤਰ ਸਿੱਖ ਰਾਸ਼ਟਰ ਦੀ ਮੋਹਰ ਮੰਨਿਆ ਹੈ। ਨਾਨਕ ਰਾਜ ਦੇ ਪ੍ਰਤੱਖ ਇਤਿਹਾਸਕ ਪ੍ਰਮਾਣ ਹਨ ਕਿ ਸਿੱਖਾਂ ਦੇ ਪਹਿਲੇ ਬਾਦਸ਼ਾਹ ਬੰਦਾ ਸਿੰਘ ਬਹਾਦਰ ਅਤੇ ਦੂਸਰੇ ਸਿੱਖ ਬਾਦਸ਼ਾਹ ਰਣਜੀਤ ਸਿੰਘ ਨੇ ਵੀ ਸਿੱਕਾ ਨਾਨਕ ਦੇ ਨਾਂਅ ਦਾ ਹੀ ਚਲਾਇਆ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਨਾ ਕੇਵਲ ਇਕ ਰਾਜਸੀ ਕੌਮ ਦੀ ਹੀ ਸਿਰਜਨਾ ਕੀਤੀ ਸਗੋਂ ਹਿੰਦ ਦੇ ਇਤਿਹਾਸ ਵਿੱਚ ਪਹਿਲੀ ਵਾਰ ਸ਼ਬਦ ਪੰਜਾਬ ਇਕ ਅੱਡਰੇ ਰਾਜਸੀ ਖੇਤਰ ਦੇ ਨਾਂ ਨਾਲ ਉਭਰਿਆ (ਇਸ ਕਰਕੇ ਸ਼ਾਹ ਮੁਹੰਮਦ ਨੇ ਕਿਹਾ ਸੀ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ) ਅਰਥਾਤ ਪੰਜਾਬ ਦੇਸ਼ ਹਿੰਦ ਨਾਲੋਂ ਅਲਗ ਅਜ਼ਾਦ ਦੇਸ਼ ਸੀ ਤੇ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅੱਜ ਵੀ ਹੇਠ ਲਿਖੇ ਅਨੁਸਾਰ ਹੈ: ਦੇਗੋ ਤੇਗੋ ਫ਼ਤਿਹ ਨੁਸਰਤ–ਬੇ–ਦਿਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ–ਸ੍ਰੀ ਅਕਾਲ ਜੀ ਸਹਾਇ, ਸ੍ਰੀ ਅਕਾਲ ਤਖ਼ਤ ਸਾਹਿਬ। ਉਕਤ ਦੋਵੇਂ ਸਰੋਕਾਰ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਅਤੇ ਖ਼ਾਲਸਾ ਰਾਜ ਸਥਾਪਤ ਕਰਨ ਲਈ ਮਾਰਗ ਦਰਸ਼ਨ ਹਨ। ਅੱਜ ਲੋੜ ਹੈ, ਸਿੱਖ ਪੰਥ ਦੀ ਵਿਲੱਖਣ ਹਸਤੀ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਸਾਰੇ ਗੁਰਦੁਆਰਾ ਸਾਹਿਬ ਅਤੇ ਪੰਥ ਵੱਲੋਂ ਅਪਣਾਇਆ ਜਾਵੇ।



**ਜਥੇਦਾਰ ਮਹਿੰਦਰ ਸਿੰਘ ਖਹਿਰਾ**

# ਪੰਜਾਬੀ ਭਾਈਚਾਰੇ ਦੀ ਅਣਥੱਕ ਸੇਵਾ ਕਰਨ ਵਾਲੇ ਮਾਸਟਰ ਸੰਤੋਖ ਸਿੰਘ ਨਿਜਰਾਂ ਅਕਾਲ ਚਲਾਣਾ ਕਰ ਗਏ


## ਅੰਤਿਮ ਸੰਸਕਾਰ 16 ਮਾਰਚ ਦਿਨ ਸ਼ਨਿੱਚਰਵਾਰ ਨੂੰ ਹੋਵੇਗਾ

***ਨੌਟਿੰਘਮ (ਪੰਜਾਬ ਟਾਈਮਜ਼) – ਇਥੇ ਲੰਮਾ ਸਮਾਂ ਰਹਿਣ ਵਾਲੇ ਸ: ਸੰਤੋਖ ਸਿੰਘ ਨਿਜਰਾਂ ਬੀਤੇ ਦਿਨੀਂ 8 ਮਾਰਚ 2024 ਨੂੰ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ। ਉਹ 87 ਸਾਲਾਂ ਦੇ ਸਨ ਤੇ ਆਪਣੇ ਪਿੱਛੇ ਤਿੰਨ ਪੁੱਤਰਾਂ ਤੇ ਦੋ ਧੀਆਂ ਦੇ ਹੱਸਦੇ-ਵਸਦੇ ਪਰਿਵਾਰ ਛੱਡ ਗਏ ਹਨ।***

ਪੰਜਾਬੀ ਭਾਈਚਾਰੇ ਲਈ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਕਿੱਤੇ ਵਜੋਂ ਉਹ ਇੱਕ ਅਧਿਆਪਕ ਸਨ, ਪੰਜਾਬ 'ਚ ਜਵਾਨ ਉਮਰ ਵਿੱਚ ਹੀ ਉਹ ਹੈਡਮਾਸਟਰ ਬਣ ਗਏ ਸਨ। ਚਾਰ ਕੁ ਸਾਲ ਇਹ ਸੇਵਾ ਕਰਨ ਉਪਰੰਤ 1968 ਵਿੱਚ ਵਾਊਚਰ ਸਕੀਮ ਅਧੀਨ ਅਧਿਆਪਕ ਵਜੋਂ ਇੰਗਲੈਂਡ ਆ ਗਏ। ਇਥੇ ਆ ਕੇ ਉਨ੍ਹਾਂ ਕੁਝ ਸਾਲ ਬ੍ਰਮਿੰਘਮ ਵਿੱਚ ਸਰਵਿਸ ਕੀਤੀ ਤੇ ਫਿਰ ਉਹ ਨੌਟਿੰਘਮ ਆ ਕੇ ਪੱਕੇ ਤੌਰ 'ਤੇ ਵਸ ਗਏ। ਇਥੇ ਉਨ੍ਹਾਂ ਫੌਰੈਸਟ ਫੀਲਡਜ਼ ਪ੍ਰਾਇਮਰੀ ਸਕੂਲ 'ਚ 29 ਸਾਲ ਅਧਿਆਪਕ ਵਜੋਂ ਸੇਵਾ ਕੀਤੀ। 'ਗੁਰੂ ਨਾਨਕ ਪੰਜਾਬੀ ਸਕੂਲ' ਦੇ ਮੁੱਖ ਅਧਿਆਪਕ ਵੀ ਰਹੇ ਜਿੱਥੇ ਕਿਸੇ ਸਮੇਂ 500 ਦੇ ਲੱਗਭੱਗ ਵਿਦਿਆਰਥੀ ਪੰਜਾਬੀ ਸਿੱਖਦੇ ਸਨ।

ਸ: ਸੰਤੋਖ ਸਿੰਘ ਨਿਜਰਾਂ ਗੁਰਦੁਆਰਾ 'ਗੁਰੂ ਨਾਨਕ ਸਤਿਸੰਗ' ਫੌਰੈਸਟ ਰੋਡ ਵੈਸਟ ਨੌਟਿੰਘਮ ਦੇ ਫਾਊਂਡਰ ਮੈਂਬਰ ਸਨ ਤੇ ਕਾਫ਼ੀ ਸਮਾਂ ਉਹ ਮੁੱਖ ਸੇਵਾਦਾਰ ਵੀ ਰਹੇ। ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਵੀ ਉਨ੍ਹਾਂ ਕਾਫ਼ੀ ਸਮਾਂ ਵੱਖ-ਵੱਖ ਸੇਵਾਵਾਂ ਨਿਭਾਈਆਂ। ਇਸ ਦੇ ਇਲਾਵਾ ਉਹ ਨੌਟਿੰਘਮ ਇੰਟਰਫੇਥ ਕੌਂਸਲ ਦੇ ਕਈ ਵਾਰ ਚੇਅਰਮੈਨ ਅਤੇ ਹੋਰ ਕਈ ਸਮਾਜਿਕ ਧਾਰਮਿਕ ਕਮੇਟੀਆਂ ਸਭਾ ਸੰਸਥਾਵਾਂ ਦੇ ਸਰਗਰਮ ਮੈਂਬਰ ਰਹੇ । ਉਹ ਅਣਥੱਕ ਸੇਵਾਦਾਰ ਸਨ, ਤੇ ਨਿਸ਼ਕਾਮ ਸੇਵਾ ਕਰਦਿਆਂ ਕਦੇ ਥਕੇਵਾਂ ਮਹਿਸੂਸ ਨਹੀਂ ਕਰਦੇ ਸਨ। ਬਹੁਤ ਸਾਰੇ ਨੌਜਵਾਨਾਂ ਨੂੰ ਪੰਜਾਬੀ ਅਧਿਆਪਕ ਬਣਨ ਲਈ ਪ੍ਰੇਰਿਆ। 1980 ਵਿੱਚ ਨੌਟਿੰਘਮ ਲਾਇਬ੍ਰੇਰੀ 'ਚ ਪੰਜਾਬੀ ਸੈਕਸ਼ਨ ਸਥਾਪਤ ਕਰਵਾਇਆ। ਉਹਨਾਂ ਨੂੰ ਬਰਤਾਨੀਆ ਦੀ ਮਹਾਰਾਣੀ ਵੱਲੋਂ ਕਈ ਵਾਰ ਸੱਦਾ ਭੇਜਿਆ ਗਿਆ ਅਤੇ ਐਮ ਬੀ ਈ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ।

ਸ: ਸੰਤੋਖ ਸਿੰਘ ਨੂੰ ਭਾਈਚਾਰੇ ਦੀਆਂ ਸੇਵਾਵਾਂ ਲਈ ਬਹੁਤ ਸਾਰੇ ਮੌਕਿਆਂ ਤੇ ਐਵਾਰਡਾਂ ਲਈ ਨਾਮਜ਼ਦ ਕੀਤਾ ਗਿਆ ਸੀ। ਇਸ ਦੇ ਇਲਾਵਾ ਉਹਨਾਂ ਨੂੰ 2000 ਵਿੱਚ ਸਿਟੀਜ਼ਨ ਆਫ਼ ਆਨਰ ਐਵਾਰਡ ਨੌਟਿੰਘਮ ਸਿਟੀ ਕੌਂਸਲ, ਅਤੇ ਬੁਕਿੰਘਮ ਪੈਲਿਸ ਵਿਖੇ ਐਜੂਕੇਸ਼ਨਲ ਅਚੀਵਮੈਂਟ ਇਨ ਸਕੂਲ, 2000 ਵਿੱਚ ਹੀ ਨਿਊ ਕਾਲਜ ਨੌਟਿੰਘਮ ਵੱਲੋਂ 30 ਸਾਲ ਸੇਵਾ ਕਰਨ ਲਈ, 2002 ਵਿੱਚ ਭਾਈਚਾਰੇ ਦੀ ਸੇਵਾ ਲਈ ਵਿੰਡਰੱਸ਼ ਐਵਾਰਡ, 2007 ਵਿੱਚ ਪੰਜਾਬੀਜ਼ ਇੰਨ ਬ੍ਰਿਟੇਨ ਆਲ ਪਾਰਟੀ ਗਰੁੱਪ, ਕਲਚਰਲ ਐਵਾਰਡ ਪਾਰਲੀਮੈਂਟ ਵਿਖੇ ਪ੍ਰਦਾਨ ਕੀਤਾ ਗਿਆ। ਨੌਟਿੰਘਮ ਵਾਸੀਆਂ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਲਈ ਸਦਾ ਯਾਦ ਰੱਖਿਆ ਜਾਵੇਗਾ। ਪੰਜਾਬ ਟਾਈਮਜ਼ ਦੇ ਸੇਵਾਦਾਰ ਰਾਜਿੰਦਰ ਸਿੰਘ ਪੁਰੇਵਾਲ ਅਤੇ ਹਰਜਿੰਦਰ ਸਿੰਘ ਮੰਡੇਰ ਵੱਲੋਂ ਸ: ਸੰਤੋਖ ਸਿੰਘ ਦੇ ਅਕਾਲ ਚਲਾਣੇ ਤੇ ਨਿਜਰਾਂ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਅਰਦਾਸ ਕੀਤੀ ਕਿ ਵਾਹਿਗੁਰੂ ਉਹਨਾਂ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।



ਸੰਤੋਖ ਸਿੰਘ ਨਿਜਰਾਂ

## ਢੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




## ਬੰਦੀ ਸਿੰਘਾਂ ਦੀ ਰਿਹਾਈ ਲਈ ਸਮੁੱਚੀ ਕੌਮ ਨੂੰ ਸੁਹਿਰਦਤਾ ਦੀ ਲੋੜ –ਸਿੱਖ ਜਥੇਬੰਦੀਆਂ ਯੂ,ਕੇ



ਲੰਡਨ- ਲੰਬੇ ਅਰਸੇ ਤੋਂ ਜੇਹਲਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਵੱਖ ਵੱਖ ਸਿੱਖ ਸੰਸਥਾਵਾਂ ਵਲੋਂ ਯਤਨ ਅਰੰਭੇ ਜਾ ਰਹੇ ਹਨ। ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਜਿਸ ਵਿੱਚ ਸਮੁੱਚੀ ਸਿੱਖ ਕੌਮ ਨੂੰ ਜਥੇਬੰਦਕ ਹੱਦਾਂ ਤੋਂ ਉਪਰ ਉੱਠ ਕੇ ਇਕ ਵੱਡੀ ਲਹਿਰ ਬਣਾਉਣ ਲਈ ਸਾਥ ਦੇਣ ਦੀ ਲੋੜ ਹੈ।

ਯੂਨਾਈਟਿਡ ਖਾਲਸਾ ਦਲ ਯੂ,ਕੇ ਅਤੇ ਬੱਬਰ ਅਕਾਲੀ ਆਰਗੇਨਾਈਜੇਸ਼ਨ ਯੂ, ਕੇ ਵਲੋਂ ਸਿੱਖ ਜਥੇਬੰਦੀਆਂ ਦੇ ਇਸ ਕਾਰਜ ਦਾ ਹਾਰਦਿਕ ਸਮਰਥਨ ਕੀਤਾ ਗਿਆ ਹੈ। ਭਾਈ ਨਿਰਮਲ ਸਿੰਘ ਸਿੰਘ ਸੰਧੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਜਥੇਦਾਰ ਜੋਗਾ ਸਿੰਘ ਵਲੋਂ ਜੇਹਲਾਂ ਵਿੱਚ ਬੰਦ ਸਿੰਘਾਂ ਦੀ ਕੁਰਬਾਨੀ ਨੂੰ ਸਿੱਜਦਾ ਕਰਦਿਆਂ ਆਖਿਆ ਗਿਆ ਕਿ ਉਹਨਾਂ ਨੇ ਆਪਣੀ ਚੜਦੀ ਜਵਾਨੀ ਅਤੇ ਜਵਾਨੀ ਦੀ ਸਿਖਰ ਦੁਪਿਹਰ ਸਿੱਖ ਕੋਮ ਨੂੰ ਅਜਾਦ ਕਰਵਾਉਣ ਲਈ ਵਾਰ ਦਿੱਤੀ। ਸਿੱਖ ਕੌਮ ਦੇ ਹੱਕਾਂ, ਹਿੱਤਾਂ ਅਤੇ ਕੌਮੀ ਆਜਾਦੀ ਲਈ ਸੰਘਰਸ਼ ਕਰਨ ਵਾਲੇ ਜੁਝਾਰੂ ਸਿੱਖ ਕੌਮ ਦਾ ਮਾਣ ਹਨ । ਸਾਡੇ ਇਹਨਾਂ ਸਤਿਕਾਰਯੋਗ ਕੌਮੀ ਨਾਇਕਾਂ ਨੇ ਢਾਈ ਢਾਈ ਦਹਾਕਿਆਂ ਤੋਂ ਵੱਧ ਸਮਾਂ ਜੇਲਾਂ ਵਿੱਚ ਗੁਜ਼ਾਰ ਦਿੱਤਾ ਹੈ। ਇਸੇ ਤਰਾਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੱਖ ਨੌਜਵਾਨਾਂ ਦੀਆਂ ਗਿਰਫਤਾਰੀਆਂ ਨੂੰ ਇੱਕ ਸਾਲ ਪੂਰਾ ਹੋਣ ਜਾ ਰਿਹਾ ਹੈ। ਜਿਕਰਯੋਗ ਹੈ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸੰਘਰਸ਼ ਦੌਰਾਨ ਜਿਥੇ ਅਣਗਿਣਤ ਸਿੰਘ ਸਿੱਖ ਕੌਮ ਨੂੰ ਅਜਾਦ ਕਰਵਾਉਣ ਲਈ ਜੂਝਦੇ ਹੋਏ ਸ਼ਹੀਦ ਹੋ ਗਏ ਹਨ ਉਥੇ ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਉਰਾ ਸਮੇਤ ਕਈ ਅਜਿਹੇ ਬੰਦੀ ਸਿੰਘ ਹਨ ਜਿਹਨਾਂ ਨੂੰ ਪੈਰੋਲ ਵੀ ਨਹੀ ਦਿੱਤੀ ਜਾ ਰਹੀ ਜੋ ਕਿ ਜੇਲ੍ਹ ਨਿਯਮਾਂ ਅਨੁਸਾਰ ਹਰੇਕ ਉਮਰ ਕੈਦੀ ਦਾ ਹੱਕ ਹੋਇਆ ਕਰਦਾ ਹੈ। ਸਿੱਖ ਜਥੇਬੰਦੀਆਂ ਵਲੋਂ ਆਖਿਆ ਗਿਆ ਕਿ ਸਿੱਖ ਸੰਘਰਸ਼ ਦੌਰਾਨ ਜੂਝ ਕੇ ਸ਼ਹੀਦ ਹੋਏ ਅਤੇ ਜੇਹਲਾਂ ਵਿੱਚ ਬੰਦ ਸਿੰਘਾਂ ਨੂੰ ਕੌਮ ਨੂੰ ਸਦਾ ਫਖਰ ਰਹੇਗਾ । ਪੰਜਾਬ ਵਿੱਚ ਵਿਆਹ ਕਰਵਾਉਣ ਗਏ ਬ੍ਰਿਟਿਸ਼ ਨਾਗਰਿਕ ਭਾਈ ਜਗਤਾਰ ਸਿੰਘ ਜੱਗੀ ਜੌਹਲ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਹੋਇਆ ਹੈ ਅਤੇ ਪਿਛਲੇ 6 ਸਾਲ ਤੋਂ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਹੈ। ਭਾਈ ਰਮਨਦੀਪ ਸਿੰਘ ਬੱਗਾ, ਭਾਈ ਧਰਮਿੰਦਰ ਸਿੰਘ, ਭਾਈ ਹਰਦੀਪ ਸਿੰਘ ਸ਼ੇਰਾ ਦਿੱਲੀ ਦੀਆਂ ਜੇਲਾਂ ਵਿੱਚ ਬੰਦ ਹਨ । ਸਿੱਖ ਜਥੇਬੰਦੀਆਂ ਨੇ ਕੌਮ ਨੂੰ ਹਲੂਣਾ ਦਿੰਦਿਆਂ ਆਖਿਆ ਕਿ ਅਗਰ ਕਿਸੇ ਦਾ ਪੁੱਤਰ, ਪਤੀ, ਬਾਪ ਜਾਂ ਭਰਾ ਚਾਰ ਦਿਨ ਘਰ ਨਾ ਆਵੇ ਤਾਂ ਕੀ ਹਾਲ ਹੁੰਦਾ ਹੈ ਜਦਕਿ ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜਗਤਾਰ ਤਾਰਾ, ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਬਲਵੰਤ ਸਿੰਘ ਵਰਗੇ ਸਿੰਘਾਂ ਨੂੰ ਜੇਲ੍ਹਾਂ ਵਿੱਚ ਤੀਹ ਤੀਹ ਸਾਲ ਦਾ ਸਮਾਂ ਹੋਣ ਜਾ ਰਿਹਾ ਹੈ ਪਰ ਫੇਰ ਵੀ ਭਾਰਤ ਸਰਕਾਰ ਉਹਨਾਂ ਨੂੰ ਰਿਹਾਅ ਕਰਨ ਦੀ ਫਿਰਾਕ ਵਿੱਚ ਨਹੀਂ ਹੈ। ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਚੰਡੀਗੜ੍ਹ ਦੀਆਂ ਬਰੂਹਾਂ ਤੇ ਇੱਕ ਸਾਲ ਤੋਂ ਧਰਨਾ ਲੱਗਾ ਹੋਇਆ ਹੈ ਅਤੇ ਇਸੇ ਤਰਾਂ ਹੀ ਅੰਮ੍ਰਿਤਸਰ ਸਾਹਿਬ ਵਿਖੇ ਡਿੱਬਰੂਗੜ ਜੇਲ੍ਹ ਵਿੱਚ ਬੰਦ ਸਿੰਘਾਂ ਵਾਸਤੇ ਉਹਨਾਂ ਦੇ ਪਰਿਵਾਰਾਂ ਵਲੋਂ ਧਰਨਾ ਜਾਰੀ ਹੈ । ਪਰ ਸਰਕਾਰ ਦੇ ਕੰਨਾਂ ਤੇ ਜੂੰਅ ਨਹੀਂ ਸਰਕ ਰਹੀ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਨੌਟਿੰਘਮ ਵਾਸੀ ਹਰਮਨ ਪਿਆਰੇ ਤੇ ਬਹੁਤ ਹੀ ਦਿਲਅਜੀਜ਼ ਮਾਸਟਰ ਸੰਤੋਖ ਸਿੰਘ ਜੀ ਨਿਜਰਾਂ

# ਅਕਾਲ ਚਲਾਣਾ ਕਰ ਗਏ

## ਅੰਤਿਮ ਸੰਸਕਾਰ ਦਿਨ ਸ਼ਨਿੱਚਰਵਾਰ 16 ਮਾਰਚ 2024 ਨੂੰ ਹੋਵੇਗਾ

**ਅੰਤਿਮ ਯਾਤਰਾ – ਅੰਤਿਮ ਦਰਸ਼ਨ**

### ਮਾਸਟਰ ਸੰਤੋਖ ਸਿੰਘ ਨਿਜਰਾਂ

24 ਮਈ 1936 - 8 ਮਾਰਚ 2024

**ਅੰਤਮ ਸੰਸਕਾਰ**
ਸ਼ਨੀਵਾਰ 16 ਮਾਰਚ 2024

ਅੰਤਮ ਦਰਸ਼ਨ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਵੇਰੇ 10.00 ਵਜੇ
26 NOTTINGHAM ROAD, NEW BASFORD, NG7 7AE

ਅੰਤਮ ਸੰਸਕਾਰ
GEDLING CREMATORIUM ਵਿਖੇ ਦੁਪਹਿਰ 12 ਵਜੇ
CATFOOT LANE, LAMBLEY, NOTTINGHAM, NG4 4QH

ਲੰਗਰ, ਕੀਰਤਨ, ਸਹਿਜ ਪਾਠ ਭੋਗ ਅਤੇ ਅੰਤਿਮ ਅਰਦਾਸ
SRI GURU SINGH SABHA GURDWARA AT 1.30 PM
26 NOTTINGHAM ROAD, NEW BASFORD, NG7 7AE

ਬੇਨਤੀ ਕਰਤਾ
ਸਮੂਹ ਨਿਜਰਾਂ ਪਰਿਵਾਰ



ਸਵਰਗੀ ਸੰਤੋਖ ਸਿੰਘ ਨਿਜਰਾਂ

Celebrating the life of

### Master Santokh Singh Nijran

24 May 1936 - 8 March 2024

SATURDAY 16TH MARCH 2024

ANTIM DARSHAN
SRI GURU SINGH SABHA GURDWARA AT 10.00 AM
26 NOTTINGHAM ROAD, NEW BASFORD, NG7 7AE

FUNERAL SERVICE
GEDLING CREMATORIUM AT 12.00 PM
CATFOOT LANE, LAMBLEY, NOTTINGHAM, NG4 4QH

LANGAR, KIRTAN, SEHAJ PATH BHOG & ANTIM ARDAS
SRI GURU SINGH SABHA GURDWARA AT 1.30 PM
26 NOTTINGHAM ROAD, NEW BASFORD, NG7 7AE

With love from
the Nijran Family

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਆਪ ਸਭ ਨੂੰ ਭਰੇ ਮਨ ਨਾਲ ਇਹ ਖ਼ਬਰ ਦਿੱਤੀ ਜਾਂਦੀ ਹੈ ਕਿ ਸਾਡੇ ਸਤਿਕਾਰਯੋਗ ਪਿਤਾ ਜੀ, ਸ: ਸੰਤੋਖ ਸਿੰਘ ਨਿਜਰਾਂ ਬੀਤੇ ਦਿਨੀਂ 8 ਮਾਰਚ 2024 ਨੂੰ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ। ਉਹ ਲੱਗਭੱਗ 87 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਤਿੰਨ ਪੁੱਤਰਾਂ ਅਤੇ ਦੋ ਧੀਆਂ ਦੇ ਵਸਦੇ-ਰਸਦੇ ਪਰਿਵਾਰ ਛੱਡ ਗਏ ਹਨ।

ਪੰਜਾਬੀ ਭਾਈਚਾਰੇ ਲਈ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਕਿੱਤੇ ਵਜੋਂ ਉਹ ਇੱਕ ਅਧਿਆਪਕ ਸਨ, ਪੰਜਾਬ ਵਿੱਚ ਬਹੁਤ ਜਵਾਨ ਉਮਰ ਵਿੱਚ ਉਹ ਹੈਡਮਾਸਟਰ ਬਣ ਗਏ ਸਨ। ਚਾਰ ਕੁ ਸਾਲ ਇਹ ਸੇਵਾ ਕਰਨ ਉਪਰੰਤ 1968 ਵਿੱਚ ਉਹ ਵਾਊਚਰ ਸਕੀਮ ਤੇ ਇੱਕ ਅਧਿਆਪਕ ਵਜੋਂ ਇੰਗਲੈਂਡ ਆ ਗਏ। ਇਥੇ ਆਉਣ ਉਪਰੰਤ ਉਨ੍ਹਾਂ ਨੇ ਪਹਿਲਾਂ ਕੁਝ ਸਾਲ ਬ੍ਰਮਿੰਘਮ ਵਿੱਚ ਸਰਵਿਸ ਕੀਤੀ ਅਤੇ ਫਿਰ ਉਹ ਨੌਟਿੰਘਮ ਆ ਕੇ ਪੱਕੇ ਤੌਰ 'ਤੇ ਵਸ ਗਏ। ਨੌਟਿੰਘਮ ਵਿਖੇ ਉਹਨਾਂ ਫੌਰੈਸਟ ਫੀਲਡਜ਼ ਪ੍ਰਾਇਮਰੀ ਸਕੂਲ ਵਿੱਚ 29 ਸਾਲ ਅਧਿਆਪਕ ਵਜੋਂ ਸੇਵਾ ਕੀਤੀ। ਉਹ 1968 ਵਿੱਚ ਸਥਾਪਿਤ ਹੋਏ 'ਗੁਰੂ ਨਾਨਕ ਪੰਜਾਬੀ ਸਕੂਲ' ਦੇ ਮੁੱਖ ਅਧਿਆਪਕ ਵੀ ਰਹੇ ਜਿੱਥੇ ਕਿਸੇ ਸਮੇਂ 500 ਦੇ ਲੱਗਭੱਗ ਪੰਜਾਬੀ ਸਿੱਖਣ ਵਾਲੇ ਵਿਦਿਆਰਥੀ ਪੜ੍ਹਦੇ ਸਨ। ਇਸ ਸਕੂਲ ਵਿੱਚ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੇ ਨਾਲ ਨਾਲ ਅੰਗਰੇਜ਼ੀ, ਹਿਸਾਬ, ਕੰਪਿਊਟਿੰਗ ਤੇ ਸਟੱਡੀ ਸਕਿੱਲਜ਼ ਬਾਰੇ ਵੀ ਸਿੱਖਿਆ ਦਿੱਤੀ ਜਾਂਦੀ ਸੀ।

ਸ: ਸੰਤੋਖ ਸਿੰਘ ਗੁਰਦੁਆਰਾ 'ਗੁਰੂ ਨਾਨਕ ਸਤਿਸੰਗ' ਫੌਰੈਸਟ ਰੋਡ ਵੈਸਟ ਨੌਟਿੰਘਮ ਦੇ ਫਾਊਂਡਰ ਮੈਂਬਰ ਸਨ ਤੇ ਕਾਫ਼ੀ ਸਮਾਂ ਉਹ ਮੁੱਖ ਸੇਵਾਦਾਰ ਵੀ ਰਹੇ। ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਵੀ ਉਹਨਾਂ ਕਾਫ਼ੀ ਸਮਾਂ ਵੱਖ ਵੱਖ ਸੇਵਾਵਾਂ ਨਿਭਾਈਆਂ। ਇਸ ਦੇ ਇਲਾਵਾ ਨੌਟਿੰਘਮ ਇੰਟਰਫੇਥ ਕੌਂਸਲ ਦੇ ਵੀ ਕਈ ਵਾਰ ਚੇਅਰਮੈਨ ਰਹੇ। ਉਹਨਾਂ ਹੋਰ ਵੀ ਬਹੁਤ ਸਾਰੀਆਂ ਕਮੇਟੀਆਂ ਸੰਸਥਾਵਾਂ ਦੇ ਸਰਗਰਮ ਮੈਂਬਰ ਵਜੋਂ ਸੇਵਾਵਾਂ ਨਿਭਾਈਆਂ। ਉਹਨਾਂ ਨੇ ਸਾਰੇ ਭਾਈਚਾਰੇ ਦੀ ਉਮਰ ਭਰ ਬਹੁਤ ਹੀ ਸਮਰਪਿਤ ਭਾਵਨਾ ਨਾਲ ਸੇਵਾ ਕੀਤੀ। ਉਹ ਅਣਥੱਕ ਸੇਵਾਦਾਰ ਸਨ, ਰੋਜ਼ਾਨਾ ਹੀ ਕਿਸੇ ਨਾ ਕਿਸੇ ਸਬੰਧ ਵਿੱਚ ਉਹ ਮੀਟਿੰਗਾਂ ਵਿੱਚ ਰੁੱਝੇ ਹੋਣ ਦੇ ਬਾਵਜੂਦ ਕਦੇ ਥਕੇਵਾਂ ਨਹੀਂ ਮਹਿਸੂਸ ਕਰਦੇ ਸਨ। ਉਹਨਾਂ ਨੇ ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਨੂੰ ਪੰਜਾਬੀ ਅਧਿਆਪਕ ਬਣ ਕੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਪ੍ਰੇਰਿਆ। ਉਹਨਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਵਾਸਤੇ ਵੀ ਕਾਫ਼ੀ ਚੈਰਿਟੀ ਸੇਵਾਵਾਂ ਪ੍ਰਦਾਨ ਕੀਤੀਆਂ। ਨੌਟਿੰਘਮ ਵਿਖੇ ਉਹਨਾਂ 1980 ਵਿੱਚ ਸ: ਰ. ਸਿੰਘ ਜੱਬਲ ਦੇ ਸਹਿਯੋਗ ਨਾਲ ਮੇਨ ਲਾਇਬ੍ਰੇਰੀ ਵਿੱਚ ਪੰਜਾਬੀ ਸੈਕਸ਼ਨ ਸਥਾਪਤ ਕਰਵਾਇਆ ਤੇ ਕਾਫ਼ੀ ਸਾਰੀਆਂ ਕਿਤਾਬਾਂ ਲਾਇਬ੍ਰੇਰੀ ਲਈ ਭੇਟ ਕੀਤੀਆਂ।

ਉਹਨਾਂ ਨੂੰ ਬਰਤਾਨੀਆ ਦੀ ਮਹਾਰਾਣੀ ਵੱਲੋਂ ਕਈ ਵਾਰ ਖਾਸ-ਖਾਸ ਮੌਕਿਆਂ 'ਤੇ ਪਾਰਟੀਆਂ ਵਿੱਚ ਸ਼ਾਮਿਲ ਹੋਣ ਲਈ ਸੱਦਾ ਭੇਜਿਆ ਗਿਆ ਅਤੇ ਐਮ ਬੀ ਈ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ। ਸ: ਸੰਤੋਖ ਸਿੰਘ ਨੂੰ ਭਾਈਚਾਰੇ ਦੀਆਂ ਵੱਖ-ਵੱਖ ਸੇਵਾਵਾਂ ਲਈ ਬਹੁਤ ਸਾਰੇ ਮੌਕਿਆਂ ਤੇ ਐਵਾਰਡਾਂ ਲਈ ਨਾਮਜ਼ਦ ਕੀਤਾ ਗਿਆ ਸੀ। ਇਸ ਦੇ ਇਲਾਵਾ ਉਹਨਾਂ ਨੂੰ 2000 ਵਿੱਚ ਸਿਟੀਜ਼ਨ ਆਫ਼ ਆਨਰ ਐਵਾਰਡ ਨੌਟਿੰਘਮ ਸਿਟੀ ਕੌਂਸਲ ਅਤੇ ਬੁਕਿੰਘਮ ਪੈਲਿਸ ਵਿਖੇ ਐਜੂਕੇਸ਼ਨਲ ਅਚੀਵਮੈਂਟ ਇਨ ਸਕੂਲ, 2000 ਵਿੱਚ ਹੀ ਨਿਊ ਕਾਲਜ ਨੌਟਿੰਘਮ ਵੱਲੋਂ 30 ਸਾਲ ਸੇਵਾ ਕਰਨ ਲਈ, 2002 ਵਿੱਚ ਭਾਈਚਾਰੇ ਦੀ ਸੇਵਾ ਲਈ ਵਿੰਡਰੱਸ਼ ਐਵਾਰਡ, 2007 ਵਿੱਚ ਪੰਜਾਬੀਜ਼ ਇੰਨ ਬ੍ਰਿਟੇਨ ਆਲ ਪਾਰਟੀ ਗਰੁੱਪ, ਕਲਚਰਲ ਐਵਾਰਡ ਪਾਰਲੀਮੈਂਟ ਵਿਖੇ ਪ੍ਰਦਾਨ ਕੀਤਾ ਗਿਆ।

ਆਪਣੇ ਸਤਿਕਾਰਯੋਗ ਪਿਤਾ ਜੀ ਨੂੰ ਪਰਿਵਾਰ ਵੱਲੋਂ ਸਦਾ ਲਈ ਯਾਦ ਕੀਤਾ ਜਾਵੇਗਾ। ਗੁਰੂ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਸਾਨੂੰ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਿਸ਼ ਕਰਨ।











## ਦੁਖੀ ਹਿਰਦੇ – ਨਿੱਜਰਾਂ ਪਰਿਵਾਰ, ਰਿਸ਼ਤੇਦਾਰ ਅਤੇ ਸੰਗੀ ਸਾਥੀ

ਹੋਰ ਜਾਣਕਾਰੀ ਲਈ: ਸਪੁੱਤਰ, ਭਾਈ ਗੁਰਸ਼ਰਨ ਸਿੰਘ - 07973 824413, ਭਾਈ ਦਲਜੀਤ ਸਿੰਘ - 07917 702030, ਭਾਈ ਮਨਿੰਦਰ ਸਿੰਘ - 07810 815079

# ਯੂ ਕੇ ਅਤੇ ਭਾਰਤ ਵਿਚਕਾਰ ਮੁਕਤ ਵਪਾਰ ਸਮਝੌਤੇ ਲਈ ਯੂ ਕੇ ਦੇ ਵਾਰਤਾਕਾਰ ਭਾਰਤ 'ਚ ਕਰ ਰਹੇ ਹਨ ਆਖਰੀ ਕੋਸ਼ਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਵਾਰਤਾਕਾਰ ਯੂ ਕੇ ਅਤੇ ਭਾਰਤ ਵਿਚਕਾਰ ਮੁਕਤ ਵਪਾਰਕ ਸਮਝੌਤੇ ਨੂੰ ਹਾਸਲ ਕਰਨ ਦੀ ਇੱਕ ਆਖਰੀ ਕੋਸ਼ਿਸ਼ ਵਿੱਚ ਭਾਰਤ ਗਏ ਹਨ। ਕਿਹਾ ਜਾ ਰਿਹਾ ਹੈ ਕਿ ਨਰਿੰਦਰ ਮੋਦੀ ਪ੍ਰਸ਼ਾਸਨ ਯੂ ਕੇ ਦੀਆਂ ਆ ਰਹੀਆਂ ਚੋਣਾਂ ਵਿੱਚ ਲੇਬਰ ਸਰਕਾਰ ਨੂੰ ਰੋਕਣ ਦਾ ਇਰਾਦਾ ਰੱਖਦਾ ਹੈ।

ਇੱਕ ਸੀਨੀਅਰ ਸਿਵਲ ਅਧਿਕਾਰੀ ਦੀ ਅਗਵਾਈ ਵਿੱਚ ਗੱਲਬਾਤ ਕਰਨ ਵਾਲਿਆਂ ਦੀ ਇੱਕ ਟੀਮ ਸੋਮਵਾਰ ਨੂੰ ਵਸਤੂਆਂ ਅਤੇ ਸੇਵਾਵਾਂ ਦੇ ਮੁੱਦੇ ਨੂੰ ਸੁਲਝਾਉਣ ਲਈ ਭਾਰਤ ਗਈ ਹੈ, ਤਾਂ ਜੋ ਗੱਲਬਾਤ ਵਿੱਚ ਸਭ ਤੋਂ ਗੰਭੀਰ ਮੁੱਦਿਆਂ ਵਿੱਚੋਂ ਇੱਕ ਨੂੰ ਸੁਲਝਾਉਣ ਲਈ ਗੱਲ ਅੱਗੇ ਤੋਰੀ ਜਾ ਸਕੇ।

ਬੌਰਿਸ ਜੌਹਨਸਨ ਅਤੇ ਲਿਜ਼ ਟਰਸ ਨੇ ਵੀ 1.4 ਅਰਬ ਲੋਕਾਂ ਦੀ ਉੱਭਰਦੀ ਅਰਥਵਿਵਸਥਾ, ਭਾਰਤ ਨਾਲ ਮਲਟੀਬਿਲੀਅਨ ਪੌਂਡ ਮੁਕਤ ਵਪਾਰ ਸਮਝੌਤਾ ਐਫ ਟੀ ਏ) ਸੁਰੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਯੂ ਕੇ ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਬਰਤਾਨਵੀ ਪ੍ਰਤੀਨਿਧੀ ਮੰਡਲ "ਭਾਰਤੀ ਚੋਣਾਂ ਤੋਂ ਇੱਕ ਐਫ ਟੀ ਏ ਹਾਸਲ ਕਰਨ ਦੀ ਆਖਰੀ ਕੋਸ਼ਿਸ਼" ਕਰ ਰਿਹਾ ਹੈ।



ਉਨ੍ਹਾਂ ਕਿਹਾ ਕਿ ਯੂ ਕੇ ਦੇ ਵਾਰਤਾਕਾਰ ਭਾਰਤ ਦੀ ਵੱਧ ਵਰਕ ਵੀਜ਼ਾ ਅਤੇ ਸਮਾਜਿਕ ਸੁਰੱਖਿਆ ਦੀ ਮੰਗ ਨੂੰ ਲੈ ਕੇ ਵਪਾਰ ਮੰਤਰੀ ਪੀਯੂਸ਼ ਗੋਇਲ ਨਾਲ ਮੁਲਾਕਾਤ ਕਰ ਰਹੇ ਹਨ।

ਸ਼ੈਡੋ ਕਾਰੋਬਾਰੀ ਸਕੱਤਰ, ਜੋਨਾਥਨ ਰੇਨੋਲਡਜ਼ ਨੇ ਪਿਛਲੇ ਮਹੀਨੇ ਦਿੱਲੀ ਦੀ ਯਾਤਰਾ ਦੌਰਾਨ ਗੋਇਲ ਨਾਲ ਮੁਲਾਕਾਤ ਕੀਤੀ ਸੀ। ਇਸ ਫੇਰੀ ਤੋਂ ਚਿੰਤਤ ਲੋਕਾਂ ਦਾ ਮੰਨਣਾਂ ਹੈ ਕਿ ਭਾਰਤ ਸਰਕਾਰ ਅਗਲੀਆਂ ਯੂ ਕੇ ਚੋਣਾਂ ਤੋਂ ਬਾਅਦ ਸੰਭਾਵੀ ਕੀਰ ਸਟਾਰਮਰ ਦੀ ਸਰਕਾਰ ਤੋਂ ਵਧੀਆ ਸੌਦਾ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੀ ਹੈ, ਜਿਸ ਕਰਕੇ ਹੁਣ ਵਪਾਰ ਸਮਝੌਤੇ ਨੂੰ ਟਾਲਿਆ ਜਾ ਸਕਦਾ ਹੈ।

ਵੀਜ਼ਾ ਅਤੇ ਸਮਾਜਿਕ ਸੁਰੱਖਿਆ ਪ੍ਰਸਤਾਵਿਤ ਸੌਦੇ ਦੇ ਸਭ ਤੋਂ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਹਿੱਸੇ ਹਨ। ਭਾਰਤ ਭਾਰਤੀ ਕਾਮਿਆਂ ਲਈ ਹੋਰ ਵੀਜ਼ਾ ਸੁਰੱਖਿਅਤ ਕਰਨਾ ਚਾਹੁੰਦਾ ਹੈ ਅਤੇ ਯੂ ਕੇ ਵਿੱਚ ਕੰਮ ਕਰਦੇ ਸਮੇਂ ਉਹਨਾਂ ਦੁਆਰਾ ਕੀਤੇ ਜਾਂਦੇ ਸਮਾਜਿਕ ਸੁਰੱਖਿਆ ਭੁਗਤਾਨਾਂ ਨੂੰ ਵਾਪਸ ਲੈਣ ਲਈ ਇੱਕ ਸਮਝੌਤਾ ਕਰਨਾ ਚਾਹੁੰਦਾ ਹੈ। ਜਦ ਕਿ ਰਿਸ਼ੀ ਸੁਨਕ ਲਈ ਇਹ ਮੁਸ਼ਕਲ ਹੈ, ਕਿਉਂਕਿ ਕੰਜ਼ਰਵੇਟਿਵ ਸੰਸਦ ਮੈਂਬਰ ਯੂ ਕੇ ਵਿੱਚ ਸ਼ੁੱਧ ਪਰਵਾਸ ਬਾਰੇ ਡੂੰਘੀ ਚਿੰਤਾ ਕਰਦੇ ਹਨ, ਜੋ 2022 ਵਿੱਚ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ ਸੀ।

ਯੂਕੇ-ਭਾਰਤ ਵਾਰਤਾ ਹਫ਼ਤਿਆਂ ਤੋਂ ਅੰਤਿਮ ਪੜਾਅ 'ਤੇ ਹੈ, ਅਤੇ ਦੋਵੇਂ ਧਿਰਾਂ ਹੁਣ ਨਿੱਜੀ ਤੌਰ 'ਤੇ ਚੇਤਾਵਨੀ ਦੇ ਰਹੀਆਂ ਹਨ ਕਿ ਭਾਰਤ ਦੀ ਆਮ ਚੋਣ ਮੁਹਿੰਮ ਸ਼ੁਰੂ ਹੋਣ ਤੋਂ ਪਹਿਲਾਂ ਵਾਰਤਾ ਨੂੰ ਸਿਰੇ ਲਾਉਣ ਲਈ ਸਮਾਂ ਤੇਜ਼ੀ ਨਾਲ ਖਤਮ ਹੋ ਰਿਹਾ ਹੈ। ਵਪਾਰ ਅਤੇ ਕਾਰੋਬਾਰੀ ਵਿਭਾਗ ਨੇ ਕਿਹਾ ਕਿ ਬਰਤਾਨਵੀ ਲੋਕਾਂ ਅਤੇ ਆਰਥਿਕਤਾ ਦੇ ਭਲੇ ਲਈ ਸੰਤੁਲਤ ਸਮਝੌਤੇ ਦੀ ਕੋਸ਼ਿਸ਼ ਕਰ ਰਹੇ ਹਾਂ। ਦੂਜੇ ਪਾਸੇ ਲੇਬਰ ਦੇ ਬੁਲਾਰੇ ਨੇ ਕਿਹਾ: "ਲੇਬਰ ਪਾਰਟੀ ਅਤੇ ਭਾਰਤ ਸਰਕਾਰ ਵਿਚਕਾਰ ਉਕਤ ਮਾਮਲੇ ਸਬੰਧੀ ਕੋਈ ਗੱਲਬਾਤ ਨਹੀਂ ਹੋਈ ਹੈ। ਜੇਕਰ ਯੂਕੇ ਸਰਕਾਰ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਉਹ ਜ਼ਿੰਮੇਵਾਰ ਹਨ। ਲੇਬਰ ਹਮੇਸ਼ਾ ਦੋਵਾਂ ਮਹਾਨ ਦੇਸ਼ਾਂ ਵਿਚਕਾਰ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਚਾਹਵਾਨ ਹੈ।

# ਬਕਿੰਘਮ ਪੈਲੇਸ ਦੇ ਗੇਟ 'ਤੇ ਕਾਰ ਨਾਲ ਟੱਕਰ ਮਾਰਨ ਵਾਲਾ ਗ੍ਰਿਫਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਸ਼ਾਹੀ ਨਿਵਾਸ ਬਕਿੰਘਮ ਪੈਲੇਸ 'ਚ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਇਕ ਅਣਪਛਾਤੀ ਕਾਰ ਨੇ ਆ ਕੇ ਗੇਟ ਨੂੰ ਟੱਕਰ ਮਾਰ ਦਿੱਤੀ। ਸੁਰੱਖਿਆ ਕਰਮੀਆਂ ਨੇ ਤੁਰੰਤ ਭੱਜ ਕੇ ਡਰਾਈਵਰ ਨੂੰ ਕਾਬੂ ਕਰ ਲਿਆ। ਹੁਣ ਉਸ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਲੰਡਨ ਪੁਲਿਸ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਹਥਿਆਰਬੰਦ ਅਧਿਕਾਰੀਆਂ ਨੇ ਅਪਰਾਧਿਕ ਨੁਕਸਾਨ ਦੇ ਸ਼ੱਕ ਵਿੱਚ ਇੱਕ ਵਿਅਕਤੀ ਨੂੰ ਘਟਨਾ ਸਥਾਨ 'ਤੇ ਗ੍ਰਿਫਤਾਰ ਕੀਤਾ। ਉਸਨੂੰ ਹਸਪਤਾਲ ਲਿਜਾਇਆ ਗਿਆ।"



ਬਕਿੰਘਮ ਪੈਲਿਸ ਦਾ ਮੁੱਖ ਦਰਵਾਜ਼ਾ ਅਤੇ ਕਾਰ

ਬਕਿੰਘਮ ਪੈਲੇਸ ਨੇ ਇਹ ਵੀ ਪੁਸ਼ਟੀ ਕੀਤੀ ਕਿ ਘਟਨਾ ਵਿੱਚ ਸ਼ਾਹੀ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਨੁਕਸਾਨ ਨਹੀਂ ਪਹੁੰਚਿਆ, ਕਿਉਂਕਿ ਉਹ ਸਾਰੇ ਉਸ ਸਮੇਂ ਘਰ ਦੇ ਅੰਦਰ ਹੀ ਸਨ। ਇਸ ਤੋਂ ਇਲ-ਾਵਾ, ਇਹ ਪੁਸ਼ਟੀ ਕੀਤੀ ਗਈ ਕਿ ਨੁਕ-ਸਾਨੇ ਗਏ ਗੇਟਾਂ ਦੀ ਮੁਰੰਮਤ ਚੱਲ ਰਹੀ ਹੈ।

ਚਸ਼ਮਦੀਦਾਂ ਨੇ ਦੱਸਿਆ ਕਿ ਘਟਨਾ ਵਾਲੀ ਥਾਂ 'ਤੇ 'ਜ਼ੋਰਦਾਰ ਧਮਾਕਾ' ਸੁਣਿਆ ਗਿਆ। ਵਾਇਰਲ ਹੋਈ ਇੱਕ ਵੀਡੀਓ ਵਿੱਚ ਹਥਿਆਰਬੰਦ ਪੁਲਿਸ ਅਫਸਰਾਂ ਡਰਾਈਵਰ ਨੂੰ ਘੇਰਿਆ ਹੋਇਆ ਹੈ ਅਤੇ ਉਸ ਨੂੰ ਸਿਰ 'ਤੇ ਹੱਥ ਰੱਖਣ ਲਈ ਕਿਹਾ ਜਾ ਰਿਹਾ ਹੈ।

ਇੱਕ ਚਸ਼ਮਦੀਦ ਨੇ ਮੀਡੀਆ ਨੂੰ ਦੱਸਿਆ ਕਿ, "ਮੈਂ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ ਅਤੇ ਮੈਂ ਦੇਖਿਆ ਕਿ ਇੱਕ ਕਾਰ ਬਕਿੰਘਮ ਪੈਲੇਸ ਨਾਲ ਟਕਰਾ ਗਈ ਸੀ। ਪੁਲਸ ਨੇ ਤੁਰੰਤ ਮੌਕੇ 'ਤੇ ਹੀ ਵਿਅਕਤੀ ਨੂੰ ਬਾਹਰ ਕੱਢਿਆ ਅਤੇ ਗ੍ਰਿਫਤਾਰ ਕਰ ਲਿਆ। ਜਿਕਰਯੋਗ ਹੈ ਕਿ ਬਕਿੰਘਮ ਪੈਲੇਸ ਬਰਤਾਨਵੀ ਮਹਾਰਾਜੇ ਚਾਰਲਸ ਤੀਜੇ ਦਾ ਅਧਿਕਾਰਤ ਨਿਵਾਸ ਅਤੇ ਪ੍ਰਸ਼ਾਸਕੀ ਕੇਂਦਰ ਹੈ, ਜੋ ਕਿ ਵੈਸਟਮਿੰਸਟਰ ਕੌਂਸਲ ਲੰਡਨ ਵਿੱਚ ਸਥਿਤ ਹੈ। ਇਹ ਯੂ ਕੇ ਦੇ ਸੱਤਾਧਾਰੀ ਬਾਦਸ਼ਾਹਾਂ ਦਾ ਪ੍ਰਮੁੱਖ ਨਿਵਾਸ ਰਿਹਾ ਹੈ। ਇਹ ਕਿੰਗ ਜਾਰਜ ਦੁਆਰਾ 1761 ਵਿੱਚ ਆਪਣੀ ਪਤਨੀ, ਮਹਾਰਾਣੀ ਸ਼ਾਰਲੋਟ ਦੇ ਨਿੱਜੀ ਨਿਵਾਸ ਦੇ ਰੂਪ ਵਿੱਚ ਤਿਆਰ ਕੀਤਾ ਗਿਆ ਸੀ।


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# 13ਵਾਂ ਮਾਂ ਬੋਲੀ ਦਿਵਸ ਮਨਾਉਂਦਿਆਂ ਆਕਸਫੋਰਡ ਵਿਖੇ ਇਕੱਤਰ ਹੋਏ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਵਾਸੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਮਸ਼ਹੂਰ ਸ਼ਹਿਰ ਆਕਸਫੋਰਡ ਵਿਖੇ 13ਵਾਂ ਮਾਂ ਬੋਲੀ ਦਿਵਸ ਮਨਾਇਆ ਗਿਆ। ਜਿਸ ਵਿੱਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀਆਂ ਸਖਸ਼ੀਅਤਾਂ ਨੇ ਭਾਗ ਲਿਆ। ਇਸ ਸਮਾਗਮ ਦਾ ਪ੍ਰਬੰਧ ਆਕਸਫੋਰਡ ਵਾਸੀ ਨੁਜਹਤ ਅੱਬਾਸ ਅਤੇ ਮੁਹੰਮਦ ਅੱਬਾਸ ਨੇ ਕੀਤਾ। ਜਿਸ ਵਿੱਚ ਸਭ ਤੋਂ ਪਹਿਲਾਂ ਮਹੁੰਮਦ ਅੱਬਾਸ ਨੇ ਸਭ ਨੂੰ ਜੀ ਆਇਆਂ ਆਖਿਆ।*

ਇਸ ਤੋਂ ਬਾਅਦ ਬੱਚੀ ਫਾਮੀਆ ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇੱਕ ਕਵਿਤਾ ਪੜੀ। ਇਸ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਮਾਂ ਬੋਲੀ ਨੂੰ ਸਮਰਪਿਤ ਵਿਚਾਰ ਚਰਚਾ ਤੋਂ ਇਲਾਵਾ ਨਾਟਕੀ ਪੇਸ਼ਕਾਰੀ ਅਤੇ ਕਵਿਤਾ, ਗੀਤ, ਬੋਲੀਆਂ ਤੇ ਲੋਰੀਆਂ ਵੀ ਗਾਈਆਂ ਗਈਆਂ। ਵਿਚਾਰ ਚਰਚਾ ਵਿੱਚ ਮਾਂ ਬੋਲੀ ਦਿਵਸ ਦੇ ਪਿਛੋਕੜ ਤੋਂ ਇਲਾਵਾ ਬੰਗਲਾਦੇਸ਼ ਅਤੇ ਬਾਕੀ ਸੰਸਾਰ ਉੱਪਰ ਮਾਂ ਬੋਲੀ ਬਾਰੇ ਚਰਚਾ ਕੀਤੀ ਗਈ। ਅੱਜ ਦੀ ਸਥਿਤੀ ਖਾਸ ਕਰਕੇ ਵਿਦੇਸ਼ਾਂ ਵਿੱਚ ਪੰਜਾਬੀ ਬੋਲੀ ਦੇ ਹੋ ਰਹੇ ਵਿਕਾਸ, ਕਾਰਗੁਜ਼ਾਰੀ, ਪ੍ਰਸਥਿਤੀਆਂ ਬਾਰੇ ਵੀ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਸ਼ਾਮਲ ਬੁਲਾਰਿਆਂ ਪ੍ਰਵੇਜ਼ ਫਤਹਿ, ਕੁਲਵੰਤ ਕੌਰ ਢਿੱਲੋਂ, ਬਲਵਿੰਦਰ ਸਿੰਘ ਚਾਹਲ, ਭਿੰਦਰ ਜਲਾਲਾਬਾਦੀ, ਨਛੱਤਰ ਭੋਗਲ, ਸੁਜਾਦ ਅਲ਼ੀ, ਪ੍ਰੋ ਪ੍ਰੀਤਮ ਸਿੰਘ ਆਕਸਫੋਰਡ, ਅਕਸ਼ਜ਼ ਅਵਸਥੀ, ਅਲੀ ਸੁਜਾਦ, ਅਮਾਦ ਹਸਨ, ਨਾਜ਼ਿਮ, ਮਹਿਮੂਦ, ਅਨਮ ਹਾਸ਼ਮੀ, ਅਸਮਾ ਸ਼ਾਹਿਦ, ਅਯੂਬ ਸਾਂਗੀਆ, ਦੇਲੀਸ਼ਾ, ਡਾ ਇਫਤਕਾਰ ਮਲਿਕ, ਖਦੀਜਾ ਅਉਮਰ, ਮੁਹੰਮਦ ਅਬਾਸ, ਮੁਬਸਿਰਾ ਅਉਮਰ, ਨਈਮ ਖਾਨ, ਤਲਤ ਗਿੱਲ, ਤਨਵੀਰ ਜ਼ਮਾਨ ਖਾਨ ਅਤੇ ਵੱਕਾਸ ਬੱਟ ਨੇ ਭਾਗ ਲਿਆ। ਇਸ ਤੋਂ ਇਲਾਵਾ ਲਿਜ਼ੀ ਸਪਾਈਟ, ਮੈਲਕਮ ਐਟਕਨ ਅਤੇ ਨੁਜ਼ਹਤ ਅੱਬਾਸ ਨੇ ਮੰਚ ਕਲਾਕਾਰੀ ਨਾਲ ਸਭ ਦਾ ਦਿਲ ਮੋਹਿਆ। ਬੱਚਿਆਂ ਵਿੱਚ ਫਾਮੀਆ, ਈਥਨ ਆਦਿ ਨੇ ਦਿਲਕਸ਼ ਅੰਦਾਜ਼ ਵਿੱਚ ਪੇਸ਼ਕਾਰੀ ਕੀਤੀ। ਇਹ ਸਮੁੱਚਾ ਸਮਾਗਮ ਪਰਿਵਾਰਕ ਪੱਧਰ ਉੱਪਰ ਮਨਾਇਆ ਗਿਆ ਜੋ ਸਭ ਦੇ ਦਿਲਾਂ ਉੱਪਰ ਅਮਿੱਟ ਛਾਪ ਛੱਡ ਗਿਆ।



ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀਆਂ ਸ਼ਖਸ਼ੀਅਤਾਂ ਮਾਂ ਬੋਲੀ ਦਿਵਸ ਮੌਕੇ ਪੰਜਾਬੀ ਬੋਲੀ ਦੀ ਗੱਲ ਕਰਨ ਮੌਕੇ

# ਦੁਨੀਆ ਦੇ ਸਭ ਤੋਂ ਅਮੀਰ ਦੇਸ਼ਾਂ ਦੀ ਸੂਚੀ 'ਚੋਂ ਕੈਨੇਡਾ ਹੋਇਆ ਬਾਹਰ



**ਨੈਸ਼ਨਲ ਪੋਸਟ ਦੀ ਇੱਕ ਰਿਪੋਰਟ ਦੇ ਅਨੁਸਾਰ, ਕੈਨੇਡਾ ਹੁਣ ਦੁਨੀਆ ਦੇ ਸਭ ਤੋਂ ਅਮੀਰ ਦੇਸ਼ਾਂ ਵਿਚੋਂ ਇੱਕ ਨਹੀਂ ਹੈ, ਕਿਉਂਕਿ ਪ੍ਰਤੀ ਵਿਅਕਤੀ ਜੀਡੀਪੀ ਵਿੱਚ ਗਿਰਾਵਟ ਜਾਰੀ ਹੈ ਅਤੇ 30 ਸਾਲਾਂ ਵਿੱਚ ਸਭ ਤੋਂ ਵੱਧ ਗਿਰਾਵਟ ਬਣੀ ਹੋਈ ਹੈ। ਰਿਪੋਰਟ ਵਿੱਚ ਪਾਇਆ ਗਿਆ ਕਿ ਆਰਥਿਕਤਾ ਆਬਾਦੀ ਨਾਲੋਂ ਹੌਲੀ ਹੋ ਰਹੀ ਹੈ, ਜਿਸ ਨਾਲ ਪ੍ਰਤੀ ਵਿਅਕਤੀ ਜੀਡੀਪੀ ਵਿੱਚ ਗਿਰਾਵਟ ਆ ਰਹੀ ਹੈ। 1981 ਦੇ ਅੰਤ ਵਿੱਚ, ਕੈਨੇਡਾ ਪ੍ਰਤੀ ਵਿਅਕਤੀ ਜੀਡੀਪੀ ਦੇ ਮਾਮਲੇ ਵਿੱਚ ਵਿਸ਼ਵ ਵਿੱਚ ਸਵਿਟਜ਼ਰਲੈਂਡ, ਲਕਸਮਬਰਗ, ਨਾਰਵੇ, ਸੰਯੁਕਤ ਰਾਜ ਅਤੇ ਸੰਯੁਕਤ ਰਾਜ ਤੋਂ ਬਾਅਦ ਛੇਵੇਂ ਸਥਾਨ 'ਤੇ ਸੀ। 2022 ਤੱਕ, ਕੈਨੇਡਾ 15ਵੇਂ ਸਥਾਨ 'ਤੇ ਹੈ। ਜਿਹੜੇ ਦੇਸ਼ ਪਹਿਲਾਂ ਕੈਨੇਡਾ ਨਾਲੋਂ ਗਰੀਬ ਹੁੰਦੇ ਸਨ, ਜਿਵੇਂ ਕਿ ਆਇਰਲੈਂਡ, ਨੀਦਰਲੈਂਡ, ਆਸਟਰੀਆ, ਸਵੀਡਨ, ਆਈਸਲੈਂਡ, ਆਸਟ੍ਰੇਲੀਆ, ਜਰਮਨੀ, ਬੈਲਜੀਅਮ, ਫਿਨਲੈਂਡ – ਸਾਰੇ ਹੁਣ ਕੈਨੇਡਾ ਨਾਲੋਂ ਅਮੀਰ ਹਨ!!**

# ਭਗੌੜੇ ਨੀਰਵ ਮੋਦੀ ਨੂੰ ਝਟਕਾ- ਬੈਂਕ ਆਫ ਇੰਡੀਆ ਨੂੰ 8 ਮਿਲੀਅਨ ਡਾਲਰ ਅਦਾ ਕਰਨ ਦਾ ਹੁਕਮ



**ਲੰਡਨ ਦੀ ਹਾਈ ਕੋਰਟ ਨੇ ਬ੍ਰਿਟੇਨ ਦੀ ਟੈਮਸਾਈਡ ਜੇਲ੍ਹ ਵਿੱਚ ਬੰਦ ਹੀਰਾ ਵਪਾਰੀ ਨੀਰਵ ਮੋਦੀ ਦੇ ਖਿਲਾਫ ਇੱਕ ਸੰਖੇਪ ਫੈਸਲਾ ਜਾਰੀ ਕੀਤਾ, ਜਿਸ ਵਿੱਚ ਉਸ ਨੂੰ ਭਾਰਤ ਦੇ ਬੈਂਕ ਆਫ ਇੰਡੀਆ (ਬੀਓਆਈ) ਨੂੰ 8 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਗਿਆ। ਇਹ ਫੈਸਲਾ ਬੈਂਕ ਦੁਆਰਾ ਮੋਦੀ ਦੀ ਦੁਬਈ ਸਥਿਤ ਕੰਪਨੀ ਫਾਇਰਸਟਾਰ ਡਾਇਮੰਡ ਐਫਜੇਡਈ ਨੂੰ ਦਿੱਤੇ ਗਏ ਕਰਜ਼ੇ ਦੀ ਸਹੂਲਤ ਨਾਲ ਸਬੰਧਤ ਹੈ।**

ਰਿਪੋਰਟ ਮੁਤਾਬਕ ਅਦਾਲਤ ਦਾ ਫੈਸਲਾ ਬੈਂਕ ਨੂੰ ਦੁਬਈ ਯੂਨਿਟ ਤੋਂ ਰਿਕਵਰੀ ਪ੍ਰਕਿਰਿਆ ਸ਼ੁਰੂ ਕਰਨ ਦੇ ਸਮਰੱਥ ਬਣਾਉਂਦਾ ਹੈ, ਜਿਸ ਵਿੱਚ ਮੋਦੀ ਦੀਆਂ ਗਲੋਬਲ ਜਾਇਦਾਦਾਂ ਅਤੇ ਜਾਇਦਾਦਾਂ ਦੀ ਸੰਭਾਵਿਤ ਨਿਲਾਮੀ ਵੀ ਸ਼ਾਮਲ ਹੈ।

BOI ਦੇ ਨੁਮਾਇੰਦਿਆਂ, ਜਿਸ ਦੀ ਅਗਵਾਈ ਬੈਰਿਸਟਰ ਟੌਮ ਬੀਸਲੇ ਅਤੇ ਰੌਇਡਜ਼ ਵਿਥੀ ਕਿੰਗ ਦੇ ਵਕੀਲ ਮਿਲਾਨ ਕਪਾਡੀਆ ਨੇ ਕੀਤੀ, ਨੇ ਸਫਲਤਾਪੂਰਵਕ ਦਲੀਲ ਦਿੱਤੀ ਕਿ ਮੋਦੀ ਕੋਲ ਕੋਈ ਵਿਹਾਰਕ ਬਚਾਅ ਨਹੀਂ ਹੈ, ਇਸ ਲਈ ਮੁਕੱਦਮੇ ਦੀ ਲੋੜ ਹੈ। ਅਦਾਲਤ ਨੂੰ ਇਹ ਵੀ ਦੱਸਿਆ ਗਿਆ, ਨੀਰਵ ਮੋਦੀ ਨੇ ਦਾਅਵੇ ਲਈ ਬਚਾਅ ਪੱਖ ਦਾਇਰ ਕੀਤਾ ਹੈ ਅਤੇ ਉਸ ਦੇ ਵਕੀਲ ਨੂੰ ਮੌਜੂਦਾ ਅਰਜ਼ੀ ਦੀ ਕਾਪੀ ਦਿੱਤੀ ਗਈ ਸੀ, ਪਰ ਉਸ ਨੇ ਇਸ ਦਾ ਜਵਾਬ ਨਹੀਂ ਦਿੱਤਾ।8 ਮਿਲੀਅਨ ਡਾਲਰ ਦੀ ਰਕਮ ਵਿੱਚ ਮੂਲ ਰਕਮ ਅਤੇ ਵਿਆਜ ਦੋਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।


## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

## PUNJABI FOLK SINGERS, DANCERS AND MUSICIANS URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv

**Closing date for applications: 21 Mar 2024**

# ਲੰਡਨ ਤੋਂ ਭਾਰਤੀ ਹਾਈ ਕਮਿਸ਼ਨ ਨੇ ਚਲੋ ਇੰਡੀਆ ਅਤੇ ਲਿਵਿੰਗ ਬ੍ਰਿਜ ਮੁਹਿੰਮ ਦੀ ਸ਼ੁਰੂਆਤ


ਇੰਡੀਆ ਹਾਊਸ ਵਿੱਚ ਇਕੱਤਰ ਭਾਰਤੀ ਅਤੇ ਸੰਬੋਧਨ ਕਰਦੇ ਹੋਏ ਭਾਰਤੀ ਹਾਈਕਮਿਸ਼ਨਰ ਵਿਕਰਮ ਦੁਰਾਏਸਵਾਮੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਦੋ ਵੱਡੀਆਂ ਮੁਹਿੰਮਾਂ 'ਚਲੋ ਇੰਡੀਆ' ਅਤੇ 'ਲਿਵਿੰਗ ਬ੍ਰਿਜ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਫਤੇ ਦੇ ਸ਼ੁਰੂ 'ਚ 'ਚਲੋ ਇੰਡੀਆ' ਮੁਹਿੰਮ ਦਾ ਐਲਾਨ ਕੀਤਾ ਸੀ। ਤਾਂ ਜੋ ਭਾਰਤੀ ਭਾਈਚਾਰੇ ਦੇ ਲੋਕ ਆਪਣੇ ਗੈਰ-ਭਾਰਤੀ ਦੋਸਤਾਂ ਨੂੰ ਭਾਰਤ ਵਿਚ ਸੈਰ-ਸਪਾਟਾ ਸਥਾਨਾਂ 'ਤੇ ਜਾਣ ਲਈ ਉਤਸ਼ਾਹਿਤ ਕਰ ਸਕਣ।**

ਬਰਤਾਨੀਆ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੁਰਾਏਸਵਾਮੀ ਨੇ ਇੰਡੀਆ ਹਾਊਸ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਲਗਦਾ ਹੈ ਕਿ ਤੁਹਾਡੇ ਲਈ ਸੱਚਮੁੱਚ ਇੱਕ ਰਾਜਦੂਤ ਬਣਨ ਅਤੇ ਇਸ ਦਾ ਜਸ਼ਨ ਮਨਾਉਣ ਦਾ ਇੱਕ ਮੌਕਾ ਹੈ। ਉਨ੍ਹਾਂ ਕਿਹਾ, ਆਓ ਇਸ ਮੌਕੇ 'ਤੇ ਅਵਿਸ਼ਵਾਸ਼ਯੋਗ ਭਾਰਤ ਨੂੰ ਯਾਦ ਕਰੀਏ। ਭਾਰਤੀਆਂ ਦੀ ਭੂਮਿਕਾ ਨੂੰ ਵੀ ਯਾਦ ਰੱਖੋ, ਜਿਨ੍ਹਾਂ ਨੇ ਭਾਰਤ ਅਤੇ ਬਰਤਾਨੀਆ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਇਆ ਹੈ।

8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ, ਭਾਰਤੀ ਹਾਈ ਕਮਿਸ਼ਨ ਨੇ ਔਰਤਾਂ 'ਤੇ ਲਿਵਿੰਗ ਬ੍ਰਿਜ 'ਤੇ ਧਿਆਨ ਕੇਂਦਰਿਤ ਕੀਤਾ। ਇਸ ਦੌਰਾਨ ਦੁਰਾਈਸਵਾਮੀ ਨੇ ਕਿਹਾ, ਇਹ (ਔਰਤਾਂ) ਬਰਤਾਨੀਆ-ਭਾਰਤ ਸਬੰਧਾਂ ਦੀਆਂ ਨਾਇਕਾਵਾਂ ਹਨ, ਜਿਨ੍ਹਾਂ ਨੇ ਸਾਹਸੀ ਖੇਡਾਂ, ਸ਼ਤਰੰਜ, ਫਿਲਮਾਂ, ਕਾਰੋਬਾਰ ਆਦਿ ਦੇ ਖੇਤਰਾਂ ਵਿੱਚ ਯੋਗਦਾਨ ਪਾਇਆ ਹੈ।

ਲਿਵਿੰਗ ਬ੍ਰਿਜ ਮੁਹਿੰਮ ਦੇ ਪਹਿਲੇ ਪੜਾਅ ਵਿੱਚ ਪਰਬਤਾਰੋਹੀ ਹਰਪ੍ਰੀਤ ਕੌਰ ਚੰਦੀ, ਸ਼ਤਰੰਜ ਚੈਂਪੀਅਨ ਬੋਧਨਾ ਸ਼ਿਵਾਨੰਦਨ, ਪ੍ਰਸਿੱਧ ਸ਼ੈੱਫ ਆਸਮਾ ਖਾਨ, ਅਦਾਕਾਰਾ ਆਇਸ਼ਾ ਧਾਰਕਰ ਅਤੇ ਆਰਥਿਕ ਮਾਹਿਰ ਬੈਰੋਨੈਸ ਸ੍ਰਿਤੀ ਵੇਡੇਰਾ ਆਦਿ ਨੇ ਭਾਗ ਲਿਆ। ਪਿਛਲੇ ਸਾਲ ਦਸੰਬਰ 'ਚ ਯੂਰਪੀਅਨ ਬਲਿਟਜ਼ ਸ਼ਤਰੰਜ ਚੈਂਪੀਅਨਸ਼ਿਪ 'ਚ ਇਤਿਹਾਸ ਰਚਣ ਵਾਲੇ ਅੱਠ ਸਾਲਾ ਸ਼ਿਵਨੰਦਨ ਨੇ ਕਿਹਾ, ਮੈਂ ਦੁਨੀਆ ਦਾ ਸਭ ਤੋਂ ਘੱਟ ਉਮਰ ਦਾ ਗ੍ਰੈਂਡਮਾਸਟਰ ਬਣਨਾ ਚਾਹੁੰਦਾ ਹਾਂ ਅਤੇ ਵਿਸ਼ਵ ਚੈਂਪੀਅਨ ਵੀ ਬਣਨਾ ਚਾਹੁੰਦਾ ਹਾਂ।

ਹਰਪ੍ਰੀਤ ਚੰਦੀ ਨੇ ਕਿਹਾ, ਮੈਂ ਸਿੱਖ ਹਾਂ। ਮੇਰੇ ਪਿਤਾ ਦਾ ਜਨਮ ਉੱਤਰ ਪ੍ਰਦੇਸ਼ ਵਿੱਚ ਹੋਇਆ ਸੀ। ਉਹ ਜਵਾਨੀ ਵਿੱਚ ਇੰਗਲੈਂਡ ਆਏ ਸਨ। ਮੇਰੀ ਮਾਂ ਇੰਗਲੈਂਡ ਤੋਂ ਹੈ। ਪਰ ਉਸਦੇ ਮਾਤਾ-ਪਿਤਾ ਪੰਜਾਬ ਤੋਂ ਹਨ। ਮੈਂ ਡਰਬੀ ਵਿੱਚ ਵੱਡੀ ਹੋਈ ਹਾਂ। ਪ੍ਰੀਤ ਕੌਰ ਗਿੰਨੀਜ਼ ਵਰਲਡ ਰਿਕਾਰਡ ਲਈ ਪੋਲਰ ਪ੍ਰੀਤ ਵਜੋਂ ਮਸ਼ਹੂਰ ਹੈ।

ਲਿਵਿੰਗ ਬ੍ਰਿਟੇਨ ਕਈ ਖੇਤਰਾਂ ਵਿੱਚ ਉੱਚ ਪ੍ਰਾਪਤੀਆਂ 'ਤੇ ਕੇਂਦ੍ਰਿਤ ਇੱਕ ਮੁਹਿੰਮ ਹੈ। ਇਸ ਮੁਹਿੰਮ ਤਹਿਤ ਬ੍ਰਿਟਿਸ਼ ਭਾਰਤੀਆਂ ਬਾਰੇ ਭਾਰਤੀ ਹਾਈ ਕਮਿਸ਼ਨ ਦੁਆਰਾ ਜਾਣਕਾਰੀ ਦਿੱਤੀ ਜਾਵੇਗੀ।

## ਸਿੱਖ ਔਰਤਾਂ ਨੂੰ ਹੈਲਮਟ ਤੋਂ ਛੋਟ ਦੇਣ 'ਤੇ ਹਾਈ ਕੋਰਟ ਸਖ਼ਤ

**ਚੰਡੀਗੜ੍ਹ : ਪੰਜਾਬ-ਹਰਿਆਣਾ ਹਾਈ ਕੋਰਟ ਨੇ ਔਰਤਾਂ ਨੂੰ ਹੈਲਮਟ ਤੋਂ ਛੋਟ ਦੇਣ ਤੇ ਕੇਂਦਰ ਦੇ ਜਵਾਬ ਤੇ ਤਸੱਲੀ ਨਾ ਜਤਾਉਂਦੇ ਹੋਏ ਨਵੇਂ ਸਿਰੇ ਤੋਂ ਹਲਫਨਾਮਾ ਦਾਖ਼ਲ ਕਰਨ ਦਾ ਆਦੇਸ਼ ਦਿੱਤਾ ਹੈ।ਹਾਈ ਕੋਰਟ ਵਿਚ ਕੇਂਦਰ ਨੇ ਅਪਣੇ ਜਵਾਬ ਵਿਚ ਕਿਹਾ ਸੀ ਕਿ ਮੋਟਰ ਵਹੀਕਲ ਐਕਟ ਵਿਚ ਅਜਿਹੀ ਕੋਈ ਛੋਟ ਨਹੀਂ ਹੈ, ਲੇਕਿਨ ਰਾਜ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਨਾਲ ਹੀ ਹਾਈ ਕੋਰਟ ਨੇ ਐਸਜੀਪੀਸੀ ਨੂੰ ਵੀ ਇਸ ਮਾਮਲੇ ਵਿਚ ਜਵਾਬ ਦਾਖਲ ਕਰਨ ਦਾ ਆਦੇਸ਼ ਦਿੱਤਾ ਹੈ। ਹਾਈ ਕੋਰਟ ਨੇ ਮੋਟਰ ਵਾਹਨ ਹਾਦਸਿਆਂ ਅਤੇ ਸੜਕ ਸੁਰੱਖਿਆ ਨੂੰ ਲੈ ਕੇ ਨੋਟਿਸ ਲੈਂਦੇ ਹੋਏ ਸੁਣਵਾਈ ਸ਼ੁਰੂ ਕੀਤੀ ਸੀ। ਇਸ ਮਾਮਲੇ ਵਿਚ ਚੰਡੀਗੜ੍ਹ ਪ੍ਰਸ਼ਾਸਨ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ 6 ਜੁਲਾਈ 2018 ਨੂੰ ਮੋਟਰ ਵਹੀਕਲ ਐਕਟ ਵਿਚ ਸੋਧ ਕਰਕੇ ਸਿਰਫ ਦਸਤਾਰ ਸਜਾਉਣ ਵਾਲੀ ਸਿੱਖ ਔਰਤਾਂ ਨੂੰ ਹੈਲਮਟ ਤੋਂ ਛੋਟ ਦੀ ਤਜਵੀਜ਼ ਕੀਤੀ ਸੀ।**


GSD

GSD ESTATE AGENTS

RESIDENTIAL & COMMERCIAL PROPERTY EXPERTS

SALES • LETTINGS • MANAGEMENT

EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ

ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK's FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com

Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਏਜੰਟ ਭਾਰਤੀਆਂ ਨੂੰ ਰੂਸ-ਯੂਕਰੇਨ ਜੰਗ ਦਾ ਬਣਾ ਰਹੇ ਨੇ ਖਾਜਾ

ਕਵਰ ਸਟੋਰੀ

**✪ ਰੂਸ ਵਿਚ ਮੋਟੀ ਤਨਖਾਹ ਦੇ ਨਾਂ 'ਤੇ ਹੋ ਰਹੀ ਹੈ ਠੱਗੀ ✪ ਪੰਜਾਬੀ ਨੌਜਵਾਨਾਂ ਨੂੰ ਵੀ ਜਬਰੀ ਬਣਾਇਆ 'ਭਾੜੇ ਦੇ ਫੌਜੀ' ✪ ਮੁਹੰਮਦ ਅਫਸਾਨ ਦੀ ਮੌਤ ਬਾਅਦ ਭਾਰਤੀ ਨੌਜਵਾਨਾਂ ਨਾਲ ਹੋਏ ਵੱਡੇ ਘੁਟਾਲੇ ਦਾ ਖੁਲਾਸਾ**



ਇਨ੍ਹਾਂ ਸਮੁੱਚੇ ਹਾਲਾਤ ਦੇ ਮੱਦੇਨਜ਼ਰ ਵਿਦੇਸ਼, ਗ੍ਰਹਿ ਅਤੇ ਕਿਰਤ ਮੰਤਰਾਲਿਆਂ ਨੂੰ ਵਿਆਪਕ ਨੀਤੀ ਅਪਨਾ ਕੇ ਕਿਸੇ ਵੀ ਵਿਦੇਸ਼ੀ ਮੁਲਕ ਵਲੋਂ ਵਰਕ ਵੀਜ਼ਾ ਦੇਣ ਲਈ ਸਰਕਾਰੀ ਪੱਧਰ 'ਤੇ ਵਿਵਸਥਾ ਕਰਨੀ ਚਾਹੀਦੀ ਹੈ ਤਾਂ ਕਿ ਭਾਰਤ ਦੇ ਨੌਜਵਾਨਾਂ ਨੂੰ ਵਰਗਲਾ ਕੇ ਕਿਸੇ ਹਥਿਆਰਬੰਦ ਸੰਘਰਸ਼ ਦਾ ਖਾਜਾ ਨਾ ਬਣਾਇਆ ਜਾ ਸਕੇ। ਇਸੇ ਤਰ੍ਹਾਂ ਇਜ਼ਰਾਈਲ ਨੂੰ ਵੀ ਚਿਤਾਵਨੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਭਾਰਤੀ ਕਾਮਿਆਂ ਨੂੰ ਖ਼ਤਰਨਾਕ ਸਰਹੱਦੀ ਖੇਤਰਾਂ ਵਿਚ ਨਾ ਭੇਜੇ; ਰੂਸ ਵਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਚੁੰਗਲ ਵਿਚ ਫਸਾ ਕੇ ਜੰਗੀ ਮੰਤਵਾਂ ਲਈ ਵਰਤੇ ਜਾਣ ਦੀ ਵੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਭਾਰਤੀ ਕਾਮਿਆਂ ਨੂੰ ਕਿਸੇ ਦੀ ਜੰਗ ਵਿਚ ਵਰਤਣ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਦੇ ਨਾਲ ਨਾਲ ਨੌਜਵਾਨਾਂ ਲਈ ਮੁਲਕ ਦੇ ਅੰਦਰ ਹੀ ਅਜਿਹੇ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਕਿ ਉਹ ਪਰਵਾਸ ਕਰਨ ਲਈ ਮਜਬੂਰ ਹੀ ਨਾ ਹੋਣ।



## ਕੀ ਕਰ ਰਹੀ ਹੈ ਭਾਰਤ ਸਰਕਾਰ

23 ਫਰਵਰੀ ਨੂੰ ਵਿਦੇਸ਼ ਮੰਤਰਾਲੇ ਨੇ ਇਹ ਬਿਆਨ ਜਾਰੀ ਕੀਤਾ ਸੀ, "ਸਾਨੂੰ ਇਸ ਬਾਰੇ ਜਾਣਕਾਰੀ ਹੈ ਕਿ ਕਈ ਭਾਰਤੀ ਨੌਜਵਾਨਾਂ ਨੇ ਰੂਸੀ ਫੌਜ ਵਿੱਚ ਸਹਾਇਕ ਵਜੋਂ ਨੌਕਰੀ ਲਈ ਹੈ।" ਭਾਰਤੀ ਦੂਤਾਵਾਸ ਨੇ ਲਗਾਤਾਰ ਇਸ ਮਾਮਲੇ ਨੂੰ ਰੂਸੀ ਅਧਿਕਾਰੀਆਂ ਕੋਲ ਚੁੱਕਿਆ ਅਤੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਡਿਸਚਾਰਜ ਦੀ ਮੰਗ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਭਾਰਤੀ ਨਾਗਰਿਕਾਂ ਨੂੰ ਸਾਵਧਾਨੀ ਵਰਤਣ ਅਤੇ ਇਸ ਜੰਗ ਤੋਂ ਦੂਰ ਰਹਿਣ ਲਈ ਕਿਹਾ। ਪਿਛਲੇ ਹਫਤੇ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਸਾਨੂੰ ਲੱਗਦਾ ਹੈ ਕਿ ਲਗਭਗ 20 ਲੋਕ ਫਸੇ ਹੋਏ ਹਨ। ਅਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਬਚਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ... ਅਸੀਂ ਲੋਕਾਂ ਨੂੰ ਜੰਗ ਵਾਲੇ ਖੇਤਰਾਂ ਵਿੱਚ ਨਾ ਜਾਣ ਜਾਂ ਮੁਸ਼ਕਲ ਸਥਿਤੀਆਂ ਵਿੱਚ ਨਾ ਫਸਣ ਲਈ ਕਿਹਾ ਹੈ। ਅਸੀਂ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਾਂ ਅਤੇ ਅਸੀਂ ਇੱਥੇ ਨਵੀਂ ਦਿੱਲੀ ਅਤੇ ਮਾਸਕੋ ਦੋਵਾਂ ਵਿੱਚ ਰੂਸੀ ਅਧਿਕਾਰੀਆਂ ਦੇ ਸੰਪਰਕ ਵਿੱਚ ਹਾਂ।

ਰੂਸ ਵੱਲੋਂ ਯੂਕਰੇਨ ਜੰਗ ਵਿੱਚ ਲੜਾਕਿਆਂ ਵਜੋਂ ਭੇਜਣ ਦਾ ਮਾਮਲਾ ਹੋਵੇ ਜਾਂ ਫਿਰ ਇਜ਼ਰਾਈਲ ਵਿੱਚ ਮਨੁੱਖੀ ਢਾਲ ਵਜੋਂ ਵਰਤਣ ਦਾ, ਧੋਖੇਬਾਜ਼ ਟਰੈਵਲ ਏਜੰਟਾਂ ਵੱਲੋਂ ਭਾਰਤੀ ਨੌਜਵਾਨ ਕਾਮਿਆਂ ਨੂੰ ਵੱਧ ਕਮਾਈ ਦਾ ਲਾਲਚ ਦੇ ਕੇ ਧੋਖੇ ਨਾਲ ਜੰਗ ਵਾਲੇ ਖੇਤਰਾਂ ਵਿੱਚ ਭੇਜਿਆ ਜਾ ਰਿਹਾ ਹੈ। 'ਦਿ ਹਿੰਦੂ' ਦੀ ਰਿਪੋਰਟ ਮੁਤਾਬਕ ਪਿਛਲੇ ਇਕ ਸਾਲ ਵਿਚ ਕਰੀਬ 100 ਭਾਰਤੀਆਂ ਨੂੰ ਰੂਸੀ ਫੌਜ ਵਿਚ ਭਰਤੀ ਕੀਤਾ ਗਿਆ ਹੈ। ਇਸ ਦੌਰਾਨ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਨ੍ਹਾਂ ਦੇ ਸਖ਼ਤ ਵਿਰੋਧ ਤੋਂ ਬਾਅਦ ਰੂਸੀ ਫੌਜ ਵਿਚੋਂ ਕਈ ਭਾਰਤੀਆਂ ਨੂੰ ਹਟਾ ਦਿੱਤਾ ਗਿਆ ਸੀ। ਭਾਰਤ ਅਨੁਸਾਰ 'ਲਗਭਗ 20 ਭਾਰਤੀਆਂ' ਨੇ ਭਾਰਤੀ ਦੂਤਾਵਾਸ ਤੋਂ ਮਦਦ ਮੰਗੀ ਸੀ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਹੈ ਕਿ ਭਾਰਤ ਸਰਕਾਰ ਇਸ ਪੂਰੇ ਮਾਮਲੇ ਨੂੰ ਲੈ ਕੇ ਰੂਸ ਦੇ ਸੰਪਰਕ ਵਿੱਚ ਹੈ। ਭਾਰਤੀ ਨਾਗਰਿਕਾਂ ਨੂੰ ਵਾਪਸ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਖੁਲਾਸੇ ਤੋਂ ਬਾਅਦ ਹੁਣ ਰੂਸ ਦੀ ਪੁਤਿਨ ਸਰਕਾਰ ਹਰ ਪਾਸਿਓਂ ਘਿਰ ਗਈ ਹੈ। ਹੁਣ ਤੱਕ ਪੰਜਾਬ, ਕਸ਼ਮੀਰ, ਕਰਨਾਟਕ, ਗੁਜਰਾਤ ਅਤੇ ਤੇਲੰਗਾਨਾ ਦੇ ਬਹੁਤ ਸਾਰੇ ਲੋਕ ਯੂਕਰੇਨ ਨਾਲ ਰੂਸ ਦੀ ਜੰਗ ਵਿੱਚ ਫਸੇ ਹੋਏ ਹਨ।

ਬੀਤੇ ਦਿਨੀਂ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਹੈਦਰਾਬਾਦ ਦੇ ਰਹਿਣ ਵਾਲੇ 30 ਸਾਲਾ ਮੁਹੰਮਦ ਅਫਸਾਨ ਦੀ ਮੌਤ ਹੋ ਗਈ ਸੀ। ਇੱਕ ਹਫ਼ਤਾ ਪਹਿਲਾਂ ਸੂਰਤ ਦੇ ਹੈਮਿਲ ਮੰਗੂਕੀਆ ਦੀ ਮੌਤ ਤੋਂ ਬਾਅਦ ਉਹ ਯੁਧ ਵਿੱਚ ਮਾਰਿਆ ਜਾਣ ਵਾਲਾ ਦੂਜਾ ਭਾਰਤੀ ਹੈ। ਮਾਸਕੋ ਸਥਿਤ ਭਾਰਤੀ ਦੂਤਾਵਾਸ ਨੇ ਅਫਸਾਨ ਦੀ ਮੌਤ ਦੀ ਪੁਸ਼ਟੀ ਕੀਤੀ ਹੈ ਅਤੇ ਉਹ ਉਸਦੀ ਲਾਸ਼ ਨੂੰ ਵਾਪਸ ਲਿਆਉਣ ਲਈ ਰੂਸੀ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ। ਅਫਸਾਨ ਨੌਕਰੀ ਲਈ ਗਿਆ ਸੀ, ਪਰ ਉਸ ਨੂੰ ਏਜੰਟਾਂ ਨੇ ਲੜਾਈ ਵਿੱਚ ਧੱਕ ਦਿੱਤਾ ਸੀ। ਅਫਸਾਨ ਦੇ ਪਰਿਵਾਰ ਮੁਤਾਬਕ ਉਨ੍ਹਾਂ ਦੀ ਆਖਰੀ ਗੱਲਬਾਤ 31 ਦਸੰਬਰ ਨੂੰ ਹੋਈ ਸੀ। ਅਫਸਾਨ ਦੀ ਪਤਨੀ ਅਤੇ ਦੋ ਸਾਲ ਤੋਂ ਘੱਟ ਉਮਰ ਦੇ ਦੋ ਛੋਟੇ ਬੱਚੇ ਹਨ। ਅਫਸਾਨ ਨੇ ਕਾਮਰਸ ਵਿੱਚ ਗ੍ਰੈਜੂਏਸ਼ਨ ਕੀਤੀ ਸੀ। ਉਹ ਹੈਦਰਾਬਾਦ ਵਿੱਚ ਮਰਦਾਂ ਦੇ ਕੱਪੜਿਆਂ ਦੀ ਦੁਕਾਨ ਵਿੱਚ ਕੰਮ ਕਰਦਾ ਸੀ। ਰੂਸ ਜਾਣ ਤੋਂ ਪਹਿਲਾਂ ਉਹ ਦੁਬਈ ਵਿੱਚ ਇੱਕ ਪੈਕੇਜਿੰਗ ਕੰਪਨੀ ਵਿੱਚ ਕੰਮ ਕਰਦਾ ਸੀ। ਪਰਿਵਾਰ ਦਾ ਇਲਜ਼ਾਮ ਹੈ ਕਿ ਉਸ ਨੂੰ ਮਾਸਕੋ ਵਿੱਚ ਡੇਢ ਲੱਖ ਰੁਪਏ ਦੀ ਤਨਖ਼ਾਹ ਦੇ ਨਾਲ ਸਹਾਇਕ ਵਜੋਂ ਨੌਕਰੀ ਦੇਣ ਦਾ ਵਾਅਦਾ ਕੀਤਾ ਗਿਆ ਸੀ। ਹਾਲਾਂਕਿ, ਉਸਨੂੰ ਧੋਖਾ ਦਿੱਤਾ ਗਿਆ ਅਤੇ ਰੂਸੀ ਫੌਜ ਵਿੱਚ ਭਰਤੀ ਹੋਣ ਲਈ ਮਜਬੂਰ ਕੀਤਾ ਗਿਆ। ਉਸਨੂੰ ਬਿਨਾਂ ਕਿਸੇ ਹਥਿਆਰ ਦੀ ਸਿਖਲਾਈ ਦੇ ਮੈਦਾਨ ਵਿੱਚ ਸੁੱਟ ਦਿੱਤਾ ਗਿਆ।

ਅਜਿਹਾ ਮਾਮਲਾ ਉਦੋਂ ਸਾਹਮਣੇ ਆਇਆ ਹੈ ਜਦੋਂ ਦਰਜਨ ਦੇ ਕਰੀਬ ਭਾਰਤੀਆਂ ਨੇ ਧੋਖਾਧੜੀ ਦਾ ਸ਼ਿਕਾਰ ਹੋਣ ਦੀ ਗੱਲ ਕਹੀ ਹੈ। ਨੌਕਰੀ ਦੇ ਘੁਟਾਲੇ ਤੋਂ ਬਾਅਦ ਉਸਨੂੰ ਰੂਸੀ ਫੌਜ ਵਿੱਚ ਸੇਵਾ ਕਰਨ ਲਈ ਮਜਬੂਰ ਕੀਤਾ ਗਿਆ ਸੀ।

## ਕੀ ਕਹਿੰਦੇ ਹਨ ਵਿਧਾਇਕ ਤੇ ਮੰਤਰੀ







ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਇਸ ਮਾਮਲੇ ਬਾਰੇ ਜਵਾਬ ਦਿੰਦਿਆਂ ਕਿਹਾ, "ਇਸ ਬਾਰੇ ਫਿਲਹਾਲ ਜਾਣਕਾਰੀ ਨਹੀਂ ਹੈ।"

ਐੱਨਆਰਆਈ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਵਾਪਸ ਲਿਆਉਣ ਲਈ ਯਤਨ ਕਰ ਰਹੇ ਹਨ। ਉਹਨਾਂ ਨੇ ਪਹਿਲਾਂ ਹੀ ਇਹ ਮਾਮਲਾ ਕੇਂਦਰ ਸਰਕਾਰ ਕੋਲ ਚੁੱਕਿਆ ਹੋਇਆ ਹੈ।

ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਇਹਨਾਂ ਨੌਜਵਾਨਾਂ ਦਾ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਚੁੱਕਿਆ ਸੀ। ਪ੍ਰਗਟ ਸਿੰਘ ਨੇ ਕਿਹਾ ਕਿ, "ਇਹ ਬਹੁਤ ਗੰਭੀਰ ਮੁੱਦਾ ਹੈ। ਇਹ ਪੰਜ ਨੌਜਵਾਨ ਘੁੰਮਣ ਗਏ ਸਨ ਜਾਂ ਕਿਸੇ ਹੋਰ ਕਾਰਨ ਪਰ ਰੂਸ ਸਰਕਾਰ ਨੇ ਉਹਨਾਂ ਨੂੰ ਜਬਰੀ ਭਰਤੀ ਕਰ ਕੇ ਯੂਕਰੇਨ ਵਾਲੀ ਲੜਾਈ ਵਿੱਚ ਸ਼ਾਮਿਲ ਕਰ ਲਿਆ। ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਚੁੱਕ ਕੇ ਉਹਨਾਂ ਨੂੰ ਵਾਪਿਸ ਲਿਆਂਦਾ ਜਾਵੇ।"

## ਵਿਦੇਸ਼ ਜਾਣ ਦੇ ਚੱਕਰ ਵਿਚ ਪੰਜਾਬੀ ਮੁੰਡੇ ਵੀ ਫਸੇ

ਹਾਲ ਹੀ ਵਿੱਚ ਸੱਤ ਨੌਜਵਾਨਾਂ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਹੈ। ਜਿਸ ਵਿੱਚ ਉਹ ਕਹਿੰਦੇ ਹਨ ਕਿ ਉਹ ਰੂਸ ਵਿੱਚ ਘੁੰਮਣ ਲਈ ਆਏ ਸਨ, ਜਿੱਥੇ ਉਨ੍ਹਾਂ ਨੂੰ ਫੜ ਲਿਆ। ਸਾਨੂੰ ਇਹ ਤਜ਼ਵੀਜ਼ ਦਿੱਤੀ ਗਈ ਕਿ ਤੁਸੀਂ ਫੌਜ ਵਿੱਚ ਹੈਲਪਰ ਦੇ ਤੌਰ ਉੱਤੇ ਸ਼ਾਮਲ ਹੋ ਜਾਵੋ ਅਤੇ ਇੱਕ ਸਾਲ ਬਾਅਦ ਤੁਸੀਂ ਜਾ ਸਕਦੇ ਹੋ, ਸਾਨੂੰ ਹੁਣ ਯੁਕਰੇਨ ਲਿਆਂਦਾ ਗਿਆ ਹੈ, ਜਿੱਥੇ ਸਾਨੂੰ ਜੰਗ ਵਿੱਚ ਭੇਜਿਆ ਜਾ ਰਿਹਾ ਹੈ।"

ਇਨ੍ਹਾਂ 7 ਨੌਜਵਾਨਾਂ ਵਿੱਚੋਂ 5 ਨੌਜਵਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਦੱਸੇ ਜਾ ਰਹੇ ਹਨ ਤੇ ਦੋ ਹਰਿਆਣੇ ਦੇ ਹਨ।

ਬਾਕੀ ਹਿਸਾ ਸਫ਼ਾ 19 ਤੇ ਪੜ੍ਹੋ →

## ਇਜ਼ਰਾਇਲ ਜੰਗ ਵਿਚ ਮਾਰੇ ਜਾ ਰਹੇ ਨੇ ਭਾਰਤੀ

ਇਜ਼ਰਾਈਲ-ਲਿਬਨਾਨ ਸਰਹੱਦ ਉਤੇ ਮਾਰਗਾਲੀਏਟ ਦੇ ਖੇਤਾਂ ਵਿਚ ਕੰਮ ਕਰਦਾ ਕੇਰਲ ਦਾ ਨੀਬੀਨ ਮੈਕਸਵੈੱਲ ਬੀਤੇ ਹਫਤੇ ਲਿਬਨਾਨ ਦੀ ਸ਼ੀਆ ਲੜਾਕੂ ਜਥੇਬੰਦੀ ਹਿਜ਼ਬੁੱਲ੍ਹਾ ਵੱਲੋਂ ਕੀਤੇ ਮਿਜ਼ਾਈਲ ਹਮਲੇ ਵਿਚ ਮਾਰਿਆ ਗਿਆ। ਇਸ ਹਮਲੇ ਵਿੱਚ ਕੇਰਲ ਦੇ ਹੀ ਦੋ ਹੋਰ ਜਣੇ ਜ਼ਖ਼ਮੀ ਹੋ ਗਏ ਸਨ। ਇਹ ਸਾਰੇ ਉੱਥੇ ਨਵੇਂ ਨਵੇਂ ਹੀ ਗਏ ਸਨ ਅਤੇ ਫ਼ਲਸਤੀਨੀ ਵਰਕਰਾਂ ਦੀ ਥਾਂ ਕੰਮ ਕਰ ਰਹੇ ਸਨ। ਸੱਤ ਅਕਤੂਬਰ ਨੂੰ ਹਮਾਸ ਵੱਲੋਂ ਕੀਤੇ ਹਮਲੇ ਤੋਂ ਬਾਅਦ ਇਜ਼ਰਾਈਲੀ ਰੱਖਿਆ ਬਲਾਂ ਵੱਲੋਂ ਬਦਲਾ ਲੈਣ ਲਈ ਸ਼ੁਰੂ ਕੀਤੀ ਜਵਾਬੀ ਕਾਰਵਾਈ ਤੋਂ ਬਾਅਦ ਫ਼ਲਸਤੀਨੀਆਂ ਦੇ ਇਜ਼ਰਾਈਲ ਵਿਚ ਦਾਖਲ ਹੋਣ 'ਤੇ ਰੋਕ ਲਾ ਦਿੱਤੀ ਗਈ ਸੀ।

### 18 ਸਫ਼ੇ ਦੀ ਬਾਕੀ

ਉਹ ਆਪਣੇ ਆਪ ਨੂੰ ਭਾਰਤ ਵਾਪਸ ਲਿਆਉਣ ਦੀ ਮੰਗ ਕਰਦਿਆਂ ਕਹਿੰਦੇ ਹਨ, "ਸਾਨੂੰ ਬਚਾ ਲਓ ਨਹੀਂ ਤਾਂ ਇਹ ਸਾਨੂੰ ਜੰਗ ਵਿੱਚ ਤੋਰਨਗੇ, ਸਾਡਾ ਬਚਣਾ ਮੁਸ਼ਕਲ ਹੈ।"

ਇਨ੍ਹਾਂ ਨੌਜਵਾਨਾਂ ਵਿੱਚ ਲਵਪ੍ਰੀਤ ਸਿੰਘ, ਨਰੈਣ ਸਿੰਘ, ਗੁਰਦਾਸਪੁਰ ਦੇ ਪਿੰਡ ਡੇਹਰੀਵਾਲ ਕਿਰਨ ਦਾ ਗਗਨਦੀਪ ਸਿੰਘ, ਹੁਸ਼ਿਆਰਪੁਰ ਦੇ ਹਰਟਾ ਪਿੰਡ ਦਾ ਗੁਰਪ੍ਰੀਤ ਸਿੰਘ ਅਤੇ ਹਰਿਆਣਾ ਦੇ ਕਰਨਾਲ ਦਾ ਹਰਸ਼, ਅਭਿਸ਼ੇਕ ਕੁਮਾਰ ਵੀ ਸ਼ਾਮਿਲ ਹੈ। ਪੰਜਾਬ ਦੇ ਕਲਾਨੌਰ ਕਸਬੇ ਦੇ ਰਵਨੀਤ ਸਿੰਘ ਦੇ ਪਰਿਵਾਰ ਦਾ ਕਹਿਣਾ ਹੈ ਕਿ ਰਵਨੀਤ ਵੀ ਅਜਿਹੇ ਹੀ ਹਾਲਾਤਾਂ ਵਿੱਚ ਫਸਿਆ ਹੋਇਆ ਹੈ। ਗੁਰਦਾਸਪੁਰ ਦੇ ਦੀਨਾਨਗਰ ਦੇ ਪਿੰਡ ਅਵਾਖਾ ਦੇ ਰਹਿਣ ਵਾਲੇ ਕੁਲਵੰਤ ਕੌਰ ਮੁਤਾਬਕ ਰਵਨੀਤ ਨੇ ਦੱਸਿਆ ਕਿ ਉਨ੍ਹਾਂ ਨੂੰ ਵੀ ਅੱਗੇ ਜੰਗ ਵਿੱਚ ਭੇਜਿਆ ਜਾ ਸਕਦਾ ਹੈ। ਕੁਲਵੰਤ ਕੌਰ ਅਨੁਸਾਰ ਉਨ੍ਹਾਂ ਦਾ ਪੁੱਤਰ ਟੂਰਿਸਟ ਵੀਜ਼ਾ ਉੱਤੇ ਡੁਬਈ ਗਿਆ ਸੀ ਅਤੇ ਅੱਗੇ ਮੁੰਡਿਆਂ ਨਾਲ ਰੂਸ ਚਲਿਆ ਗਿਆ ਜਿੱਥੇ ਉਨ੍ਹਾਂ ਨੂੰ ਆਰਮੀ ਨੇ ਫੜ ਲਿਆ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਪੁੱਤਰ ਅਤੇ ਉਨ੍ਹਾਂ ਦੀਆਂ ਦੋ ਧੀਆਂ ਹਨ। ਰਵਨੀਤ ਦੇ ਪਿਤਾ ਇੱਕ ਸਕੂਲ ਬੱਸ ਚਲਾਉਂਦੇ ਹਨ। ਕੁਲਵੰਤ ਕੌਰ ਕਹਿੰਦੇ ਹਨ ਕਿ ਉਨ੍ਹਾਂ ਦੇ ਪੱਤਰ ਨੇ ਮਕੈਨੀਕਲ ਇੰਜੀਨਿਅਰਿੰਗ ਦਾ ਡਿਪਲੋਮਾ ਕੀਤਾ ਹੋਇਆ ਹੈ ਅਤੇ ਉਸ ਨੇ ਦੋ ਸਾਲ ਦੇ ਕਰੀਬ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਵੀ ਕੀਤੀ ਹੋਈ ਹੈ। ਉਨ੍ਹਾਂ ਨੇ ਦਸਿਆ ਕਿ ਰਵਨੀਤ ਪਹਿਲਾਂ ਕਰੀਬ ਦੋ ਵਾਰ ਦੁਬਈ ਜਾ ਚੁੱਕਿਆ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ ਪੈਂਦੇ ਕਲਾਨੌਰ ਕਸਬੇ ਦੇ ਪਿੰਡ ਡੇਹਰੀਵਾਲ ਕਿਰਨ ਦੇ ਵਸਨੀਕ ਬਲਵਿੰਦਰ ਕੌਰ ਦਾ ਪੁੱਤਰ ਗਗਨਦੀਪ ਸਿੰਘ ਕਥਿਤ ਤੌਰ ਉੱਤੇ ਯੂਕਰੇਨ-ਰੂਸ ਜੰਗ ਵਿੱਚ ਫਸਿਆ ਹੋਇਆ ਹੈ। ਉਸਦੀ ਮਾਤਾ ਬਲਵਿੰਦਰ ਕੌਰ ਪਰਿਵਾਰ ਸਹਿਤ ਸਾਰੀ-ਸਾਰੀ ਰਾਤ ਉਸ ਦੇ ਮੈਸਜ ਜਾਂ ਫੋਨ ਦੀ ਉਡੀਕ ਰਹਿੰਦੀ ਹੈ। ਬਲਵਿੰਦਰ ਕੌਰ ਦੱਸਦੇ ਹਨ ਕਿ ਗਗਨਦੀਪ 24 ਦਸੰਬਰ ਨੂੰ ਘਰੋਂ ਰੂਸ ਘੁੰਮਣ ਲਈ ਗਿਆ ਸੀ। ਉੱਥੇ ਜਾ ਕੇ ਪਹਿਲਾਂ ਕਈ ਦਿਨ ਸਾਨੂੰ ਉਸ ਦਾ ਫੋਨ ਨਹੀਂ ਆਇਆ, ਉਸ ਦੇ ਪਿਤਾ ਡਿਪਰੈਸ਼ਨ ਦੇ ਮਰੀਜ਼ ਹਨ ਅਤੇ ਇਸ ਤੋ ਬਾਅਦ ਉਹ ਕਈ ਦਿਨ ਬੀਮਾਰ ਰਹੇ। ਉਹ ਦੱਸਦੇ ਹਨ ਕਿ ਕਈ ਦਿਨਾਂ ਦੇ ਇੰਤਜ਼ਾਰ ਤੋਂ ਮਗਰੋਂ ਉਨ੍ਹਾਂ ਦੇ ਪੁੱਤਰ ਨੇ ਫੋਨ ਉੱਤੇ ਦੱਸਿਆ, "ਮੈਂ ਫਸ ਗਿਆ ਹਾਂ, ਰੂਸੀ ਫੌਜ ਨੇ ਮੈਨੂੰ ਕਿਹਾ ਕਿ ਫੌਜ ਵਿਚ ਭਰਤੀ ਹੋਵੋ ਜਾਂ ਤਾਂ 10 ਸਾਲ ਦੀ ਸਜ਼ਾ ਕੱਟੋ...।"

ਗੁਰਪ੍ਰੀਤ ਸਿੰਘ ਦੇ ਤਾਏ ਦੇ ਪੁੱਤਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਗੁਰਪ੍ਰੀਤ ਆਪਣੀ ਟ੍ਰੈਵਲ ਹਿਸਟਰੀ ਵਧੀਆ ਬਣਾਉਣੀ ਚਾਹੁੰਦਾ ਸੀ, ਉਹ 2022 ਵਿੱਚ ਅਜ਼ਰਬਾਈਜਾਨ, ਦੁਬਈ ਅਤੇ ਸਰਬੀਆ ਗਿਆ ਸੀ ਅਤੇ 2023 ਵਿੱਚ ਬੈਂਕਾਕ ਅਤੇ ਰਸ਼ੀਆ ਗਿਆ ਸੀ ਜਿੱਥੇ ਉਸ ਨੂੰ ਫੌਜ ਨੇ ਫੜ ਲਿਆ ਹੈ। ਗੁਰਪ੍ਰੀਤ ਨੂੰ ਕਿਹਾ ਗਿਆ ਕਿ ਜਾਂ ਤਾਂ ਉਹ ਫੌਜ ਵਿੱਚ ਸ਼ਾਮਲ ਹੋ ਜਾਵੇ ਨਹੀਂ ਤਾਂ ਉਸਨੂੰ ਨੂੰ 10 ਸਾਲ ਸਜ਼ਾ ਹੋਵੇਗੀ। ਨਰਿੰਦਰ ਨੇ ਦੱਸਿਆ, "ਉਨ੍ਹਾਂ ਨੂੰ ਪਹਿਲਾਂ 15 ਦਿਨ ਟਰੇਨਿੰਗ ਉੱਤੇ ਰੱਖਿਆ ਗਿਆ ਅਤੇ ਹੁਣ ਉਨ੍ਹਾਂ ਨੂੰ ਯੂਕਰੇਨ ਵੱਲ ਭੇਜਿਆ ਜਾ ਰਿਹਾ ਹੈ ਜਿੱਥੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ।"

ਹਰਿਆਣਾ ਦੇ 19 ਸਾਲਾ ਨੌਜਵਾਨ ਹਰਸ਼ ਦੀ ਮਾਤਾ ਸੁਮਨ ਨੇ ਦਸਿਆ ਕਿ ਉਨ੍ਹਾਂ ਦੇ ਪੁੱਤਰ ਨੇ ਹਾਲ ਹੀ ਵਿੱਚ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕੀਤੀ ਸੀ। ਉਹ 24-25 ਦਸੰਬਰ ਨੂੰ ਚਲਾ ਗਿਆ, ਉਹ ਥੋੜ੍ਹੇ ਦਿਨ ਰੂਸ ਵਿੱਚ ਘੁੰਮਿਆ। ਹਰਸ਼ ਨੇ ਦੱਸਿਆ ਏਜੰਟ ਨੇ ਸਾਨੂੰ ਬੇਲਾਰੂਸ ਲੈ ਕੇ ਜਾਣ ਦਾ ਕਹਿ ਕੇ ਸੜਕ ਉਪਰ ਛੱਡ ਦਿੱਤਾ। ਫਿਰ ਸਾਨੂੰ ਰੂਸ ਦੀ ਫੌਜ ਨੇ ਫੜ ਲਿਆ ਅਤੇ ਡਰਾਇਆ ਗਿਆ। ਉਹ ਕਹਿੰਦੇ ਹਨ ਕਿ ਹਰਸ਼ ਦਾ ਰੂਸ ਜਾਣ ਦਾ ਮਕਸਦ ਪਾਸਪੋਰਟ ਸਟਰੌਂਗ ਬਣਾਉਣਾ ਸੀ ਤਾਂ ਜੋ ਬਾਅਦ ਵਿੱਚ ਕਿਸੇ ਹੋਰ ਮੁਲਕ ਵਿੱਚ ਜਾ ਸਕੇ। ਇਸ ਪਰਿਵਾਰ ਦੀ ਇੱਕ ਕਰਿਆਨੇ ਦੀ ਦੁਕਾਨ ਹੈ ਜਿਸ ਰਾਹੀਂ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਚੱਲਦਾ ਹੈ।

### ਮਾਮਲਾ ਨਾਂਦੇੜ ਸਾਹਿਬ ਵਿਖੇ ਅਖੰਡ ਪਾਠ ਬੁਕਿੰਗ ਦੀ ਹੇਰਾ ਫੇਰੀ ਦਾ

## ਹਾਈਕੋਰਟ ਵਲੋਂ ਪੁਲਿਸ ਨੂੰ ਜਾਂਚ ਕਰਕੇ ਰਿਪੋਰਟ ਪੇਸ਼ ਕਰਨ ਦੇ ਦਿੱਤੇ ਹੁਕਮ

### ✪ ਲਗਾਏ ਜਾ ਰਹੇ ਦੋਸ਼ ਸਿਆਸਤ ਤੋਂ ਪ੍ਰੇਰਿਤ-ਸੁਪਰਡੈਂਟ

ਅੰਮ੍ਰਿਤਸਰ-ਨਾਂਦੇੜ ਦੇ ਗੁਰਦੁਆਰਾ ਹਜ਼ੂਰ ਸਾਹਿਬ ਵਿਖੇ ਸਾਲ 2017 ਤੋਂ 2019 ਦਰਮਿਆਨ ਹੋਏ ਅਖੰਡ ਪਾਠਾਂ ਦੀ ਬੁਕਿੰਗ ਵੇਲੇ ਹੋਈ ਕਥਿਤ ਹੇਰਾ-ਫੇਰੀ ਮਾਮਲੇ ਦੀ ਮੁੰਬਈ ਹਾਈਕੋਰਟ ਵਲੋਂ ਨਾਂਦੇੜ ਪੁਲਿਸ ਨੂੰ ਜਾਂਚ ਕਰਕੇ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸੇ ਦੌਰਾਨ ਨਾਂਦੇੜ ਅਤੇ ਆਸਪਾਸ ਨਾਲ ਸੰਬੰਧਿਤ ਕਈ ਸਿੱਖ ਆਗੂਆਂ ਨੇ ਸ੍ਰੀ ਹਜ਼ੂਰ ਸਾਹਿਬ ਬੋਰਡ ਨਾਂਦੇੜ ਦੇ ਪ੍ਰਸ਼ਾਸਕ ਡਾ: ਵਿਜੇ ਸਤਬੀਰ ਸਿੰਘ ਨੂੰ ਪੱਤਰ ਲਿਖ ਕੇ ਇਸ ਕਥਿਤ ਹੇਰਾ-ਫੇਰੀ ਮਾਮਲੇ ਨਾਲ ਸੰਬੰਧਿਤ ਦੋਸ਼ੀ ਬੋਰਡ ਅਧਿਕਾਰੀ ਨੂੰ ਮੁਅੱਤਲ ਕਰਨ ਅਤੇ ਜਾਂਚ ਨੂੰ ਨਿਰਪੱਖ ਬਣਾਉਣ ਵਿਚ ਸਹਿਯੋਗ ਦੇਣ ਦੀ ਮੰਗ ਕੀਤੀ ਹੈ। ਉਕਤ ਆਗੂਆਂ, ਜਿਨ੍ਹਾਂ ਵਿਚ ਮਨਬੀਰ ਸਿੰਘ ਗ੍ਰੰਥੀ, ਜਗਦੀਪ ਸਿੰਘ ਨੰਬਰਦਾਰ, ਜਸਬੀਰ ਸਿੰਘ ਬੁੰਗਈ, ਬਿਰੇਂਦਰ ਸਿੰਘ ਬੇਦੀ, ਦੀਪਕ ਸਿੰਘ ਗਲੀਆਂ ਵਾਲੇ, ਦੀਪਕ ਸਿੰਘ, ਪਰੇਮਜੀਤ ਸਿੰਘ ਸ਼ਿਲੇਦਾਰ, ਨਾਨਕ ਸਿੰਘ ਤੇ ਜਗਜੀਤ ਸਿੰਘ ਖ਼ਾਲਸਾ ਸ਼ਾਮਿਲ ਹਨ, ਨੇ ਮੁੱਖ ਪ੍ਰਸ਼ਾਸਕ ਨੂੰ ਲਿਖੇ ਪੱਤਰ ਵਿਚ ਦੋਸ਼ ਲਾਇਆ ਹੈ ਕਿ ਨਾਂਦੇੜ ਦੇ ਸੱਚਖੰਡ ਗੁਰਦੁਆਰਾ ਸਾਹਿਬ ਵਿਖੇ ਸ਼ਰਧਾਲੂ ਅਖੰਡ ਪਾਠ ਕਰਾਉਂਦੇ ਹਨ, ਪਰ 2017 ਤੋਂ 2019 ਦਰਮਿਆਨ ਗੁਰਦੁਆਰਾ ਬੋਰਡ ਦੇ ਇਕ ਤਤਕਾਲੀ ਸੁਪਰਡੈਂਟ ਅਤੇ ਉਨ੍ਹਾਂ ਦੇ ਸਟਾਫ 'ਤੇ ਇਸ ਸੰਬੰਧੀ ਲੱਖਾਂ ਰੁਪਏ ਦਾ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਲੱਗੇ ਸਨ। ਬੋਰਡ ਦੇ ਤਤਕਾਲੀ ਚੇਅਰਮੈਨ ਵਲੋਂ ਜਾਂਚ ਤੋਂ ਬਾਅਦ ਉਕਤ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਪਰ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਬਹਾਲ ਕਰ ਦਿੱਤਾ ਗਿਆ। ਇਸ ਸੰਬੰਧੀ ਪਟੀਸ਼ਨ ਉਲਹਾਸ ਨਗਰ ਤੋਂ ਐਡਵੋਕੇਟ ਅੰਮਿਬਪਾਲ ਸਿੰਘ ਖਾਲਸਾ ਨੇ ਦਾਇਰ ਕੀਤੀ ਸੀ। ਇਸੇ ਦੌਰਾਨ ਤਖ਼ਤ ਸਾਹਿਬ ਬੋਰਡ ਦੇ ਸੁਪਰਡੈਂਟ ਠਾਨ ਸਿੰਘ ਬੁੰਗਈ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਹੇਰਾ-ਫੇਰੀ ਦੇ ਲਾਏ ਜਾ ਰਹੇ ਦੋਸ਼ ਸਿਆਸਤ ਤੋਂ ਪ੍ਰੇਰਿਤ ਹਨ।

## ਤਰਨਤਾਰਨ ਦੇ ਪਿੰਡ ਵਿਚ ਗਭਰੂ ਦਾ ਗੋਲ਼ੀ ਮਾਰ ਕੇ ਕਤਲ



ਤਰਨ ਤਾਰਨ-ਤਰਨ ਤਾਰਨ ਦੇ ਨਾਲ ਲੱਗਦੇ ਪਿੰਡ ਪੰਡੋਰੀ ਗੋਲਾ ਵਿਖੇ ਕਰੀਬ 32 ਸਾਲਾ ਨੌਜਵਾਨ ਗੁਰਸੇਵਕ ਸਿੰਘ ਨੂੰ ਅਣਪਛਾਤੇ ਲੋਕਾਂ ਵੱਲੋਂ ਗੋਲ਼ੀਆਂ ਮਾਰ ਕੇ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਗੰਭੀਰ ਹਾਲਤ ਵਿਚ ਉਸਦੇ ਪਰਿਵਾਰ ਵਾਲੇ ਤਰਨ ਤਾਰਨ ਦੇ ਨਿੱਜੀ ਹਸਪਤਾਲ ਲੈ ਕੇ ਗਏ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਡੀਐੱਸਪੀ ਗੋਇੰਦਵਾਲ ਸਾਹਿਬ ਰਵੀਸ਼ੇਰ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ ਅਤੇ ਪਰਿਵਾਰ ਦੇ ਬਿਆਨ ਕਲਮਬੰਦ ਕਰਕੇ ਕੇਸ ਦਰਜ ਕੀਤਾ ਜਾ ਰਿਹਾ ਹੈ।

## ਸਿਗਨਲ ਐਪ 'ਤੇ ਹੋਈ ਸੀ ਗੈਂਗਸਟਰ ਲਾਰੈਂਸ ਦੀ ਇੰਟਰਵਿਊ

### ✪ ਜਾਂਚ ਪੂਰੀ ਕਰਨ ਲਈ ਸਿਟ ਨੇ ਹਾਈਕੋਰਟ ਤੋਂ 3 ਮਹੀਨੇ ਦਾ ਸਮਾਂ ਮੰਗਿਆ

ਚੰਡੀਗੜ੍ਹ-ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਸਿਗਨਲ ਐਪ ਰਾਹੀਂ ਜੇਲ੍ਹ ਦੇ ਅੰਦਰੋਂ ਇੰਟਰਵਿਊ ਲਿਆ ਗਿਆ। ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਿੱਚ ਬਣਾਈ ਗਈ ਐੱਸ ਆਈ ਟੀ ਨੇ ਹਾਈ ਕੋਰਟ ਨੂੰ ਇਹ ਜਾਣਕਾਰੀ ਦਿੱਤੀ।

ਮਾਮਲੇ ਵਿੱਚ ਅਜੇ ਹੋਰ ਸਬੂਤ ਇਕੱਠੇ ਕੀਤੇ ਜਾਣੇ ਹਨ, ਜਿਸ ਸਬੰਧੀ ਐੱਸ ਆਈ ਟੀ ਨੇ ਜਾਂਚ ਲਈ ਹਾਈ ਕੋਰਟ ਤੋਂ 3 ਮਹੀਨਿਆਂ ਦਾ ਹੋਰ ਸਮਾਂ ਮੰਗਿਆ ਹੈ। ਐੱਸ ਆਈ ਟੀ ਨੇ ਹਾਈਕੋਰਟ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ, ਜਿਸ ਵਿੱਚ ਕੁਝ ਗਵਾਹਾਂ ਤੋਂ ਪੁੱਛਗਿੱਛ ਕੀਤੀ ਜਾਣੀ ਬਾਕੀ ਹੈ।

ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਇੰਟਰਵਿਊ ਦੇ ਮਾਮਲੇ ਵਿੱਚ, ਮਾਰਚ 2023 ਵਿੱਚ, ਲਾਰੈਂਸ ਬਿਸ਼ਨੋਈ ਦੇ ਬਿਆਨਾਂ ਦੇ ਆਧਾਰ 'ਤੇ, ਪੁਲਿਸ ਨੇ ਉਸ ਅਤੇ ਅਣਪਛਾਤੇ ਗੈਂਗ ਦੇ ਮੈਂਬਰਾਂ ਦੇ ਖ਼ਿਲਾਫ਼



ਜ਼ਬਰਦਸਤੀ, ਅਧਿਕਾਰੀਆਂ ਤੋਂ ਜਾਣਕਾਰੀ ਛੁਪਾਉਣ ਅਤੇ ਇੰਟਰਵਿਊ ਦੇ ਸਬੰਧ ਵਿੱਚ ਸਬੂਤ ਨਸ਼ਟ ਕਰਨ ਦੇ ਦੋਸ਼ਾਂ ਤਹਿਤ ਐੱਫ਼ ਆਈ ਆਰ ਦਰਜ ਕੀਤੀ ਸੀ।

ਦੂਜੀ ਐੱਫ਼ ਆਈ ਆਰ ਵਿੱਚ, ਲਾਰੈਂਸ ਅਤੇ ਗਿਰੋਹ ਦੇ ਅਣਪਛਾਤੇ ਮੈਂਬਰਾਂ ਵਿਰੁੱਧ ਅਪਰਾਧਿਕ ਧਮਕੀਆਂ ਦੇਣ, ਜਾਣਕਾਰੀ ਛੁਪਾਉਣ ਅਤੇ ਸਬੂਤ ਨਸ਼ਟ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਵਿਚ ਹਾਈਕੋਰਟ ਵੱਲੋਂ ਬਣਾਈ ਗਈ ਨਵੀਂ ਸਿਟ ਦੀ ਜਾਂਚ ਪੂਰੀ ਹੋਣ ਤੇ ਕਈ ਹੈਰਾਨ ਕਰਨ ਵਾਲੇ ਨਾਂ ਸਾਹਮਣੇ ਆ ਸਕਦੇ ਹਨ। ਕਿਉਂਕਿ ਕਿਸੇ ਦੀ ਮਦਦ ਤੋਂ ਬਿਨਾਂ ਜੇਲ੍ਹ ਤੋਂ ਇੰਟਰਵਿਊ ਲੈਣਾ ਸੰਭਵ ਨਹੀਂ ਹੈ।

ਹਾਈ ਕੋਰਟ ਵੱਲੋਂ ਇਸ ਮਾਮਲੇ ਵਿੱਚ ਮਨੁੱਖੀ ਅਧਿਕਾਰਾਂ ਦੇ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਿੱਚ ਇੱਕ ਨਵੀਂ ਐੱਸ ਆਈ ਟੀ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਏਡੀਜੀਪੀ ਜੇਲ੍ਹ ਅਰੁਣ ਪਾਲ ਸਿੰਘ ਸਮੇਤ ਵਿਸ਼ੇਸ਼ ਡੀਜੀਪੀ ਕੁਲਦੀਪ ਸਿੰਘ ਦੀ ਅਗਵਾਈ ਵਾਲੀ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਰਿਪੋਰਟ ਰੱਦ ਕਰ ਦਿੱਤੀ ਸੀ।

## ਅਬੋਹਰ ਵਿਚ ਵਪਾਰੀ ਨੂੰ ਅਗਵਾ ਕਰਕੇ 72 ਲੱਖ ਦਾ ਸੋਨਾ ਲੁੱਟਿਆ

ਅਬੋਹਰ-ਦਿੱਲੀ ਤੋਂ ਰੇਲ ਗੱਡੀ ਰਾਹੀਂ ਸੋਨਾ ਲੈ ਕੇ ਆ ਰਹੇ ਵਪਾਰੀ ਅੰਨਾ ਮਰਾਠਾ ਨੂੰ ਅਬੋਹਰ ਵਿਚ ਲੁਟੇਰਿਆਂ ਨੇ ਹਥਿਆਰਾਂ ਦੇ ਨੋਕ 'ਤੇ ਅਗਵਾ ਕਰ 1100 ਗ੍ਰਾਮ ਸੋਨਾ ਲੁੱਟ ਲਿਆ। ਇਹ ਵਾਰਦਾਤ ਪੁਲਸ ਥਾਣੇ ਤੋਂ ਮਹਿਜ਼ 110 ਮੀਟਰ ਦੂਰੀ 'ਤੇ ਵਾਪਰੀ, ਜਿੱਥੇ ਲੁਟੇਰਿਆਂ ਨੇ ਪਿਸਤੌਲ ਦੇ ਜ਼ੋਰ 'ਤੇ ਵਪਾਰੀ ਨੂੰ ਪਹਿਲਾਂ ਅਗਵਾ ਕੀਤਾ ਅਤੇ ਫਿਰ ਲਗਭਗ 72-73 ਲੱਖ ਰੁਪਏ ਦਾ ਸੋਨਾ ਲੁੱਟ ਲਿਆ। ਵਪਾਰੀ ਮੂਲ ਰੂਪ ਤੋਂ ਮਹਾਰਾਸ਼ਟਰ ਦਾ ਰਹਿਣ ਵਾਲਾ ਹੈ ਅਤੇ ਪਿਛਲੇ 8 ਸਾਲ ਤੋਂ ਅਬੋਹਰ ਵਿਚ ਸੋਨੇ ਦੇ ਸ਼ੁੱਧੀਕਰਣ ਦਾ ਕੰਮ ਚਲਾ ਰਿਹਾ ਹੈ। ਐੱਸ. ਐੱਸ. ਪੀ. ਵਰਿੰਦਰ ਸਿੰਘ ਬਰਾੜ ਨੇ ਕਿਹਾ ਕਿ ਪੁਲਸ ਨੇ ਵਪਾਰੀ ਦੇ ਬਿਆਨਾਂ 'ਤੇ ਅਣਪਛਾਤੇ ਲੁਟੇਰਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਨਸ਼ਿਆਂ ਕਾਰਨ ਮੌਤਾਂ ਦੇ ਮਾਮਲੇ ਵਿਚ ਭਾਰਤ ਵਿਚੋਂ ਪੰਜਾਬ ਮੂਹਰਲੀ ਕਤਾਰ ਵਿਚ ਸ਼ੁਮਾਰ

ਕਰਾਈਮ ਰਿਪੋਟ

## ✪ ਸੂਬਾ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਨਸ਼ੇ ਦੀ ਸਪਲਾਈ ਜਾਰੀ ✪ ਨਸ਼ਾ ਤਸਕਰੀ ਵਿਚ ਦੇਸ਼ ਭਰ ਵਿਚੋਂ 9631 ਫੜੀਆਂ ਗਈਆਂ ਔਰਤਾਂ ਵਿਚੋਂ 3164 ਪੰਜਾਬਣਾ





ਪੰਜਾਬ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਨਸ਼ੇ ਦੀਆਂ ਸਪਲਾਈ ਚੇਨ ਦਾ ਕਾਇਮ ਰਹਿਣਾ ਤੇ ਨਸ਼ੇ ਉਪਲਬਧ ਹੋਣਾ ਚਿੰਤਾਜਨਕ ਵਿਸ਼ਾ ਹੈ। ਪੰਜਾਬ ਪੁਲਿਸ ਨੇ ਕਈ ਵਾਰ ਵੱਡੀ ਮਾਤਰਾ ਵਿਚ ਹੈਰੋਇਨ ਤੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਪਰ ਇਸ ਦੇ ਬਾਵਜੂਦ ਨਸ਼ਾ ਮੁਹੱਈਆ ਕਰਵਾਉਣ ਵਾਲੀਆਂ ਸਪਲਾਈ ਚੇਨਾਂ ਟੁੱਟੀਆਂ ਨਹੀਂ ਹਨ, ਜਿਸ ਕਾਰਨ ਹਰ ਰੋਜ਼ ਨੌਜਵਾਨ ਮੌਤ ਦੇ ਮੂੰਹ ਜਾ ਰਹੇ ਹਨ।

ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਕਾਰਨ ਚਾਲੂ ਹਫ਼ਤੇ ਦੌਰਾਨ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੇ ਆਪਣੀ ਜਾਨ ਗੁਆ ਲਈ ਹੈ। ਨਸ਼ਾ ਤਸਕਰੀ ਤੇ ਨਸ਼ੇ ਦੀ ਵੱਧ ਮਾਤਰਾ ਨਾਲ ਮੌਤਾਂ ਦੇ ਮਾਮਲੇ ਵਿਚ ਦੇਸ਼ ਭਰ ਵਿਚੋਂ ਪੰਜਾਬ ਮੂਹਰਲੀ ਕਤਾਰ ਵਿਚ ਸ਼ੁਮਾਰ ਹੋ ਗਿਆ ਹੈ। ਬੀ.ਐਸ.ਐਫ. ਦੀ ਇਕ ਰਿਪੋਰਟ ਅਨੁਸਾਰ ਪਾਕਿਸਤਾਨ ਨਾਲ ਲੱਗਦੀ 553 ਕਿਲੋਮੀਟਰ ਸਰਹੱਦ ਰਾਹੀਂ ਪੰਜਾਬ 'ਚ ਡਰੋਨਾਂ ਰਾਹੀਂ ਹੈਰੋਇਨ ਸੁੱਟੀ ਜਾਂਦੀ ਹੈ ਅਤੇ ਚੀਨ ਦੇ ਬਣੇ ਡੀ.ਜੇ. ਮੈਟਰਿਕਸ ਕਿਸਮ ਦੇ ਡਰੋਨ 2 ਤੋਂ 12 ਕਿੱਲੋ ਦਾ ਭਾਰ ਲੈ ਕੇ ਉੱਡ ਸਕਦੇ ਹਨ।

### ਨਸ਼ਾ ਤਸਕਰੀ ਵਿਚ ਬਚੇ ਤੇ ਔਰਤਾਂ ਸ਼ਾਮਲ

ਇਹ ਵੀ ਕਿ ਨਸ਼ਾ ਤਸਕਰੀ ਵਿਚ ਔਰਤਾਂ ਅਤੇ ਬੱਚੇ ਵੀ ਕੁੱਦ ਪਏ ਹਨ। ਨਸ਼ਾ ਤਸਕਰੀ ਵਿਚ ਦੇਸ਼ ਭਰ ਵਿਚੋਂ 9631 ਫੜੀਆਂ ਗਈਆਂ ਔਰਤਾਂ ਵਿਚੋਂ 3164 (33 ਫ਼ੀਸਦੀ) ਔਰਤਾਂ ਪੰਜਾਬੀ ਦੱਸੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ 78 ਨਾਬਾਲਗ ਬੱਚਿਆਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਨਸ਼ਿਆਂ ਦੇ ਦੈਂਤ ਨੇ ਸੂਬੇ ਦੇ ਲਗਭਗ 8.50 ਲੱਖ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ, ਜਿਨ੍ਹਾਂ ਦਾ ਇਲਾਜ ਪੰਜਾਬ ਦੇ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਚੱਲ ਰਿਹਾ ਹੈ। ਇਹ ਵੀ ਕਿ ਪਿਛਲੇ 4 ਸਾਲਾਂ ਵਿਚ ਨਸ਼ੇ ਦੀ ਵੱਧ ਮਾਤਰਾ ਨਾਲ ਮੌਤਾਂ ਹੋਣ ਦੀ ਦਰ 3 ਫ਼ੀਸਦੀ ਵਧੀ ਹੈ। ਸਰਕਾਰੀ ਦਾਅਵੇ ਅਨੁਸਾਰ 1 ਅਪ੍ਰੈਲ, 2020 ਤੋਂ 31 ਮਾਰਚ, 2023 ਤੱਕ 266 ਮੌਤਾਂ ਨਸ਼ੇ ਦੀ ਵੱਧ ਮਾਤਰਾ ਕਾਰਨ ਹੋਈਆਂ ਹਨ, ਜਦਕਿ ਅਸਲ ਅੰਕੜੇ ਕਿਤੇ ਜ਼ਿਆਦਾ ਹਨ। ਚਾਲੂ ਹਫ਼ਤੇ ਦੌਰਾਨ ਪਿੰਡ ਵਢਾਲਾ ਭਿੱਟੇਵੱਡ ਦਾ ਨੌਜਵਾਨ ਵੀਰੂ, ਫਗਵਾੜਾ ਦਾ ਕੁਨਾਲ ਕੁਮਾਰ, ਅੰਮਿਬਸਰ ਦੇ ਥਾਣਾ ਕੰਬੋਅ ਅਧੀਨ ਪਿੰਡ ਉਠੀਆ ਦੇ ਜੈਦੀਪ ਸਿੰਘ (18), ਅਹੀਆਪੁਰ ਟਾਂਡਾਂ ਦੇ ਹਰਮੇਸ਼ ਲਾਲ ਅਤੇ ਬਠਿੰਡਾ ਦੇ ਲਾਲ ਸਿੰਘ ਨਗਰ ਦਾ ਇਕ ਨੌਜਵਾਨ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦੇ ਮੂੰਹ ਜਾ ਪਏ ਹਨ।

ਐਨ.ਡੀ.ਪੀ.ਐਸ. ਕੇਸਾਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਨਸ਼ਾ ਤਸਕਰੀ ਲਈ 1 ਲੱਖ ਦੀ ਆਬਾਦੀ ਪਿੱਛੇ ਜੋ ਕੇਸ ਦਰਜ ਹਨ, ਉਹ ਦੇਸ਼ ਵਿਚ ਸਭ ਤੋਂ ਜ਼ਿਆਦਾ ਹਨ। ਪੰਜਾਬ ਪੁਲਿਸ ਵਲੋਂ ਜਾਰੀ ਅੰਕੜਿਆਂ ਅਨੁਸਾਰ ਐਨ.ਡੀ.ਪੀ.ਐਸ. ਤਹਿਤ 23,482 ਮੁਕੱਦਮੇ ਤੇ 32006 ਨਸ਼ਾ ਤਸਕਰ/ਸਪਲਾਇਰ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ 2582 ਭਗੌੜਿਆਂ ਨੂੰ ਵੀ ਦਬੋਚਿਆ ਗਿਆ ਹੈ। ਰਾਸ਼ਟਰੀ ਕ੍ਰਾਇਮ ਰਿਕਾਰਡ ਬਿਉਰੋ' ਦੀ ਇੱਕ ਰਿਪੋਰਟ ਅਨੁਸਾਰ ਹਰ ਸਾਲ 7500 ਕਰੋੜ ਰੁਪਏ, ਦੀ ਹੈਰੋਇਨ ਅਤੇ ਕੋਕੀਨ ਦਾ ਕਾਰੋਬਾਰ ਪੰਜਾਬ ਵਿੱਚ ਕੀਤਾ ਜਾਂਦਾ ਹੈ। ਇਹ ਵੀ ਕਿ ਪੰਜਾਬ ਨੂੰ ਬਚਾਉਣ ਲਈ ਨਸ਼ਾ ਤਸਕਰਾਂ ਨੂੰ ਫੜਨ ਦੇ ਨਾਲ-ਨਾਲ ਡਰੋਨਾਂ ਦਾ ਅਗਾਊਂ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਡੇਗਣ ਦੀ ਤਕਨਾਲੋਜੀ ਹੋਰ ਵਿਕਸਤ ਕਰਨੀ ਚਾਹੀਦੀ ਹੈ। ਨਸ਼ਿਆਂ ਦੀ ਰੋਕਥਾਮ ਲਈ ਮੀਡੀਆ ਰਾਂਹੀ ਸੁਰਖੀਆਂ ਬਟੋਰਨ ਲਈ ਸੂਬਾ ਸਰਕਾਰ ਦੇ ਯਤਨ ਵੀ ਸਫਲ ਨਹੀ ਹੋ ਸਕੇ। ਨਸ਼ਾ ਸਮੱਗਲਰਾਂ ਨੂੰ ਫੜਣ ਦੀ ਬਜਾਏ ਪੰਜਾਬ ਪੁਲਸ ਨਸ਼ੇੜੀਆਂ ਨੂੰ ਹੀ ਫੜ ਕੇ ਪਰਚੇ ਦਰਜ ਕਰਦਿਆਂ ਸਰਕਾਰੇ ਦਰਬਾਰੇ ਆਪਣੇ ਨੰਬਰ ਬਣਾਉਣ ਵਿਚ ਲੱਗੀ ਰਹੀ ਜਦਕਿ ਹਕੀਕਤ ਇਸ ਤੋਂ ਕਾਫ਼ੀ ਦੂਰ ਸੀ। ਸੂਬੇ ਵਿਚ ਨਸ਼ਾ ਕੇਵਲ ਪਾਕਿਸਤਾਨ ਨਾਲ ਲੱਗਦੀ ਸਰਹੱਦ ਤੋਂ ਹੀ ਨਹੀਂ ਆਉਂਦਾ ਸਗੋਂ ਪਿਛਲੇ ਦੋ ਸਾਲਾਂ ਦੌਰਾਨ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ 6269 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਫੜੇ ਜਾ ਚੁੱਕੇ ਹਨ। ਇਸ ਸਬੰਧ ਵਿਚ ਕੁਝ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਬੰਦਰਗਾਹ ਰਾਹੀਂ ਨਸ਼ਿਆਂ ਦੀ ਤਸਕਰੀ ਦੇ ਤਾਰ ਪੰਜਾਬ ਨਾਲ ਵੀ ਜੁੜੇ ਹਨ ਪਰ ਲੋਕਾਂ ਦੇ ਮਨਾਂ ਵਿਚ ਇਹ ਪ੍ਰਭਾਵ ਹੈ ਕਿ 'ਅਸਲ ਮੁਲਜ਼ਮ' ਪਰਦੇ ਪਿੱਛੇ ਹੀ ਰਹਿ ਗਏ ਹਨ। ਰਾਜਨੀਤਿਕ ਨੇਤਾਵਾਂ ਤੇ ਪੁਲਸ ਤੱਕ ਪਹੁੰਚ ਰੱਖਣ ਵਾਲੇ ਲੋਕ ਹੀ ਨਸ਼ਾ ਸਮੱਗਲਿੰਗ ਤੇ ਸੱਟੇਬਾਜੀ ਦਾ ਵਪਾਰ ਕਰਦੇ ਹਨ।

ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਅਧੀਨ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਲਈ ਹੁਨਰਮੰਦ ਬਣਾਉਣ ਦੇ ਨਾਲ-ਨਾਲ ਮੁੜ ਵਸੇਬੇ ਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਕੇਂਦਰ ਤੇ ਸੂਬਾ ਸਰਕਾਰ ਨਸ਼ਿਆਂ ਖ਼ਿਲਾਫ਼ ਮਿਲ ਕੇ ਕੰਮ ਕਰੇ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਸੁਰੱਖਿਆ ਏਜੰਸੀਆਂ ਨੂੰ ਆਧੁਨਿਕ ਉਪਕਰਨ ਦਿੱਤੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਤਸਕਰਾਂ ਨੂੰ ਮਿਸਾਲੀ ਸਜ਼ਾ ਦੇਣ ਲਈ ਫਾਸਟਟਰੈਕ ਅਦਾਲਤਾਂ ਸ਼ੁਰੂ ਕੀਤੀਆਂ ਜਾਣ।

# ਬਲਾਤਕਾਰੀ ਤੇ ਕਾਤਲ ਸੌਦਾ ਸਾਧ ਮੁੜ ਜੇਲ੍ਹ ਗਿਆ !

## ✪ ਹੁਣ ਇੰਨੀ ਅਸਾਨੀ ਨਾਲ ਬਾਹਰ ਨਹੀਂ ਆ ਸਕੇਗਾ



ਚੰਡੀਗੜ੍ਹ-ਸਾਧਵੀ ਜਿਨਸੀ ਸ਼ੋਸ਼ਣ ਅਤੇ ਪੱਤਰਕਾਰ ਦੇ ਕਤਲ ਵਿੱਚ ਸਜ਼ਾ ਕੱਟ ਰਹੇ ਸੌਦਾ ਸਾਧ 50 ਦਿਨ ਦੀ ਪੈਰੋਲ ਪੂਰੀ ਕਰਨ ਤੋਂ ਬਾਅਦ ਸੁਨਾਰੀਆਂ ਜੇਲ੍ਹ ਵਾਪਸ ਚੱਲਾ ਗਿਆ ਹੈ। ਪਰ ਅਗਲੀ ਵਾਰ ਸੌਦਾ ਸਾਧ ਇੰਨੀ ਅਸਾਨੀ ਨਾਲ ਬਾਹਰ ਨਹੀਂ ਆ ਸਕੇਗਾ। 2 ਸਾਲਾਂ ਵਿੱਚ 9 ਵਾਰ ਬਾਹਰ ਆ ਚੁੱਕੇ ਸੌਦਾ ਸਾਧ 'ਤੇ ਹੁਣ ਪੰਜਾਬ ਹਰਿਆਣਾ ਹਾਈਕੋਰਟ ਦੀ ਸਖਤ ਨਜ਼ਰ ਰਹੇਗੀ। ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਹੁਣ ਉਹ ਬਾਹਰ ਨਹੀਂ ਸਕੇਗਾ। ਪਿਛਲੇ ਮਹੀਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸੌਦਾ ਸਾਧ ਨੂੰ ਵਾਰ-ਵਾਰ ਮਿਲ ਰਹੀ ਪੈਰੋਲ ਅਤੇ ਫਰਲੋ ਨੂੰ ਲੈਕੇ ਪਾਈ ਗਈ ਪਟੀਸ਼ਨ 'ਤੇ ਸੁਣਵਾਈ ਹੋਈ ਸੀ। ਅਦਾਲਤ ਨੇ ਹਰਿਆਣਾ ਸਰਕਾਰ ਨੂੰ ਪੁੱਛਿਆ ਕਿ ਹੋਰ ਕੈਦੀਆਂ ਨੂੰ ਵੀ ਸੌਦਾ ਸਾਧ ਵਾਂਗ ਇਸੇ ਤਰ੍ਹਾਂ ਫਰਲੋ ਅਤੇ ਪੈਰੋਲ ਮਿਲਦੀ ਹੈ ? ਅਦਾਲਤ ਨੇ ਅਗਲੀ ਸੁਣਵਾਈ ਵਿੱਚ ਜਾਣਕਾਰੀ ਦੇਣ ਦੇ ਨਾਲ ਹਦਾਇਤ ਦਿੱਤੀ ਕਿ ਅਗਲੀ ਪੈਰੋਲ ਅਤੇ ਫਰਲੋ ਦੀ ਸੁਣਵਾਈ ਪੰਜਾਬ ਹਰਿਆਣਾ ਹਾਈਕੋਰਟ ਕਰੇਗਾ। ਪਹਿਲਾਂ ਸੌਦਾ ਸਾਧ ਜ਼ਿਲ੍ਹੇ ਦੇ ਡੀਸੀ ਨੂੰ ਦਰਖਾਸਤ ਸੌਂਪਦਾ ਸੀ ਅਤੇ ਜੇਲ੍ਹ ਮੰਤਰੀ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਸੌਦਾ ਸਾਧ ਦੀ ਪੈਰੋਲ ਅਤੇ ਫਰਲੋ ਨੂੰ ਮਨਜ਼ੂਰ ਕਰ ਦਿੰਦੇ ਸੀ।

ਪੰਜਾਬ ਟਾਈਮਜ਼ ਅਨੁਸਾਰ 2 ਸਾਲਾਂ ਵਿੱਚ ਹੀ ਸੌਦਾ ਸਾਧ 184 ਦਿਨ ਬਾਹਰ ਰਿਹਾ ਹੈ ਜੇਕਰ ਇਸ ਵਿੱਚ ਮੌਜੂਦਾ 50 ਦਿਨ ਨੂੰ ਜੋੜ ਲਿਆ ਜਾਵੇਗਾ ਕੁੱਲ 234 ਦਿਨ ਸੌਦਾ ਸਾਧ ਜੇਲ੍ਹ ਤੋਂ ਬਾਹਰ ਰਿਹਾ ਹੈ। ਇਹ ਸਭ ਭਾਜਪਾ ਸਰਕਾਰ ਦੀਆਂ ਸੌਦਾ ਸਾਧ ਉਪਰ ਮਿਹਰਬਾਨੀਆਂ ਸਨ ਤਾਂ ਜੋ ਡੇਰੇ ਦਾ ਵੋਟ ਬੈਂਕ ਆਪਣੇ ਪਖ ਵਿਚ ਕੀਤਾ ਜਾ ਸਕੇ।

# ਦਮਦਮੀ ਟਕਸਾਲ ਨੇ ਜੂਨ '84 ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਗੈਲਰੀ ਦੀ ਕੀਤੀ ਸੰਪੂਰਨਤਾ

**✪ ਜਥੇਦਾਰ ਰਘਬੀਰ ਸਿੰਘ ਵਲੋਂ ਸ਼ਹੀਦੀ ਗੈਲਰੀ ਦਾ ਉਦਘਾਟਨ ✪ ਦਮਦਮੀ ਟਕਸਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਜਿਹੇ ਕਾਰਜਾਂ ਨੂੰ ਕਰਦੀ ਰਹੇਗੀ-ਗਿ. ਹਰਨਾਮ ਸਿੰਘ ਖਾਲਸਾ**



ਸ਼ਹੀਦੀ ਗੈਲਰੀ ਦੇ ਉਦਘਾਟਨ ਮੌਕੇ ਜਥੇਦਾਰ ਗਿ. ਰਘਬੀਰ ਸਿੰਘ, ਜਥੇਦਾਰ ਗਿ. ਸੁਲਤਾਨ ਸਿੰਘ, ਜਥੇਦਾਰ ਗਿ.ਹਰਪ੍ਰੀਤ ਸਿੰਘ, ਸੰਤ ਗਿਆਨੀ ਹਰਨਾਮ ਸਿੰਘ ਖਾਲਸਾ, ਪ੍ਰਧਾਨ ਹਰਜਿੰਦਰ ਸਿੰਘ ਧਾਮੀ , ਗਿਆਨੀ ਪਿੰਦਰਪਾਲ ਸਿੰਘ, ਭਾਈ ਜਸਪਾਲ ਸਿੰਘ ਮੁੰਬਈ, ਭਾਈ ਈਸ਼ਰ ਸਿੰਘ ਤੇ ਹੋਰ ਪੰਥਕ ਸ਼ਖ਼ਸ਼ੀਅਤਾਂ

ਚੌਂਕ ਮਹਿਤਾ-ਜੂਨ 84 ਦੇ ਤੀਸਰੇ ਘੱਲੂਘਾਰੇ ਦੌਰਾਨ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਸ਼ਹਾਦਤਾਂ ਦਾ ਜਾਮ ਪੀਣ ਵਾਲੇ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਸ਼ਹੀਦ ਜਨਰਲ ਸਰਦਾਰ ਸੁਬੇਗ ਸਿੰਘ, ਸ਼ਹੀਦ ਬਾਬਾ ਠਾਹਰਾ ਸਿੰਘ ਤੇ ਘੱਲੂਘਾਰੇ ਹਫਤੇ ਦੇ ਅੰਦਰ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਸਥਾਪਤ ਗੁਰਦਵਾਰਾ ਯਾਦਗਾਰ ਸ਼ਹੀਦਾਂ ਦੀ ਜ਼ਮੀਨਦੋਜ਼ ਹਾਲ ਵਿਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ ਬਣ ਕੇ ਤਿਆਰ ਹੋਈ ਸ਼ਹੀਦੀ ਗੈਲਰੀ ਦੀ ਸੰਪੂਰਨਤਾ ਤੋਂ ਬਾਅਦ ਇਸ ਨੂੰ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਗਿਆ ਹੈ।

ਇਸ ਸ਼ਹੀਦੀ ਗੈਲਰੀ ਨੂੰ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹੇ ਜਾਣ ਮੌਕੇ ਰੱਖੇ ਗਏ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਦਮਦਮਾ ਸਾਹਿਬ, ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਐਡਵੋਕੇਟ ਭਾਈ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਸ ਸ਼ਹੀਦੀ ਗੈਲਰੀ ਦਾ ਉਦਘਾਟਨ ਕੀਤਾ, ਜਿਸ ਮੌਕੇ ਬਾਬਾ ਧਰਮ ਸਿੰਘ ਯੂ.ਐੱਸ.ਏ., ਗਿਆਨੀ ਪਿੰਦਰਪਾਲ ਸਿੰਘ ਤੇ ਭਾਈ ਈਸ਼ਰ ਸਿੰਘ ਸਪੁੱਤਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਦਿ ਵੀ ਨਾਲ ਮੌਜੂਦ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼ਹੀਦੀ ਗੈਲਰੀ ਬਣਾਏ ਜਾਣ ਨੂੰ ਸਮੇਂ ਦੀ ਮੁੱਖ ਲੋੜ ਦੱਸਦਿਆ ਕਿਹਾ ਕਿ ਸਾਡੇ ਬੱਚਿਆਂ ਨੂੰ ਆਪਣੇ ਸ਼ਹੀਦਾਂ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ ਤੇ ਇਹ ਸ਼ਹੀਦੀ ਗੈਲਰੀ ਉਸ ਮਨੋਰਥ ਨੂੰ ਭਲੀਭਾਂਤ ਪੂਰਾ ਕਰਦੀ ਹੈ। ਉਨ੍ਹਾਂ ਨੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਧੰਨਵਾਦ ਕਰਦਿਆ ਕਿਹਾ ਕਿ ਦਮਦਮੀ ਟਕਸਾਲ ਨੇ ਇਸ ਗੈਲਰੀ ਨੂੰ ਤਿਆਰ ਕਰਕੇ ਤੀਸਰੇ ਘੱਲੂਘਾਰੇ ਦੇ ਅਮਿੱਟ ਇਤਿਹਾਸ ਨੂੰ ਮੁੜ ਸੁਰਜੀਤ ਕੀਤਾ ਹੈ।

ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਗੈਲਰੀ ਦੀ ਮਹੱਤਤਾ ਨੂੰ ਦਰਸਾਉਂਦਿਆ ਕਿਹਾ ਕਿ ਇਹ ਸ਼ਹੀਦੀ ਗੈਲਰੀ ਜੂਨ '84 ਦੇ ਸਮੂਹ ਸ਼ਹੀਦਾਂ ਨੂੰ ਵੱਡੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆ ਕਿਹਾ ਕਿ ਜੂਨ '84 ਘੱਲੂਗਾਰੇ ਦੌਰਾਨ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਇਹ ਸ਼ਹੀਦੀ ਗੈਲਰੀ ਬਣਾਉਣਾ ਬਹੁਤ ਵੱਡਾ ਕਾਰਜ ਹੈ।

ਇਸ ਯਾਦਗਾਰੀ ਨੂੰ ਬਣਾਉਣ ਸਬੰਧੀ ਆਪਣੇ ਵਿਚਾਰ ਦੱਸਦੇ ਹੋਏ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਪੰਥ ਵੱਲੋਂ ਸਪੁਰਦ ਕੀਤੀ ਗਈ ਇਸ ਜ਼ਿੰਮੇਵਾਰੀ ਨੂੰ ਸੰਪੂਰਨ ਕਰਨ ਦੇ ਉਦੇਸ਼ ਨਾਲ ਜੂਨ '84 ਦੇ ਘੱਲੂਘਾਰੇ ਦੇ ਸਬੰਧੀ ਅੰਕੜਿਆਂ ਨੂੰ ਇਕੱਤਰ ਕਰਦਿਆਂ ਜੂਨ 1 ਤੋਂ 6 ਜੂਨ ਤੱਕ ਸ਼ਹੀਦ ਹੋਣ ਵਾਲੇ ਸਮੂਹ ਯੋਧਿਆਂ, ਪੰਥਕ ਆਗੂਆਂ ਤੇ ਸ਼ਰਧਾਲੂਆਂ ਦੇ ਨਾਵਾਂ ਇੱਕ ਸੂਚੀ ਤਿਆਰ ਕੀਤੀ ਗਈ ਸੀ। ਅੱਜ ਦਮਦਮੀ ਟਕਸਾਲ ਵੱਲੋ ਇੰਨ੍ਹਾਂ ਸਭਨਾਂ ਸ਼ਹੀਦਾਂ ਦੀਆਂ ਤਸਵੀਰਾਂ ਇਸ ਗੈਲਰੀ ਅੰਦਰ ਲਗਾਈਆਂ ਗਈਆਂ ਹਨ ਤੇ ਕੁਝ ਸ਼ਹੀਦਾਂ ਦੀਆਂ ਤਸਵੀਰਾਂ ਦੀ ਅਣਹੋਂਦ ਕਾਰਣ ਉਨ੍ਹਾਂ ਦੇ ਨਾਮ ਦਰਜ ਕੀਤੇ ਗਏ ਹਨ। ਇਸਦੇ ਨਾਲ ਹੀ ਘੱਲੂਘਾਰੇ ਦੌਰਾਨ ਢਹਿ ਢੇਰੀ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਸ਼ਾਲ ਮਾਡਲ ਨੂੰ ਇਸ ਗੈਲਰੀ 'ਚ ਸ਼ੁਸ਼ੋਭਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸ਼ਹੀਦੀ ਗੈਲਰੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਬਕ ਹੋਵੇਗਾ ਕਿ ਕਿਵੇਂ ਸਾਡੀ ਕੌਮ ਨੇ ਸਰਕਾਰੀ ਹਕੂਮਤਾਂ ਦੇ ਜ਼ਬਰ ਜ਼ੁਲਮ ਨੂੰ ਆਪਣੇ ਪਿੰਡੇ ਤੇ ਹੰਢਾਇਆ ਸੀ ਤੇ ਕਿਵੇਂ ਸਾਡੀ ਕੌਮ ਦੇ ਯੌਧਿਆਂ ਨੇ ਡੱਟ ਕੇ ਇਸ ਜ਼ਬਰ ਜ਼ੁਲਮ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆ ਸਨ। ਉਨ੍ਹਾਂ ਕਿਹਾ ਕਿ ਇਸ ਸ਼ਹੀਦੀ ਯਾਦਗਾਰ ਨੂੰ ਬਣਾਉਣਾ ਦਮਦਮੀ ਟਕਸਾਲ ਲਈ ਇੱਕ ਚਣੌਤੀ ਵਾਂਗ ਸੀ ਪਰ ਅਕਾਲ ਪੁਰਖ ਦੀ ਆਪਾਰ ਕ੍ਰਿਪਾ ਸਦਕਾ ਉਹ ਇਸ ਕਾਰਜ ਨੂੰ ਸੰਪੂਰਨ ਕਰਨ 'ਚ ਸਫਲ ਰਹੇ ਤੇ ਭਵਿੱਖ ਵਿਚ ਵੀ ਦਮਦਮੀ ਟਕਸਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਜਿਹੇ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਦੀ ਰਹੇਗੀ।

ਇਸ ਮੌਕੇ ਬਾਬਾ ਬੰਤਾ ਸਿੰਘ ਮੁੰਡਾਪਿੰਡ ਵਾਲੇ, ਭਾਈ ਜਸਪਾਲ ਸਿੰਘ ਚੇਅਰਮੈਨ ਸਿੱਖ ਸੁਪਰੀਮ ਕੌਂਸਲ ਮੁੰਬਈ, ਬੀਬੀ ਸਤਵੰਤ ਕੌਰ ਸਪੁਤਰੀ ਸ਼ਹੀਦ ਭਾਈ ਅਮਰੀਕ ਸਿੰਘ, ਭਾਈ ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸੁਬੇਗ ਸਿੰਘ, ਭਾਈ ਮਨਜੀਤ ਸਿੰਘ, ਭਾਈ ਗੁਰਬਖ਼ਸ਼ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਾਈ ਭਗਵੰਤ ਸਿੰਘ ਸਿਆਲਕਾ ਤੇ ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਅਜੈਬ ਸਿੰਘ ਅਭਿਆਸੀ, ਡਾ.ਇੰਦਰਜੀਤ ਸਿੰਘ ਗੋਗੋਆਣੀ, ਦੀਪ ਸਿੰਘ ਯੂ.ਐੱਸ.ਏ., ਗਿਆਨੀ ਜੀਵਾ ਸਿੰਘ, ਜਥੇਦਾਰ ਸੁਖਦੇਵ ਸਿੰਘ ਆਨੰਦਪੁਰ ਸਾਹਿਬ, ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੰਥਕ ਸਖਸ਼ੀਅਤਾਂ ਤੇ ਸੰਗਤਾਂ ਮੌਜੂਦ ਸਨ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੋਤੀ ਨਜੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ ।**

## ਕਾਂਗਰਸ ਦਾ ਸਾਬਕਾ ਵਿਧਾਇਕ ਆਪ ਵਿਚ ਸ਼ਾਮਲ !

**✪ ਲੋਕ ਸਭਾ ਫਤਿਹਗੜ੍ਹ ਦੀ ਮਿਲੇਗੀ ਟਿਕਟ ?**



ਬੱਸੀ ਪਠਾਨਾ-ਬੱਸੀ ਪਠਾਨਾ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਆਪ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਕੈਬਨਿਟ ਮੰਤਰੀ ਮੀਤ ਹੇਅਰ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਕੋਲ ਲੈਕੇ ਆਏ ਜਿੱਥੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ। ਚਰਚਾ ਹੈ ਕਿ ਆਪ ਪਾਰਟੀ ਉਨ੍ਹਾਂ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਲੋਕਸਭਾ ਦਾ ਉਮੀਦਵਾਰ ਬਣਾ ਸਕਦੀ ਹੈ। ਦਰਅਸਲ ਗੁਰਪ੍ਰੀਤ ਸਿੰਘ ਕਾਂਗਰਸ ਤੋਂ ਜ਼ਿਆਦਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਨਰਾਜ਼ ਸਨ, ਉਹ ਨਵਜੋਤ ਸਿੰਘ ਸਿੱਧੂ ਦੇ ਧੜੇ ਤੋਂ ਮੰਨੇ ਜਾਂਦੇ ਸਨ। ਸਿੱਧੂ ਦੀ ਪਾਰਟੀ ਵਿੱਚ ਜ਼ਿਆਦਾ ਨਹੀਂ ਚੱਲ ਰਹੀ ਹੈ ਤੇ ਪਾਰਟੀ ਨੇ ਉਨ੍ਹਾਂ ਨੂੰ ਲੋਕਸਭਾ ਦੇ ਲਈ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਬਣਾਉਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਦੀ ਵਜ੍ਹਾ ਕਰਕੇ ਉਨ੍ਹਾਂ ਆਪ ਪਾਰਟੀ ਜੁਆਇਨ ਕੀਤੀ। 2017 ਵਿੱਚ ਗੁਰਪ੍ਰੀਤ ਸਿੰਘ ਕਾਂਗਰਸ ਦੀ ਟਿਕਟ 'ਤੇ ਪਹਿਲੀ ਵਾਰ ਵਿਧਾਇਕ ਬਣੇ ਸਨ।

# ਭਾਰਤ ਦੁਨੀਆ ਦੇ ਸਭ ਤੋਂ ਭੈੜੇ ਤਾਨਾਸ਼ਾਹੀ ਦੇਸ਼ਾਂ ਵਿੱਚੋਂ ਇੱਕ: ਸਵੀਡਨ ਦੇ ਵੀ-ਡੇਮ ਇੰਸਟੀਚਿਊਟ ਨੇ ਜਾਰੀ ਕੀਤੀ ਰਿਪੋਰਟ

ਵਿਸ਼ੇਸ਼ ਰਿਪੋਰਟ

**✪ ਮੋਦੀ ਸਰਕਾਰ ਨੇ ਆਲੋਚਕਾਂ ਨੂੰ ਚੁੱਪ ਕਰਵਾਉਣ ਲਈ ਦੇਸ਼ਧ੍ਰੋਹ ਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਕੀਤੀ ✪ ਸੰਸਥਾ ਨੇ ਕਿਹਾ ਕਿ ਜੇ ਭਾਜਪਾ ਜਿਤੀ ਤਾਂ ਤਾਨਾਸ਼ਾਹੀ ਵਿੱਚ ਹੋਰ ਵਾਧਾ ਹੋਵੇਗਾ ✪ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਸਾਲ ਦੀ ਰਿਪੋਰਟ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ**



ਹਾਲ ਹੀ ਦੇ ਸਾਲਾਂ ਵਿੱਚ, ਭਾਰਤ ਦੁਨੀਆ ਦੇ ਸਭ ਤੋਂ ਭੈੜੇ ਤਾਨਾਸ਼ਾਹੀ ਦੇਸ਼ਾਂ ਵਿੱਚੋਂ ਇੱਕ ਬਣ ਗਿਆ ਹੈ। ਬੀਤੇ ਦਿਨੀਂ ਜਾਰੀ ਸਵੀਡਨ ਆਧਾਰਿਤ 'ਵੈਰਾਇਟੀ ਆਫ ਡੈਮੋਕਰੇਸੀ ਇੰਸਟੀਚਿਊਟ' ਦੀ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ।' ਡੈਮੋਕਰੇਸੀ ਵਿਨਿੰਗ ਐਂਡ ਲੌਜ਼ਿੰਗ ਐਟ ਦਿ ਬੈਲਟ' ਸਿਰਲੇਖ ਵਾਲੀ ਰਿਪੋਰਟ ਵਿੱਚ, ਸੰਸਥਾ ਨੇ ਕਿਹਾ ਕਿ ਭਾਰਤ ਵਿਚ ਅਜੇ ਵੀ 2024 ਤੱਕ ਚੋਣਤਮਕ ਤੌਰ 'ਤੇ ਤਾਨਾਸ਼ਾਹੀ ਰਹੇਗਾ, ਕਿਉਂਕਿ ਇਸਦੀ ਪਛਾਣ ਪਹਿਲੀ ਵਾਰ 2018 ਵਿੱਚ ਕੀਤੀ ਗਈ ਸੀ।

ਸਵੀਡਨ-ਅਧਾਰਿਤ ਇੰਸਟੀਚਿਊਟ ਦੇਸ਼ਾਂ ਨੂੰ ਲੋਕਤੰਤਰੀਕਰਨ ਅਤੇ ਤਾਨਾਸ਼ਾਹੀ ਦੇ ਵਿਚਕਾਰ ਚਾਰ ਪਰਿਵਰਤਨਸ਼ੀਲ ਪੜਾਵਾਂ ਵਿੱਚ ਸ਼੍ਰੇਣੀਬੱਧ ਕਰਦਾ ਹੈ। ਇਹ ਚੋਣਾਵੀ ਤਾਨਾਸ਼ਾਹੀ ਨੂੰ ਇੱਕ ਅਜਿਹੀ ਪ੍ਰਣਾਲੀ ਵਜੋਂ ਪਰਿਭਾਸ਼ਿਤ ਕਰਦਾ ਹੈ ਜਿਸ ਵਿੱਚ ਕਾਰਜਕਾਰਨੀ ਦੀ ਚੋਣ ਕਰਨ ਲਈ ਕਈ ਚੋਣਾਂ ਕਰਵਾਈਆਂ ਜਾਂਦੀਆਂ ਹਨ ਪਰ ਇਸਦੇ ਨਾਲ ਹੀ ਬੋਲਣ ਦੀ ਆਜ਼ਾਦੀ ਅਤੇ ਸੰਗਠਨ ਤੇ ਸੁਤੰਤਰ ਅਤੇ ਨਿਰਪੱਖ ਚੋਣਾਂ ਵਰਗੀਆਂ ਬੁਨਿਆਦੀ ਲੋੜਾਂ ਦੀ ਵਿਆਪਕ ਅਣਹੋਂਦ ਹੈ।

ਵੀ-ਡੇਮ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਮੇਤ 42 ਦੇਸ਼ਾਂ ਵਿੱਚ ਤਾਨਾਸ਼ਾਹੀ ਦੀ ਪ੍ਰਕਿਰਿਆ ਚੱਲ ਰਹੀ ਹੈ, ਜੋ ਸਮੂਹਿਕ ਤੌਰ 'ਤੇ ਵਿਸ਼ਵ ਦੀ ਆਬਾਦੀ ਦਾ 35 ਫੀਸਦੀ ਹਿੱਸਾ ਨਿਰਮਾਣ ਕਰਦੇ ਹਨ। ਸੰਸਥਾ ਨੇ ਕਿਹਾ ਕਿ ਭਾਰਤ ਦੁਨੀਆ ਦੀ 18 ਫੀਸਦੀ ਆਬਾਦੀ ਦੀ ਨੁਮਾਇੰਦਗੀ ਕਰਦਾ ਹੈ। ਇਸ ਦਾ ਮਤਲਬ ਹੈ ਕਿ ਦੁਨੀਆ ਦੀ ਅੱਧੀ ਆਬਾਦੀ, ਜੋ ਤਾਨਾਸ਼ਾਹੀ ਦੇ ਜੰਜੀਰਾਂ ਹੇਠ ਦੱਬੀ ਹੋਈ ਹੈ, ਭਾਰਤ ਵਿੱਚ ਰਹਿੰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ ਨੇ ਆਲੋਚਕਾਂ ਨੂੰ ਚੁੱਪ ਕਰਵਾਉਣ ਲਈ ਦੇਸ਼ਧ੍ਰੋਹ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਕੀਤੀ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ 2019 ਵਿੱਚ ਯੂਏਪੀਏ ਐਕਟ ਵਿੱਚ ਬਦਲਾਅ ਕਰਕੇ, ਭਾਜਪਾ ਸਰਕਾਰ ਨੇ ਧਰਮ ਨਿਰਪੱਖਤਾ ਪ੍ਰਤੀ ਸੰਵਿਧਾਨ ਦੀ ਵਚਨਬੱਧਤਾ ਨੂੰ ਨਜ਼ਰਅੰਦਾਜ਼ ਕੀਤਾ ਸੀ। 2019 ਦੀ ਇਹ ਸੰਵਿਧਾਨਕ ਤਬਦੀਲੀ ਕੇਂਦਰ ਸਰਕਾਰ ਨੂੰ ਵਿਅਕਤੀਗਤ ਪੱਧਰ 'ਤੇ ਲੋਕਾਂ ਨੂੰ ਅੱਤਵਾਦੀ ਘੋਸ਼ਿਤ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਨਾਲ ਜਾਂਚ ਏਜੰਸੀ ਐਨਆਈਏ ਨੂੰ ਮਾਮਲਿਆਂ ਦੀ ਜਾਂਚ ਲਈ ਹੋਰ ਸ਼ਕਤੀਆਂ ਦਿੰਦੀ ਹੈ।

ਵੀ-ਡੇਮ ਨੇ ਕਿਹਾ ਕਿ ਭਾਰਤ ਮੀਡੀਆ ਉਪਰ ਸੈਂਸਰ ਲਗਾਉਣ ਦੀਆਂ ਵਧਦੀਆਂ ਕੋਸ਼ਿਸ਼ਾਂ ਵਿੱਚ ਅਲ ਸਲਵਾਡੋਰ ਅਤੇ ਮਾਰੀਸ਼ਸ ਵਰਗੀਆਂ ਬਦਤਰ ਹਮਲਾਵਰ ਸਰਕਾਰਾਂ ਦੀ ਸ਼੍ਰੇਣੀ ਵਿੱਚ ਖੜ੍ਹਾ ਹੈ।

ਰਿਪੋਰਟ ਅਨੁਸਾਰ ਭਾਰਤ ਸਰਕਾਰ ਧਾਰਮਿਕ ਆਜ਼ਾਦੀ ਨੂੰ ਲਗਾਤਾਰ ਦਬਾ ਰਹੀ ਹੈ। ਰਾਜਨੀਤਿਕ ਵਿਰੋਧੀਆਂ ਨੂੰ ਧਮਕੀਆਂ, ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਅਤੇ ਅਕਾਦਮਿਕ ਖੇਤਰ ਵਿੱਚ ਕੰਮ ਕਰਨ ਵਾਲੇ ਆਲੋਚਕਾਂ ਨੂੰ ਚੁੱਪ ਕਰਾਉਣਾ ਹੁਣ ਆਮ ਹੋ ਗਿਆ ਹੈ।

ਸੰਸਥਾ ਨੇ ਕਿਹਾ ਕਿ ਆਉਣ ਵਾਲੀਆਂ ਤੀਜੀਆਂ ਆਮ ਚੋਣਾਂ ਵਿੱਚ ਭਾਜਪਾ ਦੀ ਜਿੱਤ ਦੀ ਸੰਭਾਵਨਾ ਵੀ ਲਗਾਤਾਰ ਪ੍ਰਗਟਾਈ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਇਹ ਦੱਸਣਾ ਚਾਹੀਦਾ ਹੈ ਕਿ ਇਸ ਨਾਲ ਤਾਨਾਸ਼ਾਹੀ ਵਿੱਚ ਹੋਰ ਵਾਧਾ ਹੋਵੇਗਾ। ਅਜਿਹੀ ਸਥਿਤੀ ਵਿਚ ਮੋਦੀ ਦੀ ਅਗਵਾਈ ਵਿਚ ਪਹਿਲਾਂ ਹੀ ਵੱਡੇ ਪੱਧਰ 'ਤੇ ਜਮਹੂਰੀ ਨਿਘਾਰ ਆ ਚੁੱਕਾ ਹੈ ਅਤੇ ਘੱਟ ਗਿਣਤੀਆਂ ਅਤੇ ਨਾਗਰਿਕ ਅਧਿਕਾਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ।

ਸੰਸਥਾ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਭਾਰਤ ਦੀ ਤਾਨਾਸ਼ਾਹੀ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ। ਜਿਸ ਵਿਚ ਬੋਲਣ ਦੀ ਆਜ਼ਾਦੀ ਹੌਲੀ-ਹੌਲੀ ਪਰ ਵੱਡੇ ਪੱਧਰ 'ਤੇ ਘਟੀ ਹੈ। ਇਸ ਹਿੱਸੇ ਵਿੱਚ ਮੀਡੀਆ ਦੀ ਆਜ਼ਾਦੀ, ਸੋਸ਼ਲ ਮੀਡੀਆ 'ਤੇ ਹਮਲੇ, ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਪਰੇਸ਼ਾਨ ਕਰਨਾ ਅਤੇ ਸਿਵਲ ਸੁਸਾਇਟੀ 'ਤੇ ਹਮਲੇ ਅਤੇ ਵਿਰੋਧੀ ਧਿਰ ਨੂੰ ਧਮਕੀਆਂ ਵਰਗੀਆਂ ਚੀਜ਼ਾਂ ਸ਼ਾਮਲ ਹਨ।

ਇੰਸਟੀਚਿਊਟ ਦੁਆਰਾ ਕਰਵਾਏ ਗਏ 2023 ਲਿਬਰਲ ਡੈਮੋਕਰੇਸੀ ਇੰਡੈਕਸ ਸਰਵੇਖਣ ਵਿੱਚ ਭਾਰਤ 179 ਦੇਸ਼ਾਂ ਵਿੱਚੋਂ 104ਵੇਂ ਸਥਾਨ 'ਤੇ ਹੈ। ਇਹ ਸੂਚਕਾਂਕ ਲੋਕਤੰਤਰ ਦੇ ਉਦਾਰਵਾਦੀ ਅਤੇ ਚੋਣਵੇਂ ਪਹਿਲੂਆਂ ਨੂੰ ਕਵਰ ਕਰਦਾ ਹੈ। ਇਸ ਵਿੱਚ ਕੁੱਲ 71 ਮਾਪਦੰਡ ਸ਼ਾਮਲ ਹਨ ਜਿਨ੍ਹਾਂ ਦੇ ਆਧਾਰ 'ਤੇ ਇਸ ਦਾ ਮੁਲਾਂਕਣ ਕੀਤਾ ਜਾਂਦਾ ਹੈ। ਅਤੇ ਇਹ ਦੋ ਭਾਗਾਂ ਵਿੱਚ ਵੰਡੇ ਹੋਏ ਹਨ। ਪਹਿਲਾ ਇਲੈਕਟੋਰਲ ਡੈਮੋਕਰੇਸੀ ਇੰਡੈਕਸ ਅਤੇ ਦੂਜਾ ਲਿਬਰਲ ਕੰਪੋਨੈਂਟ ਇੰਡੈਕਸ ਹੈ।

ਇਹਨਾਂ ਉਪਾਵਾਂ ਵਿੱਚ 'ਰਾਜ ਦੀ ਤਾਨਾਸ਼ਾਹੀ ਅਤੇ ਬਹੁਗਿਣਤੀ ਦੀ ਤਾਨਾਸ਼ਾਹੀ ਦੋਨਾਂ ਦੇ ਵਿਚਾਲੇ ਵਿਅਕਤੀਗਤ ਅਤੇ ਘੱਟ ਗਿਣਤੀ ਦੇ ਅਧਿਕਾਰਾਂ ਦੀ ਰੱਖਿਆ ਬਾਰੇ ਚਿੰਤਾ ਪ੍ਰਗਟਾਈ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਸਾਲ ਦੀ ਰਿਪੋਰਟ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਹਾਲਾਂਕਿ ਇਸ ਤੋਂ ਪਹਿਲਾਂ ਬੀਡੇਮ ਅਤੇ ਅਮਰੀਕੀ ਸੰਗਠਨ ਦੀ ਇਕ ਰਿਪੋਰਟ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਸੀ ਕਿ ਦੇਸ਼ ਨੂੰ ਦੁਨੀਆ ਦੇ ਸਵੈ-ਘੋਸ਼ਿਤ ਰਖਵਾਲਿਆਂ ਤੋਂ ਅਜਿਹੇ ਕਿਸੇ ਨੈਤਿਕ ਭਾਸ਼ਣ ਦੀ ਜ਼ਰੂਰਤ ਨਹੀਂ ਹੈ।

## ਏਲੀਅਨ ਬਾਰੇ ਨਾ ਸਬੂਤ ਮਿਲਿਆ, ਨਾ ਸਾਡਾ ਕੋਈ ਸੰਪਰਕ ਰਿਹਾ

### ✪ ਪੈਂਟਾਗਨ ਦੇ ਏਡੀਇਆਰਓ ਵੱਲੋਂ ਜਾਰੀ ਹੋਈ ਰਿਪੋਰਟ



ਵਸ਼ਿੰਗਟਨ-ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਨੇ ਇੱਕ ਰਿਪੋਰਟ ਵਿੱਚ ਵੱਡਾ ਖੁਲਾਸਾ ਕੀਤਾ ਹੈ। ਪੈਂਟਾਗਨ ਨੇ ਰਿਪੋਰਟ 'ਚ ਕਿਹਾ ਹੈ ਕਿ 1950 ਤੋਂ 1960 ਦਰਮਿਆਨ ਅਮਰੀਕਾ ਦੇ ਆਸਮਾਨ 'ਚ ਸਮੇਂ-ਸਮੇਂ 'ਤੇ ਦੇਖੇ ਗਏ ਅਣਪਛਾਤੇ ਫਲਾਇੰਗ ਆਬਜੈਕਟਸ ਦਾ ਏਲੀਅਨ ਨਾਲ ਕੋਈ ਸਬੰਧ ਨਹੀਂ ਸੀ। ਇਹ ਏਲੀਅਨ ਸਪੇਸਸ਼ਿਪ ਨਹੀਂ ਸਨ ਬਲਕਿ ਅਮਰੀਕਾ ਦੇ ਆਪਣੇ ਗੁਪਤ ਹਵਾਈ ਜਹਾਜ਼ ਸਨ। ਪੈਂਟਾਗਨ ਦੇ ਆਲ ਡੋਮੇਨ ਐਨੋਮਾਲੀ ਰੈਜ਼ੋਲਿਊਸ਼ਨ ਆਫਿਸ (ਏਡੀਇਆਰਓ) ਵੱਲੋਂ ਜਾਰੀ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹੁਣ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ, ਜਿਸ ਤੋਂ ਇਹ ਸਪੱਸ਼ਟ ਹੋ ਸਕੇ ਕਿ ਸਾਡਾ ਏਲੀਅਨ ਨਾਲ ਕੋਈ ਸੰਪਰਕ ਰਿਹਾ ਹੈ। ਹੁਣੇ ਜਿਹੇ ਕਾਂਗਰਸ ਨੂੰ ਸੌਂਪੀ ਗਈ ਰਿਪੋਰਟ ਦੇ ਅਨੁਸਾਰ, ਦੇਖੇ ਗਏ ਜ਼ਿਆਦਾਤਰ ਯੂਐਫਓ ਵਸਤੂਆਂ ਸਾਧਾਰਨ ਧਰਤੀ ਦੀਆਂ ਵਸਤੂਆਂ ਸਨ। ਹਾਲਾਂਕਿ ਪੈਂਟਾਗਨ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਏਲੀਅਨ 'ਤੇ ਉਸਦੀ ਖੋਜ ਜਾਰੀ ਰਹੇਗੀ। ਪੈਂਟਾਗਨ ਦੇ ਬੁਲਾਰੇ ਨੇ ਕਿਹਾ ਕਿ ਵੱਖ-ਵੱਖ ਟੀਵੀ ਸ਼ੋਅ, ਕਿਤਾਬਾਂ, ਏਲੀਅਨ 'ਤੇ ਆਧਾਰਿਤ ਫਿਲਮਾਂ ਅਤੇ ਇੰਟਰਨੈੱਟ ਅਤੇ ਸੋਸ਼ਲ ਮੀਡੀਆ 'ਤੇ ਮੌਜੂਦ ਵੱਡੀ ਮਾਤਰਾ ਵਿਚ ਸਮੱਗਰੀ ਨੇ ਲੋਕਾਂ ਦੇ ਦਿਮਾਗ ਵਿਚ ਇਹ ਗੱਲ ਬਿਠਾ ਦਿੱਤੀ ਹੈ ਕਿ ਏਲੀਅਨ ਅਸਲੀ ਹਨ, ਪਰ ਉਨ੍ਹਾਂ ਨੂੰ ਉਨ੍ਹਾਂ ਬਾਰੇ ਜਾਣਨ ਦੀ ਲੋੜ ਨਹੀਂ ਹੈ। ਅਸਮਾਨ ਵਿੱਚ ਏਲੀਅਨ ਵਰਗੀ ਕੋਈ ਚੀਜ਼ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ।

ਕਿਸੇ ਦੇ ਬਾਹਰੋਂ ਆਉਣ ਦਾ ਕੋਈ ਸਬੂਤ ਨਹੀਂ ਮਿਲਿਆ-ਪੈਂਟਾਗਨ ਦੇ ਬੁਲਾਰੇ ਨੇ ਕਿਹਾ ਕਿ ਅਧਿਕਾਰੀਆਂ ਨੇ ਖੁੱਲ੍ਹੇ ਦਿਮਾਗ ਨਾਲ ਰਿਪੋਰਟ ਕੀਤੀ ਸੀ, ਪਰ ਉਨ੍ਹਾਂ ਨੂੰ ਬਾਹਰੀ ਦੁਨੀਆ ਤੋਂ ਆਉਣ ਦਾ ਕੋਈ ਸਬੂਤ ਨਹੀਂ ਮਿਲਿਆ। ਮੇਜਰ ਜਨਰਲ ਪੈਟ ਰਾਈਡਰ ਨੇ ਮੀਡੀਆ ਨੂੰ ਦੱਸਿਆ, "ਵਰਗੀਕਰਨ ਦੇ ਸਾਰੇ ਪੱਧਰਾਂ 'ਤੇ ਸਾਰੇ ਜਾਂਚ ਦੇ ਯਤਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਦੇਖਿਆ ਗਿਆ ਜ਼ਿਆਦਾਤਰ ਵਸਤੂਆਂ ਆਮ ਵਸਤੂਆਂ ਅਤੇ ਵਰਤਾਰੇ ਸਨ ਕੋਈ ਵੀ ਅਜੀਬ ਨਹੀਂ ਸੀ। ਗਲਤ ਪਛਾਣ ਕਾਰਨ ਅਜਿਹੀਆਂ ਅਫਵਾਹਾਂ ਫੈਲੀਆਂ ਸਨ।"

40% ਤੋਂ ਵੱਧ ਅਮਰੀਕੀ ਏਲੀਅਨ ਦੀ ਹੋਂਦ ਵਿੱਚ ਵਿਸ਼ਵਾਸ ਕਰਦੇ ਹਨ-ਵਾਸਤਵ ਵਿੱਚ, 2021 ਵਿੱਚ ਕਰਵਾਏ ਗਏ ਇੱਕ ਗੈਲਪ ਪੋਲ ਦੇ ਅਨੁਸਾਰ, 40% ਤੋਂ ਵੱਧ ਅਮਰੀਕੀ ਸੋਚਦੇ ਹਨ ਕਿ ਏਲੀਅਨ ਪੁਲਾੜ ਯਾਨ ਨੇ ਧਰਤੀ ਦਾ ਦੌਰਾ ਕੀਤਾ ਹੈ। ਅਜਿਹਾ ਸੋਚਣ ਵਾਲੇ ਲੋਕਾਂ ਦੀ ਗਿਣਤੀ ਸਿਰਫ ਦੋ ਸਾਲਾਂ ਵਿੱਚ 33% ਵਧੀ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਵਾਲੀ ਕਮੇਟੀ ਨੇ ਹਰ ਚੀਜ਼ ਦੀ ਜਾਂਚ ਕੀਤੀ ਅਤੇ 1945 ਤੋਂ ਪਹਿਲਾਂ ਦੀਆਂ ਸਾਰੀਆਂ ਸਰਕਾਰੀ ਸਰਕਾਰੀ ਜਾਂਚਾਂ ਦੀ ਸਮੀਖਿਆ ਕੀਤੀ, ਪਰ ਏਲੀਅਨ ਅਤੇ ਉਨ੍ਹਾਂ ਦੇ ਸਪੇਸਸ਼ਿਪਾਂ ਵਰਗਾ ਕੁਝ ਨਹੀਂ ਮਿਲਿਆ।

# ਕਿਸਮਤ ਦੇ ਸਿਤਾਰੇ

## ਵੀਰਵਾਰ 14 ਮਾਰਚ ਤੋਂ ਬੁੱਧਵਾਰ 20 ਮਾਰਚ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਹਫਤੇ ਕੁਝ ਕੰਮਕਾਜੀ ਰੁਝੇਵੇਂ ਅਤੇ ਉਤਸ਼ਾਹ ਵਧੇਗਾ। ਧਨ ਲਾਭ ਦੇ ਮੌਕੇ ਮਿਲਣਗੇ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਇਸਤਰੀ ਅਤੇ ਪਰਿਵਾਰਕ ਸੁੱਖਾਂ ਵਿੱਚ ਵਾਧਾ ਹੋਵੇਗਾ। ਧਰਮ-ਕਰਮ ਵੱਲ ਖਾਸ ਰੁਝਾਨ ਹੋਵੇਗਾ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜ਼ਰੂਰ ਲੈ ਕੇ ਜਾਉ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਕਾਰੋਬਾਰ ਵਿੱਚ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਮਿਹਨਤ ਅਤੇ ਹਿੰਮਤ ਨਾਲ ਕੰਮ ਕਰਨ 'ਤੇ ਲਾਭ ਅਤੇ ਖੁਸ਼ੀ ਮਿਲੇਗੀ। ਕੁਝ ਘਰੇਲੂ ਮੱਤਭੇਦ ਉੱਭਰ ਸਕਦੇ ਹਨ। ਜਾਇਦਾਦ ਸਬੰਧੀ ਵੀ ਪ੍ਰੇਸ਼ਾਨੀ ਦੇ ਯੋਗ ਹਨ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਹਫਤੇ ਦੇ ਸ਼ੁਰੂ ਵਿੱਚ ਬਣਦੇ ਕੰਮਾਂ ਵਿੱਚ ਅੜਚਨਾਂ ਰਹਿਣਗੀਆਂ। ਕਾਰੋਬਾਰ ਵਿੱਚ ਵਧੇਰੇ ਕਾਮਯਾਬੀ, ਪਰ ਧਨ ਖਰਚ ਜ਼ਿਆਦਾ ਹੋਵੇਗਾ। ਕਾਰੋਬਾਰ ਵਿੱਚ ਤਬਦੀਲੀ ਦਾ ਵਿਚਾਰ ਬਣੇਗਾ, ਪਰ ਮਦਦ ਨਾ ਮਿਲਣ ਕਾਰਨ ਮੁਸ਼ਕਿਲਾਂ ਆਉਣ ਦੇ ਯੋਗ ਹਨ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਰੁਕਾਵਟਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਦੀ ਪ੍ਰਾਪਤੀ ਹੋਵੇਗੀ। ਕਿਸੇ ਨਜ਼ਦੀਕੀ ਸਹਿਯੋਗੀ ਦੀ ਮਦਦ ਨਾਲ ਕੋਈ ਵਿਗੜਿਆ ਕੰਮ ਬਣੇਗਾ। ਮਾਨਸਿਕ ਤਣਾਅ ਅਤੇ ਉਲਝਣਾਂ ਵਾਲੇ ਹਾਲਾਤ ਪੈਦਾ ਹੋਣਗੇ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਹਫਤੇ ਦੇ ਸ਼ੁਰੂ ਵਿੱਚ ਵਧੇਰੇ ਮਿਹਨਤ ਅਤੇ ਸੰਘਰਸ਼ ਤੋਂ ਬਾਅਦ ਧਨ ਲਾਭ ਦੇ ਸਾਧਨ ਬਣਨਗੇ। ਜ਼ਮੀਨ-ਜਾਇਦਾਦ, ਸਵਾਰੀ ਆਦਿ 'ਤੇ ਜ਼ਿਆਦਾ ਖਰਚ ਅਤੇ ਲੈਣ-ਦੇਣ ਹੋਣ ਦੇ ਯੋਗ ਹਨ। ਕਾਰੋਬਾਰੀ ਰੁਕਾਵਟਾਂ ਆਉਣਗੀਆਂ, ਪਰ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਪਰਿਵਾਰ ਸਮੇਤ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਮਾਨਸਿਕ ਤਣਾਅ ਅਤੇ ਤੇਜ਼ੀ ਵਧੇਰੇ ਰਹੇਗੀ। ਕੰਮਕਾਜ ਵਿੱਚ ਰੁਕਾਵਟਾਂ ਅਤੇ ਮੁਸ਼ਕਿਲਾਂ ਪੈਦਾ ਹੋਣਗੀਆਂ। ਖਰਚ ਦੇ ਵਾਧੇ ਕਾਰਨ ਕਰਜ਼ ਵੀ ਲੈਣਾ ਪੈ ਸਕਦਾ ਹੈ। ਵਪਾਰ ਸਬੰਧੀ ਕਾਗਜ਼ਾਂ 'ਤੇ ਦਸਤਖਤ ਕਰਦੇ ਸਮੇਂ ਸਲਾਹ ਜ਼ਰੂਰ ਪ੍ਰਾਪਤ ਕਰੋ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਇਸ ਹਫਤੇ ਕੋਈ ਸ਼ੁੱਭ ਸੂਚਨਾ ਮਿਲੇਗੀ। ਤੁਹਾਡੇ ਕੰਮ ਵਿਰੋਧੀ ਪੱਖ ਲਈ ਚੁਣੌਤੀ ਭਰਪੂਰ ਹੋਣਗੇ। ਪਹਿਲਾਂ ਕੀਤੀ ਮਿਹਨਤ ਦਾ ਫੱਲ ਜ਼ਰੂਰ ਮਿਲੇਗਾ। ਧਨ ਲਾਭ ਵਧੇਰੇ ਹੋਵੇਗਾ ਅਤੇ ਖਾਸ ਲੋਕਾਂ ਨਾਲ ਮੇਲ-ਜੋਲ ਵੀ ਫਾਇਦੇਮੰਦ ਰਹੇਗਾ। ਪੜ੍ਹਾਈ ਵਿੱਚ ਸਫਲਤਾ ਅਵੱਸ਼ ਮਿਲੇਗੀ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਸ਼ਾਤੀ ਰਹੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਉਤਸ਼ਾਹ ਅਤੇ ਸੰਘਰਸ਼ ਸ਼ਕਤੀ ਬਣੀ ਰਹੇਗੀ। ਬਣਦੇ ਹੋਏ ਕੰਮਾਂ ਵਿੱਚ ਅਨੇਕਾਂ ਰੁਕਾਵਟਾਂ ਦੇ ਬਾਵਜੂਦ ਕੁਝ ਸਫਲਤਾ ਜ਼ਰੂਰ ਮਿਲੇਗੀ। ਕਈ ਮਹੱਤਵਪੂਰਨ ਕੰਮ ਉਤਸ਼ਾਹ ਨੂੰ ਬਣਾਏ ਰੱਖਣਗੇ। ਪਰਿਵਾਰ ਵਿੱਚ ਕਿਸੇ ਗਲਤਫਹਿਮੀ ਦੇ ਕਾਰਨ ਤਣਾਅ ਰਹੇਗਾ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ ਅਤੇ ਮਨ ਦੀ ਸ਼ਾਂਤੀ ਲਈ ਗੁਰੂ ਘਰ ਜ਼ਰੂਰ ਜਾਉ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਚੰਗੇ ਕੰਮਾਂ ਵਿੱਚ ਲੋੜੀਂਦਾ ਵਾਧਾ ਹੋਵੇਗਾ। ਇਸ ਹਫ਼ਤੇ ਵਿਗੜੇ ਕੰਮ ਬਣਨ ਦੀ ਆਸ ਹੈ। ਖਰਚੇ ਜ਼ਿਆਦਾ ਹੋਣ ਕਰਕੇ ਮਾਨਸਿਕ ਪ੍ਰੇਸ਼ਾਨੀ ਵੀ ਹੋਵੇਗੀ। ਸੰਜਮ-ਪੂਰਵਕ ਮਿਹਨਤ ਕਰਨ ਨਾਲ ਹਾਲਾਤ ਵਿੱਚ ਸੁਧਾਰ ਹੋਣ ਦੀ ਆਸ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਅਚਾਨਕ ਧਨ ਲਾਭ ਹੋਵੇਗਾ, ਪਰ ਮਨੋਰੰਜਨ ਆਦਿ ਕੰਮਾਂ 'ਤੇ ਧਨ ਖਰਚ ਜ਼ਿਆਦਾ ਹੋਵੇਗਾ। ਜਲਦਬਾਜ਼ੀ ਵਿੱਚ ਲਏ ਫੈਸਲੇ ਨੁਕਸਾਨਦੇਹ ਹੋ ਸਕਦੇ ਹਨ। ਕਾਰੋਬਾਰ ਵਿੱਚ ਪ੍ਰੇਸ਼ਾਨੀਆਂ ਵੱਧਣਗੀਆਂ। ਆਪਣੇ ਵੀ ਬੇਗਾਨਿਆਂ ਵਾਲਾ ਵਿਹਾਰ ਕਰਨਗੇ। ਰੋਜ਼ਾਨਾ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਸਮਾਜ ਵਿੱਚ ਮਾਣ-ਪ੍ਰਤਿਸ਼ਠਾ ਵਧੇਗੀ ਅਤੇ ਕੁਝ ਮੰਗਲ ਕਾਰਜ ਹੋਣਗੇ। ਰੋਜ਼ਾਨਾ ਦੇ ਕਾਰਜਾਂ ਵਿੱਚ ਤੇਜ਼ੀ ਆਵੇਗੀ। ਨੌਕਰੀ ਵਿੱਚ ਕਿਸੇ ਖਾਸ ਅਫਸਰ ਦੇ ਸਹਿਯੋਗ ਨਾਲ ਵਿਗੜਿਆ ਹੋਇਆ ਕੰਮ ਬਣੇਗਾ। ਇਸਤਰੀ ਨੂੰ ਪਰਿਵਾਰਕ ਪ੍ਰੇਸ਼ਾਨੀ ਦੇ ਯੋਗ ਹਨ। ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਧਨ ਲਾਭ ਅਤੇ ਪਰਿਵਾਰਕ ਸੁੱਖਾਂ ਵਿੱਚ ਵਾਧਾ ਹੋਵੇਗਾ। ਕਿਸੇ ਦੋਸਤ ਦੀ ਮਦਦ ਨਾਲ ਕੋਈ ਰੁੱਕਿਆ ਕੰਮ ਬਣੇਗਾ। ਮਾਤਾ-ਪਿਤਾ ਦੀ ਮਦਦ ਮਿਲੇਗੀ, ਪਰ ਕਿਸੇ ਖਾਸ ਕਾਰਨ ਕਰਕੇ ਲਾਭ ਨਹੀਂ ਹੋ ਪਾਵੇਗਾ। ਨਸ਼ਿਆਂ ਤੋਂ ਆਪਣੇ ਆਪ ਨੂੰ ਹਮੇਸ਼ਾ ਦੂਰ ਰੱਖੋ ਅਤੇ ਆਪਣੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

## ਹਾਸੇ ਦੀ ਪਟਾਰੀ

ਸੋਨੂੰ-ਮੋਨੂੰ ਵਿੱਚ ਬਹਿਸ ਹੋ ਗਈ।
ਸੋਨੂੰ, ਮੇਰੇ ਦਾਦਾ ਜੀ ਇੰਨੇ ਅਮੀਰ ਤੇ ਭੁਲੱਕੜ ਸਨ ਕਿ ਸੋਟੀ ਬਿਸਤਰੇ 'ਤੇ ਰੱਖਦੇ ਅਤੇ ਖੁਦ ਕੋਨੇ ਵਿੱਚ ਸੌਂ ਜਾਂਦੇ।
ਮੋਨੂੰ, ਓਏ, ਇਹ ਤਾਂ ਕੁਝ ਵੀ ਨਹੀਂ।
ਸੋਨੂੰ, ਉਹ ਕਿਵੇਂ ?
ਮੋਨੂੰ, ਮੇਰੇ ਦਾਦਾ ਜੀ ਇੰਨੇ ਭੁਲੱਕੜ ਸਨ ਕਿ ਪਾਨ ਬਿਸਤਰੇ 'ਤੇ ਥੁੱਕਦੇ ਅਤੇ ਖੁਦ ਖਿੜਕੀ ਵਿੱਚੋਂ ਹੇਠਾਂ ਛਾਲ ਮਾਰ ਦਿੰਦੇ।

*---*---*

ਮਾਲਕ (ਨੌਕਰ ਨੂੰ), ਦੇਖ ਰਾਮੂ, ਮੈਂ ਬਾਜ਼ਾਰ ਜਾ ਰਿਹਾ ਹਾਂ। ਤੂੰ ਦੁਕਾਨ ਦਾ ਧਿਆਨ ਰੱਖੀਂ। ਜੇ ਕੋਈ ਵਿਅਕਤੀ ਆ ਕੇ ਆਰਡਰ ਦੇਵੇ ਤਾਂ ਉਸ ਨੂੰ ਪੂਰਾ ਕਰੀਂ।
ਕੁਝ ਦੇਰ ਬਾਅਦ ਮਾਲਕ ਆਇਆ ਤੇ ਉਸ ਨੇ ਨੌਕਰ ਨੂੰ ਪੁੱਛਿਆ, ਕੋਈ ਆਇਆ ਸੀ ?
ਨੌਕਰ, ਜੀ ਹਾਂ ਆਇਆ ਸੀ। ਉਸ ਨੇ ਕਿਹਾ ਕਿ ਦੋਵੇਂ ਹੱਥ ਉੱਪਰ ਕਰਕੇ ਕੋਨੇ ਵਿੱਚ ਖੜ੍ਹਾ ਹੋ ਜਾ। ਮੈਂ ਆਰਡਰ ਮੰਨ ਲਿਆ ਅਤੇ ਉਹ ਗੱਲਾ ਚੁੱਕ ਕੇ ਭੱਜ ਗਿਆ।


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95
1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS..........................................................................
..........................................POST CODE....................................
TEL..........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

# ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

**ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!**

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
**TEL: 020 8570 8351**
Email: Kingswaylondon@icloud.com, www.kingswaybanqueting.com

# ਤੋਤਾ ਬੁਖਾਰ ਕਾਰਨ ਯੂਰਪ ਵਿਚ ਹੁਣ ਤੱਕ 5 ਲੋਕਾਂ ਦੀ ਮੌਤ, 90 ਬਿਮਾਰ

## ✪ ਵਿਸ਼ਵ ਸਿਹਤ ਸੰਗਠਨ ਅਨੁਸਾਰ ਇਹ ਬਿਮਾਰੀ ਹੁਣ ਮਨੁੱਖਾਂ ਨੂੰ ਪ੍ਰਭਾਵਿਤ ਕਰ ਰਹੀ ਏ

ਜੇਨੇਵਾ-ਯੂਰਪ ਦੇ ਪੰਜ ਦੇਸ਼ਾਂ ਵਿੱਚ ਤੋਤੇ ਦੇ ਬੁਖਾਰ ਨੇ ਤਬਾਹੀ ਮਚਾ ਦਿੱਤੀ ਹੈ। ਇਸ ਬੁਖਾਰ ਕਾਰਨ ਹੁਣ ਤੱਕ ਪੰਜ ਲੋਕਾਂ ਦੀ ਮੌਤ ਹੋ ਚੁੱਕੀ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਨੇ ਚੇਤਾਵਨੀ ਦਿੱਤੀ ਹੈ ਕਿ ਪੰਛੀਆਂ ਨੂੰ ਪ੍ਰਭਾਵਿਤ ਕਰਨ ਵਾਲੀ ਇਹ ਬਿਮਾਰੀ ਹੁਣ ਮਨੁੱਖਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਡਬਲਯੂਐਚਓ ਨੇ ਕਿਹਾ ਕਿ 2023 ਅਤੇ 2024 ਦੇ ਸ਼ੁਰੂ ਵਿੱਚ, ਆਸਟਰੀਆ, ਡੈਨਮਾਰਕ, ਜਰਮਨੀ, ਸਵੀਡਨ ਅਤੇ ਨੀਦਰਲੈਂਡ ਵਿੱਚ ਤੋਤੇ ਬੁਖਾਰ ਦੇ ਮਾਮਲਿਆਂ ਵਿੱਚ ਇੱਕ ਅਸਾਧਾਰਨ ਅਤੇ ਅਚਾਨਕ ਵਾਧਾ ਦਰਜ ਕੀਤਾ ਗਿਆ ਹੈ, ਜੋ ਪਿਛਲੇ ਸਾਲਾਂ ਦੇ ਮੁਕਾਬਲੇ ਵੱਧ ਹੈ। ਮਾਰਚ ਦੇ ਸ਼ੁਰੂ ਵਿੱਚ ਇਸ ਬਿਮਾਰੀ ਕਾਰਣ ਕੁੱਲ ਮਿਲਾ ਕੇ ਪੰਜ ਮੌਤਾਂ ਹੋਈਆਂ, ਲਗਭਗ 90 ਲੋਕਾਂ ਨੂੰ ਪ੍ਰਭਾਵਤ ਕੀਤਾ।



### ਤੋਤਾ ਬੁਖਾਰ ਕਿਵੇਂ ਫੈਲਦਾ ਹੈ ?

ਤੋਤੇ ਦੇ ਬੁਖ਼ਾਰ ਨੂੰ ਸਿਟਾਕੋਸਿਸ ਵੀ ਕਿਹਾ ਜਾਂਦਾ ਹੈ। ਇਹ ਕਲੈਮੀਡੀਆ ਸਿਟਾਸੀ ਨਾਮਕ ਬੈਕਟੀਰੀਆ ਦੀ ਇੱਕ ਕਿਸਮ ਦੇ ਕਾਰਨ ਹੁੰਦਾ ਹੈ। ਇਹ ਬੈਕਟੀਰੀਆ ਕੁੱਤਿਆਂ, ਬਿੱਲੀਆਂ ਅਤੇ ਘੋੜਿਆਂ ਸਮੇਤ ਬਹੁਤ ਸਾਰੇ ਥਣਧਾਰੀ ਜੀਵਾਂ ਨੂੰ ਸੰਕਰਮਿਤ ਕਰ ਸਕਦਾ ਹੈ। ਪਰ, ਇਹ ਬੈਕਟੀਰੀਆ ਜ਼ਿਆਦਾਤਰ ਪੰਛੀਆਂ ਨੂੰ ਸੰਕਰਮਿਤ ਕਰਦਾ ਹੈ। ਕਲੈਮੀਡੀਆ ਬੈਕਟੀਰੀਆ ਨਾਲ ਭਰੇ ਹਵਾ ਦੇ ਕਣਾਂ ਨੂੰ ਸਾਹ ਰਾਹੀਂ ਅੰਦਰ ਲੈ ਕੇ ਮਨੁੱਖ ਸੰਕਰਮਿਤ ਹੋ ਸਕਦੇ ਹਨ, ਪਰ ਬਿਮਾਰੀ ਦਾ ਮਨੁੱਖ ਤੋਂ ਮਨੁੱਖ ਤੱਕ ਸੰਚਾਰ ਬਹੁਤ ਘੱਟ ਹੁੰਦਾ ਹੈ।

### ਇਨਸਾਨ ਤੋਤੇ ਦੇ ਬੁਖਾਰ ਨਾਲ ਕਿਵੇਂ ਸੰਕਰਮਿਤ ਹੋ ਰਹੇ ਹਨ ?

ਜ਼ਿਆਦਾਤਰ ਲੋਕ ਸੰਕਰਮਿਤ ਪੰਛੀਆਂ, ਖਾਸ ਕਰਕੇ ਪਾਲਤੂ ਜਾਨਵਰਾਂ ਜਿਵੇਂ ਕਿ ਤੋਤੇ, ਫਿੰਚ ਜਾਂ ਕੈਨਰੀਜ਼ ਦੇ ਸਾਹ, ਮਲ ਜਾਂ ਖੰਭਾਂ ਦੀ ਧੂੜ ਦੇ ਕਣਾਂ ਨੂੰ ਸਾਹ ਲੈਣ ਦੁਆਰਾ ਸਿਟਾਕੋਸਿਸ ਦਾ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਇਹ ਬਿਮਾਰੀ ਉਹਨਾਂ ਲੋਕਾਂ ਵਿੱਚ ਵਧੇਰੇ ਆਮ ਹੈ ਜੋ ਪੰਛੀਆਂ ਦੇ ਨਜ਼ਦੀਕੀ ਸੰਪਰਕ ਵਿੱਚ ਆਉਂਦੇ ਹਨ - ਜਿਵੇਂ ਕਿ ਪੋਲਟਰੀ ਵਰਕਰ, ਪਸ਼ੂਆਂ ਦੇ ਡਾਕਟਰ ਅਤੇ ਪਾਲਤੂ ਪੰਛੀਆਂ ਦੇ ਮਾਲਕ।

### ਤੋਤਾ ਬੁਖਾਰ ਦੇ ਲੱਛਣ ਕੀ ਹਨ ?

ਸਿਟਾਕੋਸਿਸ ਆਮ ਤੌਰ 'ਤੇ ਮਨੁੱਖਾਂ ਵਿੱਚ ਹਲਕੀ ਬਿਮਾਰੀ ਦਾ ਕਾਰਨ ਬਣਦੀ ਹੈ। ਇਸਦੇ ਲੱਛਣ ਫਲੂ ਵਰਗੇ ਹੁੰਦੇ ਹਨ - ਜਿਵੇਂ ਕਿ ਬੁਖਾਰ, ਠੰਢ ਲੱਗਣਾ, ਸਿਰ ਦਰਦ ਅਤੇ ਖੁਸ਼ਕ ਖੰਘ - ਅਤੇ ਆਮ ਤੌਰ 'ਤੇ ਕਿਸੇ ਵਿਅਕਤੀ ਦੇ ਬੈਕਟੀਰੀਆ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਪੰਜ ਤੋਂ 14 ਦਿਨਾਂ ਦੇ ਅੰਦਰ ਪ੍ਰਗਟ ਹੁੰਦੇ ਹਨ। ਜੇਕਰ ਐਂਟੀਬਾਇਓਟਿਕਸ ਨੂੰ ਲਾਗ ਦੇ ਸ਼ੁਰੂ ਵਿੱਚ ਵਰਤਿਆ ਜਾਂਦਾ ਹੈ ਤਾਂ ਉਹ ਪ੍ਰਭਾਵੀ ਢੰਗ ਨਾਲ ਬਿਮਾਰੀ ਨੂੰ ਠੀਕ ਕਰਦੇ ਹਨ, ਅਤੇ ਇਹ ਗੰਭੀਰ ਪੇਚੀਦਗੀਆਂ ਜਿਵੇਂ ਕਿ ਨਮੂਨੀਆ ਅਤੇ ਦਿਲ ਦੀ ਸੋਜ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਐਂਟੀਬਾਇਓਟਿਕਸ ਦੇ ਨਾਲ ਉਚਿਤ ਇਲਾਜ ਸਿਟਾਕੋਸਿਸ ਦੀ ਮੌਤ ਦਰ ਨੂੰ 15% ਅਤੇ 20% ਤਕ ਘਟਾਕੇ 1% ਤੱਕ ਕਰ ਸਕਦਾ ਹੈ।

### ਮਨੁੱਖ-ਤੋਂ-ਮਨੁੱਖੀ ਪ੍ਰਸਾਰਣ ਦੀ ਪੁਸ਼ਟੀ ਨਹੀਂ ਹੋਈ

ਵਰਤਮਾਨ ਵਿੱਚ ਸਿਟਾਕੋਸਿਸ ਤੋਂ ਪ੍ਰਭਾਵਿਤ ਪੰਜ ਦੇਸ਼ਾਂ ਵਿੱਚ ਆਮ ਨਾਲੋਂ ਕਿਤੇ ਵੱਧ ਕੇਸ ਦੇਖੇ ਗਏ ਹਨ। ਇਹਨਾਂ ਵਿੱਚੋਂ ਕੁਝ ਕੇਸ ਲੱਛਣਾਂ ਦੇ ਅਧਾਰ ਤੇ ਸ਼ੱਕੀ ਸਨ, ਅਤੇ ਹੋਰਾਂ ਦੀ ਪੁਸ਼ਟੀ ਵੱਖ-ਵੱਖ ਕਲੀਨਿਕਲ ਟਰਾਇਲ ਰਾਹੀਂ ਕੀਤੀ ਗਈ ਸੀ। ਖਾਸ ਤੌਰ 'ਤੇ, ਜ਼ਿਆਦਾਤਰ ਕੇਸ ਸੰਕਰਮਿਤ ਜੰਗਲੀ ਜਾਂ ਪਾਲਤੂ ਪੰਛੀਆਂ ਦੇ ਸੰਪਰਕ ਨਾਲ ਜੁੜੇ ਹੋਏ ਹਨ। ਆਸਟ੍ਰੀਆ ਵਿੱਚ ਆਮ ਤੌਰ 'ਤੇ ਪ੍ਰਤੀ ਸਾਲ ਦੋ ਮਨੁੱਖੀ ਸਿਟਾਕੋਸਿਸ ਦੇ ਕੇਸ ਹੁੰਦੇ ਹਨ। ਪਰ 2023 ਵਿੱਚ, 14 ਕੇਸ ਸਾਹਮਣੇ ਆਏ ਅਤੇ 1 ਜਨਵਰੀ ਤੋਂ 4 ਮਾਰਚ, 2024 ਦਰਮਿਆਨ ਚਾਰ ਹੋਰ ਮਾਮਲੇ ਸਾਹਮਣੇ ਆਏ। ਇਹ ਕੇਸ ਅਜਿਹੇ- ਮਰੀਜ਼ਾਂ ਦੇ ਸਨ, ਜਿਹਨਾਂ ਨੇ ਵਿਦੇਸ਼ ਯਾਤਰਾ ਨਹੀਂ ਕੀਤੀ ਸੀ ਜਾਂ ਜੰਗਲੀ ਪੰਛੀਆਂ ਨਾਲ ਸੰਪਰਕ ਵਿਚ ਨਹੀਂ ਆਏ ਸਨ।

ਮਾਮਲਾ ਪੁਲਿਸ ਸਕਿਊਰਟੀ ਹਾਸਲ ਕਰਨ ਦਾ

# ਪੁਲਿਸ ਨੇ ਸ਼ਿਵ ਸੈਨਾ ਆਗੂ ਵੱਲੋਂ ਆਪਣੇ ਆਪ 'ਤੇ ਕਰਵਾਏ ਝੂਠੇ ਹਮਲੇ ਦਾ ਕੀਤਾ ਪਰਦਾਫਾਸ਼

## ✪ ਨਕਲੀ ਫਾਇਰਿੰਗ ਕਰਨ ਲਈ ਵਰਤਿਆ ਦੇਸੀ ਕੱਟਾ ਵੀ ਬਰਾਮਦ



ਬਠਿੰਡਾ-ਬਠਿੰਡਾ ਪੁਲਿਸ ਨੇ ਸ਼ਿਵ ਸੈਨਾ ਆਗੂ ਵੱਲੋਂ ਆਪਣੇ ਆਪ 'ਤੇ ਕਰਵਾਏ ਝੂਠੇ ਹਮਲੇ ਦੀ ਵਾਰਦਾਤ ਦਾ ਪਰਦਾਫਾਸ਼ ਕੀਤਾ ਹੈ। ਦੱਸ ਦਈਏ ਕਿ 19 ਫਰਵਰੀ ਨੂੰ ਮਨਿੰਦਰ ਸਿੰਘ ਮਨੀ ਦੇ ਆਪਣੇ ਦਫਤਰ ਬਾਹਰ ਹਵਾਈ ਫਾਇਰ ਹੋਣ ਸਬੰਧੀ ਘਟਨਾ ਹੋਈ ਸੀ। ਇਸ ਸਬੰਧੀ ਮਨਿੰਦਰ ਨੇ ਇਸ ਘਟਨਾ ਦੀ ਇਤਲਾਹ ਪੁਲਿਸ ਨੂੰ ਦਿੱਤੀ ਸੀ। ਇਸ ਸਬੰਧੀ ਪੁਲਿਸ ਵੱਲੋਂ ਇਸ ਦੀ ਬਾਰੀਕੀ ਨਾਲ ਜਾਂਚ ਕਰਨ ਤੇ ਇਹ ਝੂਠੀ ਇਤਲਾਹ ਪਾਈ ਗਈ। ਬਠਿੰਡਾ ਪੁਲਿਸ ਦੀਆਂ ਸੀਆਈਏ ਸਟਾਫ-2 ਤੇ ਥਾਣਾ ਕੈਨਾਲ ਕਲੋਨੀ ਬਠਿੰਡਾ ਵੱਲੋਂ ਇਸ ਝੂਠੀ ਵਾਰਦਾਤ ਨੂੰ ਟ੍ਰੇਸ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਦੇ ਕਬਜੇ ਵਿੱਚੋਂ ਫਾਇਰਿੰਗ ਲਈ ਵਰਤਿਆ ਦੇਸੀ ਕੱਟਾ ਵੀ ਬਰਾਮਦ ਕੀਤਾ ਗਿਆ ਹੈ।

ਐਸਪੀ ਸਿਟੀ ਬਠਿੰਡਾ ਨਰਿੰਦਰ ਸਿੰਘ ਨੇ ਦੱਸਿਆ ਕਿ ਸੀਆਈਏ ਸਟਾਫ-2 ਤੇ ਥਾਣਾ ਕੈਨਾਲ ਕਲੋਨੀ ਵੱਲੋਂ ਇਸ ਘਟਨਾ ਨੂੰ ਟ੍ਰੇਸ ਕਰਦੇ ਹੋਏ ਇਸ ਦੀ ਬਾਰੀਕੀ ਨਾਲ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮਨਿੰਦਰ ਸਿੰਘ ਨੇ ਆਪਣੇ ਸਾਥੀਆਂ ਅਵਿਸ਼ ਕੁਮਾਰ ਨਾਲ ਮਿਲ ਕੇ ਇਹ ਪਲੈਨ ਬਣਾਇਆ ਸੀ।

ਮਨਿੰਦਰ ਸਿੰਘ ਵੱਲੋਂ ਇਸ ਪਲੈਨ ਤਹਿਤ ਆਪਣੇ ਆਪ ਲਈ ਪੁਲਿਸ ਸਕਿਊਰਟੀ ਹਾਸਲ ਕਰਨ ਲਈ ਇਹ ਅੰਜਾਮ ਦਿੱਤਾ ਸੀ। ਇਨ੍ਹਾਂ ਦੋਸ਼ੀਆਂ ਖਿਲਾਫ ਮੁਕੱਦਮਾ ਅਸਲਾ ਐਕਟ ਥਾਣਾ ਕੈਨਾਲ ਕਲੋਨੀ ਬਠਿੰਡਾ ਦਰਜ ਰਜਿਸਟਰ ਕੀਤਾ ਗਿਆ। ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਦੇ ਕਬਜੇ ਵਿੱਚੋਂ ਇੱਕ ਦੇਸੀ ਕੱਟਾ ਬਰਾਮਦ ਕੀਤਾ ਗਿਆ।

# ਅਸੀਂ ਧਰਨੇ ਵਾਲੇ ਹਾਂ ਗਾਣਾ ਬੱਬੂ ਮਾਨ ਨੇ ਕਿਸਾਨਾਂ ਦੇ ਹੱਕ 'ਚ ਗਾਇਆ

## ✪ 24 ਘੰਟੇ ਦੇ ਅੰਦਰ ਡੇਢ ਲੱਖ ਤੋਂ ਵੱਧ ਲੋਕਾਂ ਨੇ ਸੁਣਿਆ

ਜਲੰਧਰ-ਸ਼ੰਭੂ ਅਤੇ ਖਨੌਰੀ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਹੁਣ ਹੌਲੀ-ਹੌਲੀ ਵੱਡੇ ਗਾਇਕਾਂ ਦਾ ਸਾਥ ਮਿਲਣਾ ਸ਼ੁਰੂ ਹੋ ਗਿਆ ਹੈ। ਮਸ਼ਹੂਰ ਗਾਇਕ ਬੱਬੂ ਮਾਨ ਨੇ ਕਿਸਾਨਾਂ ਦੇ ਹੱਕ ਵਿੱਚ ਇੱਕ ਗਾਣਾ ਰਿਲੀਜ਼ ਕੀਤਾ ਹੈ, ਜਿਸ ਦੀ ਕਿਸਾਨਾਂ ਨੇ ਸ਼ਲਾਘਾ ਕੀਤਾ ਹੈ। ਇਸ ਤੋਂ ਪਹਿਲਾਂ ਰੇਸ਼ਮ ਸਿੰਘ ਅਨਮੋਲ ਅਤੇ ਸ਼੍ਰੀ ਬਰਾੜ ਅਤੇ ਹਰਿਆਣਾ ਦੇ ਗਾਇਕ ਵੀ ਕਿਸਾਨਾਂ ਦੇ ਹੱਕ ਵਿੱਚ ਗਾਣਾ ਗਾ ਚੁੱਕੇ ਹਨ। ਗਾਇਕ ਬੱਬੂ ਮਾਨ ਦੇ ਵੱਲੋਂ 3.38 ਮਿੰਟ ਦੇ ਗਾਏ ਗਾਣੇ ਨੂੰ 24 ਘੰਟੇ ਦੇ ਅੰਦਰ ਡੇਢ ਲੱਖ ਤੋਂ ਵੱਧ ਲੋਕ ਸੁਣ ਚੁੱਕੇ ਹਨ। ਗਾਣੇ ਦੇ ਬੋਲ ਹਨ 'ਅਸੀਂ ਧਰਨੇ ਵਾਲੇ ਹਾਂ', ਕਿਸਾਨਾਂ ਦੇ ਇਸ ਵਾਰ ਦੇ ਧਰਨੇ ਵਿੱਚ ਉਨ੍ਹਾਂ ਦੇ ਹੱਕ ਵਿੱਚ ਬੋਲਣ ਵਾਲਿਆਂ ਵਿੱਚ ਹੁਣ ਤੱਕ ਗਾਇਕ ਬੱਬੂ ਮਾਨ ਹੀ ਸਭ ਤੋਂ ਵੱਡਾ ਨਾਂ ਨਜ਼ਰ ਆ ਰਿਹਾ ਹੈ।

ਇਸ ਤੋਂ ਪਹਿਲਾਂ ਗਾਇਕ ਬੱਬੂ ਮਾਨ ਦੀ ਇੱਕ ਵੀਡੀਓ ਵਾਇਰਲ ਹੋਈ ਸੀ ਜੋ ਪਿੰਡ ਰੁੜਕਾ ਕਲਾਂ ਜਲੰਧਰ ਦੀ ਸੀ। ਜਿੱਥੇ ਬੀਤੇ



ਦਿਨੀ ਉਨ੍ਹਾਂ ਦਾ ਲਾਈਵ ਸ਼ੋਅ ਹੋਇਆ। ਬੱਬੂ ਮਾਨ ਨੇ ਸਟੇਜ ਤੋਂ ਕਿਸਾਨਾਂ ਦਾ ਹੌਸਲਾ ਵਧਾਇਆ ਸੀ ਅਤੇ ਠੌਂ ਦਾ ਵਿਰੋਧ ਕੀਤਾ ਸੀ। ਗੀਤ ਦੀ ਪੇਸ਼ਕਾਰੀ ਦੌਰਾਨ ਬੋਲਿਆ ਸੀ 'ਜਿਹੜੇ ਜਵਾਨ ਡਾਂਗਾਂ ਵਰਾਉਂਦੇ ਹਨ ਉਨ੍ਹਾਂ ਨੂੰ ਕਿਸਾਨ ਰਾਤੀ ਲੰਗਰ ਛਕਾਉਂਦੇ ਨੇ, ਨਾਨਕ ਦੇ ਪੁੱਤਰਾਂ 'ਤੇ ਸਾਨੂੰ ਵੱਡਾ ਮਾਣ ਏ, ਉਧਰ ਜਵਾਨ ਹੈ .. ਅਤੇ ਇੱਥੇ ਕਿਸਾਨ ਹੈ...ਨਵੇਂ ਵਰਲਡ ਆਰਡਰ ਦਾ ਹੋਇਆ ਵੱਡਾ ਨੁਕਸਾਨ ਹੈ ...ਉੱਥੇ ਜਵਾਨ ਹੈ.. ਇੱਥੇ ਕਿਸਾਨ ਹੈ..

### ਪਹਿਲੇ ਕਿਸਾਨ ਅੰਦੋਲਨ ਵਿੱਚ ਵੀ ਦਿੱਤਾ ਸੀ ਸਾਥ

ਬੱਬੂ ਮਾਨ ਉਨ੍ਹਾਂ ਗਾਇਕਾਂ ਵਿੱਚੋ ਇੱਕ ਹਨ ਜਿੰਨਾਂ ਨੇ ਕਿਸਾਨ ਅੰਦੋਲਨ -1 ਵਿੱਚ ਵੀ ਕਿਸਾਨਾਂ ਦਾ ਸਾਥ ਦਿੱਤਾ ਸੀ। ਹਰਭਜਨ ਮਾਨ, ਸਿੱਧੂ ਮੂਸੇਵਾਲਾ, ਦਿਲਜੀਤ ਦੁਸਾਂਝ, ਜੈਜ਼ੀ ਬੀ, ਕੰਵਰ ਗਰੇਵਾਲ, ਗਿੱਪੀ ਗਰੇਵਾਲ, ਐੱਮੀ ਵਿਰਕ ਅਤੇ ਰਣਜੀਤ ਬਾਵਾ ਵੀ ਕਿਸਾਨਾਂ ਦੇ ਅੰਦੋਲਨ ਵਿੱਚ ਸ਼ਾਮਲ ਹੋਏ ਸਨ। ਜਿੰਨਾਂ ਨੇ 2020-21 ਦੇ ਅੰਦੋਲਨ ਦੀ ਖੁੱਲ ਕੇ ਹਮਾਇਤ ਕੀਤੀ ਸੀ। ਪਰ ਇਸ ਵਾਰ ਘੱਟ ਹੀ ਗਾਇਕ ਸਾਹਮਣੇ ਆ ਰਹੇ ਹਨ। ਇਸ ਦੇ ਪਿੱਛੇ ਵੱਡਾ ਕਾਰਨ ਹੈ ਰਣਜੀਤ ਬਾਵਾ ਵਰਗੇ ਗਾਇਕਾਂ ਦਾ ਕਹਿਣਾ ਹੈ ਕਿ ਕਿਸਾਨ ਅੰਦੋਲਨ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਇਨਕਮ ਟੈਕਸ ਵਿਭਾਗ ਨੇ ਟਾਰਗੇਟ ਕੀਤਾ ਸੀ ਪਰ ਕੋਈ ਕਿਸਾਨ ਜਥੇਬੰਦੀ ਉਨ੍ਹਾਂ ਦੇ ਹੱਕ ਵਿੱਚ ਨਹੀਂ ਆਈ ਸੀ।

# ਪੰਜਾਬ ਯੂਨੀਵਰਸਿਟੀ ਵਲੋਂ ਨਿੰਦਰ ਘੁਗਿਆਣਵੀ ਨੂੰ ਸਾਹਿਤ ਰਤਨ ਮਿਲੇਗਾ ਸਾਹਿਤਕਾਰਾਂ ਅਤੇ ਪੰਜਾਬੀਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ

**ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਵਾਰਤਕ ਲੇਖਕ ਨਿੰਦਰ ਘੁਗਿਆਣਵੀ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਸਾਹਿਤ ਰਤਨ ਪੁਰਸਕਾਰ ਦੇਣ ਉਤੇ ਸਾਹਿਤਕਾਰਾਂ ਬੁੱਧੀਜੀਵੀਆਂ ਤੇ ਚਿੰਤਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ. ਇਸ ਸਬੰਧੀ ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ ਦੇ ਪ੍ਰਧਾਨਗੀ ਹੇਠ ਇੱਕ ਇੱਕਤਰਤਾ ਹੋਈ, ਜਿਸ ਵਿੱਚ ਡਾ. ਤਰਲੋਚਨ ਕੌਰ, ਡਾ. ਭਗਵੰਤ ਸਿੰਘ, ਚਰਨ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ, ਡਾ. ਰਮਿੰਦਰ ਕੌਰ, ਡਾ. ਮਧੂਬਾਲਾ, ਡਾ. ਅਮਰਪਾਲ, ਡਾ. ਈਸ਼ਵਰਦਾਸ ਸਿੰਘ ਮਹਾਂਮੰਡਲੇਸ਼ਵਰ ਸਿੰਘ, ਡਾ. ਜਗਰਾਜ ਸਿੰਘ, ਡਾ. ਮਨਪ੍ਰੀਤ, ਡਾ. ਗੁਰਨਾਮ ਸਿੰਘ, ਜਗਦੀਪ ਸਿੰਘ ਆਦਿ ਸ਼ਾਮਲ ਹੋਏ. ਇਸ ਵਿੱਚ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ ਇਹ ਬਹੁਤ ਵੱਡੀ ਉਪਲਬਧੀ ਹੈ.**


ਇਹ ਬਹੁਤ ਘੱਟ ਪੰਜਾਬੀ ਸਾਹਿਤਕਾਰਾਂ ਦੇ ਹਿੱਸੇ ਆਇਆ ਹੈ. ਡਾ. ਤੇਜਵੰਤ ਮਾਨ ਸਾਹਿਤ ਰਤਨ, ਡਾ. ਨਰਵਿੰਦਰ ਕੌਸ਼ਿਕ ਨੇ ਵੀ ਆਪਣੇ ਵਿਚਾਰ ਭੇਜਦੇ ਹੋਏ ਕਿਹਾ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ. ਪੰਜਾਬੀ ਸਾਹਿਤ ਸਭਾ ਸੰਗਰੂਰ, ਮਾਲਵਾ ਰਿਸਰਚ ਸੈਂਟਰ ਪਟਿਆਲਾ ਤੇ ਅਨੇਕਾਂ ਸਾਹਿਤ ਸਭਾਵਾਂ ਨੇ ਆਪਣੀ ਖੁਸ਼ੀ ਪ੍ਰਗਟ ਕੀਤੀ. ਪ੍ਰੈਸ ਨੋਟ ਜਾਰੀ ਕਰਦੇ ਹੋਏ ਡਾ. ਭਗਵੰਤ ਸਿੰਘ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ 7 ਮਾਰਚ ਨੂੰ ਆਪਣੀ 71ਵੀਂ ਕਨਵੋਕੇਸ਼ਨ ਮੌਕੇ 48 ਸਾਲ ਦੀ ਉਮਰ ਵਿਚ 68 ਕਿਤਾਬਾਂ ਦੇ ਲੇਖਕ ਨਿੰਦਰ ਘੁਗਿਆਣਵੀ ਨੂੰ ਸਾਹਿਤ ਰਤਨ ਦੇਣ ਦਾ ਐਲਾਨ ਕੀਤਾ ਗਿਆ ਹੈ. ਸ਼੍ਰੀ ਘੁਗਿਆਣਵੀ ਪਹਿਲੇ ਪੰਜਾਬੀ ਲੇਖਕ ਹਨ ਜਿਹੜੇ ਮਹਾਂਰਾਸ਼ਟਰ ਦੀ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ ਵਰਧਾ ਵਿਖੇ ਰਾਈਟਰ ਇਨ ਰੈਜੀਡੈਂਟ ਨਿਯੁਕਤ ਹੋਏ. ਸਿਰਫ 9 ਜਮਾਤਾਂ ਪਾਸ ਘੁਗਿਆਣਵੀ ਦੀ ਲਿਖੀਆਂ ਪੁਸਤਕਾਂ ਉਤੇ ਲਗਪਗ 12 ਵਿਦਿਆਰਥੀ ਐਮ ਫਿਲ ਤੇ ਪਈ ਐਚ ਡੀ ਕਰ ਚੁਕੇ ਹਨ. ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੇ ਉਨਾਂ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਕੇ ਸਿਲੇਬਸਾਂ ਦਾ ਹਿੱਸਾ ਬਣਾਈਆਂ ਹਨ. ਵਿਸ਼ੇਸ਼ ਗਲ ਹੈ ਕਿ ਇਕ ਜੱਜ ਦੀ ਕੋਰਟ ਵਿਚ ਅਰਦਲੀ ਵਜੋਂ ਸਫਰ ਸ਼ੁਰੂ ਕਰਨ ਵਾਲੇ ਨਿੰਦਰ ਘੁਗਿਆਣਵੀ ਦੀ ਸਵੈ ਜੀਵਨੀ ਕਿਤਾਬ (ਮੈਂ ਸਾਂ ਜੱਜ ਦਾ ਅਰਦਲੀ) ਦਾ ਅੰਗਰੇਜੀ ਅਨੁਵਾਦ I was judges' ordaly" national book trust fo india delhi ਨੇ ਪ੍ਰਕਾਸ਼ਿਤ ਕੀਤਾ ਤੇ ਇਹ ਕਿਤਾਬ ਭਾਰਤ ਦੀਆਂ 15 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ. ਉਨਾਂ ਦੀਆਂ ਕਈ ਲਿਖਤਾਂ ਉਤੇ ਲਘੂ ਫਿਲਮਾਂ ਬਣੀਆਂ. ਪੰਜਾਬ ਦੀ ਲੋਕ ਧਾਰਾ ਤੇ ਸਭਿਆਚਾਰ ਉਤੇ ਖੋਜ ਕਾਰਜ ਕੀਤਾ ਤੇ ਕਰ ਰਹੇ ਹਨ.



ਡਾ. ਭਗਵੰਤ ਸਿੰਘ 9814851500

# ਕੈਲੀਫੋਰਨੀਆ ਵਿਚ 2 ਸਾਲ ਪਹਿਲਾਂ ਘਰ 'ਤੇ ਕਬਜਾ ਕਰਨ ਦੇ ਇਰਾਦੇ ਨਾਲ ਹੋਇਆ ਸੀ 96 ਸਾਲਾ ਔਰਤ ਦਾ ਕਤਲ ਸ਼ੈਰਿਫ ਬਿਲ ਬਰਾਊਨ

## * ਹੁਣ ਤੱਕ 4 ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਵਿਚ ਤਕਰੀਬਨ 2 ਸਾਲ ਪਹਿਲਾਂ ਇਕ 96 ਸਾਲਾ ਬਜ਼ੁਰਗ ਵਿਧਵਾ ਔਰਤ ਦੀ ਹੋਈ ਮੌਤ ਦੇ ਮਾਮਲੇ ਦੀ ਜਾਂਚ ਦੌਰਾਨ ਸਪਸ਼ਟ ਹੋਇਆ ਹੈ ਕਿ ਇਹ ਕੁਦਰਤੀ ਮੌਤ ਨਹੀਂ ਸੀ ਬਲਕਿ ਉਸ ਦੇ ਘਰ ਉਪਰ ਕਬਜ਼ਾ ਕਰਨ ਦੇ ਮਕਸਦ ਨਾਲ ਉਸ ਦੀ ਹੱਤਿਆ ਹੋਈ ਸੀ। ਇਸ ਮਾਮਲੇ ਵਿਚ ਪੁਲਿਸ ਵੱਲੋਂ ਹੁਣ ਤੱਕ 4 ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ।** ਸਾਂਟਾ ਬਰਬਰਾ ਕਾਊਂਟੀ ਸ਼ੈਰਿਫ ਬਿਲ ਬਰਾਊਨ ਅਨੁਸਾਰ ਵੀਓਲੈਟ ਆਈਲਿਨ ਅਲਬਰਟਸ ਨਾਮੀ ਔਰਤ ਉਸ ਦੇ ਮੋਨਟੈਕਸੀਟੋ ਸਥਿੱਤ ਘਰ ਵਿਚ ਉਸ ਦੀ ਦੇਖਭਾਲ ਕਰਨ ਵਾਲੇ ਵਿਅਕਤੀ ਨੂੰ 27 ਮਈ 2022 ਨੂੰ ਮ੍ਰਿਤਕ ਹਾਲਤ ਵਿਚ ਮਿਲੀ ਸੀ। ਉਸ ਦੇ ਘਰ ਦੀ ਇਕ ਖਿੜਕੀ ਟੁੱਟੀ ਹੋਈ ਸੀ। ਬਰਾਊਨ ਅਨੁਸਾਰ ਬਾਅਦ ਵਿਚ ਪੋਸਟ ਮਾਰਟਮ ਰਿਪੋਰਟ ਵਿਚ ਪਤਾ ਲੱਗਾ ਕਿ ਉਸ ਦੀ ਮੌਤ ਆਕਸੀਜਨ ਦੀ ਘਾਟ ਕਾਰਨ ਸਾਹ ਘੁੱਟਣ ਕਾਰਨ ਹੋਈ ਸੀ ਜਿਸ ਤੋਂ ਸਪੱਸ਼ਟ ਹੋਇਆ ਕਿ ਇਹ ਆਮ ਮੌਤ ਨਹੀਂ ਹੈ ਬਲਕਿ ਕਤਲ ਹੈ। ਸ਼ੈਰਿਫ ਨੇ ਕਿਹਾ ਹੈ ਕਿ ਅਲਬਰਟਸ 'ਮਰਡਰ ਫਾਰ ਹਾਇਰ ਸਕੀਮ' ਦਾ ਨਿਸ਼ਾਨਾ ਬਣੀ ਹੈ। ਅਲਬਰਟਸ ਕੋਲ ਕੀਮਤੀ ਘਰ ਸੀ ਪਰੰਤੂ ਉਹ ਵਿੱਤੀ ਹਾਲਾਤ ਨਾਲ ਜੂਝ ਰਹੀ ਸੀ। ਉਸ ਨੂੰ ਪੈਸੇ ਦੀ ਲੋੜ ਸੀ। ਜਿਸ ਦਾ ਫਾਇਦਾ ਉਠਾਉਣ ਦੇ ਮਕਸਦ ਨਾਲ ਉਸ ਨੂੰ ਘਰ ਗਹਿਣੇ ਰਖਣ ਬਦਲੇ ਪੈਸੇ ਦੀ ਪੇਸ਼ਕਸ਼ ਕੀਤੀ ਗਈ ਤੇ ਬਾਅਦ ਵਿਚ ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿਚ ਰਿਕਾਰਡੋ ਮਾਰਟਿਨ ਡੈਲਕੈਂਪੋ (41) ਤੇ ਹੈਨਰੀ ਰੋਸਟੋਮਾਈਨ ਨੂੰ ਹਾਲ ਹੀ ਵਿਚ ਹੱਤਿਆ ਤੇ ਹੱਤਿਆ ਦੀ ਸਾਜਿਸ਼ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ ਜੋ ਸਾਂਟਾ ਬਰਬਰਾ ਕਾਊਂਟੀ ਜੇਲ ਵਿਚ ਬੰਦ ਹਨ , ਤੀਸਰੇ ਵਿਅਕਤੀ ਹੈਰੀ ਬਸਮੈਡਜਿਆਨ (58) ਨੂੰ ਇਸ ਸਾਲ ਜਨਵਰੀ ਵਿਚ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਸੀ। ਜਦ ਕਿ ਪੌਲਾਈਨ ਮੈਕਰੋਨੋ (48) ਨਾਮੀ ਔਰਤ ਨੂੰ 2022 ਵਿਚ ਹੀ ਗਿਫਤਾਰ ਕਰ ਲਿਆ ਗਿਆ ਸੀ ਤੇ ਉਹ ਅਲਬਰਟਸ ਦੀ ਮੌਤ ਨਾਲ ਜੁੜੇ ਫਰਾਡ ਦੇ ਦੋਸ਼ਾਂ ਤਹਿਤ 6 ਸਾਲ ਦੀ ਸਜਾ ਕਟ ਰਹੀ ਹੈ । ਬਰਾਊਨ ਅਨੁਸਾਰ ਮੈਕਰੋਨੋ ਨੂੰ ਹੋਰ ਵਾਧੂ ਦੋਸ਼ਾਂ ਦਾ ਸਾਹਮਣਾ ਵੀ ਕਰਨਾ ਪਵੇਗਾ।

# ਅਮਰੀਕਾ ਦੇ ਹਡਸਨ ਦਰਿਆ ਵਿਚ ਕਿਸ਼ਤੀ ਹਾਦਸੇ ਵਿੱਚ ਹੋਈਆਂ 2 ਮੌਤਾਂ ਦੇ ਮਾਮਲੇ ਵਿਚ 2 ਵਿਅਕਤੀ ਗ੍ਰਿਫਤਾਰ



ਹਡਸਨ ਦਰਿਆ ਵਿਚੋਂ ਕਿਸ਼ਤੀ ਕੱਢੇ ਜਾਣ ਦਾ ਦ੍ਰਿਸ਼

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਵਗਦੇ ਹਡਸਨ ਦਰਿਆ ਵਿਚ ਜੁਲਾਈ 2022 ਵਿਚ ਕਿਸ਼ਤੀ ਉਲਟ ਜਾਣ ਕਾਰਨ ਹੋਈਆਂ 2 ਮੌਤਾਂ ਦੇ ਮਾਮਲੇ ਵਿਚ ਆਖਰਕਾਰ ਪੁਲਿਸ ਵੱਲੋਂ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਨਿਊਯਾਰਕ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਦਫਤਰ ਅਨੁਸਾਰ ਗ੍ਰਿਫਤਾਰ ਕੀਤੇ ਵਿਅਕਤੀਆਂ ਵਿਚ ਕਿਸ਼ਤੀ ਦਾ ਮਾਲਕ ਰਿਚਰਡ ਕਰੂਜ਼ (32) ਤੇ ਕਿਸ਼ਤੀ ਚਾਲਕ ਪਾਇਲਟ ਜੈਮ ਪਿਨੀਲਾ ਗੋਮਜ਼ (25) ਸ਼ਾਮਲ ਹੈ ਜਿਨਾਂ ਵਿਰੁੱਧ ਅਣਗਹਿਲੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ ਜਿਸ ਕਾਰਨ ਇਕ ਬੱਚੇ ਤੇ ਇਕ ਔਰਤ ਦੀ ਮੌਤ ਹੋਈ। ਦਰਜ ਅਪਰਾਧਕ ਸ਼ਿਕਾਇਤ ਅਨੁਸਾਰ ਹਾਦਸੇ ਸਮੇ ਕਿਸ਼ਤੀ ਵਿਚ ਸਮਰੱਥਾ ਤੋਂ ਵਧ 13 ਲੋਕ ਸਵਾਰ ਸਨ ਜੋ ਉਲਟ ਗਈ। ਬਚਾਅ ਟੀਮਾਂ ਨੇ ਦੋ ਜਣਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਕਿਸ਼ਤੀ ਦੇ ਹੇਠੋਂ ਕੱਢਿਆ। ਬਾਅਦ ਵਿਚ ਜਿਨਾਂ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵਿਭਾਗ ਨੇ ਮ੍ਰਿਤਕਾਂ ਦੀ ਪਛਾਣ ਜੂਲੀਅਨ ਵਾਸਕੁਏਜ਼ (7) ਤੇ ਲਿੰਡੇਲੀਆ ਵਾਸਕੁਏਜ਼ (48) ਵਜੋਂ ਕੀਤੀ ਸੀ। ਅਪਰਾਧਕ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਲੋੜੀਂਦਾ ਲਾਇਸੰਸ ਨਾ ਹੋਣ ਦੇ ਬਾਵਜੂਦ ਕਰੂਜ਼ ਤੇ ਗੋਮਜ ਸੈਲਾਨੀਆਂ ਨੂੰ ਦਰਿਆ ਦੀ ਸੈਰ ਕਰਵਾਉਂਦੇ ਸਨ। ਨਿਊਯਾਰਕ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਡਮੀਅਨ ਵਿਲੀਅਮਜ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਇਨਾਂ ਨੂੰ ਵਧ ਤੋਂ ਵਧ 10 ਸਾਲ ਤੱਕ ਸਜ਼ਾ ਹੋ ਸਕਦੀ ਹੈ।

# ਕੈਲੀਫੋਰਨੀਆ ਵਿਚ ਸਮੁੰਦਰ ਦੇ ਪਾਣੀ ਵਿਚ ਤੇਲ ਰਲਿਆ, ਮਾਮਲਾ ਜਾਂਚ ਅਧੀਨ



ਦੱਖਣੀ ਕੈਲੀਫੋਰਨੀਆ ਵਿਚ ਸਮੁੰਦਰ ਦੇ ਪਾਣੀ ਵਿਚ ਨਜਰ ਆ ਰਹੀ ਤੇਲ ਦੀ ਪਰਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੂ ਐਸ ਕੋਸਟ ਗਾਰਡ ਤੇ ਸਥਾਨਕ ਅਧਿਕਾਰੀਆਂ ਨੇ ਦੱਖਣੀ ਕੈਲੀਫੋਰਨੀਆ ਵਿਚ ਹੰਟਿਗਟਨ ਬੀਚ 'ਤੇ ਸਮੁੰਦਰ ਵਿਚ ਆਈ ਤੇਲ ਦੀ ਪਰਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੋਸਟ ਗਾਰਡ ਵੱਲੋਂ ਜਾਰੀ ਬਿਆਨ ਅਨੁਸਾਰ ਤੇਲ ਦੀ ਇਹ ਪਰਤ ਬੀਤੇ ਵੀਰਵਾਰ ਸ਼ਾਮ ਨੂੰ ਵੇਖੀ ਗਈ ਜੋ ਅੰਦਾਜਨ ਢਾਈ ਮੀਲ ਵਿਚ ਫੈਲੀ ਹੋਈ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਤੇਲ ਕਿਥੋਂ ਆਇਆ ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਮਾਮਲਾ ਜਾਂਚ ਅਧੀਨ ਹੈ। ਇਸ ਦੇ ਵਾਤਾਵਰਣ ਉਪਰ ਪੈਣ ਵਾਲੇ ਅਸਰ ਬਾਰੇ ਵੀ ਮੁਲਾਂਕਣ ਕੀਤਾ ਜਾ ਰਿਹਾ ਹੈ।

## ਅਮਰੀਕਾ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ 2 ਮੌਤਾਂ ਤੇ 4 ਜ਼ਖਮੀ, ਸ਼ੱਕੀ ਹਮਲਾਵਰ ਵੀ ਮਾਰਿਆ ਗਿਆ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਅਰਕੰਸਾਸ ਰਾਜ ਵਿਚ ਜੋਨਸਬੋਰੋ ਵਿਖੇ ਗੋਲੀਬਾਰੀ ਦੀ ਵਾਪਰੀ ਇਕ ਘਟਨਾ ਵਿਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 4 ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਇਸ ਘਟਨਾ ਵਿਚ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ। ਜੋਨਸਬੋਰੋ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਘਟਨਾ ਤੜਕਸਾਰ ਸਵੇਰੇ 5 ਵਜੇ ਤੋਂ ਪਹਿਲਾਂ ਇਕ ਨਿੱਜੀ ਪਾਰਟੀ ਵਿਚ ਵਾਪਰੀ। ਪੁਲਿਸ ਦੇ ਬੁਲਾਰੇ ਸੈਲੀ ਸਮਿੱਥ ਨੇ ਕਿਹਾ ਹੈ ਕਿ ਸ਼ੱਕੀ ਹਮਲਾਵਰ ਗੋਲੀਬਾਰੀ ਵਿਚ ਮਾਰੇ ਗਏ ਇਕ ਵਿਅਕਤੀ ਤੇ ਔਰਤ ਨੂੰ ਜਾਣਦਾ ਸੀ ਜਦ ਕਿ ਉਹ ਜਖਮੀ ਹੋਈ ਇਕ ਹੋਰ ਔਰਤ ਦਾ ਵੀ ਜਾਣਕਾਰ ਸੀ। ਪੁਲਿਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਸ਼ੱਕੀ ਹਮਲਾਵਰ ਦੀ ਮੌਤ ਕਿਸ ਤਰਾਂ ਹੋਈ ਹੈ ਤੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।**

# ਅਮਰੀਕਾ ਵਿਚ ਬੱਸ ਦੀ ਉਡੀਕ ਕਰ ਰਹੇ ਸਕੂਲੀ ਵਿਦਿਆਰਥੀਆਂ ਉਪਰ ਅਣਪਛਾਤਿਆਂ ਵੱਲੋਂ ਕੀਤੀ ਗੋਲੀਬਾਰੀ ਵਿੱਚ 8 ਜਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਉੱਤਰ ਪੂਰਬ ਫਿਲਾਡੈਲਫੀਆ (ਪੈਨਸਿਲਵਾਨੀਆ) ਵਿਚ ਛੁੱਟੀ ਤੋਂ ਬਾਅਦ ਬੱਸ ਦੀ ਉਡੀਕ ਕਰ ਰਹੇ ਇਕ ਸਕੂਲ ਦੇ ਵਿਦਿਆਰਥੀਆਂ ਉਪਰ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਬਾਰੀ ਕਰਨ ਦੀ ਖਬਰ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਇਸ ਘਟਨਾ ਵਿਚ 8 ਵਿਦਿਆਰਥੀ ਜਖਮੀ ਹੋਏ ਹਨ। ਪੁਲਿਸ ਕਮਿਸ਼ਨਰ ਕੈਵਿਨ ਬੈਥਲ ਨੇ ਕਿਹਾ ਹੈ ਕਿ ਦੁਪਹਿਰ ਬਾਅਦ 3 ਵਜੇ ਦੇ ਕਰੀਬ 15 ਤੋਂ 17 ਸਾਲਾਂ ਦੇ ਵਿਦਿਆਰਥੀ ਬੱਸ ਸਟਾਪ ਉਪਰ ਬੱਸ ਦੀ ਉਡੀਕ ਕਰ ਰਹੇ ਸਨ, ਜਦੋਂ 3 ਅਣਪਛਾਤੇ ਵਿਅਕਤੀ ਇਕ ਕਾਰ ਵਿਚ ਆਏ ਤੇ ਉਨਾਂ ਨੇ ਵਿਦਿਆਰਥੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨਾਂ ਨੇ ਘੱਟੋ ਘੱਟ 30 ਗੋਲੀਆਂ ਚਲਾਈਆਂ ਤੇ ਦੌੜ ਗਏ।

ਉਨਾਂ ਕਿਹਾ ਕਿ ਇਕ 16 ਸਾਲਾ ਵਿਦਿਆਰਥੀ ਦੇ 9 ਗੋਲੀਆਂ ਵੱਜੀਆਂ ਹਨ ਜਿਸ ਦੀ ਹਾਲਤ ਗੰਭੀਰ ਹੈ ਜਦ ਕਿ ਬਾਕੀਆਂ ਦੇ ਲੱਤਾਂ,ਬਾਹਾਂ, ਪਿੱਠ ਤੇ ਸਰੀਰ ਦੇ ਉਪਰਲੇ ਹਿੱਸਿਆਂ ਵਿਚ ਗੋਲੀਆਂ ਵੱਜੀਆਂ ਹਨ ਇਨਾਂ ਸਾਰਿਆਂ ਦੀ ਹਾਲਤ ਸਥਿਰ ਹੈ। ਉਨਾਂ ਕਿਹਾ ਕਿ 3 ਅਣਪਛਾਤੇ ਹਮਲਾਵਰਾਂ ਤੇ ਕਾਰ ਦੇ ਡਰਾਈਵਰ ਦੀ ਭਾਲ ਕੀਤੀ ਜਾ ਰਹੀ ਹੈ। ਫਿਲਾਡੈਲਫੀਆ ਜਾਂਚ ਪੁਲਿਸ ਡਿਪਟੀ ਕਮਿਸ਼ਨਰ ਫਰੈਂਕ ਵਾਨੋਰ ਨੇ ਕਿਹਾ ਹੈ ਕਿ ਇਕ ਨੀਲੇ ਰੰਗ ਦੀ ਹੁੰਡਾਈ ਸੋਨਾਟਾ ਕਾਰ ਬਰਾਮਦ


ਫਿਲਾਡੈਲਫੀਆ ਵਿਚ ਹਾਈ ਸਕੂਲ ਵਿਦਿਆਰਥੀਆਂ ਉਪਰ ਹੋਈ ਗੋਲੀਬਾਰੀ ਉਪਰੰਤ ਮੌਕੇ 'ਤੇ ਪੁਲਿਸ ਵੱਲੋਂ ਕੀਤੀ ਨਾਕਾਬੰਦੀ

ਕਰ ਲਈ ਹੈ। ਸਮਝਿਆ ਜਾਂਦਾ ਹੈ ਕਿ ਹਮਲਾਵਰਾਂ ਨੇ ਇਸ ਕਾਰ ਦੀ ਵਰਤੋਂ ਕੀਤੀ ਸੀ। ਪੁਲਿਸ ਕਮਿਸ਼ਨਰ ਨੇ ਕਿਹਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਇਸ ਘਟਨਾ ਦਾ ਬੀਤੇ ਸੋਮਵਾਰ ਵਾਪਰੀ ਗੋਲੀਬਾਰੀ ਦੀ ਘਟਨਾ ਨਾਲ ਕੋਈ ਸਬੰਧ ਹੈ ਜਾਂ ਨਹੀਂ ਜਿਸ ਘਟਨਾ ਵਿਚ ਵੀ ਫਿਲਾਡੈਲਫੀਆ ਦੇ ਸਕੂਲੀ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਨਾਂ ਕਿਹਾ ਕਿ ਜੇਕਰ ਦੋਨਾਂ ਘਟਨਾਵਾਂ ਦਾ ਆਪਸ ਵਿਚ ਸਬੰਧ ਹੋਇਆ ਤਾਂ ਉਹ ਵਿਦਿਆਰਥੀਆਂ ਵਿਚਾਲੇ ਚਲ ਰਹੇ ਝਗੜੇ ਨੂੰ ਛੇਤੀ ਨਿਪਟਾਉਣ ਦੀ ਕੋਸ਼ਿਸ਼ ਕਰਨਗੇ।

-ਮਈ 2022 ਵਿਚ 19 ਸਕੂਲੀ ਵਿਦਿਆਰਥੀਆਂ ਦੀਆਂ ਹੋਈਆਂ ਹੱਤਿਆਵਾ ਦਾ ਮਾਮਲਾ -

# ਜਾਂਚਕਾਰ ਵੱਲੋਂ ਪੇਸ਼ ਰਿਪੋਰਟ ਵਿਚ ਪੁਲਿਸ ਅਫਸਰਾਂ ਨੂੰ ਬਰੀ ਕਰਨ ਨੂੰ ਲੈ ਕੇ ਮਾਪਿਆਂ ਨੇ ਪ੍ਰਗਟਾਇਆ ਜਸਬਰਦਸਤ ਰੋਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮਈ 2022 ਵਿਚ ਯੂਵੇਲਡ, ਟੈਕਸਾਸ ਵਿਚ 19 ਸਕੂਲੀ ਵਿਦਿਆਰਥੀਆਂ ਦੀਆਂ ਹੋਈਆਂ ਸਮੂਹਿਕ ਹੱਤਿਆਵਾਂ ਦੇ ਮਾਮਲੇ ਵਿਚ ਜਾਂਚ ਅਧਿਕਾਰੀ ਵੱਲੋਂ ਰਿਪੋਰਟ ,ਜਿਸ ਵਿਚ ਕਿਸੇ ਵੀ ਪੁਲਿਸ ਅਫਸਰ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ, ਪੇਸ਼ ਕਰਨ ਦੇ ਕੁਝ ਹੀ ਪਲਾਂ ਬਾਅਦ ਮਾਪਿਆਂ ਨੇ ਸਿਟੀ ਕੌਂਸਲ ਦੀ ਮੀਟਿੰਗ ਵਿਚ ਜਬਰਦਸਤ ਰੋਸ ਦਾ ਪ੍ਰਗਟਾਵਾ ਕੀਤਾ। ਸਾਬਕਾ ਡਿਟੈਕਟਿਵ ਜੈਸ ਪਰਾਡੋ ਰਿਪੋਰਟ ਪੇਸ਼ ਕਰਨ ਉਪਰੰਤ ਸਵਾਲਾਂ ਦਾ ਜਵਾਬ ਦਿੱਤੇ ਬਗੈਰ ਯੂਵੇਲਡ ਵਿਚ ਹੋਈ ਮੀਟਿੰਗ ਵਿਚੋਂ ਚਲਾ ਗਿਆ ਸੀ।

ਮੀਟਿੰਗ ਵਿਚ ਸ਼ਾਮਿਲ ਕਿੰਬਰਲੀ ਮਾਟਾ ਰੂਬੀਓ ਜਿਸ ਦੀ ਧੀ ਮਰਨ ਵਾਲੇ ਵਿਦਿਆਰਥੀਆਂ ਵਿਚ ਸ਼ਾਮਿਲ ਸੀ, ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਸ ਮਾਮਲੇ ਵਿੱਚ ਉਨਾਂ ਕੋਲੋਂ ਕੋਈ ਸਪਸ਼ਟੀਕਰਨ ਸੁਣਨਾ ਨਹੀਂ ਚਹੁੰਦੀ, ਉਹ ਚਹੁੰਦੀ ਹੈ ਕਿ ਜਾਂਚ ਅਧਿਕਾਰੀ ਨੂੰ ਵਾਪਿਸ ਮੀਟਿੰਗ ਵਿਚ ਸੱਦਿਆ ਜਾਵੇ। ਮੀਟਿੰਗ ਵਿਚ ਸ਼ਾਮਲ ਹੋਰ ਮਾਪਿਆਂ ਨੇ ਵੀ ਉਨਾਂ ਦੀ ਇਸ ਮੰਗ ਦਾ ਸਮਰਥਨ ਕੀਤਾ। ਉਪਰੰਤ ਜੈਸ ਪਰਾਡੋ ਨੂੰ ਵਾਪਿਸ ਆਉਣਾ ਪਿਆ। ਪਰਾਡੋ ਨੇ ਮੰਨਿਆ ਕਿ ਲਾਅ ਇਨਫੋਰਸਮੈਂਟ ਅਫਸਰ ਤੁਰੰਤ ਕਾਰਵਾਈ ਕਰਨ ਵਿੱਚ ਨਾਕਾਮ ਰਹੇ ਹਨ ਪਰੰਤੂ ਉਹ ਇਸ ਵਾਸਤੇ ਕਿਸੇ ਵਿਸ਼ੇਸ਼ ਪੁਲਿਸ ਅਫਸਰ ਦੀ ਪਛਾਣ ਨਹੀਂ ਕਰ ਸਕੇ। ਆਪਣੀ ਰਿਪੋਰਟ ਵਿਚ ਉਨਾਂ ਨੇ ਕਿਹਾ ਕਿ ਅਫਸਰਾਂ ਨੇ ਚੰਗੀ ਭਾਵਨਾ ਨਾਲ ਹਮਲਾਵਰ ਗੰਨਮੈਨ ਵਿਰੁੱਧ ਕਾਰਵਾਈ ਕੀਤੀ ਜੋ ਇਸ ਕਾਰਵਾਈ ਦੌਰਾਨ ਜਖਮੀ ਵੀ ਹੋਏ। ਇਸ ਤੋਂ ਪਹਿਲਾਂ ਕਿ ਪਰਾਡੋ ਆਪਣੀ ਗੱਲ ਪੂਰੀ ਕਰਦਾ ਮ੍ਰਿਤਕ ਬੱਚਿਆਂ ਦੇ ਮਾਪੇ ਮੀਟਿੰਗ ਵਿਚੋਂ ਉੱਠ ਕੇ ਚਲੇ ਗਏ।


ਸਿਟੀ ਕੌਂਸਲ ਦੀ ਮੀਟਿੰਗ ਵਿਚ ਭਾਵਕ ਹੋਈ ਕਿੰਬਰਲੀ ਮਾਟਾ ਰੂਬੀਓ ਜਿਸ ਦੀ ਧੀ ਇਸ ਗੋਲੀਬਾਰੀ ਵਿਚ ਮਾਰੀ ਗਈ ਸੀ।

# ਅਸੀਂ ਮਿਹਨਤ ਕਿਵੇਂ ਕਰੀਏ



ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਸਖ਼ਤ ਮਿਹਨਤ ਦੀ ਜਰੂਰਤ ਹੈ। ਮਿਹਨਤ ਹਮੇਸ਼ਾ ਆਦਮੀ ਨੂੰ ਹਰ ਮੁਕਾਮ ਹਾਸਿਲ ਕਰਵਾਉਂਦੀ ਹੈ ਅਤੇ ਜ਼ਿੰਦਗੀ ਦੇ ਹਰ ਖੇਤਰ ਵਿੱਚ ਕਾਮਯਾਬੀ ਹਾਸਿਲ ਕਰਵਾਉਂਦੀ ਹੈ। ਮਿਹਨਤ ਤੋਂ ਬਿਨਾਂ ਹੱਥ ਸੱਖਣੇ, ਸਿਆਣਿਆਂ ਸੱਚ ਹੀ ਕਿਹਾ ਹੈ। ਮਿਹਨਤ ਕਰਨ ਵਾਲੇ ਵਿਅਕਤੀ ਅਕਸਰ ਉਹ ਮੁਕਾਮ ਹਾਸਿਲ ਕਰ ਲੈਂਦੇ ਹਨ ਜੋ ਅਸੀਂ ਪੈਸੇ ਦੀ ਤਾਕਤ ਨਾਲ ਹਾਸਿਲ ਨਹੀਂ ਕਰ ਸਕਦੇ। ਸੰਸਾਰ ਭਰ ਬਹੁਤ ਸਾਰੀਆਂ ਉਦਹਾਰਣਾਂ ਮਿਲਦੀਆਂ ਹਨ ਜਿਸ ਵਿੱਚ ਸਮਾਜ ਦੁਆਰਾ ਦੱਬੇ ਕੁਚਲੇ ਲੋਕਾਂ ਨੇ ਮਿਹਨਤ ਨਾਲ ਬਹੁਤ ਸਾਰੇ ਉੱਚੇ ਮੁਕਾਮ ਹਾਸਲ ਕੀਤੇ ਹਨ। ਦੁਨੀਆਂ ਉੱਤੇ ਹਰ ਜੀਵ ਸੰਘਰਸ਼ ਕਰਦਾ ਹੈ ਅਤੇ ਇਸ ਸੰਘਰਸ਼ ਵਿੱਚ ਸਫ਼ਲ ਹੋਣ ਲਈ ਇੱਕੋ ਇੱਕ ਮੰਤਰ ਹੈ ਮਿਹਨਤ ਕਰਦੇ ਰਹਿਣਾ। ਮਿਹਨਤ ਕਰਨ ਦੇ ਕੁਝ ਖਾਸ ਨੁਕਤੇ ਹਨ ਜੋ ਮੈਂ ਤੁਹਾਨੂੰ ਅੱਜ ਇਸ ਲਿਖਤ ਦੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਉਹ ਹੇਠ ਲਿਖੇ ਅਨੁਸਾਰ ਹਨ।

1. ਮਿਹਨਤ ਹਮੇਸ਼ਾ ਦ੍ਰਿੜ ਇਰਾਦੇ ਨਾਲ ਕੀਤੀ ਜਾਣੀ ਚਾਹੀਦੀ ਹੈ।
2. ਮਿਹਨਤ ਬਿਲਕੁਲ ਸਾਂਤ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ।
3. ਮਿਹਨਤ ਲਗਾਤਾਰ ਕੀਤੀ ਜਾਣੀ ਚਾਹੀਦੀ ਹੈ
4. ਮਿਹਨਤ ਬਿਨਾਂ ਅੱਕੇ ਅਤੇ ਥੱਕੇ ਕਰਨੀ ਚਾਹੀਦੀ ਹੈ।
5. ਮਿਹਨਤ ਦਾ ਇਕੋ ਇੱਕ ਨਤੀਜਾ ਹੈ ਸਫਲਤਾ ਮਿਲਣੀ।
6. ਸਖਤ ਮਿਹਨਤ ਦੁਨੀਆਂ ਤੇ ਆਪਣੇ ਆਪ ਨੂੰ ਬਦਲਣ ਦੀ ਪ੍ਰਕਿਰਿਆ ਹੈ।
7. ਮਿਹਨਤ ਇੰਨੀ ਖਾਮੋਸ਼ੀ ਨਾਲ ਕਰੋ ਕਿ ਸਫਲਤਾ ਰੌਲਾ ਨਾ ਪਾਵੇ।
8. ਮਿਹਨਤ ਕਰਨ ਨਾਲ ਕਿਸਮਤ ਭਾਵੇਂ ਨਾ ਬਦਲੇ ਪਰ ਵਕਤ ਜਰੂਰ ਬਦਲਦਾ ਹੈ।
9. ਮਿਹਨਤ ਦਾ ਨਤੀਜਾ ਜਰੂਰ ਮਿਲਦਾ ਪਰ ਇਸ ਵਿੱਚ ਦੇਰੀ ਹੋ ਸਕਦੀ ਹੈ।
10. ਮਿਹਨਤ ਨਾਲ ਅਸੀਂ ਉਸ ਪਰਮਾਤਮਾ ਦਾ ਆਸ਼ੀਰਵਾਦ ਵੀ ਪ੍ਰਾਪਤ ਕਰ ਸਕਦੇ ਹਾਂ।

ਜਸਵਿੰਦਰ ਸਿੰਘ ਬਰਨਾਲਾ

### ਹਿੰਦੀ ਮਿੰਨੀ ਕਹਾਣੀ

## ਹਵਾ ਦਾ ਰੁਖ਼





ਦਰਵਾਜ਼ਾ ਖੁੱਲ੍ਹਿਆ।

'ਏਨੀ ਰਾਤ ਤੱਕ ਕਿੱਥੇ ਸੀ ?' ਅੱਬੂ ਨੇ ਗੁੱਸੇ ਵਿੱਚ ਪੁੱਛਿਆ।

'ਪ੍ਰੋਗਰਾਮ ਹੀ ਲੰਮਾ ਹੋ ਗਿਆ। ਕੀ ਕਰਦੀ ?'

'ਕੀ ਸੀ ਪ੍ਰੋਗਰਾਮ ?'

'ਰਾਮ ਭਜਨ ਦੀ ਸ਼ਾਮ...' ਤਸੱਲੀ ਨਾਲ ਬੈਠਦਿਆਂ ਬੇਟੀ ਬੋਲੀ।

'ਅੱਛਾ ! ਤੂੰ ਰਾਮ-ਭਜਨ ਗਾਇਆ ?'

'ਹਾਂ ਹਾਂ...' ਫਿਰ ਪਰਸ 'ਚੋਂ ਨੋਟ ਕੱਢ ਕੇ ਗਿਣਨ ਲੱਗੀ - ਇੱਕ, ਦੋ, ਤਿੰਨ... ਨੋਟਾਂ ਦੀ ਚਮਕ ਨਾਲ ਅੱਬੂ ਦੀਆਂ ਅੱਖਾਂ ਚੁੰਧਿਆ ਗਈਆਂ।

'ਤੂੰ ਤਾਂ ਨਾਤ-ਏ-ਪਾਕ ਕੱਵਾਲੀ ਗਾਉਂਦੀ ਸੀ। ਫਿਰ ਰਾਮ-ਭਜਨ... ?'

ਉਹ ਨੋਟ ਗਿਣਨ ਵਿੱਚ ਮਸਤ ਸੀ।

'ਵਾਹ, ਪੂਰੇ ਸੋਲਾਂ ਹਜ਼ਾਰ ਇਨਾਮ ਮਿਲਿਆ। ਇੰਨੇ ਘੱਟ ਸਮੇਂ ਵਿੱਚ ਕਦੇ ਏਨੇ ਪੈਸੇ ਨਹੀਂ ਮਿਲੇ ਸਨ। ਹਾਂ ਅੱਬੂ, ਤੁਸੀਂ ਕੀ ਕਹਿ ਰਹੇ ਸੀ... ?'

'ਇਹੋ ਕਿ ਤੂੰ ਤਾਂ ਕੁਝ ਹੋਰ ਹੀ ਗਾਉਂਦੀ ਸੈਂ। ਫਿਰ ਅਚਾਨਕ ਰਾਮ-ਭਜਨ... ?'

'ਹਵਾ ਦਾ ਰੁਖ਼ ਵੇਖ ਕੇ ਪੰਛੀ ਵੀ ਪਰਵਾਜ਼ ਭਰਦੇ ਨੇ, ਮੈਂ ਤਾਂ ਫਿਰ ਵੀ ਇਨਸਾਨ ਹਾਂ। ਹਾ-ਹਾ-ਹਾ।' ਹੱਸਦੇ ਹੋਏ ਅੱਖਾਂ ਨਚਾ ਕੇ 'ਅੱਬੂ, ਤੁਸੀਂ ਵੀ ਕੁਝ ਸਮਝਿਆ ਕਰੋ।'

ਹੁਣ ਅੱਬੂ ਵੀ ਮੁਸਕਰਾ ਕੇ ਪਿਆਰ ਨਾਲ ਬੋਲੇ, 'ਸਲਮਾ ਬੇਟੀ, ਅਗਲੀ ਭਜਨ ਦੀ ਸ਼ਾਮ ਕਦੋਂ ਹੈ... ?'

'ਪਰਸੋਂ।'

-ਮੂਲ : ਸੁਰੇਸ਼ ਸੌਰਭ ਅਨੁ : ਪ੍ਰੋ. ਨਵ ਸੰਗੀਤ ਸਿੰਘ

**ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵੱਡਾ ਝੂਠ ਬੋਲ ਕੇ ਲੋਕਾਂ ਪਾਸੋਂ ਵੋਟਾਂ ਹਾਸਲ ਕੀਤੀਆਂ ਸਨ, ਕਿ ਉਹਨਾਂ ਦੀ ਸਰਕਾਰ ਵੇਲੇ ਹਰ ਭਾਰਤੀ ਬਸ਼ਿੰਦੇ ਨੂੰ 15 ਲੱਖ ਰੁਪਿਆ ਮਿਲੇਗਾ। ਉਨ੍ਹਾਂ ਕਿਹਾ ਸੀ ਕਿ ਜਿਹੜੇ ਲੋਕ ਦੇਸ਼ ਵਿੱਚੋਂ ਘਪਲਾ ਕਰਕੇ ਅਰਬਾਂ ਰੁਪਿਆ ਵਿਦੇਸ਼ਾਂ ਵਿੱਚ ਲੈ ਗਏ ਹਨ ਉਹ ਸਾਰਾ ਵਾਪਸ ਲਿਆਉਣਗੇ ਤੇ ਆਮ ਲੋਕਾਂ ਨੂੰ ਦੇਣਗੇ। ਉਹ ਕਦੇ ਵੀ ਸੱਚ ਨਾ ਹੋਇਆ ਤੇ ਨਾ ਹੋਣਾ ਹੈ।**

ਤਰਲੋਚਨ ਮੁਠੱਡਾ

# ਕਾਰਪੋਰੇਟ ਨੀਤੀਆਂ ਵਿਰੁਧ ਸੰਸਾਰ ਵਿਚ ਫੈਲੇ ਕਿਸਾਨ ਅੰਦੋਲਨ

ਭਾਰਤ ਤੋਂ ਇਲਾਵਾ ਯੂਰੋਪ ਦੇ ਬਹੁਤ ਸਾਰੇ ਮੁਲਕਾਂ ਵਿੱਚ ਕਿਸਾਨ ਸੰਘਰਸ਼ ਦੇ ਮੈਦਾਨ ਵਿੱਚ ਹਨ। ਬੁਲਗਾਰੀਆ, ਜਰਮਨੀ, ਇਟਲੀ, ਨੀਦਰਲੈਂਡ, ਹੰਗਰੀ, ਪੋਲੈਂਡ, ਰੋਮਾਨੀਆ, ਸਪੇਨ, ਪੁਰਤਗਾਲ, ਗਰੀਸ ਅਤੇ ਫਰਾਂਸ ਦੇ ਕਿਸਾਨਾਂ ਵੱਲੋਂ ਟਰੈਕਟਰਾਂ ਨਾਲ ਮੋਟਰਵੇਅ ਅਤੇ ਮੁੱਖ ਮਾਰਗ ਜਾਮ ਕਰਨ ਤੋਂ ਬਾਅਦ ਵੇਲਜ਼ (ਯੂਕੇ) ਦੇ ਕਿਸਾਨ ਵੀ ਸੜਕਾਂ 'ਤੇ ਉੱਤਰ ਆਏ ਹਨ। ਅੰਦੋਲਨ ਕਰ ਰਹੇ ਕਿਸਾਨਾਂ ਦੇ ਗੁੱਸੇ ਅਤੇ ਫਿਕਰ ਦੇ ਕਾਰਨ ਤਕਰੀਬਨ ਮਿਲਦੇ ਜੁਲਦੇ ਹਨ; ਜਿਵੇਂ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ, ਡੀਜ਼ਲ ਤੇ ਮਸ਼ੀਨਰੀ 'ਤੇ ਸਬਸੀਡੀਆਂ ਵਿੱਚ ਕਟੌਤੀ, ਲਾਗਤ ਵਿੱਚ ਵਾਧਾ, ਕਰਜ਼ਾ, ਫਸਲਾਂ ਦੇ ਮੁੱਲ ਵਿੱਚ ਗਿਰਾਵਟ, ਵੱਡੀਆਂ ਕੰਪਨੀਆਂ ਨੂੰ ਖੁੱਲ੍ਹੀ ਛੋਟ, ਦੂਜੇ ਮੁਲਕਾਂ ਤੋਂ ਸਸਤੇ ਅਨਾਜ ਦੀ ਖਰੀਦ ਅਤੇ ਸਥਾਨਕ ਕਿਸਾਨਾਂ ਦੀਆਂ ਫ਼ਸਲਾਂ ਨਾ ਖਰੀਦਣਾ ਆਦਿ ਹਨ। ਇਨ੍ਹਾਂ ਕਿਸਾਨਾਂ ਦੇ ਰੋਸ ਵਿਖਾਵੇ ਕਰਨ ਦੇ ਤਰੀਕੇ ਵੀ ਲੱਗਭੱਗ ਇੱਕੋ ਜਿਹੇ ਹਨ; ਜਿਵੇਂ ਰਾਜਧਾਨੀ ਜਾਂ ਵੱਡੇ ਸ਼ਹਿਰਾਂ ਨੂੰ ਜਾਂਦੀਆਂ ਮੁੱਖ ਸੜਕਾਂ ਉੱਪਰ ਟਰੈਕਟਰਾਂ ਦੇ ਲੰਮੇ ਕਾਫਲੇ, ਕਿਸਾਨੀ ਝੰਡੇ ਤੇ ਨਾਅਰਿਆਂ ਵਾਲੇ ਬੈਨਰ, ਪਾਰਲੀਮੈਂਟਾਂ ਦਾ ਘਰਾਓ, ਹਾਈਵੇਅ ਦੇ ਆਲੇ ਦੁਆਲੇ ਟੈਂਟ ਆਦਿ ਲਗਾਏ ਜਾ ਰਹੇ ਹਨ। ਯੂਰੋਪੀਅਨ ਪਾਰਲੀਮੈਂਟ 'ਤੇ ਕਿਸਾਨਾਂ ਨੇ ਆਂਡਿਆਂ ਦੀ ਵਰਖਾ ਕੀਤੀ। ਕੁਝ ਹੋਰ ਮੁਲਕਾਂ ਵਿੱਚ ਸਰਕਾਰੀ ਇਮਾਰਤਾਂ 'ਤੇ ਦੁੱਧ ਅਤੇ ਪਸ਼ੂਆਂ ਦੇ ਮਲ-ਮੂਤਰ ਦਾ ਛਿੜਕਾਓ ਕੀਤਾ ਗਿਆ। ਸੜਕਾਂ 'ਤੇ ਗੋਹੇ ਅਤੇ ਪਰਾਲੀ ਦੇ ਢੇਰ ਲਗਾਏ ਗਏ। ਫਿਰ ਵੀ ਕਿਸੇ ਮੁਲਕ ਦੀ ਸਰਕਾਰ ਨੇ ਭਾਰਤ ਦੀ ਸਰਕਾਰ ਵਾਂਗ ਸੜਕਾਂ 'ਤੇ ਕਿੱਲ, ਕੰਧਾਂ, ਟੋਏ, ਬੈਰੀਕੇਡ ਤੇ ਕੰਡਿਆਲੀਆਂ ਤਾਰਾਂ ਨਹੀਂ ਲਾਈਆਂ ਅਤੇ ਨਾ ਹੀ ਡਰੋਨ ਨਾਲ ਹੰਝੂ ਗੈਸ ਦੇ ਗੋਲੇ ਦਾਗੇ।

ਫਰਵਰੀ ਦੇ ਸ਼ੁਰੂ ਵਿੱਚ ਯੂਰੋਪੀਅਨ ਯੂਨੀਅਨ ਦੇ ਮੁੱਖ ਸ਼ਹਿਰ ਬ੍ਰਸਲਜ਼ ਵਿੱਚ ਕਿਸਾਨਾਂ ਨੇ ਪਾਰਲੀਮੈਂਟ ਦੇ ਬਾਹਰ ਵੱਡਾ ਪ੍ਰਦਰਸ਼ਨ ਕੀਤਾ ਜਿਥੇ ਯੂਰੋਪੀਅਨ ਲੀਡਰ ਯੂਕਰੇਨ ਬਾਰੇ ਗੱਲਬਾਤ ਕਰਨ ਲਈ ਇਕੱਠੇ ਹੋਏ ਸਨ। ਉਨ੍ਹਾਂ ਇਮਾਰਤ ਉੱਪਰ ਆਂਡੇ ਸੁੱਟ ਕੇ, ਹੌਰਨ ਵਜਾ ਕੇ ਅਤੇ ਸੜਕਾਂ 'ਤੇ ਵੱਡੇ ਧੂਣੇ ਲਗਾ ਕੇ ਰੋਸ ਪ੍ਰਗਟਾਵਾ ਕੀਤਾ। ਇਸ ਹਫਤੇ ਗਰੀਸ, ਜਰਮਨੀ, ਪੁਰਤਗਾਲ, ਪੋਲੈਂਡ ਅਤੇ ਫਰਾਂਸ ਦੇ ਕਿਸਾਨਾਂ ਨੇ ਵੀ ਟਰੈਕਟਰਾਂ ਨਾਲ ਵੱਡੇ ਰੋਸ ਮੁਜ਼ਾਹਰੇ ਕੀਤੇ। ਕਿਸਾਨਾਂ ਦਾ ਮੁੱਖ ਮੁੱਦਾ ਆਪਣਾ ਕਿੱਤਾ ਬਚਾਉਣਾ ਹੈ ਜੋ ਯੂਰੋਪੀਅਨ ਯੂਨੀਅਨ ਦੀਆਂ ਜਲਵਾਯੂ ਅਤੇ ਟਰੇਡ ਸਬੰਧੀ ਨਵੀਆਂ ਨੀਤੀਆਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪੱਛਮੀ ਮੁਲਕਾਂ ਦੀ ਖੇਤੀਬਾੜੀ, ਸਬਸਿਡੀ ਉਤੇ ਬਹੁਤ ਨਿਰਭਰ ਕਰਦੀ ਹੈ। ਜਰਮਨੀ ਵਿੱਚ ਖੇਤੀ ਵਾਸਤੇ ਵਰਤੇ ਜਾਂਦੇ ਡੀਜ਼ਲ ਅਤੇ ਸਬਸਿਡੀ ਵਿੱਚ ਕੀਤੀ ਵੱਡੀ ਕਟੌਤੀ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਕਿਸਾਨਾਂ ਦਾ ਫਿਕਰ ਹੈ ਕਿ ਇਸ ਨਾਲ ਉਹ ਹੋਰ ਕਰਜ਼ਈ ਹੋ ਜਾਣਗੇ।

ਦੂਜੇ ਯੂਰੋਪੀਅਨ ਮੁਲਕਾਂ ਵਿੱਚ ਕਿਸਾਨ ਅੰਦੋਲਨ ਦਾ ਕਾਰਨ ਜਲਵਾਯੂ ਸਬੰਧੀ ਨਵੀਆਂ ਯੂਰੋਪੀਅਨ ਯੂਨੀਅਨ ਨੀਤੀਆਂ ਵੀ ਹਨ ਜਿਨ੍ਹਾਂ ਦਾ ਮਕਸਦ 2050 ਤੱਕ ਮਿਥੇ ਟੀਚਿਆਂ ਦੀ ਪੂਰਤੀ ਕਰਨਾ ਹੈ। ਇਨ੍ਹਾਂ ਮੁਤਾਬਕ ਕਿਸਾਨਾਂ ਨੂੰ ਆਪਣੀ ਉਪਜਾਊ ਭੂਮੀ ਦਾ 4% ਹਿੱਸਾ ਗੈਰ-ਉਤਪਾਦਕ (ਰੁੱਖ ਆਦਿ) ਲਈ, 25% ਭੂਮੀ ਜੈਵਿਕ (ਆਰਗੈਨਿਕ) ਖੇਤੀ ਲਈ ਰਾਖਵੀਂ, ਫਸਲੀ ਵੰਨ-ਸਵੰਨਤਾ, ਖਾਦਾਂ ਦੀ ਵਰਤੋਂ ਵਿੱਚ 20% ਕਟੌਤੀ, ਪਾਣੀ ਦੀ ਸੀਮਤ ਵਰਤੋਂ ਅਤੇ ਜ਼ਹਿਰੀਲੀਆਂ ਦਵਾਈਆਂ ਅਤੇ ਸਪਰੇਆਂ ਵਿੱਚ 2030 ਤੱਕ 50% ਕਟੌਤੀ ਕਰਨੀ ਹੋਵੇਗੀ। ਇੰਗਲੈਂਡ ਦੀ ਲੈਂਕਾਸਟਰ ਯੂਨੀਵਰਸਿਟੀ ਦੇ ਸੀਨੀਅਰ ਅਰਥ ਸ਼ਾਸਤਰੀ ਰਿਨੌਡ ਫੌਕਾਰਟ ਮੁਤਾਬਕ ਜਲਵਾਯੂ ਸਬੰਧੀ ਟੀਚੇ ਪੂਰੇ ਕਰਨ ਲਈ ਬਣਾਈ ਯੂਰੋਪੀਅਨ ਗਰੀਨ ਡੀਲ ਹੀ ਯੂਰੋਪ ਦੇ ਕਿਸਾਨਾਂ ਵਿੱਚ ਤਣਾਅ ਦਾ ਮੁੱਖ ਕਾਰਨ ਹੈ। ਇਸ ਨੀਤੀ ਤਹਿਤ ਹੀ ਜਰਮਨੀ ਨੇ ਕਾਰਬਨਡਾਇਆਕਸਾਈਡ ਘਟਾਉਣ ਲਈ ਟਰੈਕਟਰਾਂ ਦੇ ਡੀਜ਼ਲ ਉੱਪਰ ਟੈਕਸ ਵਿੱਚ ਵੱਡਾ ਵਾਧਾ ਕੀਤਾ ਅਤੇ ਨੀਦਰਲੈਂਡ ਨੇ ਨਾਈਟਰੋਜਨ ਉਤਪਾਦ ਘਟਾਉਣ ਲਈ ਟੈਕਸਾਂ ਵਿੱਚ ਵਾਧਾ ਕੀਤਾ ਜਿਸ ਦਾ ਸਿੱਧਾ ਅਸਰ ਮੁਰਗੀਆਂ ਅਤੇ ਸੂਰ ਪਾਲਕਾਂ 'ਤੇ ਪਿਆ।

ਪੋਲੈਂਡ ਦੇ ਅੰਦੋਲਨ ਨੇ ਬਹੁ-ਕੌਮੀ ਕਾਰਪੋਰੇਟ ਕੰਪਨੀਆਂ ਵੱਲੋਂ ਯੂਕਰੇਨ ਦੀ ਜੰਗ ਦੇ ਓਹਲੇ ਕਿਸਾਨਾਂ ਅਤੇ ਖਪਤਕਾਰਾਂ ਦੀ ਅੰਨ੍ਹੀ ਲੁੱਟ ਦਾ ਵੀ ਪਰਦਾਫਾਸ਼ ਕੀਤਾ ਹੈ। ਰੂਸ ਵੱਲੋਂ ਯੂਕਰੇਨ ਦੇ ਸਮੁੰਦਰੀ ਮਾਰਗ (ਬਲੈਕ ਸੀ) ਰਾਹੀਂ ਵਪਾਰ ਦੇ ਰਸਤੇ ਰੋਕਣ ਤੋਂ ਬਾਅਦ ਉੱਥੋਂ ਦੇ ਕਿਸਾਨ ਸਦਮੇ ਵਿੱਚ ਹਨ। ਇਸ ਸਥਿਤੀ ਦਾ ਲਾਹਾ ਲੈ ਕੇ ਯੂਰੋਪ ਦੀਆਂ ਕੰਪਨੀਆਂ ਯੂਕਰੇਨ ਦੇ ਕਿਸਾਨਾਂ ਤੋਂ ਅਨਾਜ ਕੌਡੀਆਂ ਦੇ ਭਾਅ ਖਰੀਦ ਰਹੀਆਂ ਹਨ। ਪੋਲੈਂਡ ਦੇ ਕਿਸਾਨਾਂ ਦੀਆਂ ਫਸਲਾਂ ਖਰੀਦੀਆਂ ਨਹੀਂ ਜਾ ਰਹੀਆਂ ਜਾਂ ਉਨ੍ਹਾਂ ਨੂੰ ਸਸਤੇ ਰੇਟ 'ਤੇ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਜੋ ਕਿਸਾਨ ਸਾਲ ਪਹਿਲਾਂ ਯੂਕਰੇਨ ਤੋਂ ਪੋਲੈਂਡ ਆ ਰਹੇ ਸ਼ਰਨਾਰਥੀਆਂ ਦਾ ਖਾਧ ਪਦਾਰਥਾਂ ਅਤੇ ਵਰਤੋਂ ਦੇ ਹੋਰ ਜ਼ਰੂਰੀ ਸਮਾਨ ਨਾਲ ਸਵਾਗਤ ਕਰ ਰਹੇ ਸਨ, ਹੁਣ ਉਹ ਯੂਕਰੇਨ ਨਾਲ ਲੱਗਦੇ ਸੜਕੀ ਮਾਰਗ ਟਰੈਕਟਰਾਂ ਰਾਹੀਂ ਡੱਕ ਰਹੇ ਹਨ ਤਾਂ ਜੋ ਟਰੱਕਾਂ ਦੁਆਰਾ ਅਨਾਜ ਪੋਲੈਂਡ ਨਾ ਲਿਆਂਦਾ ਜਾ ਸਕੇ। ਇਥੇ ਸਵਾਲ ਕੀਤਾ ਰਿਹਾ ਹੈ ਕਿ ਇੱਕ ਪਾਸੇ ਤਾਂ ਜੰਗ ਨਾਲ ਸਦਮੇ ਦਾ ਮਾਹੌਲ ਤਿਆਰ ਕਰ ਕੇ ਕਿਸਾਨਾਂ ਤੋਂ ਸਸਤਾ ਅਨਾਜ ਖਰੀਦਿਆ ਜਾ ਰਿਹਾ ਹੈ; ਦੂਜੇ ਪਾਸੇ ਪਿਛਲੇ ਦੋ ਸਾਲਾਂ ਵਿੱਚ ਯੂਰੋਪ, ਯੂਕੇ, ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ ਵਿੱਚ ਗਰੌਸਰੀ ਦੀਆਂ ਕੀਮਤਾਂ ਲੱਗਭੱਗ ਦੁੱਗਣੀਆਂ ਹੋ ਗਈਆਂ ਹਨ। ਸ਼ਾਇਦ ਇਸੇ ਕਰ ਕੇ ਯੂਰੋਪ ਵਿੱਚ 'ਨੋ ਫਾਰਮਰਜ਼ ਨੋ ਫੂਡ' ਦੇ ਨਾਅਰੇ ਦੇ ਨਾਲ ਨਾਲ ਯੂਰੋਪੀਅਨ ਯੂਨੀਅਨ ਦੀਆਂ ਨਵੀਆਂ ਨੀਤੀਆਂ ਅਤੇ ਯੂਕਰੇਨ ਰੂਸ ਜੰਗ ਨੂੰ




'ਪਰੌਫਿਟ ਨੌਟ ਪੀਪਲਜ਼' ਕਿਹਾ ਜਾ ਰਿਹਾ ਹੈ; ਭਾਵ, ਜੰਗ ਅਤੇ ਸੰਸਾਰ ਵਪਾਰ ਸੰਸਥਾ ਦੇ ਦਬਾਅ ਹੇਠ ਬਣਾਈਆਂ ਨਵੀਆਂ ਨੀਤੀਆਂ ਬਹੁ-ਕੌਮੀ ਕੰਪਨੀਆਂ ਦੇ ਮੁਨਾਫ਼ੇ ਦੇ ਹੱਕ ਵਿੱਚ ਭੁਗਤ ਰਹੀਆਂ ਹਨ।

ਪੌਲੀਟੀਕੋ ਸੰਸਥਾ ਦੇ ਅਧਿਐਨ ਅਤੇ ਯੂਰੋਸਟੈਟ ਦੁਆਰਾ ਪ੍ਰਕਾਸ਼ਿਤ ਤੱਥਾਂ ਮੁਤਾਬਕ 14 ਮੁਲਕਾਂ- ਬੁਲਗਾਰੀਆ, ਲਿਥੂਆਨੀਆ, ਸਲੋਵਾਕੀਆ, ਇਸਟੋਨੀਆ, ਚੈੱਕ ਰਿਪਬਲਿਕ, ਜਰਮਨੀ, ਅਸਟਰੀਆ, ਡੈਨਮਾਰਕ, ਰੋਮਾਨੀਆ, ਫਿਨਲੈਂਡ, ਸਲੋਵੇਨੀਆ, ਮਾਲਟਾ, ਪੁਰਤਗਾਲ ਅਤੇ ਗਰੀਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਫਸਲਾਂ ਦੀ ਖਰੀਦ ਕੀਮਤ ਵਿੱਚ 5% ਤੋਂ 30% ਤੱਕ ਗਿਰਾਵਟ ਆਈ ਹੈ। ਖੇਤੀ ਮਸ਼ੀਨਰੀ, ਖਾਦਾਂ, ਸਪਰੇਆਂ, ਬਿਜਲੀ, ਟੈਕਸਾਂ ਆਦਿ ਵਿੱਚ ਲਗਾਤਾਰ ਹੋ ਰਿਹਾ ਵਾਧਾ, ਸਬਸਿਡੀਆਂ ਵਿੱਚ ਕਟੌਤੀ ਅਤੇ ਯੂਰੋਪੀਅਨ ਗਰੀਨ ਡੀਲ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ। ਇਸ ਤੋਂ ਇਲਾਵਾ ਵਾਤਾਵਰਨ ਵਿੱਚ ਲਗਾਤਾਰ ਹੋ ਰਹੀ ਤਬਦੀਲੀ ਦੀ ਮਾਰ ਵੀ ਕਿਸਾਨਾਂ 'ਤੇ ਪੈ ਰਹੀ ਹੈ।

ਯੂਰੋਪ ਦੇ ਇਸ ਅੰਦੋਲਨ ਨੂੰ ਭਾਰਤ ਨਾਲ ਮੇਲਿਆ ਜਾਵੇ ਤਾਂ ਮੰਗਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਨਤਾਵਾਂ ਹਨ। 2020-21 ਦੇ ਅੰਦੋਲਨ ਵਿੱਚ ਸੈਂਕੜੇ ਮੌਤਾਂ ਹੋਈਆਂ, ਲਖੀਮਪੁਰ ਖੇੜੀ ਵਿੱਚ ਕਿਸਾਨਾਂ ਨੂੰ ਕਾਰ ਹੇਠ ਦੇ ਕੇ ਕੁਚਲਿਆ, ਠੰਢੀਆਂ ਰਾਤਾਂ ਕਿਸਾਨਾਂ ਨੇ ਟਰਾਲੀਆਂ ਤੇ ਤੰਬੂਆਂ ਵਿੱਚ ਕੱਟੀਆਂ, ਅਨੇਕ ਅੰਦੋਲਨਕਾਰੀਆਂ ਉੱਪਰ ਕੇਸ ਪਾਏ, ਜੇਲ੍ਹਾਂ ਵਿੱਚ ਵੀ ਸੁੱਟੇ ਗਏ ਪਰ ਕਿਸਾਨਾਂ ਨੇ ਪੁਲੀਸ ਵਾਲਿਆਂ ਨੂੰ ਲੰਗਰ ਵੀ ਛਕਾਇਆ। ਇਸ ਸਾਲ ਕੇਂਦਰ ਦੇ ਇਸ਼ਾਰੇ ਉੱਪਰ ਹਰਿਆਣਾ ਸਰਕਾਰ ਨੇ ਪੰਜਾਬ ਤੋਂ ਦਿੱਲੀ ਜਾਣ ਵਾਲੇ ਰਸਤਿਆਂ 'ਤੇ ਬੈਰੀਕੇਡ, ਕੰਡਿਆਲੀਆਂ ਤਾਰਾਂ, ਕੰਧਾਂ, ਕਿੱਲ ਅਤੇ ਟੋਏ ਬਣਾਏ। ਪੁਲੀਸ ਅਤੇ ਫੌਜੀ ਦਲ ਤਾਇਨਾਤ ਕੀਤੇ। ਪਾਣੀ ਦੀ ਬੁਛਾੜਾਂ ਤੋਂ ਬਿਨਾਂ ਹੰਝੂ ਗੈਸ ਦੇ ਗੋਲੇ, ਡਰੋਨਾਂ ਦੀ ਵਰਤੋਂ, ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਗਈ। ਪੁਲੀਸ ਦੀ ਗੋਲੀ ਨਾਲ ਇੱਕ ਨੌਜਵਾਨ ਕਿਸਾਨ ਦੀ ਮੌਤ ਹੋ ਗਈ। ਕਸ਼ਮੀਰ ਵਾਂਗੂ ਹਰਿਆਣਾ ਦੀ ਹੱਦ 'ਤੇ ਵੀ ਪੁਲੀਸ ਨੇ ਪੈਲੇਟ ਗੰਨਾਂ ਦੀ ਵਰਤੋਂ ਕੀਤੀ ਗਈ ਜਿਸ ਨੇ ਬਹੁਤ ਸਾਰੇ ਕਿਸਾਨਾਂ ਦੀਆਂ ਅੱਖਾਂ ਦਾ ਨੁਕਸਾਨ ਕੀਤਾ। ਇਸ ਸਾਲ ਯੂਰੋਪੀਅਨ ਅੰਦੋਲਨ ਦੌਰਾਨ ਫਰਾਂਸ ਦੇ ਸ਼ਹਿਰ ਤੋਊਲੂਸ ਵਿੱਚ ਇੱਕ ਕਿਸਾਨ ਔਰਤ ਅਲੈਗਜਾਂਦਰਾ ਸੋਨਾਕ ਅਤੇ ਉਸ ਦੀ 12 ਸਾਲਾ ਧੀ ਦੀ ਤੇਜ਼ ਆ ਰਹੀ ਕਾਰ ਹੇਠ ਆ ਕੇ ਮੌਤ ਹੋ ਗਈ। ਮੌਤ ਤੋਂ ਇਕ ਦਿਨ ਪਹਿਲਾਂ ਰੇਡੀਓ ਨਾਲ ਇੰਟਰਵਿਊ ਵਿੱਚ ਸੋਨਾਕ ਨੇ ਕਿਹਾ ਸੀ ਕਿ ਉਹ ਆਪਣਾ ਕਿੱਤਾ ਬਚਾਉਣ ਅਤੇ ਆਪਣੀ ਧੀ ਦੇ ਭਵਿੱਖ ਨੂੰ ਸਰੱਖਿਅਤ ਕਰਨ ਲਈ ਇਸ ਅੰਦੋਲਨ ਵਿੱਚ ਸ਼ਾਮਲ ਹੋਈ ਹੈ। ਪੈਰਿਸ ਦੇ ਬਾਹਰ ਕਿਸਾਨਾਂ ਨੇ ਫਰੈਂਚ ਪੁਲੀਸ ਨੂੰ ਤਾਜ਼ੇ ਬਣੇ ਕੇਕ ਖਾਣ ਨੂੰ ਦਿੱਤੇ ਅਤੇ ਅੰਤਾਂ ਦੀ ਸਰਦੀ ਤੋਂ ਬਚਣ ਲਈ ਪੁਲੀਸ ਅਤੇ ਕਿਸਾਨ ਇੱਕੋ ਥਾਂ ਧੂਣੀਆਂ ਸੇਕਦੇ ਵੀ ਦੇਖੇ ਗਏ।

ਯੂਰੋਪ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਰਹੇ ਕਿਸਾਨ ਅੰਦੋਲਨ ਨੇ ਯੂਰੋਪੀਅਨ ਲੀਡਰਾਂ ਦੀ ਨੀਂਦ ਉਡਾ ਦਿੱਤੀ ਹੈ। ਇਹ ਸੰਘਰਸ਼ ਦੀ ਦੇਣ ਹੈ ਕਿ ਜਰਮਨੀ ਨੇ ਡੀਜ਼ਲ ਸਬਸਿਡੀ ਦੀ ਕਟੌਤੀ 'ਤੇ ਰੋਕ ਲਗਾ ਦਿੱਤੀ ਹੈ। ਫਰਾਂਸ ਨੇ ਡੀਜ਼ਲ 'ਤੇ ਵਧਾਇਆ ਟੈਕਸ ਵਾਪਸ ਲੈ ਲਿਆ ਹੈ, ਨਵੀਆਂ ਨੀਤੀਆਂ ਲਾਗੂ ਕਰਨ ਨੂੰ ਅਣਮਿਥੇ ਸਮੇਂ ਲਈ ਅੱਗੇ ਪਾ ਦਿੱਤਾ ਹੈ ਅਤੇ ਕਿਸਾਨਾਂ ਨੂੰ 150 ਮਿਲੀਅਨ ਯੂਰੋ ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ। ਕਿਸਾਨ ਯੂਨੀਅਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਰੋਸ ਮੁਜ਼ਾਹਰੇ ਮੁਲਤਵੀ ਕਰ ਦੇਣ। ਯੂਰੋਪੀਅਨ ਕਮਿਸ਼ਨ ਨੇ ਵੀ ਯੂਕਰੇਨ ਤੋਂ ਦਰਾਮਦ ਹੋਣ ਵਾਲੇ ਅਨਾਜ ਦੀ ਸੀਮਾ ਤੈਅ ਕਰਨ ਅਤੇ ਯੂਰੋਪੀਅਨ ਯੂਨੀਅਨ ਸਬਸਿਡੀ 2024 ਵਿੱਚ ਜਾਰੀ ਰੱਖਣ ਦਾ ਪ੍ਰਸਤਾਵ ਰੱਖਿਆ ਹੈ।

ਚੋਣਾਂ ਦੇ ਪੱਖ ਤੋਂ ਵੀ ਯੂਰੋਪ ਦੇ ਮੌਜੂਦਾ ਸਿਆਸੀ ਹਾਲਾਤ ਭਾਰਤ ਨਾਲ ਕਾਫੀ ਮੇਲ ਖਾਂਦੇ ਹਨ। ਭਾਰਤ ਵਿੱਚ ਪਾਰਲੀਮੈਂਟ ਚੋਣਾਂ ਅਤੇ ਉੱਥੇ ਯੂਰੋਪੀਅਨ ਪਾਰਲੀਮੈਂਟ ਦੀਆਂ ਚੋਣਾਂ ਜੂਨ ਵਿੱਚ ਹੋ ਰਹੀਆਂ ਹਨ। ਯੂਰੋਪ ਵਿੱਚ ਮਜ਼ਦੂਰ, ਅਧਿਆਪਕ, ਟਰਾਂਸਪੋਰਟ ਅਤੇ ਸਿਹਤ ਸੇਵਾਵਾਂ ਵਿੱਚ ਕੰਮ ਕਰਦੇ ਵਰਕਰ ਸੰਘਰਸ਼ ਦੇ ਰਾਹ 'ਤੇ ਹਨ। ਸੰਯੁਕਤ ਕਿਸਾਨ ਮੋਰਚੇ ਵਲੋਂ ਭਾਰਤ ਦੀਆਂ ਸਮੂਹ ਟਰੇਡ ਯੂਨੀਅਨਾਂ ਨੂੰ ਨਾਲ ਜੋੜ ਕੇ 16 ਫਰਵਰੀ ਨੂੰ ਸਫਲ ਭਾਰਤ ਬੰਦ ਕੀਤਾ। ਕਿੱਤੇ ਦੀ ਰਾਖੀ ਲਈ ਕਿਰਤੀਆਂ ਦੀ ਕਾਰਪੋਰੇਟ ਬਹੁ-ਕੌਮੀ ਕੰਪਨੀਆਂ ਵਿਰੁੱਧ ਜੰਗ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਨੂੰ ਵੀ ਬਣਦਾ ਸਥਾਨ ਦੇਣਾ ਚਾਹੀਦਾ ਹੈ। ਸੰਸਾਰ ਪੱਧਰ 'ਤੇ ਕਿਸਾਨਾਂ ਅਤੇ ਟਰੇਡ ਯੂਨੀਅਨਾਂ ਦੇ ਸੰਘਰਸ਼ ਦੇ ਕਾਰਨਾਂ ਵਿੱਚ ਪਬਲਿਕ ਸੈਕਟਰਾਂ ਦਾ ਖਾਤਮਾ, ਸੰਸਾਰ ਵਪਾਰ ਸੰਸਥਾ ਦੀਆਂ ਨੀਤੀਆਂ, ਕਾਰਪੋਰੇਟਾਂ ਵੱਲੋਂ ਕੁਦਰਤੀ ਸਾਧਨਾਂ ਤੇ ਕਿਰਤ ਦੀ ਅੰਨ੍ਹੀ ਲੁੱਟ ਮੁੱਖ ਹਨ। ਇਸ ਵੱਡੀ ਹਨੇਰੀ ਨੂੰ ਠੱਲ੍ਹ ਕਿਸੇ ਵਿਸ਼ੇਸ਼ ਧਰਮ, ਖੇਤਰ, ਟਰੇਡ ਜਾਂ ਕਿਸਾਨ ਜਥੇਬੰਦੀ ਵੱਲੋਂ ਇਕੱਲਿਆਂ ਨਹੀਂ ਪੈ ਸਕਦੀ ਸਗੋਂ ਭਾਰਤ ਦੀਆਂ ਸਮੂਹ ਯੂਨੀਅਨਾਂ ਦੇ ਨਾਲ ਨਾਲ ਸੰਸਾਰ ਪੱਧਰ 'ਤੇ ਸਰਗਰਮ ਧਿਰਾਂ ਨਾਲ ਤਾਲਮੇਲ ਰੱਖਣਾ ਸਮੇਂ ਦੀ ਲੋੜ ਹੈ। ਭਾਰਤ ਵਿੱਚ ਵੀ ਜੇਕਰ ਸਮੂਹ ਕਿਸਾਨ ਜਥੇਬੰਦੀਆਂ ਦਾ ਏਕਾ ਅਤੇ ਮਜ਼ਦੂਰ ਵਰਗ ਦੀ ਸ਼ਮੂਲੀਅਤ ਹੁੰਦੀ ਹੈ ਤਾਂ ਇਹ ਮੌਜੂਦਾ ਕਿਸਾਨ ਅੰਦੋਲਨ ਲਈ ਸ਼ੁਭ ਸੰਕੇਤ ਹੋਵੇਗਾ।

# TAIL PIECE — EACH CITIZEN OF INDIA HAS A RIGHT TO CRITISIZE GOVERNMENT ACTION- SC

**Dalip Singh Wasan, Advocate**
Email: dalipsinghwassan@yahoo.co.in

As per first line in our Constitution of India, it is clearly written that we, the people of India give to ouselves this Constitution. And this entry clearly establishes that the people of India have become owners, masters and even rulers of Inedia. It was a revolutionary step when Slaves turned Mastrs. The concept of Rulers is totally written off. Even the definition of Democracy speaks clearly, government of the people, by the people and for the eople. Government means Administration run by people elected by the people as their representatives and and people appointed. So whole set of peope in administration are just Public Servants and because of these situations in this country, people are the Masters and therefore, all the citizens of India are Msters and they have the riht to look after actions of people coming in sector of Public Servants. Even in expression of thoughts, such entries are available. Limitations imposed in a civilized society shall continue But still the representatives of the people sitting in our legislative houses are divided into two parts, supporters and oppositions and supoorters cannot speak and the oppositions may speak but none hears. Here the supporters have to kill their conscience and will because of standing whips. Let this liberty too be given to representatives of the representatives in Legislative Houses. Because of the standing whips, the represemtives of the people ae still not at liberty to pass on adverse comments as per their conscience and will. This question too may be decided by the legislative houses themselves.

### CONTESTING GROUPS ASSURE SAFETY AND STRENGTH OR RS.6,000 MONTHLY ALLOWANCES TO WOMEN

Both contesting groups have xome out giving assurance to women. One group has assured safety and strength and the other group assured payment of monthly allowance upto Rs;999 per month. As far as woman in India is concerned, she is still a second rated citizen only because of the reasons that she was not given proper health, education, training, job and opportunities of earning monthly income. She just turned domestic servant carrying out domestic works. It is also in history that women had been dancing girls, singing girls, prostituts, call girls and even some women had been used here in India as Keeps. These institutions, in spite of all reforms, are still continuing in one form or the other. If we conduct a survey, most of the women are still dependants om men and have got no income of their own. Here in India, we have seen that rape cases are on higher side and if all the rape cases are reportd, the number shall be surprising. In spite of all reforms update, a bride is still bound to carry huge dowry and most of the girls could not have marriage because their parentys could not afford dowry. First-aid type helps afforded to women update could not give to women strength, safety and proper income. For complete growth of women, we shall have to keep in mind her health, education, training, employment and income equal to men and all ills shall go awaythemselves. First-aid type of helps shall not solve the problems of women. We shall have to create more employment opportunities so that woemean could come out of house and become an earning hand. Some of the advanced countries have already brought women out of domestic bonds.



### LET US SAVE PUNJAB FROM FLOODS

Rains are likely to start from June and shall continue till August. And because of much water in air, more water shall fallon earth near hills. Last year, Punjab faded floods and had water not flown to ards Pakistan, whole of punjab would have been under flood water. Such an admission had been made by our Chief Minister Sardar Bhagwant Singh Maan. Our dams in hills are not having capacity to contain this more water falling from air and therefore some alternatives must be locatd and acted upon. The natural rivers are lying dry and work when there are rains. These river tracks can be converted into deep bricked canal type tanks till touching Haryana. Even other tracks which work in season of rain too could be utilized as such. The SYL which is lying vacant too can be used as such. This water in canal type tanks can be used in dry season for agriculture, for irrigation and even water supply department can use this water for domestic purposes. Some places could be selected for picnic spots too.Water so collected shall go down in earth and water level under earth too shall come up. Our engineers may think over this plan and let us start conversion of the rivers, rain rivers and SYL into canal type tanks within area of punjab.

### I SHALL TURN PUNJAB DEBT-LESS ADVANCING AND A PROSPEROUS STATE-BHGWANT MAAN CM

Sardar Bhagwant Singh Maan, the Chief Minister of Punjab has announced that he shall turn Punjab Debt-less, Advancing and a prosperous State. Such stateents have come from the side of our Prime Minister of India too and since punjab too is part of India, such promises can be fulfilled by eachstate too. Dibts against states is something surprising and must be written off this concept. We are one country, one exchequer and expenses in each state are national expenditure and should not be raised as debts against the state. When India is claimed as an Advancing Country and attaining prosperity, Punjab too is part of India and must claim such achievements. We are a country which has so many natural resources, mountains, rivers, jungles, minerals, different seasons and now we are having gas, petroleums and electricity too. Our people are always in piece and even like prosperity. If our chopice of our representatives is good, we are likely to achieve the claims of our Chief Minister. Because of assurance given by the CM Punjab most of big corporate houses are not shifting their units and some corporate houses are assuring establishing their units here in



Punjab. The state shall also try to establish Cooperative units like corporate houses in rural areas for food processing units and use of wastage for producing cattle feed. The state has already turned a model employer ane the same wage-structure in private sector shall raise standard of life in Punjab. Had this Punjab been allowed to have Himachal Pradesh, Haryana, Chandigarh in this unite Punjab, the heights assured by the CM could have been attained earlier. Let our central government may unite Panjab once again.

* * * * * * * * *

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਇਕ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**


ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


**ਕਿਸ਼ਤ-42**

# ਕੋਸੀ ਧੁੱਪ ਦਾ ਨਿੱਘ

**ਸਵੇਰੇ ਮੂੰਹ ਹਨ੍ਹੇਰੇ ਹੀ ਕੌਰੇ ਨੇ ਟਰਾਲੀ ਵਿੱਚ ਬਖਤੌਰ ਦਾ ਅਟੈਚੀ ਅਤੇ ਇੱਕ ਬੈਗ ਰੱਖ ਕੇ ਉਪਰੋਂ ਪੱਲੀ ਨਾਲ਼ ਢਕ ਰੱਖ ਦਿੱਤਾ। ਭੂਆ ਨੇ ਬਖਤੌਰ ਨੂੰ ਰਾਤ ਦਾ ਜਮਾਇਆ ਦਹੀਂ ਖੁਆਇਆ ਅਤੇ ਸ਼ਗਨ ਦਿੱਤਾ। ਭੂਆ ਦਾ ਮਨ ਨੱਕੋ-ਨੱਕ ਭਰਿਆ ਹੋਇਆ ਸੀ। ਕੌਰਾ ਵੀ ਵੈਰਾਗ ਵਿੱਚ ਅੱਖਾਂ ਭਰੀ ਖੜ੍ਹਾ ਸੀ। ਬਚਿੱਤਰ ਅਜੇ ਸੁੱਤਾ ਪਿਆ ਸੀ। ਸੁੱਤੇ ਪਏ ਬਚਿੱਤਰ ਨੂੰ ਦੇਖ ਕੇ ਬਖਤੌਰ ਦਾ ਮਨ ਇੱਕ ਤਰ੍ਹਾਂ ਨਾਲ਼ ਛਿੱਲਿਆ ਗਿਆ। ਉਸ ਦਾ ਮਨ ਭਰ ਕੇ ਉਛਲ਼ ਗਿਆ।**

**-"ਭੂਆ, ਇਹਨੂੰ ਮਾਂ ਪਿਉ ਦੀ ਯਾਦ ਨਾ ਆਉਣ ਦੇਈਂ...! ਮਜਬੂਰੀ ਨੂੰ ਚੱਲਿਐਂ, ਨਹੀਂ ਕਦੇ ਛੱਡ ਕੇ ਨੀ ਸੀ ਜਾਂਦਾ...!" ਬਖਤੌਰ ਦਾ ਅੰਦਰਲਾ ਹੜ੍ਹ ਹਿੱਲ ਪਿਆ।**

**-"ਚੱਲ ਸ਼ੇਰਾ, 'ਨ੍ਹੇਰੇ-'ਨ੍ਹੇਰੇ ਨਿਕਲ਼ੀਏ...!" ਫੁੱਫੜ ਨੇ ਕਿਹਾ।**




## ਕਾਂਡ 17

ਭੂਆ ਦੇ ਅੱਥਰੂ "ਪਰਲ-ਪਰਲ" ਵਹਿ ਤੁਰੇ, "ਚਾਹੇ ਸਕਾ ਭਤੀਜਾ ਨੀ, ਪਰ ਮੋਹ ਸਕਿਆਂ ਨਾਲ਼ੋਂ ਜਾਅਦੇ ਕਰਦੈ...!"

-"ਐਵੇਂ ਦਿਲ ਨੀ ਹੌਲ਼ਾ ਕਰੀਦਾ ਹੁੰਦਾ...!" ਫੁੱਫੜ ਨੇ ਉਸ ਨੂੰ ਆਪਣੇ ਨਾਲ਼ ਘੁੱਟ ਲਿਆ। ਅਜੇ ਉਹ ਗੱਲਾਂ ਹੀ ਕਰ ਰਹੇ ਸਨ ਕਿ ਸਾਰੇ ਖੇਤੋਂ ਵਾਪਸ ਆ ਗਏ।

ਘਰੇ ਰੌਣਕ ਲੱਗ ਗਈ। ਬਖਤੌਰ ਦਾ ਮੁੰਡਾ ਬਚਿੱਤਰ ਆ ਕੇ ਭੂਆ ਦੀਆਂ ਲੱਤਾਂ ਨੂੰ ਚਿੰਬੜ ਗਿਆ।

-"ਆ ਗਿਆ ਮੇਰਾ ਖੇਡਣਾ ਮੇਢਣਾ...?"

ਮੁੰਡਾ ਮੁਸਕਰਾ ਪਿਆ। ਚਿਹਰੇ ਦੀ ਮਾਸੂਮ ਮੁਸਕੁਰਾਹਟ ਆਪਣੀ ਮਿਸਾਲ ਆਪ ਸੀ।

-"ਕੁਛ ਖਾਧਾ ਪੀਤਾ ਸੀ ਖੇਤ ਜਾ ਕੇ...?"

-"ਸੇਬ ਖੁਆਏ ਐ ਇਹਨੂੰ ਖਾਰੀ ਵਾਲ਼ੇ ਤੋਂ ਲੈ ਕੇ...!"

-"ਛੇਤੀ ਜੁਆਨ ਹੋਜੂ ਮੇਰਾ ਪੁੱਤ...!"

ਸਵੇਰੇ ਮੂੰਹ ਹਨ੍ਹੇਰੇ ਹੀ ਕੌਰੇ ਨੇ ਟਰਾਲੀ ਵਿੱਚ ਬਖਤੌਰ ਦਾ ਅਟੈਚੀ ਅਤੇ ਇੱਕ ਬੈਗ ਰੱਖ ਕੇ ਉਪਰੋਂ ਪੱਲੀ ਨਾਲ਼ ਢਕ ਰੱਖ ਦਿੱਤਾ। ਭੂਆ ਨੇ ਬਖਤੌਰ ਨੂੰ ਰਾਤ ਦਾ ਜਮਾਇਆ ਦਹੀਂ ਖੁਆਇਆ ਅਤੇ ਸ਼ਗਨ ਦਿੱਤਾ। ਭੂਆ ਦਾ ਮਨ ਨੱਕੋ-ਨੱਕ ਭਰਿਆ ਹੋਇਆ ਸੀ। ਕੌਰਾ ਵੀ ਵੈਰਾਗ ਵਿੱਚ ਅੱਖਾਂ ਭਰੀ ਖੜ੍ਹਾ ਸੀ। ਬਚਿੱਤਰ ਅਜੇ ਸੁੱਤਾ ਪਿਆ ਸੀ। ਸੁੱਤੇ ਪਏ ਬਚਿੱਤਰ ਨੂੰ ਦੇਖ ਕੇ ਬਖਤੌਰ ਦਾ ਮਨ ਇੱਕ ਤਰ੍ਹਾਂ ਨਾਲ਼ ਛਿੱਲਿਆ ਗਿਆ। ਉਸ ਦਾ ਮਨ ਭਰ ਕੇ ਉਛਲ਼ ਗਿਆ।

-"ਭੂਆ, ਇਹਨੂੰ ਮਾਂ ਪਿਉ ਦੀ ਯਾਦ ਨਾ ਆਉਣ ਦੇਈਂ...! ਮਜਬੂਰੀ ਨੂੰ ਚੱਲਿਐਂ, ਨਹੀਂ ਕਦੇ ਛੱਡ ਕੇ ਨੀ ਸੀ ਜਾਂਦਾ...!" ਬਖਤੌਰ ਦਾ ਅੰਦਰਲਾ ਹੜ੍ਹ ਹਿੱਲ ਪਿਆ।

-"ਚੱਲ ਸ਼ੇਰਾ, 'ਨ੍ਹੇਰੇ-'ਨ੍ਹੇਰੇ ਨਿਕਲ਼ੀਏ...!" ਫੁੱਫੜ ਨੇ ਕਿਹਾ।

ਬਖਤੌਰ ਨੇ ਭੂਆ ਦੇ ਪੈਰੀਂ ਹੱਥ ਲਾਏ।

ਭੂਆ ਨੇ ਅਸੀਸਾਂ ਦੀ ਝੜੀ ਲਾ ਦਿੱਤੀ। ਨਾਲ਼ ਦੀ ਨਾਲ਼ ਉਹ ਰੋਈ ਜਾ ਰਹੀ ਸੀ।

ਬਖਤੌਰ ਨੇ ਪੁੱਤ ਬਚਿੱਤਰ ਦਾ ਮੱਥਾ ਚੁੰਮਿਆਂ ਅਤੇ ਭਰੇ ਮਨ ਨਾਲ਼ ਬਾਹਰ ਨੂੰ ਤੁਰ ਪਿਆ।

ਸੁੱਚਾ ਸਿੰਘ, ਕਾਮਰੇਡ, ਚੰਨਣ ਸਿੰਘ ਅਤੇ ਬਖਤੌਰ ਟਰੈਕਟਰ 'ਤੇ ਬੈਠ ਗਏ ਅਤੇ ਟਰੈਕਟਰ ਰਵਾਨਾ ਹੋ ਗਿਆ।

ਕੌਰਾ, ਭੂਆ ਅਤੇ ਚਾਚਾ ਕੇਹਰਾ ਠਗਿਆਂ ਵਾਂਗ ਖੜ੍ਹੇ ਸਨ।

ਜਦ ਟਰੈਕਟਰ ਅੱਖੋਂ ਓਹਲ੍ਹੇ ਹੋ ਗਿਆ ਤਾਂ ਅੰਦਰ ਆ ਕੇ ਭੂਆ ਹੁਬਕੀਂ-ਹੁਬਕੀਂ ਰੋਈ। ਕੌਰਾ ਵੀ ਕੀੜਿਆਂ ਵਾਲ਼ੇ ਕੁੱਤੇ ਵਾਂਗ ਆਪਣੇ ਮੰਜੇ 'ਤੇ ਟੇਢਾ ਜਿਹਾ ਹੋ ਕੇ ਪੈ ਗਿਆ। ਉਸ ਦੀਆਂ ਅੱਖਾਂ ਵੀ ਗੰਗਾ ਜਮਨਾ ਬਣੀਆਂ ਹੋਈਆਂ ਸਨ।

## ਕਾਂਡ 18

ਸੁੱਚਾ ਸਿੰਘ ਅਤੇ ਨੱਥਾ ਸਿੰਘ ਕਾਮਰੇਡ ਨਾਲ਼ ਬਖਤੌਰ ਇੰਗਲੈਂਡ ਆ ਗਿਆ। ਬਖਤੌਰ ਅਥਾਹ ਉਦਾਸ ਸੀ। ਅੱਜ ਉਸ ਨੂੰ ਸੱਦੋ ਅਤੇ ਆਪਣਾ ਮੁੰਡਾ ਬਚਿੱਤਰ ਬਹੁਤ ਯਾਦ ਆ ਰਹੇ ਸਨ। ਘਰ ਦਾ 'ਕੱਲਾ-'ਕੱਲਾ ਪਸ਼ੂ ਅਤੇ ਕੌਰਾ ਉਸ ਦੇ ਦਿਲ ਤੋਂ ਨਹੀਂ ਉਤਰਦੇ ਸਨ। ਇੰਗਲੈਂਡ ਦਾ ਸਰਦ ਮਾਹੌਲ ਵੀ ਉਸ ਦੀ ਤਪਦੀ ਆਤਮਾ ਨੂੰ ਸੀਤ ਕਰਨ ਵਿੱਚ ਅਸਮਰੱਥ ਸੀ।

-"ਕਿਵੇਂ ਢਿੱਲਾ ਜਿਆ ਬੈਠੈਂ ਬਖਤੌਰ ਸਿਆਂ...?" ਆਖਰ ਕਾਮਰੇਡ ਨੇ ਹੀ ਚੁੱਪ ਤੋੜੀ। ਉਹ ਆਪਣੇ ਭਾਈਬੰਦ ਦੀ ਕਾਰ ਵਿੱਚ ਬੈਠੇ ਏਅਰਪੋਰਟ ਤੋਂ ਘਰ ਜਾ ਰਹੇ ਸਨ।

-"ਨਹੀਂ ਜੀ, ਉਂਈਂ ਬੈਠੈਂ...!" ਬਖਤੌਰ ਨੂੰ ਕੋਈ ਪਤੇ ਦੀ ਗੱਲ ਨਾ ਔੜੀ।

-"ਤੇਰੇ ਤਾਂ ਅਸੀਂ ਹੈਗੇ ਆਂ ਬਖਤੌਰ ਸਿਆਂ, ਤੇ ਚਾਰ ਬੰਦੇ ਮੱਦਦ ਕਰਨ ਵਾਸਤੇ ਸਾਡੇ ਆਖੇ ਵੀ ਲੱਗਦੇ ਐ..! ਪਰ ਜਦੋਂ ਅਸੀਂ ਆਏ ਸੀ, ਸਾਨੂੰ ਇਉਂ ਮਹਿਸੂਸ ਹੁੰਦਾ ਸੀ, ਜਿਵੇਂ ਅਸੀਂ ਜੰਗਲ ਰੋਹੀ ਬੀਆਬਾਨ 'ਚ ਆ ਗਏ ਹੁੰਨੇ ਆਂ...!"

-"ਗੋਰਿਆਂ ਦੇ ਜੁਆਕ ਸਾਲ਼ੇ ਸਾਨੂੰ ਅਜੇ ਵੀ ਗੁਲਾਮ ਸਮਝ ਕੇ ਸਾਡੇ 'ਤੇ ਥੁੱਕਦੇ, ਤੇ ਬਲੱਡੀ ਪਾਕੀ ਦੱਸਦੇ ਸੀ...!"

-"ਆਪਣੇ ਬੰਦਿਆਂ ਨੂੰ ਗੋਰਿਆਂ ਨੇ ਕੁੱਟਿਆ ਥੋੜ੍ਹਾ ਸੀ...? ਹਫ਼ਤੇ ਬਾਅਦ ਤਨਖ਼ਾਹ ਦਾ ਲਿਫ਼ਾਫ਼ਾ ਮਿਲਣਾ, ਸਾਲ਼ਿਆਂ ਨੇ ਨਾਲ਼ੇ ਠੁੱਡੇ ਮਾਰਨੇ, ਤੇ ਨਾਲ਼ੇ ਪੈਸਿਆਂ ਆਲ਼ਾ ਲਿਫ਼ਾਫ਼ਾ ਖੋਹ ਕੇ ਲੈ ਜਾਣਾ..!"

-"ਇਹ ਤਾਂ ਫ਼ੇਰ ਆਪਣੇ ਆਲ਼ਿਆਂ ਨੇ ਇੱਕ ਗਰੁੱਪ ਬਣਾਇਆ ਤੇ ਖਰੂਦੀ ਗੋਰਿਆਂ ਦੇ ਛੋਕਰਿਆਂ ਨੂੰ ਮਾਰ ਮਾਰ ਰੈਂਗੜੇ ਨੱਥ ਪਾਈ, ਨਹੀਂ ਇਹ ਕਿੱਥੇ ਲੋਟ ਆਉਂਦੇ ਸੀ...?"

ਬਖਤੌਰ ਬੁੱਤ ਬਣਿਆਂ ਸੁਣ ਰਿਹਾ ਸੀ।

ਜਿਵੇਂ ਉਸ ਦੀ ਇਹਨਾਂ ਗੱਲਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਉਸ ਦਾ ਜੀਅ ਵੈਰਾਗ ਵਿੱਚ ਪਸੀਜਿਆ ਪਿਆ ਸੀ। ਉਸ ਨੂੰ ਘਰ ਦੇ ਸਾਰੇ ਜੀਅ ਯਾਦ ਆ ਰਹੇ ਸਨ। ਕੌਰਾ ਅਤੇ ਆਪਣਾ ਪੁੱਤ ਬਚਿੱਤਰ ਤਾਂ ਉਸ ਦੀ ਹਿੱਕ ਤੋਂ ਨਹੀਂ ਲਹਿ ਰਹੇ ਸਨ। ਉਸ ਦਾ ਜੀਅ ਇਸ ਵਲਾਇਤ ਵਿੱਚੋਂ "ਬੂਅ" ਕਰ ਕੇ ਭੱਜ ਜਾਣ ਨੂੰ ਕਰਦਾ ਸੀ। ਪਰ ਜਾਵਾਂ ਕਿੱਥੇ...? ਫ਼ੇਰ ਓਸੇ ਕੰਗਾਲੀ ਵਿੱਚ...? ਮਾਮੇ ਸੁੱਚਾ ਸਿਉਂ ਨੇ ਅੰਨ੍ਹਾਂ ਪੈਸਾ ਪੱਟ ਕੇ ਤੈਨੂੰ ਗੋਰਿਆਂ ਦੇ ਦੇਸ਼ ਵਲਾਇਤ ਲਿਆਂਦਾ, ਜਿਸ ਨੂੰ ਲੋਕ ਪਰੀਆਂ ਦਾ ਦੇਸ਼ ਕਹਿੰਦੇ ਨੇ, ਤੇ ਤੂੰ ਉਸ ਦਾ ਗੁਣ ਤਾਂ ਕੀ ਪਾਉਣਾ ਸੀ, ਸਗੋਂ ਗੁੱਗਲ ਹੋਇਆ ਬੈਠੈਂ...? ਬਖਤੌਰ ਦੇ ਦਿਲ ਵਿੱਚ ਪਤਾ ਨਹੀਂ ਕੀ-ਕੀ 'ਵਾਅ-ਵਰੋਲ਼ੇ ਆ ਰਹੇ ਸਨ।

ਉਸ ਨੂੰ ਪਤਾ ਹੀ ਨਾ ਲੱਗਿਆ ਕਦੋਂ ਉਹ ਮਾਮੇ ਸੁੱਚਾ ਸਿਉਂ ਦੇ ਘਰ ਸਾਹਮਣੇ ਆ ਖੜ੍ਹੇ।

-"ਚੱਲ ਬਈ ਸ਼ੇਰ ਬੱਗਿਆ, ਆ ਗਿਆ ਆਪਣਾ ਘਰ...!" ਸੁੱਚਾ ਸਿਉਂ ਗੱਡੀ 'ਚੋਂ ਉਤਰਦਾ ਬੋਲਿਆ।

-"ਬੁਲਾ ਆਬਦੀ ਮਾਮੀਂ ਨੂੰ ਫ਼ਤਹਿ, ਤੇ ਲਾ ਪੈਰੀਂ ਹੱਥ...!" ਕਾਮਰੇਡ ਨੇ ਆਖਿਆ।

ਉਪਰੋਂ ਬਾਲਕੋਨੀ ਵਿੱਚੋਂ ਦੇਖ ਕੇ ਮਾਮੀ ਚੰਦ ਕੌਰ ਨੇ ਦਰਵਾਜਾ ਆ ਖੋਲ੍ਹਿਆ। ਉਹ ਬਹੁਤ ਹੀ ਨੇਕ ਸੁਭਾਅ ਦੀ ਸਤਿਯੁਗੀ ਔਰਤ ਸੀ। ਸੁੱਚਾ ਸਿਉਂ ਤਾਂ ਆਪਣੇ ਰਿਸ਼ਤੇਦਾਰਾਂ ਨਾਲ਼ ਘੱਟ ਹੀ ਵਰਤਦਾ ਸੀ। ਪਰ ਮਾਮੀ ਸਭ ਨੂੰ ਚਿੱਠੀ ਪੱਤਰ ਪਾਈ ਰੱਖਦੀ ਸੀ। ਅਜੇ ਪਿੰਡਾਂ ਵਿੱਚ ਕਿਤੇ ਫ਼ੋਨ ਦੀ ਸਹੂਲਤ ਨਹੀਂ ਸੀ। ਫ਼ੋਨ ਵੀ ਸ਼ਹਿਰ ਤੋਂ ਆ ਕੇ ਬੁੱਕ ਕਰਵਾ ਕੇ ਹੁੰਦਾ ਸੀ। ਕਈ ਵਾਰ ਤਾਂ ਸਾਰਾ ਸਾਰਾ ਦਿਨ ਫ਼ੋਨ ਨਹੀਂ ਮਿਲ਼ਦਾ ਸੀ ਅਤੇ ਖਾਲੀ ਹੱਥ ਵਾਪਸ ਮੁੜਨਾ ਪੈਂਦਾ ਸੀ।

-"ਨ੍ਹੀ ਮਾਂ ਸਦਕੇ...! ਮੇਰਾ ਬਖਤੌਰ ਪੁੱਤ ਤਾਂ ਸੁੱਖ 'ਨਾ ਕੋਠੇ ਜਿੱਡਾ ਗੱਭਰੂ ਬਣ ਗਿਆ...!" ਉਸ ਨੇ ਬਖਤੌਰ ਨੂੰ ਆ ਗਲਵਕੜੀ ਪਾਈ। ਬਖਤੌਰ ਨੂੰ ਵੀ ਮਾਮੀਂ ਵਿੱਚੋਂ ਮਾਂ ਵਰਗਾ ਨਿੱਘ ਆਇਆ। ਬਖਤੌਰ ਮਾਮੀਂ ਨੂੰ ਕਰੀਬ ਤੀਹ ਸਾਲ ਬਾਅਦ ਮਿਲ਼ ਰਿਹਾ ਸੀ। ਪਰ ਮਾਮੀਂ ਦੇ ਮੋਹ ਦਾ ਤੰਦੂਰ ਅਜੇ ਵੀ ਠੰਢਾ ਨਹੀਂ ਹੋਇਆ ਸੀ। ਬਖਤੌਰ ਨੂੰ ਬਹੁਤ ਹੱਦ ਤੱਕ ਸਕੂਨ ਆ ਗਿਆ। ਉਸ ਦਾ ਕੋਈ ਖਾਲੀ ਖੱਪਾ ਪੂਰਿਆ ਗਿਆ ਸੀ।

-"ਚਲੋ, ਅੰਦਰ ਚਲੋ...!"

ਸਾਰੇ ਅੰਦਰ ਜਾ ਬੈਠੇ।

ਚਾਹ ਆ ਗਈ।

-"ਚਾਹ ਪੀਣ ਦਾ ਆਹ ਕੋਈ ਟਾਈਮ ਐਂ, ਭਾਬੋ...?" ਕਾਮਰੇਡ ਨੇ ਚੰਦ ਕੌਰ ਨੂੰ ਟਿੱਚਰ ਕੀਤੀ।

-"ਮੈਂ ਤੇਰੇ ਵਾਸਤੇ ਥੋੜ੍ਹੋ ਲਿਆਂਦੀ ਐ...? ਤੇਰੀ ਤੇ ਤੇਰੇ ਬਾਈ ਦੀ ਚਾਹ ਦਾ ਤਾਂ ਮੈਨੂੰ ਪਤੈ, ਥੋਨੂੰ ਤਾਂ ਐਸ ਵੇਲ਼ੇ ਬੋਤਲ ਤੋਂ ਬਿਨਾ ਦਿਸਣੋ ਹਟ ਜਾਂਦੈ...!" ਚੰਦ ਕੌਰ ਹੱਸ ਪਈ, "ਚਾਹ ਤਾਂ ਮੈਂ ਆਬਦੇ ਪੁੱਤ ਬਖਤੌਰ ਵਾਸਤੇ ਲੈ ਕੇ ਆਈ ਆਂ..!"

-"ਤੂੰ ਇਹਨੂੰ ਨਾ ਆਬਦੇ ਅਰਗਾ ਘਾਹ ਖਾਣਾ ਬਣਾ-ਦੀਂ...!"

-"ਸਾਡੇ ਕੰਮੋਂ ਤਾਂ ਫ਼ੇਰ ਜਾਊ ਇਹੇ...!"

-"ਇਹਨੂੰ ਵੀ ਆਬਦੇ ਅਰਗਾ ਕਰਨੈਂ...?" ਚੰਦ ਕੌਰ ਮੁੜ ਹੱਸ ਪਈ।

-"ਤੇ ਹੋਰ ਇਹਨੂੰ ਤੇਰੇ ਤੋਂ ਨਾਮ ਸ਼ਬਦ ਦੁਆਉਣੈ...?"

-"ਭਾਬੋ, ਤੂੰ ਸਾਧਣੀ ਕਿਉਂ ਨੀ ਬਣ ਜਾਂਦੀ..? ਪਬਲੀਸਿਟੀ ਅਸੀਂ ਬਥੇਰੀ ਕਰ ਦਿਆਂਗੇ, ਨਾਲ਼ੇ ਤੇਰੇ ਮਗਰ ਤਾਂ ਦੁਨੀਆਂ ਵੀ ਬਥੇਰੀ ਲੱਗੂ, ਤੇ ਨਾਲ਼ੇ ਪੈਸਾ ਪਾਣੀ ਵਾਂਗੂੰ ਆਊ...!" ਕਾਮਰੇਡ ਨੇ ਚੰਦ ਕੌਰ ਨੂੰ ਛੇੜਿਆ। ਉਹ ਚੰਦ ਕੌਰ ਨੂੰ "ਭਾਬੋ" ਆਖ ਕੇ ਹੀ ਬੁਲਾਉਂਦਾ ਸੀ।

-"ਵੇ ਜਾਹ ਦਫ਼ਾ ਹੋਣਿਆਂ, ਤੈਨੂੰ ਕੋਈ ਹੋਰ ਗੱਲ ਨੀ ਆਉਂਦੀ..? ਨਾਲ਼ੇ ਤਾਂ ਸਾਧਾਂ ਨੂੰ ਭੰਡੀ ਜਾਣਗੇ, ਤੇ ਮੈਨੂੰ ਸਾਧਣੀ ਬਣਾਉਣ ਨੂੰ ਫ਼ਿਰਦੈ, ਬੌਕ...!"

ਸਾਰੇ ਹੱਸ ਪਏ।

-"ਜੇ ਨਹੀਂ ਚਾਹ ਪੀਣੀਂ, ਤਾਂ ਮੈਂ ਲੈਜਾਂ ਪੁੱਤ..?" ਉਸ ਨੇ ਬਖਤੌਰ ਨੂੰ ਬੜੇ ਮਾਣ ਨਾਲ਼ ਕਿਹਾ।

-"ਲਿਜਾਣੀ ਕਾਹਤੋਂ ਐਂ, ਭਾਬੋ..? ਤੂੰ ਪੀਅ ਸਾਡੇ ਸਾਹਮਣੇ ਬੈਠ ਕੇ..! ਦੇਖ ਚਾਹ ਕਿਵੇਂ ਧਤੂਰੇ ਵਾਂਗੂੰ ਚੜ੍ਹਦੀ...! ਤੂੰ ਕਾਹਤੋਂ ਮੁਤਰ-ਮੁਤਰ ਝਾਕੀ ਜਾਨੈਂ, ਤੂੰ ਤਾਂ ਬੋਤਲ ਖੋਲ੍ਹ ਲੈ...!" ਕਾਮਰੇਡ ਨੇ ਸੁੱਚੇ ਨੂੰ ਕਿਹਾ।

-"ਤੂੰ ਹੁਕਮ ਕਰ, ਤੇਰੀ ਜਾਨ ਨੂੰ ਲੱਡੂਆਂ ਦਾ ਘਾਟੈ...?"

-"ਨੂੰਹ ਪੁੱਤ ਕਿੱਧਰ ਗਏ ਭਾਬੋ..?"

-"ਉਹਨਾਂ ਨੇ ਤਾਂ ਕਦੋਂ ਦਾ ਆਬਦਾ ਘਰ ਲੈ ਲਿਆ ਸੀ, ਤੈਨੂੰ ਪਤਾ ਈ ਨੀ..?" ਚੰਦ ਕੌਰ ਹੈਰਾਨ ਸੀ।

-"ਨ੍ਹਾਂ...! ਤੇਰੇ ਰੱਬ ਦੀ ਸਹੁੰ, ਮੈਨੂੰ ਤਾਂ ਨੀ ਪਤਾ..!"

-"ਆਹੋ, ਡੁੱਬੜਿਆ ਮੇਰੇ ਰੱਬ ਦੀ ਸਹੁੰ ਈ ਖਾਣੀ ਆਂ ਤੂੰ, ਤੇਰਾ ਤਾਂ ਕੋਈ ਰੱਬ ਹੈਨ੍ਹੀ, ਤੇ ਨਾ ਤੂੰ ਮੰਨਦੈਂ..!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਉਹੀ ਕਾਜ਼ੀ ਹੈ । ਜਿਹੜਾ ਮਨੁੱਖ ਆਪਣੇ ਦਿਲ ਨੂੰ ਪਵਿੱਤਰ ਰੱਖਣ ਦਾ ਜਤਨ ਕਰਦਾ ਰਹਿੰਦਾ ਹੈ, ਉਹੀ ਹਾਜੀ ਹੈ । ਜਿਹੜਾ ਮਨੁੱਖ (ਆਪਣੇ ਅੰਦਰੋਂ) ਵਿਕਾਰਾਂ ਨੂੰ ਮਿਟਾਉਂਦਾ ਹੈ, ਉਹ ਮੁੱਲਾਂ ਹੈ । ਜਿਸ ਮਨੁੱਖ ਨੂੰ ਖ਼ੁਦਾ ਦੀ ਸਿਫ਼ਤਿ-ਸਾਲਾਹ ਦਾ ਸਹਾਰਾ ਹੈ, ਉਹ ਫ਼ਕੀਰ ਹੈ ।6। ਹਰ ਵਕਤ ਖ਼ਾਲਕ/ਮੌਲਾ ਨੂੰ ਆਪਣੇ ਦਿਲ ਵਿਚ ਯਾਦ ਕਰਦਾ ਰਹੁ; ਹਰ ਵੇਲੇ ਖ਼ੁਦਾ ਨੂੰ ਯਾਦ ਕਰਦੇ ਰਹੋ, ਇਹੀ ਹੈ ਤਸਬੀ । ਉਹ ਖ਼ੁਦਾ ਹੀ ਦਸਾਂ ਇੰਦ੍ਰਿਆਂ ਨੂੰ ਵੱਸ ਵਿਚ ਲਿਆ ਸਕਦਾ ਹੈ । ਸ਼ਾਂਤ ਸੁਭਾਉ ਅਤੇ (ਵਿਕਾਰਾਂ ਵਲੋਂ) ਤਕੜਾ ਪਰਹੇਜ਼ ਹੀ ਸੁੰਨਤਿ (ਸਮਝ) ।7। ਸਾਰੀ ਰਚਨਾ ਨੂੰ ਆਪਣੇ ਦਿਲ ਵਿਚ ਨਾਸਵੰਤ ਜਾਣ । ਹੇ ਭਾਈ! ਇਹ ਟੱਬਰ, ਭਰਾਵਾਂ (ਦਾ ਮੋਹ) ਸਭ ਫਾਹੀਆਂ ਵਿਚ ਫਸਾਣ ਵਾਲ਼ਾ ਹੈ । ਸ਼ਾਹ, ਪਾਤਿਸ਼ਾਹ, ਅਮੀਰ ਲੋਕ ਸਭ ਨਾਸਵੰਤ ਹਨ । ਸਿਰਫ਼ ਖ਼ੁਦਾ ਦਾ ਦਰ ਹੀ ਸਦਾ ਕਾਇਮ ਰਹਿਣ ਵਾਲ਼ਾ ਹੈ ।8। "ਮਕਾ ਮਿਹਰ ਰੋਜਾ ਪੈ ਖਾਕਾ ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥ ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥5॥ ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥ ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥6॥ ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥ ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥7॥ ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥ ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥8॥ ਅੰਗ 1083 - 1084" ।

ਸਤਿਗੁਰੂ ਜੀ ਪੰਜ (ਸਮੇਂ ਪੰਜ) ਨਿਵਾਜ਼ਾਂ ਵਾਰੇ ਉਪਦੇਸ਼ ਕਰਦੇ ਹਨ ਕਿ ਪਹਿਲੀ ਰੱਬ ਦੀ ਸਿਫ਼ਤਿ-ਸਾਲਾਹ ਕਰਦਾ ਰਹੇਂ, ਜੇ ਸੰਤੋਖ ਤੇਰੀ ਦੂਜੀ ਨਿਮਾਜ਼ ਹੋਵੇ, ਨਿਮਾਜ਼ ਦੇ ਤੀਜੇ ਵਕਤ ਵਿਚ ਤੂੰ ਨਿਮ੍ਰਤਾ ਧਾਰਨ ਕਰੇਂ, ਜੇ ਚੌਥੇ ਵਕਤ ਵਿਚ ਤੂੰ ਸਭ ਦਾ ਭਲਾ ਮੰਗੇਂ ਤੇ ਜੇ ਪੰਜਵੇਂ ਵਕਤ ਵਿਚ ਤੂੰ ਕਾਮਾਦਿਕ ਪੰਜਾਂ ਨੂੰ ਹੀ ਵੱਸ ਵਿਚ ਰੱਖੇਂ ਤਾਂ ਇਹ ਪੰਜ ਨਿਵਾਜ਼ਾਂ (ਭਾਵ, ਰੱਬ ਦੀ ਸਿਫ਼ਤਿ-ਸਾਲਾਹ, ਸੰਤੋਖ, ਨਿਮ੍ਰਤਾ, ਸਭ ਦਾ ਭਲਾ ਮੰਗਣਾ, ਕਾਮਾਦਿਕ ਪੰਜਾਂ ਨੂੰ ਹੀ ਵੱਸ ਵਿਚ ਰੱਖਣਾ— ਇਹ ਹਨ ਆਤਮਿਕ ਜੀਵਨ ਦੀਆਂ ਪੰਜ ਨਿਮਾਜ਼ਾਂ) ਜੀਵਨ ਨੂੰ ਬਹੁਤ ਉੱਚਾ ਕਰਦੀਆਂ ਹਨ) ।9।ਸਾਰੀ ਸ੍ਰਿਸ਼ਟੀ ਵਿਚ ਇਕੋ ਖ਼ੁਦਾ ਨੂੰ ਵਸਦਾ ਜਾਣ, ਇਸ ਨੂੰ ਤੂੰ ਆਪਣਾ ਹਰ ਵੇਲੇ ਦਾ ਰੱਬੀ ਸਲਾਮ ਦਾ ਪਾਠ ਬਣਾਈ ਰੱਖ । ਮੰਦੇ ਕਰਮ ਕਰਨੇ ਛੱਡ ਦੇ, ਇਹ ਪਾਣੀ ਦਾ ਲੋਟਾ ਤੂੰ ਆਪਣੇ ਹੱਥ ਵਿਚ ਫੜ (ਸਰੀਰਕ ਸੁਅੱਛਤਾ ਵਾਸਤੇ) । ਇਹ ਯਕੀਨ ਬਣਾ ਕਿ ਸਾਰੀ ਹੀ ਖ਼ਲਕਤ ਦਾ ਇਕੋ ਖ਼ੁਦਾ ਹੈ, ਇਹ ਸਦਾ ਬਾਂਗ ਦਿਆ ਕਰ । ਹੇ ਫ਼ਕੀਰ ਸਾਈਂ! ਖ਼ੁਦਾ ਦਾ ਚੰਗਾ ਪੁੱਤਰ ਬਣਨ ਦਾ ਜਤਨ ਕਰਿਆ ਕਰ, ਇਹ ਸਿੰਙ ਵਜਾਇਆ ਕਰ ।10। ਹੱਕ ਦੀ ਕਮਾਈ ਕਰਿਆ ਕਰ, ਇਹ ਹੈ 'ਹਲਾਲ', ਇਹ ਖਾਣਾ ਖਾਇਆ ਕਰ । (ਦਿਲ ਵਿਚੋਂ ਵਿਤਕਰੇ ਕੱਢ ਕੇ) ਦਿਲ ਨੂੰ ਦਰਿਆ ਬਣਾਣ ਦਾ ਜਤਨ ਕਰ, ਦਿਲ 'ਚੋਂ (ਹਉਮੈ ਦੀ) ਮੈਲ ਧੋਇਆ ਕਰ। ਜਿਹੜਾ ਮਨੁੱਖ ਆਪਣੇ ਗੁਰੂ-ਪੀਰ (ਦੇ ਹੁਕਮ) ਨੂੰ ਪਛਾਣਦਾ ਹੈ, ਉਹ ਬਹਿਸ਼ਤ ਦਾ ਹੱਕਦਾਰ ਬਣ ਜਾਂਦਾ ਹੈ, ਮੌਤ ਦਾ ਫਰਿਸ਼ਤਾ ਅਜ਼ਰਾਈਲ ਉਸ ਨੂੰ ਦੋਜ਼ਕ ਵਿਚ ਨਹੀਂ ਸੁੱਟਦਾ ।11। ਆਪਣੇ ਇਸ ਸਰੀਰ ਨੂੰ, ਜਿਸ ਦੀ ਰਾਹੀਂ ਸਦਾ ਚੰਗੇ ਮੰਦੇ ਕਰਮ ਕੀਤੇ ਜਾਂਦੇ ਹਨ, ਆਪਣੀ ਵਫ਼ਾਦਾਰ (ਪਤਿਬ੍ਰਤਾ) ਔਰਤ ਬਣਾ, (ਤੇ ਵਿਕਾਰਾਂ ਦੇ ਰੰਗ-ਤਮਾਸ਼ੇ ਮਾਣਨ ਦੀ ਥਾਂ, ਇਸ ਪਤਿਬ੍ਰਤਾ ਇਸਤ੍ਰੀ ਦੀ ਰਾਹੀਂ) ਰੱਬੀ ਮਿਲਾਪ ਦੇ ਰੰਗ-ਤਮਾਸ਼ੇ ਮਾਣਿਆ ਕਰ । ਹਉਮੈ ਵਿਚ ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਜਤਨ ਕਰ, ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ (ਹਦੀਸਾ ਜੋ ਕਿ ਕੁਰਾਨ ਤੋਂ ਦੂਜੇ ਨੰਬਰ ਤੇ ਆਉਂਦੀ ਹੈ) । (ਸੁੰਨਤਿ, ਲਬਾਂ ਕਟਾਣ, ਆਦਿਕ ਸ਼ਰਹ ਨੂੰ ਛੱਡ ਕੇ) ਆਪਣੇ ਸਰੀਰ ਨੂੰ ਸਾਬਤ ਸੂਰਤ ਰੱਖ ਤੇ ਸਿਰ ਤੇ ਦਸਤਾਰ ਸਜਾ ।12। "ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥ ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥9॥ ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥ ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥10॥ ਹਕੁ ਹਲਾਲੁ ਬਖੋਰਹੁ ਖਾਣਾ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥11॥ ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥12॥ ਅੰਗ 1084" ।


ਕਬੀਰ ਜੀ ਕਾਜੀ (ਮੁਸਲਮਾਨ) ਨੂੰ ਉਪਦੇਸ਼ ਦਿੰਦਿਆਂ ਫੁਰਮਾਉਂਦੇ ਹਨ ਕਿ ਹੇ ਕਾਜੀ! ਅਸੀ ਤਾਂ ਆਜਿਜ਼ ਲੋਕ ਹਾਂ, ਪਰ ਹਾਂ (ਅਸੀ ਭੀ) ਰੱਬ ਦੇ ਪੈਦਾ ਕੀਤੇ ਹੋਏ । ਤੁਹਾਨੂੰ ਆਪਣੇ ਮਨ ਵਿਚ ਹਕੂਮਤ ਚੰਗੀ ਲੱਗਦੀ ਹੈ (ਭਾਵ, ਤੁਹਾਨੂੰ ਹਕੂਮਤ ਦਾ ਮਾਣ ਹੈ) । ਮਜ਼ਹਬ ਦਾ ਸਭ ਤੋਂ ਵੱਡਾ ਮਾਲਕ ਤਾਂ ਰੱਬ ਹੈ, ਉਹ (ਕਿਸੇ ਉਤੇ) ਧੱਕਾ ਕਰਨ ਦੀ ਆਗਿਆ ਨਹੀਂ ਦਿੰਦਾ ।1। ਹੇ ਕਾਜ਼ੀ! ਤੇਰੀਆਂ ਗੱਲਾਂ ਫੱਬਦੀਆਂ ਨਹੀਂ।1।ਰਹਾਉ। ਰੋਜ਼ਾ ਰੱਖਿਆਂ, ਨਿਮਾਜ਼ ਪੜ੍ਹਿਆਂ ਤੇ ਕਲਮਾ ਆਖਿਆਂ ਬਹਿਸ਼ਤ ਨਹੀਂ ਮਿਲ ਜਾਂਦਾ । ਰੱਬ ਦਾ ਗੁਪਤ ਘਰ (ਕਾਬਾ) ਤਾਂ ਮਨੁੱਖ ਦੇ ਦਿਲ ਵਿਚ ਹੀ ਹੈ, ਪਰ ਜੇ ਕੋਈ ਸਮਝੇ ਤਾਂ ।2। ਜੋ ਮਨੁੱਖ ਨਿਆਂ ਕਰਦਾ ਹੈ ਉਹ (ਮਾਨੋ) ਨਿਮਾਜ਼ ਪੜ੍ਹ ਰਿਹਾ ਹੈ, ਤੇ ਰੱਬ ਨੂੰ ਅਕਲ ਨਾਲ ਪਛਾਣਨਾ ਕਲਮਾ ਪੜ੍ਹਨਾ ਹੈ;

ਬਾਕੀ ਅਗਲੇ ਹਫ਼ਤੇ ਪੜ੍ਹੋ


ਪੰਜਾਬੀ ਸਿੱਖਣ ਲਈ ਕਿਤਾਬਾਂ

ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
Bridle Gate Lane, Alvaston, Derby, DE24 0QW, U.K.
Email: panjabtimes@gmail.com,
www.panjabtimes.co.uk Tel: 01332 372 851
f www.fb.com/punjabtimesuk



ਨਿਰਮਾਨ ਸੇਵਕ ਜਥਾ ਸਿੱਖ ਟੈਂਪਲ, ਬ੍ਰਿਸਟਲ ਵਿਖੇ ਕੀਰਤਨੀ ਜਥੇ (ਦੋ ਧਾਰਮਿਕ ਸੇਵਾਦਾਰਾਂ) ਦੀ ਲੋੜ

An opportunity has arisen for two Religious Workers at Nirman Sewak Jatha Sikh Heritage Ltd in Bristol

**The duties of the Religious Workers will include:**
Reading from Guru Granth Sahib Ji, Hymn singing, reciting prayers. Assisting and conducting daily and weekly Diwans, marriages, engagements, funerals and other religious ceremonies. Should be able to teach Gurbani Kirtan, Path and playing instruments (i.e. Vaaja and Tabla). Working collaboratively with the Managing Committee and volunteers. The workers will be responsible for locking and unlocking the Gurdwara premises.

**LOCATION: BRISTOL UK, NIRMAN SEWAK JATHA**
**11 SUMMERHILL ROAD, ST. GEORGE, BRISTOL UK BS5 8HG**

**REQUIREMENTS:** Must be able to read and speak Punjabi (Gurmukhi). Clean character certificate required from previous employer. Should have good communicational and interpersonal skills. A clean DBS or equivalent check is required if accepted. Preference will be given to qualified and experienced candidates who should be a UK resident or have the right to work in the UK.

**DURATION & REMUNERATION:** Employment will consist of 20 hours per week. The first 3 months will be a probation period. If performance is satisfactory the duration could be extended to 12 Months.

**RATE: Salary will be in accordance to UK employment law, plus reasonable expenses.**

**HOW TO APPLY:** CV supplemented with video evidence and the details of 2 referees.

**CLOSING DATE: 3rd April 2024**

**PLEASE APPLY TO ADDRESS BELOW OR CONTACT**
**MR. BALDEV SINGH ROUDH 07830517552**
**Email:secretary@nirmansewakjatha.org.uk**

Nirman Sewak Jatha - Sikh Temple, Bristol
11 Summerhill Road, St. George, Bristol, BS5 8HG, U.K.

# ਮੈਂ ਤੰਦਰੁਸਤ ਕਿਵੇਂ ਹੋਇਆ ?

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ - 8

**ਜੇਕਰ ਮੈਂ ਆਪਣੀ ਗੱਲ ਕਰਾਂ ਤਾਂ ਇਹ ਗੱਲ ਹੁਣ ਪੂਰੀ ਦ੍ਰਿੜਤਾ ਨਾਲ ਕਹਿ ਸਕਦਾ ਹਾਂ ਕਿ ਸਰੀਰਕ ਤੇ ਮਾਨਸਿਕ ਦੁੱਖਾਂ ਦੇ ਅਨੁਭਵ ਨੇ ਮੈਨੂੰ ਏਨਾ ਕੁੱਝ ਸਿਖਾ ਦਿੱਤਾ ਹੈ ਕਿ ਹੁਣ ਸਹਿਜ ਭਾਂਤੀ ਹੀ ਆਪਣੀ ਸਿਹਤ ਦੀ ਤੰਦਰੁਸਤੀ ਵਾਸਤੇ ਚੌਕੰਨਾ ਰਹਿੰਦਾ ਹਾਂ । ਬੇਸ਼ੱਕ ਪਹਿਲੀਆਂ ਪੱਕ ਚੁੱਕੀਆਂ ਆਦਤਾਂ ਵਿਚ ਬਦਲਾਵ ਕਰਨਾ ਇਕ ਵੱਡੀ ਚਨੌਤੀ ਹੁੰਦਾ ਹੈ, ਪਰ ਮੈ ਆਪਣੀਆਂ ਆਦਤਾਂ ਵਿਚ ਪੱਕੇ ਇਰਾਦੇ ਨਾਲ ਵੱਡਾ ਬਦਲਾਵ ਕਰਨ ਵਿਚ ਸਫਲ ਰਿਹਾ ਹਾਂ । ਪਹਿਲਾਂ ਪਹਿਲ ਅਜਿਹਾ ਕਰਨ ਵਿਚ ਬਹੁਤ ਮੁਸ਼ਕਲ ਪੇਸ਼ ਆਈ, ਪਰ ਹੁਣ ਸਭ ਕੁੱਝ ਇਕ ਆਮ ਵਰਤਾਰਾ ਬਣ ਚੁੱਕਾ ਹੈ, ਕੋਈ ਚੀਜ ਬੇਸ਼ੱਕ ਕਿੰਨੀ ਵੀ ਸੁਆਦੀ ਤੇ ਮਨ ਪਸੰਦੀਦਾ ਹੋਵੇ, ਜੇਕਰ ਨਹੀਂ ਖਾਣੀ ਤਾਂ ਇਸ ਦਾ ਮਤਲਬ ਮੇਰੇ ਵਾਸਤੇ ਨਹੀਂ ਖਾਣੀ ਹੀ ਹੁੰਦਾ ਹੈ।**

ਜੇਕਰ ਮੈਂ ਕਹਾਂ ਕਿ ਇੱਕੀਵੀਂ ਸਦੀ ਦਾ ਯੁੱਗ ਆਪਹੁਦਰਾ ਹੈ ਤਾਂ ਕੋਈ ਗਲਤ ਨਹੀਂ ਹੋਵੇਗਾ ਕਿਉਂਕਿ ਅੱਜ ਹਰ ਬੰਦਾ ਆਪਣੀ ਸੁਤੰਤਰ ਜਿੰਦਗੀ ਜੀਊਣ ਦਾ ਇਛੁੱਕ ਹੈ । ਸਾਂਝੇ ਪਰਿਵਾਰਾਂ ਦੀ ਬਜਾਏ ਮਾਇਕਰੋ ਪਰਿਵਾਰ ਵਧਦੇ ਜਾ ਰਹੇ ਹਨ । ਜਿਸਦਾ ਸਿੱਧਾ ਅਸਰ ਮਨੁੱਖੀ ਸਿਹਤ ਉੱਤੇ ਪੈ ਰਿਹਾ ਹੈ । ਲੋਕ ਸਿਆਣੀਆਂ ਮੱਤਾਂ ਤੋਂ ਵੰਚਿਤ ਹੁੰਦੇ ਜਾ ਰਹੇ ਹਨ ਤੇ ਗੂਗਲ ਬਾਬੇ ਦੀ ਜਾਣਕਾਰੀ ਉੱਤੇ ਨਿਰਭਰਤਾ ਵਧਦੀ ਜਾ ਰਹੀ ਹੈ, ਪਰ ਸਿਆਣਿਆਂ ਤੋਂ ਜੋ ਜਾਣਕਾਰੀ ਉਹਨਾਂ ਦੇ ਉਮਰ ਦੇ ਤਜਰਬੇ ਮੁਤਾਬਿਕ ਮਿਲ ਸਕਦੀ ਹੈ, ਉਹ ਗੂਗਲ ਤੋਂ ਮਿਲਣੀ ਕਈ ਵਾਰ ਅਸੰਭਵ ਹੋ ਹੁੰਦੀ ਹੈ । ਸਿਆਣੇ ਸਰੀਰਕ ਤੰਦਰੁਸਤੀ ਬਾਰੇ ਬਹੁਤ ਪਤੇ ਦੀ ਗੱਲ ਕਹਿੰਦੇ ਹਨ ਕਿ "ਪੈਰ ਗਰਮ, ਪੇਟ ਨਰਮ, ਸਿਰ ਠੰਢਾ ਤੇ ਡਾਕਟਰ ਦੇ ਮਾਰੋ ਡੰਡਾ" ਇਹ ਤੰਦਰੁਸਤੀ ਦਾ ਫੰਡਾ ਅੱਜ ਦੇ ਜਮਾਨੇ ਵਿਚ ਸਾਡੇ ਵਿਚੋਂ ਬਹੁਤਿਆਂ ਨਹੀਂ ਪਤਾ । ਇਸੇ ਤਰਾਂ ਇਹ ਵੀ ਕਿਹਾ ਜਾਂਦਾ ਹੈ ਕਿ "ਪੱਦ, ਛਿੱਕ ਤੇ ਡਕਾਰ, ਤਿੰਨੇ ਤੰਦਰੁਸਤੀ ਦੇ ਅਧਾਰ ।" ਹੁਣ ਇਹ ਸਿੱਧੇ ਸਿੱਧੇ ਫਾਰਮੂਲੇ ਹਨ, ਜਿਹਨਾਂ ਦੁਆਰਾ ਤੰਦਰੁਸਤੀ ਨਾਪੀ ਜਾ ਸਕਦੀ ਹੈ । ਇਸੇ ਤਰਾਂ ਦੇਸੀ ਨੁਸਖੇ ਵੀ ਵੱਡਿਆਂ ਬਜੁਰਗਾਂ ਵਲੋਂ ਸੁਝਾਏ ਜਾਂਦੇ ਰਹੇ ਹਨ ਜਿਹਨਾਂ ਨੂੰ ਦਾਦੀ ਮਾਂ ਦੇ ਨੁਸਖੇ ਵੀ ਕਿਹਾ ਜਾਂਦਾ ਰਿਹਾ ਹੈ, ਖਾਣਾ ਖਾਂਦੇ ਸਮੇ ਬੋਲਣਾ ਨਹੀਂ, ਖਾਣਾ ਹੇਠਾਂ ਕੋਰੇ ਉੱਤੇ ਬੈਠ ਕੇ ਖਾਣਾ ਜਰੂਰੀ ਹੁੰਦਾ ਸੀ, ਦੇਸੀ ਜੜੀਆਂ ਬੂਟੀਆਂ ਤੇ ਕਾੜ੍ਹੇ ਕਿਵੇਂ ਕਿਸੇ ਬਿਮਾਰ ਨੂੰ ਤੰਦਰੁਸਤ ਤੇ ਤੰਦਰੁਸਤ ਨੂੰ ਹੋਰ ਤੰਦਰੁਸਤ ਘੋੜੇ ਵਰਗਾ ਰੱਖਦੇ ਹਨ, ਇਹ ਸਭ ਬੀਤੇ ਦੀਆਂ ਗੱਲਾਂ ਬਣਕੇ ਰਹਿ ਗਈਆਂ ਹਨ ।

ਸਬਜੀਆਂ, ਦਾਲਾਂ ਤੇ ਫਲ ਸਭ ਖਾਦੀ ਤੇ ਕੀਟਨਾਸਕ ਦਵਾਈਆਂ ਦੀ ਮਾਰ ਹੇਠ ਆ ਚੁੱਕੇ ਹਨ, ਵੰਨਸਵੰਨੇ ਜੰਕ ਫੂਡਾਂ ਨੇ ਤੰਦਰੁਸਤੀ ਦਾ ਨਾਸ ਮਾਰਕੇ ਰੱਖ ਦਿੱਤਾ ਹੈ। ਵਾਤਾਵਰਨ ਪ੍ਰਦੂਸਣ, ਗੰਦੀ ਤੇ ਜਹਿਰੀਲੀ ਆਬੋ ਹਵਾ ਜ਼ਹਿਰੀ ਨਾਗਾਂ ਦੇ ਫਨ ਫੁੰਕਾਰੇ ਮਾਰ ਰਹੀ ਹੈ । ਗੁਰੂਆਂ ਅਤੇ ਪੀਰਾਂ ਨੇ ਜਿਸ ਧਰਤ, ਪਾਣੀ ਤੇ ਹਵਾ ਨੂੰ ਮਾਤਾ, ਪਿਤਾ ਤੇ ਗੁਰੂ ਦਾ ਦਰਜਾ ਦੇ ਕੇ ਸਾਂਭ ਸੰਭਾਲ ਦੀ ਗੱਲ ਕੀਤੀ ਸੀ, ਅਜੋਕੇ ਮਨੁੱਖ ਨੇ ਪਦਾਰਥ ਦੀ ਲਲਕ ਪੂਰੀ ਕਰਨ ਵਾਸਤੇ ਇਹਨਾਂ ਨੂੰ ਰੋਲਕੇ ਰੱਖ ਦਿੱਤਾ ਹੈ । ਨਤੀਜਾ ਸਭ ਦੇ ਸਾਹਮਣੇ ਹੈ, ਸਭ ਪਾਸੇ ਹਾਹਾਕਾਰ ਮਚੀ ਹੋਈ ਹੈ, ਕਿਧਰੇ ਹੜ੍ਹ ਤੇ ਕਿਧਰੇ ਸੋਕਾ ਪੈ ਰਿਹਾ ਹੈ, ਕਿਧਰੇ ਸੁਨਾਮੀ ਤੇ ਕਿਧਰੇ ਟਾਰਨੈਡੋ ਆ ਰਹੇ ਹਨ, ਭੁਚਾਲ ਆਉਣੇ ਆਮ ਜਿਹੀ ਗੱਲ ਹੋ ਗਈ ਹੈ, ਧਰਤੀ ਦਾ ਤਾਪਮਾਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ ਅਤੇ ਹਰ ਪਾਸੇ ਨਵੀਆਂ ਤੋਂ ਨਵੀਆਂ ਜਾਨਲੇਵਾ ਬਿਮਾਰੀਆਂ ਦਾ ਪਰਕੋਪ ਹੈ । ਇਸ ਤਰਾਂ ਦੇ ਮਾਹੌਲ ਵਿਚ ਸਰੀਰਕ ਤੇ ਮਾਨਸਿਕ ਤੰਦਰੁਸਤੀ ਬਣਾਈ ਰੱਖਣੀ ਤਦ ਹੀ ਸੰਭਵ ਹੈ ਜੇਕਰ ਹਰ ਮਨੁੱਖ ਆਪਣੇ ਸਰੀਰ ਦੀ ਕਦਰ ਤੋਂ ਜਾਣੂ ਹੋਵੇ, ਸਬਰ ਸੰਤੋਖੀ ਤੇ ਪਦਾਰਥਾਂ ਨੂੰ ਜੱਫੇ ਮਾਰਨ ਤੋਂ ਬੇਲਾਗ ਹੋਣ ਦੇ ਨਾਲ ਹੀ ਦੂਜਿਆਂ ਦਾ ਕਦਰਦਾਨ ਤੇ ਰੱਖਵਾਲਾ ਹੋਵੇ । ਇਸ ਵੇਲੇ ਗੱਲ ਤੰਦ ਉਲਝਣ ਦੀ ਨਹੀਂ ਬਲਕਿ ਕਿ ਤਾਣੀ ਹੀ ਉਲਝੀ ਹੋਈ ਵਾਲੀ ਬਣੀ ਹੋਈ ਹੈ ਤੇ ਇਸ ਤਰਾਂ ਦੇ ਮਾਹੌਲ ਵਿਚ ਓਹੀ ਬੰਦਾ ਸਿਹਤਮੰਦ ਰਹਿ ਸਕਦਾ ਹੈ ਜੋ ਆਪਣੀ ਸਿਹਤ ਤੇ ਆਪਣੇ ਆਪੇ ਨਾਲ ਪਿਆਰ ਕਰਦਾ ਹੈ, ਆਪਣੇ ਆਪੇ ਨੂੰ ਹਰ ਵੇਲੇ ਨਿਹਾਰਦਾ ਹੈ ਤੇ ਖਾਣ ਪੀਣ ਵੇਲੇ ਇਤਿਹਾਦ ਵਰਤਦਾ ਹੈ ।

ਜੇਕਰ ਮੈਂ ਆਪਣੀ ਗੱਲ ਕਰਾਂ ਤਾਂ ਇਹ ਗੱਲ ਹੁਣ ਪੂਰੀ ਦ੍ਰਿੜਤਾ ਨਾਲ ਕਹਿ ਸਕਦਾ ਹਾਂ ਕਿ ਸਰੀਰਕ ਤੇ ਮਾਨਸਿਕ ਦੁੱਖਾਂ ਦੇ ਅਨੁਭਵ ਨੇ ਮੈਨੂੰ ਏਨਾ ਕੁੱਝ ਸਿਖਾ ਦਿੱਤਾ ਹੈ ਕਿ ਹੁਣ ਸਹਿਜ ਭਾਂਤੀ ਹੀ ਆਪਣੀ ਸਿਹਤ ਦੀ ਤੰਦਰੁਸਤੀ ਵਾਸਤੇ ਚੌਕੰਨਾ ਰਹਿੰਦਾ ਹਾਂ । ਬੇਸ਼ੱਕ ਪਹਿਲੀਆਂ ਪੱਕ ਚੁੱਕੀਆਂ ਆਦਤਾਂ ਵਿਚ ਬਦਲਾਵ ਕਰਨਾ ਇਕ ਵੱਡੀ ਚਨੌਤੀ ਹੁੰਦਾ ਹੈ, ਪਰ ਮੈ ਆਪਣੀਆਂ ਆਦਤਾਂ ਵਿਚ ਪੱਕੇ ਇਰਾਦੇ ਨਾਲ ਵੱਡਾ ਬਦਲਾਵ ਕਰਨ ਵਿਚ ਸਫਲ ਰਿਹਾ ਹਾਂ । ਪਹਿਲਾਂ ਪਹਿਲ ਅਜਿਹਾ ਕਰਨ ਵਿਚ ਬਹੁਤ ਮੁਸ਼ਕਲ ਪੇਸ਼ ਆਈ, ਪਰ ਹੁਣ ਸਭ ਕੁੱਝ ਇਕ ਆਮ ਵਰਤਾਰਾ ਬਣ ਚੁੱਕਾ ਹੈ, ਕੋਈ ਚੀਜ ਬੇਸ਼ੱਕ ਕਿੰਨੀ ਵੀ ਸੁਆਦੀ ਤੇ ਮਨ ਪਸੰਦੀਦਾ ਹੋਵੇ, ਜੇਕਰ ਨਹੀਂ ਖਾਣੀ ਤਾਂ ਇਸ ਦਾ ਮਤਲਬ ਮੇਰੇ ਵਾਸਤੇ ਨਹੀਂ ਖਾਣੀ ਹੀ ਹੁੰਦਾ ਹੈ । ਜੇਕਰ ਕਿਸੇ ਖਾਣ ਵਾਲੀ ਵਸਤੂ ਦੀ ਮਿਕਦਾਰ ਨਿਰਧਾਰਤ ਕੀਤੀ ਹੋਈ ਤਾਂ ਉਸ ਤੋਂ ਵੱਧ ਖਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਮੈਂ ਖਾਣੇ ਪੀਣੇ ਵਿਚ ਜੈਵਿਕ (Orgainc) ਚੀਜਾਂ ਨੂੰ ਆਪਣੀ ਖਾਧ ਲਿਸਟ ਵਿਚ ਸਭ ਤੋਂ ਉੱਪਰ ਰੱਖਦਾ ਹਾਂ । ਸਿਆਣੀਆਂ ਮੱਤਾਂ ਉੱਤੇ ਅਮਲ ਕਰਦਾ ਹਾਂ ਭਾਵੇਂ ਉਹ ਪੁਸਤਕਾਂ, ਟੈਲੀਵਿਜਨ, ਰੇਡੀਓ ਜਾਂ ਕਿਸੇ ਬਜ਼ੁਰਗ ਤੋਂ ਮਿਲਣ । ਜੰਕ ਫੂਡ ਤੋਂ ਤੋਬਾ ਕਰਦਾ ਹਾਂ ਤੇ ਸਾਫ ਸਫਰੇ ਤੇ ਸੰਤੁਲਿਤ ਭੋਜਨ ਨੂੰ ਖਾਣਾ ਯਕੀਨੀ ਬਣਾਉਂਦਾ ਹਾਂ ।

ਜੇਕਰ ਦੇਖਿਆ ਜਾਵੇ ਤਾਂ ਉਕਤ ਕਰਨਾ ਕੋਈ ਵੱਡਾ ਕਾਰਜ ਨਹੀਂ, ਬੱਸ ਸ਼ੁਰੂ ਵਿਚ ਹੀ ਥੋੜੀ ਜਿਹੀ ਮੁਸ਼ਕਲ ਪੇਸ਼ ਆਉਂਦੀ ਹੈ, ਹੱਠ ਕਰਕੇ ਲੱਗੇ ਰਹੋ, ਕੁੱਝ ਸਮੇਂ ਬਾਅਦ ਤੁਸੀਂ ਆਦੀ ਹੋ ਜਾਓਗੇ ਤੇ ਉਸ ਵੇਲੇ ਹੋਰ ਵੀ ਬਹੁਤ ਚੰਗਾ ਲੱਗੇਗਾ ਜਦੋਂ ਤੁਸੀਂ ਆਪਣੀ ਸਿਹਤ ਵਿਚ ਸੁਧਾਰ ਮਹਿਸੂਸ ਕਰੋਗੇ । ਅੱਜ ਇਹ ਗੱਲ ਸਮਝਣ ਦੀ ਲੋੜ ਹੈ ਕਿ ਜੋ ਸਮਾਂ ਚੱਲ ਰਿਹਾ ਹੈ, ਉਸ ਵਿਚ ਅਸੀਂ ਆਪਣੀ ਤੰਦਰੁਸਤੀ ਆਪ ਬਣਾ ਕੇ ਰੱਖਣੀ ਹੈ, ਇਹ ਕਿਸੇ ਹੋਰ ਦੀ ਜਿੰਮੇਵਾਰੀ ਨਹੀਂ ।

——— ਚਲਦਾ

# ਆਸਟ੍ਰੇਲੀਆ 'ਚ ਭਾਰਤੀ ਮੂਲ ਦੀ ਮਹਿਲਾ ਦਾ ਕਤਲ, ਕੂੜੇ ਦੇ ਢੇਰ 'ਚੋਂ ਮਿਲੀ ਦੇਹ

ਆਸਟ੍ਰੇਲੀਆ ਵਿੱਚ ਇੱਕ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ ਹੈ। ਦਰਅਸਲ, ਆਸਟ੍ਰੇਲੀਆ ਵਿੱਚ ਭਾਰਤੀ ਮੂਲ ਦੀ ਮਹਿਲਾ ਦੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਹੈਦਰਾਬਾਦ ਦੀ 36 ਸਾਲ ਦੀ ਮਹਿਲਾ ਚੈਤਨਿਆ ਮਧਾਗਨੀ ਦਾ ਆਸਟ੍ਰੇਲੀਆ ਵਿੱਚ ਕਤਲ ਕਰ ਦਿੱਤਾ ਗਿਆ ਹੈ। ਉਹ ਆਪਣੇ ਪਤੀ ਤੇ ਬੇਟੇ ਦੇ ਨਾਲ ਆਸਟ੍ਰੇਲੀਆ ਵਿੱਚ ਰਹਿ ਰਹੀ ਸੀ। ਸ਼ਨੀਵਾਰ ਨੂੰ ਉਨ੍ਹਾਂ ਦੀ ਦੇਹ ਸੜਕ ਕਿਨਾਰੇ ਕੂੜੇਦਾਨ ਵਿੱਚ ਮਿਲੀ।



ਨਿਊਜ਼ ਏਜੰਸੀ ਮੁਤਾਬਕ ਚੈਤਨਿਆ ਦਾ ਕਥਿਤ ਤੌਰ ਤੇ ਉਨ੍ਹਾਂ ਦੇ ਪਤੀ ਨੇ ਕਤਲ ਕਰ ਦਿੱਤਾ ਸੀ, ਜੋ ਘਟਨਾ ਤੋਂ ਬਾਅਦ ਹੈਦਰਾਬਾਦ ਚਲਾ ਗਿਆ ਤੇ ਆਪਣੇ ਬੱਚੇ ਨੂੰ ਉਸਦੇ ਮਾਤਾ-ਪਿਤਾ ਨੂੰ ਸੌਂਪ ਦਿੱਤਾ। ਰਿਪੋਰਟਾਂ ਅਨੁਸਾਰ ਆਸਟ੍ਰੇਲੀਆਈ ਨਾਗਰਿਕ ਬਣਨ ਦੇ ਬਾਅਦ ਚੈਤਨਿਆ ਤੇ ਉਨ੍ਹਾਂ ਦੇ ਪਤੀ ਅਸ਼ੋਕ ਰਾਜ ਆਪਣੇ ਬੇਟੇ ਨਾਲ ਆਸਟ੍ਰੇਲੀਆ ਦੇ ਪੁਆਇੰਟ ਕੁਕ ਵਿੱਚ ਰਹਿਣ ਲੱਗ ਗਏ ਸਨ।


## ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ। ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ। ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ। ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ। ਤਨਖਾਹ £11.44 ਪੌਂਡ ਘੰਟੇ ਦੀ ਹੋਵੇਗੀ।

ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 3 ਅਪਰੈਲ 2024 ਤੱਕ ਭੇਜੋ ਜੀ।

## VACANCY for RELIGIOUS WORKER at GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan (Hyms) and play Tabla (Drums). He would be performing all the Gurdwara duties as per our requirements. Must have right to work in uk. Accommodation and meals free and Salary £11.44 per hour.

**Minimum hours will be 23hrs. per week.**

**Please send your applications to Gurdwara management committee on address given below or Email: info@gghs.org.uk**

**CLOSING DATE: 3rd APRIL 2024**

**GURDWARA GURU HARGOBIND SAHIB**

**8-10 Highfield Road, Dartford, Kent, DA1 2JJ (Charity No.1127047)**

# ਮਾਨਵੀ ਗੁਣਾਂ ਦਾ ਮੁਜੱਸਮਾ – ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

**21 ਮਾਰਚ ਸ਼ਹੀਦੀ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਧਰਮ ਦੀਆਂ ਪੱਕੀਆਂ ਤੇ ਤੰਗ ਸੀਮਾਵਾਂ ਤੋਂ ਉੱਪਰ ਦੀ ਸੋਚ ਦੇ ਧਾਰਨੀ ਅਤੇ ਮਾਨਵੀ ਗੁਣਾਂ ਦੇ ਮੁਜੱਸਮੇ ਪੀਰ ਬੁੱਧੂ ਸ਼ਾਹ ਨੂੰ ਹਰ ਸਿੱਖ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਭੰਗਾਣੀ ਦੇ ਯੁੱਧ ਤੋਂ ਉਪਰੰਤ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਵਿੱਚੋਂ ਦੋ ਪੁੱਤਰ ਸੱਯਦ ਅਸ਼ਰਫ਼ ਸ਼ਾਹ ਅਤੇ ਸੱਯਦ ਮੁਹੰਮਦ ਸ਼ਾਹ ਅਤੇ ਸਕੇ ਭਾਈ ਭੂਰੇ ਸ਼ਾਹ ਨੂੰ ਅਤੇ ਸੱਤ ਸੌ ਮੁਰੀਦਾਂ ਵਿੱਚੋਂ ਅਨੇਕਾਂ ਮੁਰੀਦ ਸ਼ਹੀਦ ਕਰਵਾ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ: ਨੂੰ ਸਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲ੍ਹੇ ਦੇ ਸਢੌਰਾ ਕਸਬੇ ਵਿੱਚ ਹੋਇਆ। ਪੀਰ ਜੀ ਦਾ ਪੂਰਾ ਨਾਂਅ ਸਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂਅ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨ੍ਹਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ-ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ, ਪਰ ਇਸ ਤੋਂ ਪਿੱਛੋਂ ਸਢੌਰੇ ਆ ਵਸੇ। ਜਿਸ ਮੁਹੱਲੇ ਵਿੱਚ ਇਹ ਪਰਿਵਾਰ ਆ ਕੇ ਵਸਿਆ, ਉਹ ਬਾਅਦ ਵਿੱਚ ਸਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਪੀਰ ਜੀ ਦੀ ਸ਼ਾਦੀ ਮੁਗਲ ਸੈਨਾ ਦੇ ਇਕ ਵੱਡੇ ਜਰਨੈਲ ਸੈਦ ਖਾਨ ਦੀ ਭੈਣ ਨਸੀਰਾਂ ਨਾਲ ਹੋਈ। ਜਦੋਂ ਬਾਲ ਗੁਰੂ ਗੋਬਿੰਦ ਰਾਏ (ਸਿੰਘ) ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਸਮੇਂ ਕੁਝ ਸਮੇਂ ਲਖਨੌਰ ਰੁਕੇ ਤਾਂ ਪੀਰ ਭੀਖਣ ਸ਼ਾਹ ਜਦੋਂ ਬਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਪਿੱਛੋਂ ਪੀਰ ਜੀ ਦਿੱਲੀ ਵਿਖੇ ਗੋਸ਼ਾ-ਨਸ਼ੀਨ ਰਹਿਣ ਤੋਂ ਉਪਰੰਤ ਜਦੋਂ ਵਾਪਸ ਸਢੌਰਾ ਆਏ ਤਾਂ ਪੀਰ ਜੀ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਉਂਟਾ ਸਾਹਿਬ ਦੀ ਆਮਦ ਬਾਰੇ ਪਤਾ ਲੱਗਾ। ਪਿਆਰ ਵਿੱਚ ਬਿਹਬਲ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਦੇ ਦੱਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਦਰਸ਼ਨ ਕੀਤੇ। ਆਪ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਰੱਬੀ ਗੁਣਾਂ ਦੇ ਮੁਜੱਸਮੇ ਦਸਮ ਪਿਤਾ ਜੀ ਹਮੇਸ਼ਾਂ ਅੰਗ-ਸੰਗ ਰਹਿਣ ਲਈ ਬੇਨਤੀ ਕਰਨ ਲਈ ਹੱਥ ਜੁੜ ਗਏ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫ਼ੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁੱਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨ੍ਹਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਪਾਸ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵੱਲੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਮਜਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨ੍ਹਾਂ ਪਠਾਣਾਂ ਵਿੱਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਤੀਖਨ ਖਾਨ, ਨਜਾਬਤ ਖਾਨ ਅਤੇ ਹਯਾਤ ਖਾਨ ਨਮਕ-ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿੱਚ ਪੁੱਜੇ ਅਤੇ ਇਸ ਗਹਿਗੱਚ ਯੁੱਧ ਵਿੱਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿੱਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।

ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ ਦੌਲਤ ਪੀਰ ਜੀ ਨੂੰ ਬਖ਼ਸ਼ਿਸ਼ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁੱਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਕੇਸ਼ਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿੱਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿੱਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸ਼ਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ੍ਰਵਾਨ ਕੀਤਾ। ਕੰਘੇ ਸਮੇਤ ਕੇਸ਼ਾਂ ਨੂੰ ਪ੍ਰਾਪਤ ਕਰਕੇ ਇਸ ਵਡਮੁੱਲੇ ਤੋਹਫ਼ੇ ਨੂੰ ਆਪਣੇ ਜੀਵਨ ਦੌਰਾਨ ਸੰਭਾਲ ਕੇ ਰੱਖਣ ਅਤੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਜੀਵਨ ਭਰ ਨਿਭਾਇਆ। ਗੁਰੂ ਸਾਹਿਬ ਨੇ ਭਰੇ ਦੀਵਾਨ ਵਿੱਚ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਵਡਮੁੱਲੇ ਤੋਹਫੇ ਤੋਂ ਇਲਾਵਾ ਇਕ ਛੋਟੀ ਕ੍ਰਿਪਾਨ, ਦਸਤਾਰ ਅਤੇ ਹੁਕਮਨਾਮਾ ਵੀ ਪੀਰ ਜੀ ਨੂੰ ਬਖ਼ਸ਼ਿਆ, ਜੋ ਸਮਾਂ ਪੈ ਕੇ ਪੀਰ ਜੀ ਦੇ ਵਾਰਸਾਂ ਨੂੰ ਜਗੀਰ ਪ੍ਰਦਾਨ ਕਰਕੇ ਮਹਾਰਾਜਾ ਨਾਭਾ ਸ: ਭਰਪੂਰ ਸਿੰਘ ਨੇ ਸ਼ਰਧਾ ਸਹਿਤ ਆਪਣੇ ਮਹਿਲਾਂ ਵਿੱਚ ਇਨ੍ਹਾਂ ਵਸਤਾਂ ਨੂੰ ਸੁਸ਼ੋਭਿਤ ਕੀਤਾ। ਪਰ ਭਰੋਸੇਯੋਗ ਗਵਾਹੀ ਤੋਂ ਪਤਾ ਲੱਗਾ ਹੈ ਕਿ ਇਹ ਛੋਟੀ ਕ੍ਰਿਪਾਨ ਪੀਰ ਜੀ ਦੇ ਮੌਜੂਦਾ ਵਾਰਸਾਂ ਪਾਸ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਸਤਿਕਾਰ ਨਾਲ ਸਾਂਭੀ ਹੋਈ ਹੈ।



ਪੀਰ ਜੀ ਵੱਲੋਂ ਗੁਰੂ ਸਾਹਿਬ ਦੀ ਭੰਗਾਣੀ ਦੇ ਯੁੱਧ ਵਿੱਚ ਸਹਾਇਤਾ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰੇ ਗਏ। ਔਰੰਗਜ਼ੇਬ ਨੇ ਸਢੌਰੇ ਦੇ ਹਾਕਮ ਉਸਮਾਨ ਖਾਨ ਨੂੰ ਪੀਰ ਜੀ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਸਰਹਿੰਦ ਦੇ ਫੌਜਦਾਨ ਨੇ ਬਾਦਸ਼ਾਹ ਦੇ ਹੁਕਮ ਨੂੰ ਉਸਮਾਨ ਖਾਨ ਤੱਕ ਪਹੁੰਚਾਇਆ। ਪੀਰ ਜੀ ਨੂੰ ਇਹ ਖਬਰ ਪਹਿਲਾਂ ਹੀ ਮਿਲ ਚੁੱਕੀ ਸੀ, ਉਨ੍ਹਾਂ ਆਪਣਾ ਪਰਿਵਾਰ ਨਾਹਨ ਅਤੇ ਸਮਾਣਾ ਭੇਜ ਦਿੱਤਾ। ਸਢੌਰੇ ਦੇ ਹਾਕਮ ਉਸਮਾਨ ਖਾਨ ਨੇ 21 ਮਾਰਚ, 1704 ਨੂੰ ਪੀਰ ਬੁੱਧੂ ਸ਼ਾਹ ਨੂੰ ਬੜੀ ਬੇਦਰਦੀ ਨਾਲ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਵਧਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਸਢੌਰੇ ਦੀ ਇੱਟ ਨਾਲ ਇੱਟ ਖੜਕਾਈ ਅਤੇ ਉਸਮਾਨ ਖਾਨ ਨੂੰ ਮੌਤ ਦੇ ਘਾਟ ਉਤਾਰਿਆ। ਇਤਿਹਾਸ ਦੇ ਖੋਜੀ ਤੱਥਾਂ ਮੁਤਾਬਿਕ ਪੀਰ ਜੀ ਦੀ ਅੰਸ਼-ਵੰਸ਼ ਦੇ ਪਰਿਵਾਰ 1947 ਈ: ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲ੍ਹੇ ਜਾ ਵਸੇ। ਪੀਰ ਜੀ ਦੇ ਜੱਦੀ ਘਰ ਦੀ ਖੋਜ ਕਰਕੇ ਹੁਣ ਇਸ ਅਸਥਾਨ ਨੂੰ ਗੁਰਦੁਆਰਾ ਸਾਹਿਬ ਵਿੱਚ ਬਦਲ ਦਿੱਤਾ ਗਿਆ ਹੈ। ਸਮੁੱਚਾ ਸਿੱਖ ਜਗਤ ਅੱਜ ਪੀਰ ਜੀ ਦੇ ਜਨਮ ਦਿਨ 'ਤੇ ਪੀਰ ਜੀ ਦੀ ਕੁਰਬਾਨੀ, ਸ਼ਰਧਾ, ਗੁਰੂ ਪਿਆਰ ਪ੍ਰਤੀ ਨਤਮਸਤਕ ਹੋ ਰਿਹਾ ਹੈ।

**ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵੱਡਾ ਝੂਠ ਬੋਲ ਕੇ ਲੋਕਾਂ ਪਾਸੋਂ ਵੋਟਾਂ ਹਾਸਲ ਕੀਤੀਆਂ ਸਨ, ਕਿ ਉਹਨਾਂ ਦੀ ਸਰਕਾਰ ਵੇਲੇ ਹਰ ਭਾਰਤੀ ਬਸ਼ਿੰਦੇ ਨੂੰ 15 ਲੱਖ ਰੁਪਿਆ ਮਿਲੇਗਾ। ਉਨ੍ਹਾਂ ਕਿਹਾ ਸੀ ਕਿ ਜਿਹੜੇ ਲੋਕ ਦੇਸ਼ ਵਿੱਚੋਂ ਘਪਲਾ ਕਰਕੇ ਅਰਬਾਂ ਰੁਪਿਆ ਵਿਦੇਸ਼ਾਂ ਵਿੱਚ ਲੈ ਗਏ ਹਨ ਉਹ ਸਾਰਾ ਵਾਪਸ ਲਿਆਉਣਗੇ ਤੇ ਆਮ ਲੋਕਾਂ ਨੂੰ ਦੇਣਗੇ। ਉਹ ਕਦੇ ਵੀ ਸੱਚ ਨਾ ਹੋਇਆ ਤੇ ਨਾ ਹੋਣਾ ਹੈ ।**

**ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ**

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜ਼ਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ 5 ਅਪਰੈਲ 2024 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

**2 VACANCIES for Temporary Religious Workers (Tier 5)**

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 5th April 2024**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

President: Mrs Manjit Kaur - 01922 641040
Vice President: Ranjit Singh - 07861 432505
Email:gurdwara.pleck@gmail.com

# 11 ਮਾਰਚ ਦਾ ਇਤਿਹਾਸ
# ਦਿੱਲੀ ਫਤਿਹ ਕੀਤੀ, ਕਿੰਨੀ ਵਾਰ ਕੀਤੀ !

ਅੱਜ ਦੇ ਦਿਨ ਸਰਦਾਰ ਬਘੇਲ ਸਿੰਘ ਨੇ ਦਿੱਲੀ ਦੀ ਧੌਣ 'ਤੇ ਗੋਡਾ ਧਰਕੇ ਲਾਲ ਕਿਲੇ 'ਤੇ ਖਾਲਸਾਈ ਝੰਡਾ ਲਹਿਰਾਇਆ ਸੀ
ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਆਕਾਲ

1- 9 ਜਨਵਰੀ 1765 ਈ.
2- ਅਪ੍ਰੈਲ 1766 ਈ.
3- ਜਨਵਰੀ 1770 ਈ.
4- 18 ਜਨਵਰੀ 1774 ਈ.
5- ਅਕਤੂਬਰ 1774 ਈ.
6- ਜੁਲਾਈ 1775 ਈ.
7- ਅਕਤੂਬਰ 1776 ਈ.
8- ਮਾਰਚ 1778 ਈ.
9- ਸਤੰਬਰ 1778 ਈ.
10- 23 ਸਤੰਬਰ 1778 ਈ.
11- 26 ਸਤੰਬਰ 1778 ਈ.
12- 1 ਅਕਤੂਬਰ 1778 ਈ.
13- ਜਨਵਰੀ 1779 ਈ.
14- 16 ਅਪ੍ਰੈਲ 1781 ਈ.
15- 11 ਮਾਰਚ 1783 ਈ.
16 - 23 ਜੁਲਾਈ 1787 ਈ.
17- 23 ਅਗਸਤ 1787 ਈ.

ਸ਼ਾਹ ਆਲਮ ਸਾਨੀ ਨੇ ਰਾਇਸੀਨਾ ਤੇ ਰਕਾਬ ਗੰਜ ਖੇਤਰ ਦੀ 1200 ਏਕੜ ਜ਼ਮੀਨ ਸ.ਬਘੇਲ ਸਿੰਘ ਜੀ ਨੂੰ ਨਜ਼ਰਾਨੇ ਵਜੋਂ ਭੇਟ ਕੀਤੀ। ਸ਼ਾਹ ਆਲਮ ਸਾਨੀ ਦੇ ਦਸਤਖ਼ਤਾਂ ਵਾਲਾ ਫ਼ਾਰਸੀ ਵਿੱਚ ਲਿਖਿਆ ਹੁਕਮਨਾਮਾ, ਅੱਜ ਵੀ ਦਿੱਲੀ ਦੇ ਨੈਸ਼ਨਲ ਆਰਕਾਈ ਵਿੱਚ ਸੁਰੱਖਿਅਤ ਪਿਆ ਹੈ। ਦਿੱਲੀ ਦੇ ਹਾਕਮਾਂ ਨੇ 7 ਸੋਨੇ ਦੇ ਪੱਤਰਿਆਂ ਉੱਤੇ ਸਿੱਖਾਂ ਦੇ ਬਾਰੇ ਜੋ ਲਿਖ ਕੇ ਦਿਤਾ ਸੀ ਉਹ ਇੱਕ ਵੱਖਰੀ ਗਾਥਾ ਹੈ। ਬਾਬਾ ਬਘੇਲ ਸਿੰਘ ਨੇ ਸਿੱਖ ਫੌਜਾਂ ਸਮੇਤ 6 ਮਹੀਨੇ ਦਿੱਲੀ ਰਹਿ ਕੇ 8 ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕਰਵਾਈ। ਜੇ ਉਸ ਸਮੇਂ ਗੱਲਾਂ ਬਾਤਾਂ ਕਰਕੇ ਖਾਲੀ ਹੱਥ ਮੁੜ ਆਉਂਦੇ ਨਾ ਗੁਰਦੁਆਰੇ ਬਣਨੇ ਸੀ, ਨਾ ਨਜ਼ਰਾਨੇ ਮਿਲਦੇ ਸਗੋਂ ਮੁਫ਼ਤ ਦੀਆਂ ਗੱਲਾਂ ਹੋਇਆ ਕਰਨੀਆਂ ਸਨ।

**ਦਿਲੀ ਤਖ਼ਤ ਪਰ ਬਹਿਗੀ ਆਪ ਗੁਰੂ ਕੀ ਫ਼ੌਜ।**



**ਛੱਤਰ ਫਿਰੇਗਾ ਸੀਸ ਪਰ ਬੜੀ ਕਰੇਗੀ ਮੌਜ ।**

ਨਵਾਬ ਕਪੂਰ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਸਾਹਿਬ ਪੰਥ ਦਾ ਇਕੱਠ ਕੀਤਾ ਤੇ ਪੰਥ ਦੀ ਚੜ੍ਹਦੀਕਲਾ ਲਈ ਪੰਥ ਨੂੰ ਗਿਆਰਾਂ ਮਿਸਲਾਂ ਵਿਚ ਵੰਡ ਦਿੱਤਾ। ਇਨਾ ਵਿਚੁ ਦਸਵੀਂ ਮਿਸਲ ਕਰੋੜ ਸਿਘੀਆ ਜਿਸ ਦਾ ਪਹਿਲਾ ਮੋਢੀ ਸੂਰਮਾ ਸਰਦਾਰ ਬਾਬਾ ਸ਼ਾਮ ਸਿੰਘ ਸੀ। ਇਸ ਮਿਸਲ ਦੇ ਸਰਦਾਰ ਬਘੇਲ ਸਿੰਘ ਜੀ ਨੇ ਲਾਲ ਕਿਲੇ ਨੂੰ ਫਤਹਿ ਕਰ ਕੇ ਖਾਲਸਾ ਪੰਥ ਦੇ ਕਦਮਾਂ ਵਿਚ ਝੁਕਾ ਦਿੱਤਾ

**ਇਨ ਗਰੀਬ ਸਿਖਨ ਕਉ ਦੇਉਂ ਪਾਤਿਸ਼ਾਹੀ॥**
**ਯਾਦ ਕਰੈ ਹਮਰੀ ਗੁਰਿਆਈ॥**

੮ ਮਾਰਚ ੧੭੮੩ ਨੂੰ ਚਾਲੀ ਹਜ਼ਾਰ ਸਿੰਘਾ ਨਾਲ ਸਰਦਾਰ ਬਘੇਲ ਸਿੰਘ ਜੀ ਨੇ ਮਲਕਾ ਗੰਜ ਅਤੇ ਸਬਜ਼ੀ ਮੰਡੀ ਆਪਣੇ ਕਬਜ਼ੇ ਵਿਚ ਕਰ ਲਈ। ੯ ਮਾਰਚ ਨੂੰ ਅਜਮੇਰੀ ਗੇਟ ਉਤੇ ਨਿਸ਼ਾਨ ਸਾਹਿਬ ਗਡ ਦਿੱਤਾ। ਦਸ ਹਜ਼ਾਰ ਸਿੰਘਾ ਨੇ ਦਿੱਲੀ ਦੁਆਲੇ ਘੇਰਾ ਪਾ ਲਿਆ। ਸਰਦਾਰ ਬਘੇਲ ਸਿੰਘ ਆਪਣੇ ਤੀਹ ਹਜ਼ਾਰ ਸਿੰਘਾ ਨਾਲ ਆਪਣੀ ਤੇਗ ਦੇ ਜੋਰ ਨਾਲ ਤੀਸ ਹਜ਼ਾਰੀ ਕੋਰਟ ਜਾ ਬੈਠੇ।੧੧ ਮਾਰਚ ੧੭੮੩ ਨੂੰ ਲਾਲ ਕਿਲੇ ਦੀ ਕੰਧ ਨੂੰ ਸਿੱਖਾਂ ਨੇ ਲੱਕੜ ਦੇ ਵੱਡੇ ਵੱਡੇ ਲਟੈਣ ਮਾਰ ਮਾਰ ਕੇ ਕਿਲ੍ਹੇ ਦੀ ਫ਼ਸੀਲ ਵਿੱਚ ਪਾੜ ਪਾ ਦਿਤੀ ਅਤੇ ਤੀਹ ਹਜ਼ਾਰ ਫੌਜ ਜਰਨੈਲਾਂ ਸਮੇਤ ਬੋਲੇ ਸੋ ਨਿਹਾਲ ਦੇ ਜੈਕਾਰੇ ਗਜਾਉਂਦੇ ਲਾਲ ਕਿਲ੍ਹੇ ਅੰਦਰ ਜਾ ਕੜਕੇ। ਇਸੇ ਕਾਰਨ ਅੱਜ ਇਸ ਜਗ੍ਹਾ ਦਾ ਨਾਮ ਮੋਰੀ ਗੇਟ ਹੈ। ਗੁਰੂ ਦੀ ਫੌਜਾ ਦੇ ਜੈਕਾਰਿਆਂ ਨੇ ਬਾਦਸ਼ਾਹ ਸ਼ਾਹ ਆਲਮ ਤੇ ਉਸ ਦੇ ਵਜ਼ੀਰਾ ਨੂੰ ਕੰਬਣ ਲਾ ਦਿੱਤਾ । ਅਸਮਾਨ ਸਿੰਘ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਮੁਗਲ ਜਰਵਾਣਿਆਂ ਨੇ ਸਿਰ ਧੜ ਨਾਲੋ ਅਲੱਗ ਹੋਣ ਲਗੇ ਸਿੰਘਾਂ ਦੀ ਤੇਗ ਬਿਜਲੀ ਵਾਂਗ ਲਿਸ਼ਕਦੀਆ ਵੇਖ ਬਾਦਸ਼ਾਹ ਸ਼ਾਹ ਆਲਮ ਕੰਬਿਆ ਉਹ ਸਭ ਯਾਦ ਆਣ ਲਗਾ ਜੋ ਉਸ ਦੇ ਵਡੇਰਿਆਂ ਨੇ ੧੭੦ ਸਾਲ ਸਿੱਖਾਂ ਤੇ ਰੱਜ ਕੇ ਜ਼ੁਲਮ ਕਮਾਇਆ ਹੈ ਉਨਾਂ ਜੁਲਮਾ ਦੀ ਸਜ਼ਾ ਮੈਨੂੰ ਮਿਲ ਰਹੀ ਹੈ। ਅੱਜ ਉਸ ਜ਼ੁਲਮ ਦਾ ਹਿਸਾਬ ਕਰਨ ਦਾ ਸਮਾਂ ਸੀ। ਲਾਲ ਕਿਲ੍ਹੇ ਦੀ ਤੋਪਾਂ ਸਿੰਘਾ ਵਲੋ ਉਲਟਾ ਦਿਤੀਆਂ ਗਈਆਂ । ਲਾਲ ਕਿਲ੍ਹੇ ਦੀਆ ਔਰਤਾਂ ਨੇ ਸਿੱਖਾਂ ਨੂੰ ਦੇਖ ਕੇ ਯਾਹ ਅੱਲ੍ਹਾ ਕਹਿਣਾ ਸ਼ੁਰੂ ਕਰ ਦਿੱਤਾ।ਕਿਉਂਕਿ ਇਹੇ ਵੇਖ ਕੇ ਓਹ ਹੈਰਾਨ ਹੋ ਰਹਿਆ ਸਨ ਕਿ ਕੋਈ ਦੁਸ਼ਮਣ ਐਨਾ ਦਰਵੇਸ਼ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਏਨਾ ਕੁਝ ਹੋਣ ਦੇ ਬਾਵਜੂਦ ਸਿੰਘਾਂ ਨੇ ਲਾਲ ਕਿਲ੍ਹੇ ਦੇ ਜਨਾਨਖਾਨੇ ਵੱਲ ਉੱਚੀ ਅੱਖ ਕਰ ਕੇ ਵੀ ਨਹੀਂ ਦੇਖਿਆ । ਸਿੰਘਾ ਨੇ ਲਾਲ ਕਿਲ੍ਹੇ ਨੂੰ ਫਤਹਿ ਕਰਕੇ ਕਿਲ੍ਹੇ ਉਤੇ ਖਲਾਸੇ ਦਾ ਨਿਸ਼ਾਨ ਝੂਲਾ ਦਿੱਤਾ ।

ਅਖੀਰ ਓਹ ਤਖ਼ਤ ਸਿੰਘਾ ਹੱਥ ਆ ਗਿਆ ਜਿਸ ਤਖ਼ਤ ਤੇ ਖੜ ਕੇ ਕਦੇ ਹੁਕਮ-ਰਾਨ ਨੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਕਤਲ ਦਾ ਫਤਵਾ ਜਾਰੀ ਕੀਤਾ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਨੇ ਇਸ ਤਖ਼ਤ ਨੂੰ ਰੇੜ੍ਹਿਆਂ ਉਪਰ ਲੱਦ ਕੇ ਸ਼੍ਰੀ ਅੰਮ੍ਰਿਤਸਰ ਲਿਆਇਆ।

ਛੇ ਫੁੱਟ ਲੰਬਾ ਚਾਰ ਫੁੱਟ ਚੌੜਾ ਅਤੇ ਨੌ ਇੰਚ ਮੋਟਾ ਦਿਲੀ ਤਖ਼ਤ ਦਾ ਸੁਪਾਰੀ ਕਿਸਮ ਦਾ ਲਾਖੇ ਰੰਗ ਦਾ ਕੀਮਤੀ ਪੱਥਰ ਨੂੰ ਸੰਗਲਾਂ ਵਿਚ ਨੂੜ ਕੇ ਰਾਮਗੜ੍ਹੀਆ ਬੁੰਗੇ ਦੀ ਸ਼੍ਰੀ ਦਰਬਾਰ ਸਾਹਿਬ ਤੋਂ ਨੀਵੇਂ ਤਹਿਖਾਨੇ ਵਿਚ ਬਣੀ ਜੇਲ੍ਹ ਵਿਚ ਰਖਿਆ।

**ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ-ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ । ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ । ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ ।**

# ਅੱਖੀਂ ਦੇਖੇ 'ਕੰਨਿਆਂ ਦਾਨ' ਦੀ ਕਹਾਣੀ !

ਕਈ ਦਹਾਕੇ ਪਹਿਲਾਂ ਦੀ ਗੱਲ ਹੈ ਇੱਕ ਦੋਸਤ ਦੀ ਬਰਾਤੇ ਗਏ ਹੋਏ ਨੇ ਮੈਂ ਦੋ ਮੀਰਜ਼ਾਦੇ 'ਨਕਲਾਂ' ਕਰਦੇ ਸੁਣੇ ਸੀ-

'ਉਏ ਭੰਡਾ, ਅੱਜ ਮੈਂ ਸਾਝਰੇ ਈ ਉੱਠਿਆ...ਛਾਹ ਵੇਲੇ ਦੀ ਰੋਟੀ ਖਾਧੀ...ਇਸ਼ਨਾਨ ਕਰਿਆ ਤੇ ਦਾਤਣ ਚੁੱਕੀ !

ਦੂਜਾ ਨਕਲੀਆ-'ਹਲਾ !'

...ਦਾਤਣ ਕਰਦਾ ਕਰਦਾ ਮੈਂ ਜੰਗਲ ਪਾਣੀ ਗਿਆ...ਆ ਕੇ ਚਾਹ ਪੀਤੀ ਤੇ ਫੇਰ ਦਰ੍ਹਿੜਕਾ ਛਕਿਆ !'

ਹੁਣ ਵਿਆਹਾਂ ਦੇ ਸੀਜ਼ਨ (ਜਨਵਰੀ ਤੋਂ ਮਾਰਚ 2024) ਵਿੱਚ ਮੈਂ ਅਮਰੀਕਾ ਤੋਂ ਪੰਜਾਬ ਆਇਆ ਹੋਇਆ ਨਕਲੀਆਂ ਦੀ ਉਪਰੋਕਤ 'ਪੁੱਠੀ ਤਰਤੀਬ' ਅਨੁਸਾਰ ਕਈ ਵਿਆਹ ਹੁੰਦੇ ਦੇਖ ਰਿਹਾ ਹਾਂ-

'ਕੁੜੀ ਵਾਲਿਆਂ ਦੇ ਘਰ ਮੋਹਰੇ ਗਿਆਰਾਂ ਕੁ ਵਜੇ ਬਰਾਤ ਦੀਆਂ ਦੋ ਕਾਰਾਂ ਆਈਆਂ। ਵਿਆਂਦੜ ਮੁੰਡੇ ਦੇ ਨਾਲ ਆਏ ਛੇ ਸੱਤ ਕੁ ਬਰਾਤੀ ਸਿੱਧੇ ਗੁਰਦੁਆਰੇ ਭੇਜ ਦਿੱਤੇ...ਉੱਥੇ ਅਨੰਦ ਕਾਰਜ ਹੋਇਆ ! ਲਾੜਾ ਤੇ ਲਾੜੀ ਇੱਥੋਂ ਗਏ ਕੁੜੀ ਦੇ ਘਰੇ, 'ਫੇਰਾ ਪਾਉਣ' ਦੀ ਰਸਮ ਕਰਕੇ 'ਡੋਲ਼ੀ' ਤੋਰੀ ਮੈਰਿਜ ਪੈਲਿਸ ਨੂੰ ! ਉੱਥੇ ਜਾ ਕੇ ਹੋਈ 'ਮਿਲਣੀ' ਦੀ ਰਸਮ, ਮਗਰੋਂ ਚਾਹ ਪਕੌੜੇ ! ਫਿਰ ਕੰਨ ਪਾੜਵੇਂ ਰਾਮ-ਰੌਲ਼ੇ ਵਿੱਚ ਨਾਚ-ਨਚੱਈਆ, ਟੱਪ-ਟਪੱਈਆ ਅਤੇ 'ਰੰਗ-ਬਰੰਗਾ' ਖਾਣ ਪੀਣ ਚੱਲਿਆ !!'



ਹੁਣ ਸੁਣੋ ਜੀ ਹੇਠਲੀ ਫੋਟੋ ਵਾਲ਼ੇ ਘਰ ਸੰਨ 1978-79 ਵਿੱਚ ਮੇਰੇ ਵਲੋਂ ਕਰਵਾਏ ਅਨੰਦ ਕਾਰਜ ਦੀ ਅੱਖੀਂ ਦੇਖੀ ਵਾਰਤਾ। ਸਾਡੇ ਗੁਆਂਢੀ ਪਿੰਡ ਅਟਾਰੀ ਦੇ ਇਸ ਪ੍ਰਵਾਰ ਦੀ ਬੇਟੀ ਦਾ ਵਿਆਹ ਹੋਣਾ ਸੀ। ਵਿਹੜਾ ਛੋਟਾ ਹੋਣ ਕਰਕੇ ਆਂਢ ਗੁਆਂਢ ਵਾਲ਼ੇ ਸੱਜਣ ਸਲਾਹਾਂ ਕਰਨ ਲੱਗੇ ਕਿ ਅਨੰਦ ਕਾਰਜ ਕਿਸੇ ਗੁਆਂਢੀ ਦੇ ਵਿਹੜੇ ਵਿੱਚ ਕਰ ਲੈਂਦੇ ਹਾਂ ਪਰ ਕੁੜੀ ਦੀ ਮਾਂ ਹੋਧਰੇ ਅਨੰਦ ਕਾਰਜ ਕਰਾਉਣ ਵਿਰੁੱਧ ਡਟ ਕੇ ਖਲੋ ਗਈ ! ਕਹਿੰਦੀ ਮੈਂ ਆਪਣੀ ਧੀ ਦਾ 'ਕੰਨਿਆਂ ਦਾਨ' ਉਹਦੇ ਬਾਬਲ ਦੇ ਆਪਣੇ ਵਿਹੜੇ ਵਿੱਚ ਹੀ ਕਰਨਾ ਹੈ !

ਲਉ ਜੀ ਉਸੇ ਵੇਲੇ ਇਸ ਘਰ ਦੇ ਬਗਲ਼ ਦੀਆਂ ਦੋਵੇਂ ਕੰਧਾਂ ਢਾਹ ਕੇ ਵਿਹੜਾ 'ਵਧਾਇਆ' ਗਿਆ। ਪਿੰਡ ਦੇ ਮੁੰਡਿਆਂ ਨੇ ਖੋਰੀ ਵਿਛਾ ਕੇ ਗੁਰਦੁਆਰਿਉਂ ਲਿਆ ਕੇ ਉੱਤੇ ਦਰੀਆਂ ਵਿਛਾਈਆਂ ! ਇੱਥੇ ਹੀ ਮੈਂ ਅਨੰਦ ਕਾਰਜ ਕਰਵਾਇਆ, ਇੱਥੇ ਹੀ ਬਰਾਤ ਨੂੰ ਰੋਟੀ-ਪਾਣੀ ਛਕਾਇਆ ਅਤੇ ਇੱਥੋਂ ਹੀ ਸ਼ਾਮ ਨੂੰ ਬੇਟੀ ਦੀ ਡੋਲ਼ੀ ਤੋਰੀ ਗਈ ਸੀ !!



ਤਰਲੋਚਨ ਸਿੰਘ 'ਦੁਪਾਲ ਪੁਰ'
78146-92724
tsdupalpuri@yahoo.com

ਗੁਰਮੀਤ ਸਿੰਘ ਪਲਾਹੀ
-9815802070



# ਕੀ ਕੰਧ 'ਤੇ ਲਿਖਿਆ ਪੜ੍ਹ ਰਹੀ ਹੈ, ਡਰੀ ਹੋਈ ਭਾਜਪਾ ?

**ਅਸਲ ਵਿੱਚ ਭਾਜਪਾ ਨੂੰ ਲੋਕ ਵਿਰੋਧੀ ਨੀਤੀਆਂ ਕਾਰਨ ਪੈਦਾ ਹੋਏ ਵਿਰੋਧ ਦਾ ਡਰ ਸਤਾ ਰਿਹਾ ਹੈ। ਕਿਸਾਨ ਅੰਦੋਲਨ ਕਰ ਰਹੇ ਹਨ। ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਕੇ ਉਹਨਾ ਨੂੰ ਮੁੜ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ। ਮਹਿੰਗਾਈ ਅੰਤਾਂ ਦੀ ਹੈ। ਨਿੱਜੀਕਰਨ ਦਾ ਦੌਰ ਦੇਸ਼ 'ਚ ਜਾਰੀ ਹੈ। ਦੇਸ਼ ਨੂੰ ਵਿਸ਼ਵ ਕਾਰਪੋਰੇਟਾਂ ਦੀ ਬਸਤੀ ਬਨਾਉਣ ਦਾ ਯਤਨ ਹੈ। ਪਹਿਲੀ ਮਾਰਚ 2024 ਨੂੰ "ਦਿ ਹਿੰਦੂ" ਅਖ਼ਬਾਰ ਦੇ ਆਨ ਲਾਈਨ ਐਡੀਸ਼ਨ 'ਚ ਜਾਗਰਤੀ ਚੰਦਰਾ ਦੀ ਇੱਕ ਰਿਪੋਰਟ ਛਪੀ ਹੈ, ਜਿਸ 'ਚ ਬਹੁਤ ਸਾਰੀਆਂ ਅਲੋਚਨਾਤਮਕ ਟਿੱਪਣੀਆਂ ਛਪੀਆਂ ਹਨ। ਇਹ ਦੋ ਟਿੱਪਣੀਆਂ ਭਾਰਤ ਦੀ ਮੌਜੂਦਾ ਸਥਿਤੀ ਦਾ ਵਰਨਣ ਹਨ। ਇੱਕ ਵਿਅਕਤੀ ਦੀ ਟਿੱਪਣੀ ਹੈ, "ਭਾਰਤ ਵਿੱਚ ਅਡਾਨੀ ਤੇ ਅੰਬਾਨੀ ਦੀ ਜ਼ਿੰਦਗੀ ਸਵਰਗ ਵਾਂਗ ਹੈ ਅਤੇ ਸਾਡੇ ਵਰਗਿਆਂ ਲਈ ਇਹ ਨਰਕ ਬਣਿਆ ਹੋਇਆ ਹੈ", ਦੂਜੀ ਟਿੱਪਣੀ ਹੈ, "ਹੁਣ ਅਸੀਂ ਨਵਾਂ ਰੂਸ ਬਣ ਗਏ ਹਾਂ, ਇਥੇ ਉਹਨਾ ਨਾਲੋਂ ਵੀ ਵੱਡੇ ਧੰਨ ਕੁਬੇਰ ਪੈਦਾ ਹੋ ਗਏ ਹਨ"।**



ਅਗਲੀ ਲੋਕ ਸਭਾ ਚੋਣ ਦੇ ਨੋਟੀਫੀਕੇਸ਼ਨ ਤੋਂ ਐਨ ਪਹਿਲਾਂ ਭਾਰਤੀ ਚੋਣ ਕਮਿਸ਼ਨ ਵਿੱਚ ਦੂਜੇ ਸਭ ਤੋਂ ਸਿਖ਼ਰਲੇ ਅਧਿਕਾਰੀ ਅਰੁਣ ਗੋਇਲ ਨੇ ਆਪਣੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹਨਾ ਦਾ ਅਸਤੀਫ਼ਾ ਰਾਸ਼ਟਰਪਤੀ ਦ੍ਰੋਪਤੀ ਮੁਰਮੂ ਵੱਲੋਂ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਸਾਬਕਾ ਨੌਕਰਸ਼ਾਹ ਅਰੁਣ ਗੋਇਲ ਪੰਜਾਬ ਕੇਡਰ ਦੇ 1965 ਬੈਚ ਦੇ ਆਈ ਏ ਐਸ ਅਧਿਕਾਰੀ ਹਨ, ਜਿਹਨਾ ਨੇ 21 ਨਵੰਬਰ 2022 ਨੂੰ ਕਮਿਸ਼ਨਰ ਵਜੋਂ ਆਹੁਦਾ ਤੁਰਤ-ਫੁਰਤ ਸੰਭਾਲਿਆ ਸੀ ਅਤੇ ਉਹਨਾ ਦਾ ਕਾਰਜਕਾਲ ਦਸੰਬਰ 2027 ਤੱਕ ਸੀ। ਇਹ ਅਧਿਕਾਰੀ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲਾਡਲਾ ਅਧਿਕਾਰੀ ਸੀ। ਉਸਦੇ ਅਸਤੀਫ਼ੇ ਨਾਲ ਕਈ ਸਵਾਲ ਖੜੇ ਹੋ ਗਏ ਹਨ। ਯਾਦ ਰਹੇ ਭਾਰਤੀ ਚੋਣ ਕਮਿਸ਼ਨ ਦੇ ਤਿੰਨ ਮੈਂਬਰ ਹੁੰਦੇ ਹਨ, ਜਿਹਨਾ ਵਿਚੋਂ ਦੋ ਸੀਟਾਂ ਖਾਲੀ ਹੋ ਗਈਆਂ ਹਨ। ਹੁਣ ਸਿਰਫ਼ ਮੁੱਖ ਚੋਣ ਕਮਿਸ਼ਨ ਹੀ ਆਪਣੇ ਆਹੁਦੇ ਉਤੇ ਬਿਰਾਜਮਾਨ ਹਨ।

ਸਵਾਲ ਉੱਠ ਰਹੇ ਹਨ ਕਿ ਕੀ ਮੁੱਖ ਚੋਣ ਕਮਿਸ਼ਨਰ ਇਕੱਲੇ ਹੀ ਦੇਸ਼ ਦੀਆਂ ਲੋਕ ਸਭਾ ਚੋਣਾਂ ਕਰਵਾਉਣਗੇ ? ਕੀ ਇਹ ਸੰਵਿਧਾਨਿਕ ਹੋਏਗਾ ਜਾਂ ਕੀ ਅਗਲੇ ਦੋ-ਤਿੰਨ ਦਿਨਾਂ 'ਚ ਮੋਦੀ ਸਰਕਾਰ ਦੋ ਨਵੇਂ ਚੋਣ ਕਮਿਸ਼ਨਰ ਨਿਯੁੱਕਤ ਕਰ ਦੇਵੇਗੀ, ਜਿਸਦਾ ਅਧਿਕਾਰ ਪਿਛਲੇ ਕੁਝ ਮਹੀਨੇ ਪਹਿਲਾਂ ਸਰਕਾਰ ਨੇ ਪਾਰਲੀਮੈਂਟ 'ਚ ਬਿੱਲ ਪਾਸ ਕਰਕੇ ਹਾਸਲ ਕਰ ਲਿਆ ਹੈ ? ਕੀ ਇੰਜ ਦੇਸ਼ ਦੀਆਂ ਲੋਕ ਸਭਾ ਚੋਣਾਂ ਨਿਰਪੱਖ ਹੋ ਸਕਣਗੀਆਂ ?

ਕੀ ਮੋਦੀ ਸਰਕਾਰ ਨੂੰ ਮੁੜ ਵਾਪਸੀ ਦਾ ਡਰ ਸਤਾ ਰਿਹਾ ਹੈ ਅਤੇ ਉਹ ਕੋਈ ਵੀ ਰਿਸਕ ਨਹੀਂ ਲੈਣਾ ਚਾਹੁੰਦੀ ? ਕੀ ਜਾਣ ਵਾਲਾ ਚੋਣ ਕਮਿਸ਼ਨਰ ਅਰੁਣ ਗੋਇਲ ਹੁਣ ਉਹਨਾ ਦਾ ਵਫ਼ਾਦਾਰ ਨਹੀਂ ਸੀ ਰਿਹਾ, ਜਾਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਇਸ਼ਾਰਿਆਂ 'ਤੇ ਚੱਲਣ ਤੋਂ ਪਾਸਾ ਵੱਟਣ ਲੱਗ ਪਿਆ ਸੀ। ਭਾਵੇਂ ਕਿ ਅਰੁਣ ਗੋਇਲ ਦੇ ਚੋਣ ਕਮਿਸ਼ਨ ਤੋਂ ਰੁਖ਼ਸਤ ਹੋਣ ਸਬੰਧੀ ਕਈ ਕਿਆਸ ਆਰੀਆਂ ਹਨ, ਪਰ ਇੱਕ ਗੱਲ ਪੱਕੀ ਹੈ ਕਿ ਮੋਦੀ ਸਰਕਾਰ ਡਰੀ ਹੋਈ ਹੈ ਅਤੇ ਲੋਕਾਂ ਦੀਆਂ ਭਾਵਨਾਵਾਂ ਸਮਝਕੇ ਕੰਧ 'ਤੇ ਲਿਖਿਆ ਸ਼ਾਇਦ ਪੜ੍ਹਨ ਲੱਗ ਪਈ ਹੈ।

ਅਸਲ 'ਚ ਮੋਦੀ ਸਰਕਾਰ 'ਤੇ ਖ਼ੁਦ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਜੀ ਦੀ ਕਾਰਗੁਜ਼ਾਰੀ ਉਤੇ ਵੱਡੇ ਸੁਆਲ ਉੱਠਣ ਲੱਗੇ ਹਨ, ਜਿਥੇ ਸੁਪਰੀਮ ਕੋਰਟ ਦੇ ਵਕੀਲ ਅਤੇ ਹੋਰ ਲੋਕਾਂ ਵਲੋਂ, ਈ.ਵੀ.ਐਮ. ਮਸ਼ੀਨਾਂ ਰਾਹੀਂ ਵੋਟਾਂ ਕਰਾਉਣੀਆਂ ਛੱਡ ਕੇ ਬੈਲਟ ਪੇਪਰਾਂ ਰਾਹੀਂ ਵੋਟਾਂ ਕਰਾਉਣ ਲਈ ਵੱਡਾ ਦਬਾਅ ਪੈ ਰਿਹਾ ਹੈ, ਉਥੇ ਮੋਦੀ ਸਰਕਾਰ ਵਲੋਂ ਸੀ.ਬੀ.ਆਈ., ਈ.ਡੀ.ਅਤੇ ਹੋਰ ਏਜੰਸੀਆਂ ਰਾਹੀਂ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਪ੍ਰੇਸ਼ਾਨ ਕਰਕੇ ਆਪਣੇ ਪਾਲੇ 'ਚ ਕਰਨ ਦੀਆਂ ਕੋਸ਼ਿਸ਼ਾਂ ਆਮ ਲੋਕਾਂ ਨੂੰ ਪ੍ਰਵਾਨ ਨਹੀਂ ਹੋ ਰਹੀਆਂ। ਉਂਜ ਵੀ ਦੇਸ਼ ਵਿੱਚ ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਜਿਵੇਂ ਗਰੀਬੀ ਵਧ ਰਹੀ ਹੈ, ਅਮੀਰ-ਗਰੀਬ ਦਾ ਪਾੜਾ ਵਧ ਰਿਹਾ ਹੈ, ਬੇਰੁਜ਼ਗਾਰੀ ਸ਼ਿਖ਼ਰਾਂ 'ਤੇ ਹੈ, ਕੁਰੱਪਸ਼ਨ ਅਮਰਵੇਲ ਵਾਂਗ ਵਧ ਰਹੀ ਹੈ, ਉਸ ਨਾਲ 'ਧਰਮ ਦਾ ਪੱਤਾ' ਖੇਡਣ ਦੇ ਬਾਵਜੂਦ ਵੀ ਲੋਕਾਂ 'ਚ ਅਸੰਤੋਸ਼ ਹੈ, ਜੋ ਮੋਦੀ ਸਰਕਾਰ ਲਈ ਭਵਿੱਖ 'ਚ ਘਾਤਕ ਹੋ ਸਕਦਾ ਹੈ।

ਇਸ ਅਸੰਤੋਸ਼ ਅਤੇ ਸੁਪਰੀਮ ਕੋਰਟ ਦੇ ਫਰਵਰੀ ਮਹੀਨੇ ਦੇ ਅੱਧ ਵਿਚਕਾਰ ਜਦੋਂ ਚੁਣਾਵੀਂ ਬਾਂਡਾਂ ਨੂੰ ਗੈਰ-ਸੰਵਿਧਾਨਿਕ ਕਰਾਰ ਦੇਕੇ 12 ਅਪ੍ਰੈਲ 2019 ਤੋਂ ਬਾਅਦ ਜਾਰੀ ਹੋਏ ਬਾਂਡਾਂ ਦਾ ਹਿਸਾਬ-ਕਿਤਾਬ ਸਟੇਟ ਬੈਂਕ ਆਫ ਇੰਡੀਆ ਤੋਂ ਮੰਗ ਲਿਆ ਗਿਆ ਤਾਂ ਮੋਦੀ ਸਰਕਾਰ ਦੀ ਨੀਂਦ ਹਰਾਮ ਹੋ ਗਈ, ਕਿਉਂਕਿ ਦੇਸ਼ ਦੇ ਧੰਨ ਕੁਬੇਰਾਂ ਨੇ ਪੁੱਠੇ ਸਿੱਧੇ ਢੰਗ ਨਾਲ ਭਾਜਪਾ ਦੇ ਭੜੋਲੇ ਭਰ ਦਿੱਤੇ ਸਨ। ਸੁਪਰੀਮ ਕੋਰਟ ਨੇ ਫ਼ੈਸਲਾ ਲਿਆ ਕਿ ਸਾਰੇ ਲੋਕ ਇਹ ਜਾਣ ਸਕਣ ਕਿ ਪਿਛਲੇ ਪੰਜ ਸਾਲਾਂ ਵਿੱਚ ਕਿਸ ਪਾਰਟੀ ਕੋਲ ਕਿੰਨਾ ਪੈਸਾ ਕਿਥੋਂ ਜਾਂ ਕਿਸ ਵਲੋਂ ਆਇਆ ? ਮੁੱਖ ਚੋਣ ਕਮਿਸ਼ਨ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੇ ਬਿਲਕੁਲ ਸਪਸ਼ਟ ਕੀਤਾ ਸੀ ਕਿ ਵੋਟ ਦੀ ਸਹੀ ਵਰਤੋਂ ਲਈ ਲੋਕਾਂ ਅਤੇ ਖ਼ਾਸ ਕਰਕੇ ਵੋਟਰਾਂ ਨੂੰ ਪਾਰਟੀਆਂ ਦੀ ਫੰਡਿੰਗ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਹੈਰਾਨੀ ਦੀ ਗੱਲ ਤਾਂ ਇਥੇ ਇਹ ਵੀ ਹੈ ਕਿ ਸਟੇਟ ਬੈਂਕ ਆਫ਼ ਇੰਡੀਆ, ਇਹ ਸੂਚਨਾ ਮੁਹੱਈਆ ਕਰਨ ਲਈ 30 ਜੂਨ 2024 ਜਾਣੀ ਚੋਣਾਂ ਤੋਂ ਬਾਅਦ ਦਾ ਸਮਾਂ ਮੰਗ ਰਹੀ ਹੈ ਅਤੇ ਵਿਰੋਧੀ ਧਿਰਾਂ ਇਲਜ਼ਾਮ ਲਗਾ ਰਹੀਆਂ ਹਨ ਕਿ ਇਹ ਮੋਦੀ ਸਰਕਾਰ ਦੇ ਤਾਕਤਵਰ ਸਿਪਾਹਸਲਾਰਾਂ ਦੇ ਦਬਾਅ ਹੇਠ ਹੋ ਰਿਹਾ ਹੈ ਤਾਂ ਕਿ ਚੋਣਾਂ ਗੁਜ਼ਰ ਜਾਣ ਅਤੇ ਆਮ ਜਨਤਾ ਤੱਕ ਇਹ ਸੂਚਨਾ ਨਾ ਪੁੱਜੇ ਅਤੇ ਭਾਜਪਾ ਦਾ ਵੱਡੇ ਧੰਨ ਕੁਬੇਰਾਂ, ਕਾਰਪੋਰੇਟਾਂ ਦਾ ਗੱਠ ਜੋੜ ਲੋਕਾਂ ਸਾਹਵੇਂ ਨੰਗਾ ਨਾ ਹੋਵੇ।

ਦੇਸ਼ 'ਚ ਪਿਛਲੇ ਦਹਾਕੇ 'ਚ ਬਹੁਤ ਕੁਝ ਨਵਾਂ ਵਾਪਰ ਰਿਹਾ ਹੈ। ਦੇਸ਼ 'ਚ ਤਾਨਾਸ਼ਾਹੀ ਜਾਂ ਇੱਕ ਪੁਰਖਾ ਰਾਜ ਦਾ ਰੁਝਾਨ ਵਧ ਰਿਹਾ ਹੈ। ਮੋਦੀ ਸਰਕਾਰ ਵਲੋਂ ਜਿਸ ਢੰਗ ਨਾਲ ਸਰਕਾਰ ਦੇ ਕੀਤੇ ਕੰਮਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਪ੍ਰਚਾਰ ਸਾਧਨਾਂ 'ਚ ਕਿਸੇ ਦੂਜੇ ਲਈ ਥਾਂ ਹੀ ਨਹੀਂ ਬਚਣ ਦਿੱਤੀ ਜਾ ਰਹੀ, ਉਹ ਇਸ ਗੱਲ ਦਾ ਸੰਕੇਤ ਹੈ ਕਿ ਲੋਕ ਰਾਜ ਕਿਵੇਂ ਦਮ ਤੋੜਦੇ ਹਨ। ਪ੍ਰਧਾਨ ਮੰਤਰੀ ਰਲੀਫ ਫੰਡ ਦੇ ਨਾਲ ਇੱਕ ਨਵਾਂ ਫੰਡ ਪ੍ਰਾਈਮ ਮਨਿਸਟਰ ਕੇਅਰ ਫੰਡ ਬਣਾਕੇ ਉਸਨੂੰ ਆਡਿਟ (ਲੇਖੇ-ਜੋਖੇ) ਤੋਂ ਬਾਹਰ ਰੱਖਿਆ ਗਿਆ, ਉਹ ਵੀ ਅਸਲ ਵਿੱਚ ਆਪਣੀ ਮਰਜ਼ੀ ਨਾਲ ਫੰਡਾਂ ਦੀ ਵਰਤੋਂ ਕਰਨ ਲਈ ਕੀਤਾ ਗਿਆ। ਇਸ ਸਬੰਧੀ ਸੁਪਰੀਮ ਕੋਰਟ ਵਲੋਂ ਸ਼ਾਇਦ ਅਗਲੇ ਕੁਝ ਸਮੇਂ 'ਚ ਸੁਣਵਾਈ ਹੋਵੇ। ਇਸ ਸਬੰਧੀ ਫੈਸਲਾ ਵੀ ਕੇਂਦਰੀ ਹਕੂਮਤ 'ਤੇ ਪ੍ਰਸ਼ਨ ਖੜੇ ਕਰ ਸਕਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਜਿਸ ਢੰਗ ਨਾਲ ਸਰਕਾਰੀ ਪ੍ਰਚਾਰ ਸਾਧਨ, ਪ੍ਰਾਈਵੇਟ ਮੀਡੀਆ, ਨੂੰ ਹਕੂਮਤ ਵਲੋਂ ਆਪਣੇ ਪੱਖ 'ਚ ਵਰਤਿਆ ਜਾ ਰਿਹਾ ਹੈ ਅਤੇ ਸਿਰਫ਼ ਪਿਛਲੇ 10 ਸਾਲਾਂ 'ਚ ਹੀ ਵਿਕਾਸ ਹੋਇਆ, ਉਸਨੂੰ ਆਮ ਲੋਕ ਚੰਗਾ ਨਹੀਂ ਮੰਨ ਰਹੇ।

ਉਪਰੋਂ ਜਾਤ-ਪਾਤ ਨਾਲ ਗੱਠਜੋੜ ਸਿਰਜਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ ਅਤੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਮੋਦੀ ਹੈ ਤਾਂ ਮੁਮਕਿਨ ਹੈ ਤੇ ਦੇਸ਼ 'ਚ ਉਸ ਤੋਂ ਵੱਡਾ ਕੋਈ ਨੇਤਾ ਨਹੀਂ ਹੈ। ਮੋਦੀ ਨੂੰ ਚਿਹਰਾ ਬਣਾਕੇ ਹੀ ਚੋਣਾਂ ਜਿੱਤੀਆਂ ਜਾ ਰਹੀਆਂ ਹਨ। ਭਾਵੇਂ ਇਹ ਜਿੱਤਾਂ ਉਤਨਾ ਵੱਡਾ ਲੋਕ ਰਾਜ ਨਿਘਾਰ ਦਾ ਕਾਰਨ ਨਹੀਂ ਹਨ, ਪਰ ਚਿੰਤਾ ਇਸ ਗੱਲ ਤੱਕ ਵਧ ਗਈ ਹੈ ਕਿ ਲੋਕ ਰਾਜ ਸਿਰਫ਼ ਚੋਣਾਂ ਤੱਕ ਸਿਮਟ ਕੇ ਰਹਿ ਗਿਆ ਹੈ ਅਤੇ ਇਸਦੀ ਵਰਤੋਂ ਉਹਨਾ ਨਿਰੰਕੁਸ਼ ਆਗੂਆਂ ਨੂੰ ਸੱਤਾ ਤੇ ਬਿਠਾਉਣ ਦੀ ਹੈ ਜੋ ਲੋਕਰਾਜ ਦੀਆਂ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ ਕਰਦੇ। ਇਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਭਾਜਪਾ ਤਾਕਤ ਹਥਿਆਉਣ ਲਈ ਸਿਆਸੀ ਵਿਰੋਧੀਆਂ ਅਤੇ ਅਸਹਿਮਤੀ ਰੱਖਣ ਵਾਲਿਆਂ ਖਿਲਾਫ਼ ਨਿਰੰਤਰ ਹਮਲੇ ਕਰ ਰਹੀ ਹੈ ਅਤੇ ਸ਼ੋਸ਼ਲ ਮੀਡੀਆ ਰਾਹੀਂ ਉਹਨਾ ਲੋਕਾਂ ਨੂੰ ਬੇਹੁਦਗੀ ਨਾਲ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਹੜੇ ਹਕੂਮਤ ਵਿਰੁੱਧ ਕੁਝ ਵੀ ਬੋਲਦੇ ਹਨ।

ਅਸਲ ਵਿੱਚ ਭਾਜਪਾ ਨੂੰ ਲੋਕ ਵਿਰੋਧੀ ਨੀਤੀਆਂ ਕਾਰਨ ਪੈਦਾ ਹੋਏ ਵਿਰੋਧ ਦਾ ਡਰ ਸਤਾ ਰਿਹਾ ਹੈ। ਕਿਸਾਨ ਅੰਦੋਲਨ ਕਰ ਰਹੇ ਹਨ। ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਕੇ ਉਹਨਾ ਨੂੰ ਮੁੜ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ। ਮਹਿੰਗਾਈ ਅੰਤਾਂ ਦੀ ਹੈ। ਨਿੱਜੀਕਰਨ ਦਾ ਦੌਰ ਦੇਸ਼ 'ਚ ਜਾਰੀ ਹੈ। ਦੇਸ਼ ਨੂੰ ਵਿਸ਼ਵ ਕਾਰਪੋਰੇਟਾਂ ਦੀ ਬਸਤੀ ਬਨਾਉਣ ਦਾ ਯਤਨ ਹੈ। ਪਹਿਲੀ ਮਾਰਚ 2024 ਨੂੰ "ਦਿ ਹਿੰਦੂ" ਅਖ਼ਬਾਰ ਦੇ ਆਨ ਲਾਈਨ ਐਡੀਸ਼ਨ 'ਚ ਜਾਗਰਤੀ ਚੰਦਰਾ ਦੀ ਇੱਕ ਰਿਪੋਰਟ ਛਪੀ ਹੈ, ਜਿਸ 'ਚ ਬਹੁਤ ਸਾਰੀਆਂ ਅਲੋਚਨਾਤਮਕ ਟਿੱਪਣੀਆਂ ਛਪੀਆਂ ਹਨ। ਇਹ ਦੋ ਟਿੱਪਣੀਆਂ ਭਾਰਤ ਦੀ ਮੌਜੂਦਾ ਸਥਿਤੀ ਦਾ ਵਰਨਣ ਹਨ। ਇੱਕ ਵਿਅਕਤੀ ਦੀ ਟਿੱਪਣੀ ਹੈ, "ਭਾਰਤ ਵਿੱਚ ਅਡਾਨੀ ਤੇ ਅੰਬਾਨੀ ਦੀ ਜ਼ਿੰਦਗੀ ਸਵਰਗ ਵਾਂਗ ਹੈ ਅਤੇ ਸਾਡੇ ਵਰਗਿਆਂ ਲਈ ਇਹ ਨਰਕ ਬਣਿਆ ਹੋਇਆ ਹੈ", ਦੂਜੀ ਟਿੱਪਣੀ ਹੈ, "ਹੁਣ ਅਸੀਂ ਨਵਾਂ ਰੂਸ ਬਣ ਗਏ ਹਾਂ, ਇਥੇ ਉਹਨਾ ਨਾਲੋਂ ਵੀ ਵੱਡੇ ਧੰਨ ਕੁਬੇਰ ਪੈਦਾ ਹੋ ਗਏ ਹਨ"।

ਅਸਲ 'ਚ ਦੇਸ਼ ਦੇ ਲੋਕ ਅੱਜ ਡਰ ਅਤੇ ਮਾਯੂਸੀ 'ਚ ਹਨ ਅਤੇ ਭਾਜਪਾ ਇਸ ਡਰ ਅਤੇ ਮਾਯੂਸੀ ਨੂੰ ਸਮਝਦੀ ਹੈ ਅਤੇ ਹਰ ਹੀਲੇ ਲੋਕਾਂ ਨੂੰ ਭਰਮਾਕੇ, ਵਰਗਲਾਕੇ ਲੋਕਾਂ ਨੂੰ ਲੋਕ ਸਭਾ ਚੋਣਾਂ 'ਚ ਆਪਣੇ ਨਾਲ ਖੜਿਆ ਕਰਨ ਲਈ ਯਤਨਸ਼ੀਲ ਹੈ, ਸਾਮ, ਦਾਮ, ਦੰਡ ਵਰਤਕੇ ਵੀ। ਭਾਜਪਾ ਦਾ ਡਰ ਉਸ ਵੇਲੇ ਹੋਰ ਵੱਡਾ ਹੋ ਰਿਹਾ ਹੈ, ਜਦੋਂ ਉਸਨੂੰ ਇੰਡੀਆ ਗਠਜੋੜ, ਵਿਰੋਧੀ ਦਲ ਵਜੋਂ ਇਕੱਠਾ ਹੋਕੇ ਟੱਕਰ ਰਿਹਾ ਹੈ, ਭਾਵੇਂ ਕਿ ਇਸ ਗੱਠਜੋੜ 'ਚ ਕਈ ਥਾਈਂ ਤ੍ਰੇੜਾਂ ਹਨ, ਜਾਂ ਗੱਠਜੋੜ ਸੰਤੁਲਿਤ ਨਹੀਂ, ਪਰ ਦੱਖਣੀ ਭਾਰਤ 'ਚ ਭਾਜਪਾ ਨੂੰ ਵੱਡਾ ਚੈਲਿੰਜ ਹੈ, ਜਿਥੇ ਭਾਜਪਾ ਜਾਂ ਉਸ ਦੀਆਂ ਗੱਠਜੋੜ ਪਾਰਟੀਆਂ ਪਿਛਲੀਆਂ ਚੋਣਾਂ ਜਾਂ ਵਿਧਾਨ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀਆਂ। ਉਂਜ ਵੀ ਦੱਖਣੀ ਸੂਬਿਆਂ ਦੇ ਲੋਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਹੁਤੀ ਤਰਜੀਹ ਨਹੀਂ ਦਿੰਦੇ ਅਤੇ ਇਹ ਮਹਿਸੂਸ ਕਰਦੇ ਹਨ ਕਿ ਦੇਸ਼ ਦੇ ਬਜ਼ਟ 'ਚ ਦੱਖਣੀ ਸੂਬਿਆਂ ਨਾਲ ਵਿਤਕਰਾ ਹੁੰਦਾ ਹੈ, ਉਹਨਾ ਨੂੰ ਵਿਕਾਸ ਫੰਡ ਉਨ੍ਹੇ ਨਹੀਂ ਮਿਲਦੇ, ਜਿਨ੍ਹੇ ਉੱਤਰੀ ਸੂਬਿਆਂ ਯੂਪੀ, ਬਿਹਾਰ ਆਦਿ ਨੂੰ ਮਿਲਦੇ ਹਨ ਜਦਕਿ ਟੈਕਸ ਦੇਣ ਲਈ ਉਹਨਾ ਦਾ ਯੋਗਦਾਨ ਵੱਡਾ ਹੈ।

ਭਾਵੇਂ ਭਾਜਪਾ ਜਾਂ ਮੋਦੀ, ਵੋਟਰਾਂ ਨੂੰ ਵਿਕਸਤ ਭਾਰਤ ਦਾ ਸੁਪਨਾ ਵਿਖਾ ਰਹੇ ਹਨ, ਅਤੇ ਯਕੀਨ ਦੁਆ ਰਹੇ ਹਨ ਕਿ ਆਪਣੇ ਤੀਜੇ ਦੌਰ ਵਿੱਚ ਉਹਨਾ ਦੀ ਗਰੰਟੀ ਹੈ ਕਿ ਉਹ ਵਿਕਸਤ ਭਾਰਤ ਬਣਾ ਦੇਣਗੇ। ਪਰ ਆਮ ਵੋਟਰ ਜਾਣਦੇ ਹਨ ਕਿ ਅਮੀਰ ਲੋਕਾਂ ਦਾ ਧਨ ਉਹਨਾ ਤੋਂ ਖੋਹਕੇ ਗਰੀਬਾਂ ਨੂੰ ਦੇਣ ਦੀ ਗੱਲ ਝੂਠੀ ਹੈ, ਜਿਵੇਂ ਕਿ ਕਾਲੇ ਧੰਨ ਨੂੰ ਚਿੱਟਾ ਧੰਨ ਕਰਕੇ ਹਰੇਕ ਭਾਰਤੀ ਦੇ ਖਾਤੇ ਦੋ ਲੱਖ ਪਾਉਣ ਅਤੇ ਹਰ ਵਰ੍ਹੇ ਭਾਰਤੀਆਂ ਲਈ ਦੋ ਕਰੋੜ ਨੌਕਰੀਆਂ ਦੇਣ ਦੀ ਗੱਲ ਝੂਠੀ ਅਤੇ ਚੋਣ ਜੁਮਲਾ ਹੀ ਰਹੀ।

**ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ । ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ।**

# ਮੰਗਲਮਈ ਕਾਰਜਾਂ ਉੱਤੇ ਵਜਾਇਆ ਜਾਣ ਵਾਲਾ ਸਾਜ਼ 'ਸ਼ਹਿਨਾਈ'

ਪ੍ਰੋ. ਜਗਪਿੰਦਰ ਪਾਲ ਸਿੰਘ

ਉੱਤਰੀ ਭਾਰਤੀ ਸੰਗੀਤ ਦੀ ਵਾਦਨ ਪਰੰਪਰਾ 'ਚ ਖ਼ਾਸ ਕਰਕੇ ਉੱਤਰ ਪ੍ਰਦੇਸ਼ ਤੇ ਬਿਹਾਰ 'ਚ ਸ਼ਹਿਨਾਈ ਸਾਜ਼ ਦੀ ਮਹੱਤਵਪੂਰਨ ਭੂਮਿਕਾ ਹੈ। ਇਸ ਸਾਜ਼ ਦੀ ਅਹਿਮੀਅਤ ਇਸ ਕਰਕੇ ਵੀ ਹੈ, ਕਿਉਂਕਿ ਸ਼ਹਿਨਾਈ ਸਾਜ਼ ਨੂੰ ਸ਼ੁੱਭ ਜਾਂ ਮੰਗਲਮਈ ਕਾਰਜਾਂ ਉੱਤੇ ਵਜਾਇਆ ਜਾਂਦਾ ਹੈ। ਇਸ ਲਈ ਸ਼ਹਿਨਾਈ ਨੂੰ ਮਾਂਗਲਿਕ ਸਾਜ਼ ਦੀ ਸੰਗਿਆ ਵੀ ਦਿੱਤੀ ਗਈ ਹੈ। ਵਿਦਵਾਨਾਂ ਅਨੁਸਾਰ ਇਸ ਦਾ ਅਸਲ ਨਾਂਅ 'ਸ਼ਾਹ ਨੇਯ' ਹੈ, ਜਿਸ ਦਾ ਅਰਥ ਹੈ 'ਸ਼ਾਹ' ਭਾਵ ਬਾਦਸ਼ਾਹ, 'ਨੇਯ' ਦਾ ਅਰਥ ਫ਼ੂਕ ਨਾਲ ਵੱਜਣ ਵਾਲਾ ਸਾਜ਼। ਇਸ ਤੋਂ ਇਹ ਭਾਵ ਹੈ ਕਿ ਸ਼ਹਿਨਾਈ ਫੂਕ ਨਾਲ ਵੱਜਣ ਵਾਲੇ ਸਾਰੇ ਸਾਜ਼ਾਂ ਦਾ ਬਾਦਸ਼ਾਹ ਹੈ। ਸ਼ਹਿਨਾਈ ਦੇ ਇਕ ਹੋਰ ਅਰਥ ਅਨੁਸਾਰ ਪਹਿਲੀ ਵਾਰ ਬਾਦਸ਼ਾਹ ਦੇ ਦਰਬਾਰ 'ਚ ਇਸ ਦਾ ਵਾਦਨ ਨਾਈ ਦੁਆਰਾ ਕੀਤਾ ਗਿਆ। ਸ਼ਾਹ ਭਾਵ ਬਾਦਸ਼ਾਹ ਅਤੇ ਨਾਈ ਭਾਵ ਜਾਤ ਤੋਂ ਮੰਨਿਆ ਗਿਆ ਹੈ। ਕੁਝ ਵਿਦਵਾਨਾਂ ਅਨੁਸਾਰ ਸ਼ਹਿਨਾਈ ਨੂੰ ਬੀਨ (ਪੱਤਰੇ ਨਾਲ ਆਵਾਜ਼ ਪੈਦਾ ਕਰਕੇ) 'ਚ ਸੁਧਾਰ ਕਰਕੇ ਵਿਕਸਿਤ ਕੀਤਾ ਗਿਆ ਹੈ। ਸੰਗੀਤ ਪਾਰਿਜਾਤ 'ਚ ਸ਼ਹਿਨਾਈ ਸਾਜ਼ ਨੂੰ ਸੁਨਾਦੀ ਕਿਹਾ ਗਿਆ ਹੈ; ਕਿਉਂਕਿ ਸੁਨਾਦੀ ਸਾਜ਼ ਸ਼ਹਿਨਾਈ ਨਾਲ ਮਿਲਦਾ-ਜੁਲਦਾ ਸਾਜ਼ ਹੈ। ਇਸ ਤੋਂ ਇਹ ਅੰਦਾਜ਼ਾ ਲਗਾਇਆ ਗਿਆ ਕਿ ਸੁਨਾਦੀ ਨੂੰ ਹੀ ਬਾਅਦ 'ਚ ਸ਼ਹਿਨਾਈ ਕਿਹਾ ਜਾਣ ਲੱਗਿਆ। ਪੰਡਿਤ ਸਾਰੰਗ ਦੇਵ ਦੇ ਗ੍ਰੰਥ ਸੰਗੀਤ ਰਤਨਾਕਰ 'ਚ ਮਧੁਕਰੀ ਨਾਮਕ ਸਾਜ਼ ਦਾ ਉਲੇਖ ਮਿਲਦਾ ਹੈ, ਜੋ ਕਿ ਇਕ ਸੁਸ਼ਿਰ ਸਾਜ਼ ਸੀ। ਅਤੀਤ ਵਿਚ ਸ਼ਹਿਨਾਈ ਨੂੰ ਰਾਜ ਦਰਬਾਰਾਂ 'ਚ ਹੀ ਵਜਾਇਆ ਜਾਂਦਾ ਸੀ। ਇਸ ਤੋਂ ਇਲਾਵਾ ਹਿੰਦੂ ਮੰਦਰਾਂ ਅਤੇ ਵਿਆਹ ਦੇ ਸ਼ੁੱਭ ਕਾਰਜਾਂ 'ਚ ਵੀ ਇਸ ਦਾ ਵਾਦਨ ਹੋਣ ਲੱਗਿਆ, ਪ੍ਰੰਤੂ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ 'ਚ ਮੰਚ ਉੱਤੇ ਇਸ ਦੇ ਵਾਦਨ ਕਰਨ ਦਾ ਸਿਹਰਾ ਉਸਤਾਦ ਬਿਸਮਿੱਲਾ ਖ਼ਾਨ ਨੂੰ ਹੀ ਜਾਂਦਾ ਹੈ। ਸ਼ਹਿਨਾਈ ਜਾਂ ਪੱਤਰੇ ਦੁਆਰਾ ਧੁਨੀ ਉਤਪੰਨ ਕਰਨ ਵਾਲੇ ਸੁਸ਼ਿਰ ਸਾਜ਼ਾਂ ਤਹਿਤ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ 'ਚ ਵੱਖਰੇ-ਵੱਖਰੇ ਨਾਵਾਂ ਨਾਲ ਪ੍ਰਚਲਿਤ ਸਾਜ਼ ਲੋਕ ਸੰਗੀਤ 'ਚ ਵਿਸ਼ੇਸ਼ ਸਥਾਨ ਰੱਖਦੇ ਹਨ, ਜਿਨ੍ਹਾਂ 'ਚ ਬੀਨ (ਪੰਜਾਬ ਅਤੇ ਉੱਤਰ ਪ੍ਰਦੇਸ਼) ਨਾਗਸਵਰਮ (ਆਂਧਰਾ ਪ੍ਰਦੇਸ਼), ਟਰਪੁ (ਗੁਜਰਾਤ), ਪੁੰਗੀ (ਦੱਖਣ ਭਾਰਤ), ਮੁਰਲਾ (ਰਾਜਸਥਾਨ), ਤੂਤੀ (ਤਾਮਿਲਨਾਡੂ), ਸੁਰਨਾਈ (ਜੰਮੂ-ਕਸ਼ਮੀਰ), ਪੀਪਨੀ ਜਾਂ ਸੁੰਦਰੀ (ਮਹਾਰਾਸ਼ਟਰ), ਮੋਹੁਰੀ (ਓਡੀਸ਼ਾ) ਮੋਟੀ ( ਕਰਨਾਟਕਾ), ਨਫੀਰੀ (ਦਿੱਲੀ), ਸਰਨਾਏ (ਹਿਮਾਚਲ ਪ੍ਰਦੇਸ਼) ਵਿਸ਼ੇਸ਼ ਹਨ। ਰਾਜਸਥਾਨ 'ਚ ਕਠਪੁਤਲੀ ਨਾਚ 'ਚ ਪਿਪਰੀ ਜਾਂ ਬੇਲੀ ਸਾਜ਼ ਵਜਾਇਆ ਜਾਂਦਾ ਹੈ। ਵਾਦਕ ਆਪਣੇ ਮੂੰਹ 'ਚ ਰੱਖ ਕੇ ਇਸ ਦਾ ਵਾਦਨ ਕਰਦੇ ਹਨ, ਜਿਸ ਦੀ ਆਵਾਜ਼ ਤਿੱਖੀ ਅਤੇ ਆਕਰਸ਼ਿਤ ਹੁੰਦੀ ਹੈ। ਉਪਰੋਕਤ ਲਗਭਗ ਸਾਰੇ ਸਾਜ਼ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੇ ਲੋਕ ਸੰਗੀਤ ਦੇ ਪ੍ਰਮੁੱਖ ਸਾਜ਼ ਹਨ। ਸ਼ਹਿਨਾਈ ਸਾਜ਼ ਦਾ ਮੁੱਖ ਭਾਗ ਪੱਤਰਾ ਜਾਂ ਰੀਡ ਹੁੰਦੀ ਹੈ। ਜੋ ਕਿ ਇਕ ਕਿਸਮ ਦਾ ਘਾਹ ਹੁੰਦਾ ਹੈ, ਜੋ ਨਦੀ ਕਿਨਾਰੇ 'ਤੇ ਦਲਦਲ 'ਚ ਪਾਇਆ ਜਾਂਦਾ ਹੈ। ਵੈਸੇ ਤਾਂ ਇਹ ਹਰ ਨਦੀ ਕਿਨਾਰੇ ਮਿਲ ਜਾਂਦਾ ਹੈ ਪ੍ਰੰਤੂ ਬਿਹਾਰ ਦੀ ਸੋਨ ਨਦੀ ਅਤੇ ਬਕਸਰ ਜ਼ਿਲ੍ਹੇ ਦੇ ਡੁਮਰਾਂਵ 'ਚ ਇਹ ਬਹੁਤ ਜ਼ਿਆਦਾ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਦਾ ਆਕਾਰ 1.5 ਇੰਚ ਹੁੰਦਾ ਹੈ। ਦੂਸਰਾ ਭਾਗ ਨਰੀ ਹੁੰਦਾ ਹੈ, ਜੋ ਪੱਤਰੇ ਤੇ ਡਾਂਡ ਨੂੰ ਜੋੜਦਾ ਹੈ। ਇਹ ਕਿਸੇ ਧਾਤ ਦਾ ਬਣਿਆ ਹੁੰਦਾ ਹੈ ਇਸ ਦੀ ਲੰਬਾਈ 8-9 ਸੈਂਟੀਮੀਟਰ ਹੁੰਦੀ ਹੈ। ਡਾਂਡ ਇਸ ਦਾ ਤੀਜਾ ਭਾਗ ਹੈ, ਇਸ 'ਚ ਸੱਤ ਸੁਰਾਖ ਹੁੰਦੇ ਹਨ। ਇਸ ਦੀ ਲੰਬਾਈ ਲਗਭਗ ਇਕ ਫੁੱਟ ਹੁੰਦੀ ਹੈ, ਇਹ ਸਾਗਵਾਨ ਲੱਕੜ ਦਾ ਬਣਿਆ ਹੁੰਦਾ ਹੈ। ਪਿਆਲਾ ਸ਼ਹਿਨਾਈ ਦਾ ਆਖਰੀ ਭਾਗ ਹੁੰਦਾ ਹੈ, ਜੋ ਇਸ ਦੇ ਅਗਲੇ ਸਿਰੇ 'ਤੇ ਲੱਗਦਾ ਹੈ ਇਹ ਪਿੱਤਲ ਜਾਂ ਸਟੀਲ ਦਾ ਹੁੰਦਾ ਹੈ। ਪ੍ਰਸਿੱਧ ਸ਼ਹਿਨਾਈ ਵਾਦਕਾਂ 'ਚ ਅਨੰਤ ਲਾਲ, ਸ਼ੈਲੇਸ਼ ਭਾਗਵਤ, ਅਲੀ ਅਹਿਮਦ ਹੁਸੈਨ ਖਾਨ ਵਿਸ਼ੇਸ਼ ਹਨ।



-ਮੁਖੀ ਪੋਸਟ ਗ੍ਰੈਜੂਏਟ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗ
ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ।

# ✶ ਮਿੰਨੀ ਕਹਾਣੀਆਂ ✶

## ਸਿਫਾਰਿਸ਼

ਰੇਨੂੰ ਦੀ ਇੱਕ ਨਵੇਂ ਬਣੇ ਗਰਲਜ਼ ਕਾਲਜ ਵਿੱਚ ਲੈਕਚਰਾਰ ਵਜੋਂ ਨਿਯੁਕਤੀ ਹੋਈ ਤਾਂ ਉਹਦੇ ਬਾਰੇ ਸਾਰਿਆਂ ਦੀ ਜ਼ਬਾਨ ਤੇ ਇੱਕੋ ਗੱਲ ਸੀ ਕਿ ਉਹ ਸਥਾਨਕ ਐਮਐਲਏ ਦੀ ਭਤੀਜੀ ਹੈ। ਇਸੇਲਈ ਉਹਦੀ ਸਿਲੈਕਸ਼ਨ ਹੋਈ ਹੈ, ਨਹੀਂ ਤਾਂ ਉਸਤੋਂ ਚੰਗੇ ਹੋਰ ਕੈਂਡੀਡੇਟ ਵੀ ਸਨ। ਕਾਲਜ ਦੇ ਸਾਰੇ ਕਰਮਚਾਰੀ ਉਸਦਾ ਸਤਿਕਾਰ ਕਰਦੇ, ਭਾਵੇਂ ਉਹ ਉੱਥੇ ਸਭ ਤੋਂ ਜੂਨੀਅਰ ਸੀ। ਹੋਰ ਤਾਂ ਹੋਰ ਪ੍ਰਿੰਸੀਪਲ ਵੀ ਉਸ ਨਾਲ ਵਧੀਆ ਵਿਹਾਰ ਕਰਦੀ ਕਿ ਕਦੇ ਐਮਐਲਏ ਦੀ ਲੋੜ ਪੈ ਸਕਦੀ ਹੈ। ਕਾਲਜ ਦੀ ਹੀ ਇੱਕ ਸੀਨੀਅਰ ਅਧਿਆਪਕਾ ਸਰੋਜ, ਜੋ ਰੇਨੂੰ ਦੇ ਵਿਭਾਗ ਦੀ ਮੁਖੀ ਵੀ ਸੀ, ਨੇ ਇੱਕ ਦਿਨ ਸਟਾਫ਼ ਨੂੰ ਦੱਸਿਆ, "ਜੇ ਇਹ ਐਮਐਲਏ ਦੀ ਭਤੀਜੀ ਹੁੰਦੀ ਤਾਂ ਇਹਨੇ ਇਸੇ ਕਾਲਜ ਵਿੱਚ ਲੱਗਣਾ ਸੀ? ਇਹ ਤਾਂ ਯੂਨੀਵਰਸਿਟੀ 'ਚ ਸਿਲੈਕਟ ਹੋ ਸਕਦੀ ਸੀ। ਅਸਲ ਗੱਲ ਇਹ ਹੈ ਕਿ ਇਹ ਐਮਐਲਏ ਦੇ ਪਿਤਾ ਨੂੰ ਦੂਰੋਂ-ਪਾਰੋਂ ਮਾੜਾ-ਮੋਟਾ ਜਾਣਦੀ ਹੈ, ਬੱਸ ਇਸੇ ਨਾਲ ਇਹਦਾ 'ਤੁੱਕਾ' ਲੱਗ ਗਿਆ।"

ਹੁਣ ਸਾਰੇ ਰੇਨੂੰ ਤੋਂ ਡਰਨ ਦੀ ਥਾਂ ਉਹਨੂੰ ਚੁਭਣ ਵਾਲੀਆਂ ਨਜ਼ਰਾਂ ਨਾਲ ਵੇਖਣ ਲੱਗੇ।

-ਪ੍ਰੋ. ਨਵ ਸੰਗੀਤ ਸਿੰਘ

## ਮਜਬੂਰੀ

ਉਹ ਗੋਰੀ-ਚਿੱਟੀ ਦਰਮਿਆਨੇ ਕਦ - ਕਾਠ ਦੀ ਸੋਹਣੀ-ਸੁਨੱਖੀ ਕੁੜੀ ਨੂੰ ਜਦ ਮੈਂ ਇੱਕ ਲੰਮੇ-ਸਲੰਮੇ, ਕਾਲੇ ਕਲੂਟੇ ਆਦਮੀ ਨਾਲ ਤੁਰੇ ਜਾਂਦਿਆਂ ਦੇਖਿਆ ਤਾਂ ਮੈਂ ਹੈਰਾਨੀ 'ਚ ਇਕਦਮ ਗੀਤਾ ਤੋਂ ਪੁੱਛਿਆ, "ਗੀਤਾ ਇਹ ਆਪਸ 'ਚ ਕੀ ਲੱਗਦੇ ਨੇ?" "ਪਤੀ -ਪਤਨੀ।"

"ਕੀ?"

ਮੈਂ ਇਕਦਮ ਜਿਵੇਂ ਤ੍ਰਬਕ ਹੀ ਪਈ ਪਈ। "ਅਜਿਹਾ ਬੇ-ਮੇਲ ਜੋੜਾ, ਪਰ ਇਹ ਰੱਬ ਦਾ ਮਿਲਾਇਆ ਤਾਂ ਨਹੀਂ ਲੱਗਦਾ।" "ਨੀ ਹਾਂ ਨੀ ਪ੍ਰੀਤੀ, ਇਹ ਜੋੜਾ ਵਾਕਿਆ ਈ ਰੱਬ ਦਾ ਮਿਲਾਇਆ ਨੀ। ਇਹ ਬੰਦਾ ਏਸ ਕੁੜੀ ਨੂੰ ਪਿਆਰ ਕਰਦਾ ਸੀ, ਪਰ ਕੁੜੀ ਨਹੀਂ ਸੀ ਕਰਦੀ। ਇਹਨੇ ਜਬਰਦਸਤੀ ਕੁੜੀ ਦੀ ਪੱਤ (ਇੱਜ਼ਤ) ਲੁੱਟ ਲਈ ਲ ਮਜਬੂਰੀ 'ਚ ਕੁੜੀ ਨੇ ਇਹਦੇ ਨਾਲ ਵਿਆਹ.....।"

"ਪਰ ਕੀ ਹੁਣ ਇਹ ਕੁੜੀ ਇਹਨੂੰ ਪਿਆਰ ਕਰਨ ਲੱਗ ਗਈ ਏ?" ਮੈਂ ਹੈਰਾਨੀ 'ਚ ਪੁੱਛਿਆਲ "ਨੀ ਕਿੱਥੋਂ?" ਉਹ ਤਾਂ ਇਹਨੂੰ ਨਫਰਤ ਕਰਦੀ ਏ, ਸਿੱਧੇ ਮੂੰਹ ਗੱਲ ਤੱਕ ਨਹੀਂ ਕਰਦੀ ਇਹਦੇ ਨਾਲ ਲ ਹੁਣ ਤਾਂ ਚਾਹੇ ਇਹ ਮਾਫੀਆਂ ਮੰਗ -ਮੰਗ ਹਾਰ ਗਿਆ ਲ ਪਰ ਉਹ ਟੱਸ ਤੋਂ ਮੱਸ ਨਹੀਂ ਹੋਈ ਲ ਇਹਦੇ ਅੰਦਰ ਤਾਂ ਨਫਰਤ ਦਾ ਗੁਬਾਰ ਭਰਿਆ ਪਿਐ।

"ਪਰ ਗੀਤਾ, ਤੂੰ ਈ ਦੱਸ ਲ ਇੱਕ ਇੱਜ਼ਤ ਲੁੱਟਣ ਵਾਲੇ ਨਾਲ ਕੋਈ ਪਿਆਰ ਕਿਵੇਂ ਕਰ ਸੱਕਦਾ ਐ, ਕਿਉਂਕਿ ਅਜਿਹੇ ਇਨਸਾਨਾਂ 'ਚ ਸਿਰਫ ਸ਼ਰੀਰਾਂ ਦੀ ਭੁੱਖ ਹੀ ਹੁੰਦੀ ਐਲ ਸੱਚੇ ਪਿਆਰ ਦਾ ਮੋਹ ਨਹੀਂ ਲ ਅਜਿਹੇ ਇਨਸਾਨ ਤਾਂ ਧਰਤੀ ਤੇ ਬੋਝ ਵਾਂਗ ਹਨ ਜਿਹੜੇ ਔਰਤ ਦੀ.....ਪਰ ਅਗਰ ਇਹ ਸੱਚਮੁੱਚ ਉਸਨੂੰ ਪਿਆਰ ਕਰਦਾ ਸੀ ਤਾਂ ਉਸਦਾ ਮਨ ਜਿੱਤਦਾ, ਕਿਉਂਕਿ ਸੱਚੇ ਪਿਆਰ ਦਰਮਿਆਨ ਤਾਂ ਕੋਈ ਵੀ ਗੱਲ ਮਾਇਨਾ ਨਹੀਂ ਰੱਖਦੀ।"

"ਤੂੰ ਸੱਚ ਕਹਿ ਰਹੀ ਆ ਪ੍ਰੀਤੀ, ਇਸ ਆਦਮੀ ਨੇ ਜਬਰੀ ਇਸਦਾ ਸ਼ਰੀਰ ਤਾਂ ਪ੍ਰਾਪਤ ਕਰ ਲਿਆ, ਪਰ ਮਨ ਕਦੇ ਵੀ ਪ੍ਰਾਪਤ ਨਹੀਂ ਕਰ ਸੱਕਦਾ।" ਅਸੀਂ ਗੱਲਾਂ ਕਰ ਹੀ ਰਹੀਆਂ ਸੀ ਕਿ ਉਹ ਜੋੜਾ ਫਿਰ ਵਾਪਿਸ ਆਉਂਦਾ ਦਿਸ ਪਿਆਲ

ਚਿਹਰੇ ਤੋਂ ਮਰਦ ਨਾਕਾਮਯਾਬ ਤੇ ਔਰਤ ਬੇ -ਹੱਦ ਨਾਖੁਸ਼ ਜਾਪ ਰਹੀ ਸੀ। ਪਰ ਫਿਰ ਵੀ ਉਹ ਕਦਮ ਮਿਲਾਉਂਦੇ ਹੋਏ ਸੜਕ ਪਾਰ ਕਰਦੇ ਜਾ ਰਹੇ ਸੀ ਤੇ ਅਸੀਂ ਇੱਕਟੱਕ ਉਹਨਾਂ ਨੂੰ ਤੱਕੀ ਜਾ ਰਹੀਆਂ ਸੀ।

-ਮਨਪ੍ਰੀਤ ਕੌਰ ਭਾਟੀਆ

## ਵਿਆਹ ਦਾ ਕਾਰਡ

ਦੀਪੋ ਦੇ ਪਤੀ ਦੀ ਤਿੰਨ ਸਾਲ ਪਹਿਲਾਂ 'ਹਰਟ ਅਟੈਕ' ਨਾਲ ਮੌਤ ਹੋ ਗਈ ਸੀ। ਦੀਪੋ ਦੀਆਂ ਦੋ ਕੁੜੀਆਂ ਤੇ ਇੱਕ ਮੁੰਡਾ ਸੀ। ਵੱਡੀ ਕੁੜੀ ਪਲੱਸ ਟੂ ਕਰਕੇ ਘਰ ਬੈਠੀ ਸੀ।ਉਸ ਨੂੰ ਅੱਗੇ ਪੜ੍ਹਾਉਣ ਦੀ ਦੀਪੋ ਵਿੱਚ ਹਿੰਮਤ ਨਹੀਂ ਸੀ।ਅਖੀਰ ਉਸ ਨੇ ਇੱਕ ਪ੍ਰਾਈਵੇਟ ਨੌਕਰੀ ਕਰਦਾ ਮੁੰਡਾ ਲੱਭ ਕੇ ਉਸ ਦੇ ਹੱਥ ਪੀਲੇ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਘੱਟ ਮੁੱਲ ਵਾਲੇ ਵਿਆਹ ਦੇ ਕਾਰਡ ਛਪਾਏ। ਉਹ ਸਭ ਤੋਂ ਪਹਿਲਾਂ ਵਿਆਹ ਦਾ ਕਾਰਡ ਤਰਸੇਮ ਸਿੰਘ ਜ਼ਿਮੀਂਦਾਰ ਦੇ ਘਰ ਵੱਲ ਲੈ ਕੇ ਤੁਰ ਪਈ। ਉਹ ਉਸ ਦੇ ਖੇਤਾਂ ਵਿੱਚ ਕਦੇ ਮਟਰ ਤੋੜਨ ਤੇ ਕਦੇ ਮੱਕੀ ਵੱਢਣ ਜਾਂਦੀ ਸੀ। ਤਰਸੇਮ ਸਿੰਘ ਜ਼ਿਮੀਂਦਾਰ ਦੇ ਘਰ ਪਹੁੰਚ ਕੇ ਦੀਪੋ ਨੇ ਬੜੀ ਹਲੀਮੀ ਨਾਲ ਆਖਿਆ, "ਮੈਂ ਆਪਣੀ ਕੁੜੀ ਦਾ ਵਿਆਹ ਏਸੇ ਮਹੀਨੇ ਦੀ ਵੀਹ ਤਰੀਕ ਦਾ ਰੱਖਿਆ ਆ।ਆਹ ਲਉ ਉਸ ਦੇ ਵਿਆਹ ਦਾ ਕਾਰਡ। ਵੀਹ ਤਰੀਕ ਨੂੰ ਸਾਡੇ ਘਰ ਜ਼ਰੂਰ ਆਇਓ।"

ਤਰਸੇਮ ਸਿੰਘ ਜ਼ਿਮੀਂਦਾਰ ਨੇ ਉਸ ਤੋਂ ਵਿਆਹ ਦਾ ਕਾਰਡ ਲੈਂਦੇ ਹੋਏ ਆਖਿਆ, "ਆਹ ਲੈ ਸ਼ਗਨ ਦਾ ਸੌ ਰੁਪਿਆ। ਮੈਂ ਵਿਆਹ ਵਾਲੇ ਦਿਨ ਤੇਰੇ ਘਰ ਸ਼ੈਦ ਨਾ ਆ ਸਕਾਂ, ਪਰ ਮੈਂ ਕਿਸੇ ਨਾ ਕਿਸੇ ਨੂੰ ਵਿਆਹ ਤੇ ਜ਼ਰੂਰ ਭੇਜਾਂਗਾ।"

ਇਹ ਸੁਣ ਕੇ ਦੀਪੋ ਸੁੰਨ ਜਹੀ ਹੋ ਗਈ। ਉਹ ਤਾਂ ਘਰ ਤੋਂ ਇਹ ਸੋਚ ਕੇ ਆਈ ਸੀ ਕਿ ਤਰਸੇਮ ਸਿੰਘ ਜ਼ਿਮੀਂਦਾਰ ਦੇ ਪੱਚੀ ਕਿੱਲੇ ਜ਼ਮੀਨ ਦੇ ਆ। ਹਰ ਸਾਲ ਝੋਨਾ, ਮਟਰ, ਆਲੂ ਤੇ ਮੱਕੀ ਬਥੇਰੀ ਹੁੰਦੀ ਆ।ਉਸ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਉਹ ਉਸ ਦੀ ਵਿਆਹ ਵਿੱਚ ਚੰਗੀ ਮਦਦ ਕਰੇਗਾ, ਪਰ ਉਹ ਤਾਂ ਨਿਰਾ ਗੋਹਾ ਨਿਕਲਿਆ। ਉਸ ਨੇ ਨਾ ਚਾਹੁੰਦਿਆਂ ਹੋਇਆਂ ਵੀ ਸੌ ਰੁਪਏ ਦਾ ਨੋਟ ਫੜ ਲਿਆ ਤੇ ਮੂੰਹ ਲਟਕਾ ਕੇ ਉਸ ਦੇ ਘਰ ਤੋਂ ਤੁਰ ਪਈ।

-ਮਹਿੰਦਰ ਸਿੰਘ ਮਾਨ

# ਪੰਜਾਬੀ ਸਮਾਜ ਵਿਚ ਵਿਚੋਲੇ ਦਾ ਮਹੱਤਵ

ਹਾਸ ਵਿਅੰਗ

ਜੋਗਿੰਦਰ ਕੌਰ ਅਗਨੀਹੋਤਰੀ



ਵਿਚੋਲੇ ਵੱਲੋਂ ਚੰਗਾ ਸਬੰਧ ਜੋੜਨ ਲਈ ਉਸ ਦਾ ਆਦਰ-ਮਾਣ ਕੀਤਾ ਜਾਂਦਾ ਹੈ। ਘਰ ਆਉਣ 'ਤੇ ਵਿਚੋਲੇ ਦੀ ਪੂਰੀ ਖ਼ਾਤਰਦਾਰੀ ਕੀਤੀ ਜਾਂਦੀ ਹੈ ਕਿਉਂਕਿ ਦੋਵਾਂ ਘਰਾਂ ਦੀ ਪੱਤ ਦਾ ਰਾਖਾ ਉਹੀ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜੇਕਰ ਕਿਸੇ ਪਾਸੇ ਕੋਈ ਕਮੀ ਵੀ ਰਹਿ ਜਾਂਦੀ ਹੈ ਤਾਂ ਉਹ ਸਮਝਾ ਕੇ ਇੱਕ ਦੂਜੇ ਨੂੰ ਚੁੱਪ ਕਰਵਾ ਦਿੰਦਾ ਹੈ। ਵਿਆਹ ਵਿੱਚ ਲੈਣ-ਦੇਣ ਅਤੇ ਹੋਰ ਪਰੰਪਰਾਵਾਂ ਦੀ ਪਾਲਣਾ ਕਰਨ ਲਈ ਉਹ ਆਪਣਾ ਮਹੱਤਵਪੂਰਨ ਕਿਰਦਾਰ ਨਿਭਾਉਂਦਾ ਹੈ। ਇਸ ਕਰਕੇ ਹੀ ਉਹ ਇਸ ਮਹੱਤਵਪੂਰਨ ਕਾਰਜ ਨੂੰ ਸਿਰੇ ਚੜ੍ਹਾਉਂਦਾ ਹੈ। ਕੁੜੀ ਵਾਲੇ ਵਿਚੋਲੇ ਅਤੇ ਵਿਚੋਲਣ ਦਾ ਮਾਣ ਸੂਟ ਅਤੇ ਕੰਬਲ/ਖੇਸ, ਮਿਠਾਈ ਆਦਿ ਦੇ ਕੇ ਕਰਦੇ ਹਨ ਜਦਕਿ ਮੁੰਡੇ ਵਾਲੇ ਵਿਚੋਲੇ ਅਤੇ ਵਿਚੋਲਣ ਦਾ ਮਾਣ ਸੂਟ ਅਤੇ ਕੰਬਲ/ਖੇਸ, ਮਿਠਾਈ ਆਦਿ ਤੋਂ ਬਿਨਾ ਛਾਪ (ਮੁੰਦਰੀ) ਵੀ ਪਾਉਂਦੇ ਹਨ। ਅਜਿਹਾ ਮਾਣ ਅਪਣੱਤ ਵਜੋਂ ਕੀਤਾ ਜਾਂਦਾ ਹੈ ਕਿਉਂਕਿ ਉਸ ਨੂੰ ਦੋਵੇਂ ਘਰਾਂ ਦਾ ਭੇਤ ਹੁੰਦਾ ਹੈ। ਦੋਵੇਂ ਘਰ ਉਸ ਨੂੰ ਆਪਣਾ ਸਮਝਦੇ ਹਨ। ਜਦੋਂ ਉਹ ਵਿਚੋਲੇ ਨੂੰ ਆਪਣਾ ਮੰਨ ਲੈਂਦੇ ਹਨ ਤਾਂ ਉਨ੍ਹਾਂ ਦਾ ਉਸ ਉੱਤੇ ਆਪਣਿਆਂ ਵਾਂਗ ਹੀ ਅਧਿਕਾਰ ਹੋ ਜਾਂਦਾ ਹੈ।

ਸੋ ਰਿਸ਼ਤੇਦਾਰਾਂ ਨਾਲ ਵਿਚੋਲੇ ਲਈ ਵੀ ਗੀਤ ਗਾਏ ਜਾਂਦੇ ਹਨ। ਵਿਚੋਲੇ ਦੀ ਚੰਗੀ ਕਾਰਗੁਜ਼ਾਰੀ ਦੇਖ ਕੇ ਉਸ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਅਸੀਸਾਂ ਦਿੱਤੀਆਂ ਜਾਂਦੀਆਂ ਹਨ ਕਿ ਉਸ ਨੇ ਵਧੀਆ ਮੇਲ ਮਿਲਾਇਆ ਹੈ:

*ਵਿਚੋਲਿਆ ਵੇ ਤੇਰਾ ਪੁੱਤ ਜੀਵੇ*
*ਸਾਡਾ ਜੀਵੇ ਵੇ ਪਰਿਵਾਰ।*
*ਐਸਾ ਬੂਟਾ ਲਾ ਦਿੱਤਾ*
*ਜਿਹੜਾ ਸੋਹੇ ਬਾਬਲ ਦੇ ਬਾਰ।*

ਇਹ ਦੋਹਾ ਮੁੰਡੇ ਅਤੇ ਕੁੜੀ ਵਾਲੇ ਦੋਵੇਂ ਹੀ ਲਾਉਂਦੇ ਹਨ ਕਿਉਂਕਿ ਘਰ ਵਿੱਚ ਜੁਆਈ ਚੰਗਾ ਆ ਜਾਵੇ ਤਾਂ ਸਭ ਨੂੰ ਵਧੀਆ ਲੱਗਦਾ ਹੈ। ਇਸ ਲਈ ਜੇਕਰ ਨੂੰਹ ਚੰਗੀ ਆ ਜਾਵੇ ਤਾਂ ਵੀ ਪਰਿਵਾਰ ਖ਼ੁਸ਼ ਕਿਉਂਕਿ ਨੂੰਹਾਂ ਹੀ ਘਰ ਦੀਆਂ ਨੀਹਾਂ ਹੁੰਦੀਆਂ ਹਨ। ਉਨ੍ਹਾਂ ਨਾਲ ਹੀ ਘਰ ਸਵਰਗ ਬਣਦਾ ਹੈ ਅਤੇ ਦੇਹਲੀ ਭਾਵ ਵੰਸ਼ ਵਧਦੀ ਹੈ। ਵਿਚੋਲੇ ਦੀ ਪ੍ਰਸ਼ੰਸਾ ਕਰਨ ਤੋਂ ਬਾਅਦ ਮਖੌਲ ਕਰਨ ਭਾਵ ਸਿੱਠਣੀਆਂ ਦੀ ਲੜੀ ਵੀ ਸ਼ੁਰੂ ਹੋ ਜਾਂਦੀ ਹੈ। ਪ੍ਰਸ਼ੰਸਾ ਦਾ ਪਾਤਰ ਵਿਚੋਲਾ ਨਿੰਦਿਆ ਦੀ ਜਕੜ ਵਿੱਚ ਆ ਜਾਂਦਾ ਹੈ। ਸਿੱਠਣੀਆਂ ਰਾਹੀਂ ਉਸ ਦੀ ਖ਼ੂਬ ਲਾਹ ਪਾਹ ਕੀਤੀ ਜਾਂਦੀ ਹੈ। ਵਿਚੋਲੇ ਨੂੰ ਬੇਸ਼ਰਮ ਹਾਸੀ ਹੱਸਣੀ ਪੈਂਦੀ ਹੈ ਅਤੇ ਸਬਰ ਕਰਨਾ ਪੈਂਦਾ ਹੈ ਕਿਉਂਕਿ ਉਹ ਗੀਤਾਂ ਰਾਹੀਂ ਉਸ ਦੀ ਬੇਇੱਜ਼ਤੀ ਕਰ ਰਹੀਆਂ ਨਾਲ ਉਹ ਮੁਕਾਬਲਾ ਕਿਵੇਂ ਕਰੇ? ਸਿੱਠਣੀਆਂ ਵਾਲੀਆਂ ਤਾਂ ਇੱਕ ਤੋਂ ਇੱਕ ਸਿੱਠਣੀ ਤਿਆਰ ਰੱਖਦੀਆਂ ਹਨ। ਪਹਿਲੀ ਸਿੱਠਣੀ ਇਹ ਹੁੰਦੀ ਹੈ:

*ਕੁੜਮੋਂ ਕੁੜਮੀ ਵਰਤਣਗੇ*
*ਵਿਚੋਲੇ ਬੈਠੇ ਤਰਸਣਗੇ।*

ਵਿਚੋਲਾ ਤਾਂ ਵਿਆਹ ਤੱਕ ਹੀ ਹੁੰਦਾ ਹੈ ਅਤੇ ਵਰਤਣਾ ਵੀ ਕੁੜਮਾਂ ਨੇ ਆਪਸ ਵਿੱਚ ਹੀ ਹੁੰਦਾ ਹੈ, ਪਰ ਤਰਸੇਵਾਂ ਕਿਸ ਗੱਲ ਦਾ? ਇਹ ਸਿਰਫ਼ ਵਿਚੋਲੇ ਨੂੰ ਖਿਝਾਉਣ ਲਈ ਹੁੰਦਾ ਹੈ। ਇੱਥੇ ਹੀ ਬਸ ਨਹੀਂ। ਉਹ ਨਵੇਂ ਬੰਦ ਲੈ ਕੇ ਹੋਰ ਅੱਗੇ ਵਧਦੀਆਂ ਹਨ:

*ਕੁੜਮੋਂ ਕੁੜਮੀਂ ਚੰਗੀ ਹੋਈ ਐ*
*ਵਿਚੋਲੇ ਦੀ ਇੱਜ਼ਤ ਨੰਗੀ ਹੋਈ ਐ।*

ਕਾਰਜ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਵਾਲੇ ਵਿਚੋਲੇ ਨੂੰ ਬਦਨਾਮ ਕਰਨ 'ਤੇ ਤੁਲੀਆਂ ਮੇਲਣਾਂ ਇੱਕ ਹੋਰ ਨਵੀਂ ਤੁਹਮਤ ਵਿਚੋਲੇ ਦੀ ਮਾਂ 'ਤੇ ਵੀ ਲਾ ਦਿੰਦੀਆਂ ਹਨ:

*ਕੁੜਮੋਂ ਕੁੜਮੀਂ ਅੱਛੀ ਹੋਈ ਐ*
*ਵਿਚੋਲੇ ਦੀ ਮਾਂ ਦੇ ਵੱਛੀ ਹੋਈ ਐ।*

ਅਜਿਹੀਆਂ ਤੁਹਮਤਾਂ ਕੁੜੀ ਵਾਲੇ ਪਾਸੇ ਦੀਆਂ ਮੇਲਣਾਂ ਲਾਉਂਦੀਆਂ ਹੋਈਆਂ ਕੁੜਮਾਂ ਦੀ ਵਡਿਆਈ ਕਰਦੀਆਂ ਹਨ ਅਤੇ ਵਿਚੋਲੇ ਦੀ ਬਗਦੋਈ। ਵਿਚੋਲਾ ਸਬਰ ਸੰਤੋਖ ਅਤੇ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ। ਇਸ ਲਈ ਇਸ ਨੂੰ ਉਦੋਂ ਹੀ ਪਰਖ ਲਿਆ ਜਾਂਦਾ ਹੈ ਜਦੋਂ ਕਿਸੇ ਪਾਸਿਉਂ ਕਮੀਂ ਦਿਸਦੀ ਹੋਵੇ ਤਾਂ ਉਹ ਝੱਟ ਹੀ ਦਰੁਸਤ ਕਰਦਾ ਹੈ। ਉਹ ਗੱਲ ਨੂੰ ਅੱਗੇ ਨਹੀਂ ਵਧਣ ਦਿੰਦਾ ਸਗੋਂ ਇੱਕ ਦੂਜੇ ਦੀ ਚੰਗਿਆਈ ਦਿਖਾ ਕੇ ਪੇਸ਼ ਕਰਦਾ ਹੈ, ਪਰ ਭੰਡਣ ਵਾਲਿਆਂ ਕੋਲ ਭੰਡਣ ਦੇ ਤਰੀਕਿਆਂ ਦੀ ਕਮੀ ਨਹੀਂ ਹੁੰਦੀ। ਉਨ੍ਹਾਂ ਨੇ ਆਪਣੇ ਸ਼ਬਦਾਂ ਦੇ ਬਾਣਾਂ ਰਾਹੀਂ ਵਿਚੋਲੇ ਨੂੰ ਵਿੰਨ੍ਹ ਹੀ ਦੇਣਾ ਹੈ:

*ਕੁੜਮੋਂ ਕੁੜਮੀਂ ਲੱਖ ਵਾਰੀ*
*ਵਿਚੋਲੇ ਦੀ ਢੂਹੀ ਵਿੱਚ ਲੱਤ ਮਾਰੀ।*

ਵਿਚੋਲਾ ਤਾਂ ਅਜੇ ਆਪਣੀ ਗ਼ਲਤੀ ਬਾਰੇ ਹੀ ਸੋਚਦਾ ਹੈ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਲੱਤ ਮਾਰਨ ਵਾਲੀ ਗੱਲ ਕਿਉਂ ਹੁੰਦੀ ਹੈ ਤਾਂ ਅਚਾਨਕ ਉਸ ਉੱਤੇ ਸਿੱਠਣੀ ਦਾ ਇੱਕ ਹੋਰ ਬਾਣ ਡਿੱਗਦਾ ਹੈ:

*ਕੁੜਮੋਂ ਕੁੜਮੀਂ ਸੌ ਵਾਰੀ*
*ਵਿਚੋਲੇ ਦੀ ਢੂਹੀ ਵਿੱਚ ਚੌ ਮਾਰੀ।*

ਚੌ ਹਲ਼ ਵਿੱਚ ਜੜਿਆ ਉਹ ਪੁਰਜ਼ਾ ਹੈ ਜੋ ਬਹੁਤ ਹੀ ਤਿੱਖਾ ਹੁੰਦਾ ਹੈ। ਉਹ ਧਰਤੀ ਵਿੱਚ ਖੁੱਭ ਕੇ ਉਸ ਨੂੰ ਚੀਰਦਾ ਹੋਇਆ ਅੱਗੇ ਵਧਦਾ ਹੈ। ਸੋ ਉਹ ਵੀ ਵਿਚੋਲੇ ਦੀ ਕਮਰ ਵਿੱਚ ਮਾਰਨ ਦੀ ਲੋੜ ਸਮਝੀ ਗਈ। ਵਿਚੋਲਾ ਅੰਤਾਂ ਦੀ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ ਅਤੇ ਸਿੱਠਣੀਆਂ ਦੇ ਬਾਣਾਂ ਨੂੰ ਇਸ਼ਕ ਦੇ ਮਰੀਜ਼ ਵਾਂਗ ਸਹਿ ਜਾਂਦਾ ਹੈ ਕਿਉਂਕਿ ਵਿਚੋਲਾ ਬਣਨਾ ਵੀ ਕੋਈ ਸੌਖਾ ਕੰਮ ਨਹੀਂ। ਇਸ ਨੂੰ ਨਿਭਾਉਣ ਲਈ ਅਨੇਕਾਂ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ, ਪਰ ਇਹ ਇਸ਼ਕ ਵਾਂਗ ਸਿਦਕ ਅਤੇ ਸਿਰੜ ਨਾਲ ਹੀ ਨਿਭਾਉਣਾ ਪੈਂਦਾ ਹੈ। ਫਿਰ ਵੀ ਸਿੱਠਣੀਆਂ ਦੇਣ ਵਾਲੀਆਂ ਉਸ ਦੇ ਸਬਰ ਨੂੰ ਪਰਖਣ ਲਈ ਅਜਿਹੇ ਸ਼ਬਦਾਂ ਦੀ ਚੋਣ ਕਰਦੀਆਂ ਹਨ ਕਿ ਹਰ ਵਾਰ ਬਾਣ ਦਾ ਰੁਖ਼ ਨਿਵੇਕਲਾ ਹੁੰਦਾ ਹੈ:

*ਮੱਕੀ ਦਾ ਦਾਣਾ ਟਿੰਡ ਵਿੱਚ ਨੀਂ,*
*ਵਿਚੋਲਾ ਨ੍ਹੀਂ ਛੱਡਣਾ ਪਿੰਡ ਵਿੱਚ ਨੀਂ।*

ਸਿੱਠਣੀਆਂ ਦੇਣ ਵਾਲੀਆਂ ਇੱਕ ਨਹੀਂ ਬਲਕਿ ਦੋ ਜਣੀਆਂ ਹੁੰਦੀਆਂ ਹਨ। ਵਿਚੋਲੇ ਨੂੰ ਪਿੰਡ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਦੇ ਨਾਲ ਨਾਲ ਉਸ ਦਾ ਚੰਗੀ ਤਰ੍ਹਾਂ ਜਲੂਸ ਕੱਢਣ 'ਤੇ ਤੁਲ ਜਾਂਦੀਆਂ ਹਨ:

*ਮੱਕੀ ਦਾ ਦਾਣਾ ਕੋਠੇ 'ਤੇ*
*ਵਿਚੋਲਾ ਚੜ੍ਹਾਉਣਾ ਝੋਟੇ 'ਤੇ।*

ਉਂਜ ਤਾਂ ਗੁਨਾਹਗਾਰ ਨੂੰ ਮੂੰਹ ਕਾਲਾ ਕਰਕੇ ਗਧੇ ਉੱਪਰ ਬਿਠਾ ਕੇ ਪਿੰਡ ਦਾ ਚੱਕਰ ਲੁਆਇਆ ਜਾਂਦਾ ਹੈ, ਪਰ ਮੇਲਣਾਂ ਇਸ ਪਰਿਪਾਟੀ ਵਿੱਚ ਸੋਧ ਕਰਕੇ ਵਿਚੋਲੇ ਨੂੰ ਝੋਟੇ 'ਤੇ ਚੜ੍ਹਾ ਕੇ ਪਿੰਡ ਦਾ ਚੱਕਰ ਲੁਆਉਣ ਲਈ ਤਿਆਰ ਹਨ। ਵਿਚੋਲੇ ਨੂੰ ਪਿੰਡੋਂ ਕੱਢਣਾ, ਉਸ ਨੂੰ ਝੋਟੇ 'ਤੇ ਚੜ੍ਹਾਉਣਾ ਅਤੇ ਉਸ ਨੂੰ ਹੋਰ ਵੱਧ ਘੱਟ ਕਹਿਣਾ ਤਾਂ ਮੇਲਣਾਂ ਲਈ ਆਮ ਗੱਲ ਹੈ। ਉਹ ਵਿਚੋਲੇ ਨੂੰ ਪਿੰਡ ਦੀ ਜੂਹ ਵਿੱਚੋਂ ਵੀ ਕੱਢਣ ਦੀ ਗੱਲ ਕਰ ਦਿੰਦੀਆਂ ਹਨ:

*ਮੱਕੀ ਦਾ ਦਾਣਾ ਖੂਹ ਵਿੱਚ ਨੀਂ*
*ਵਿਚੋਲਾ ਨ੍ਹੀਂ ਛੱਡਣਾ ਜੂਹ ਵਿੱਚ ਨੀਂ।*

ਵਿਚੋਲੇ ਨੂੰ ਸਿੱਠਣੀਆਂ ਦੇਣ ਦਾ ਮਕਸਦ ਸੱਚੀਮੁੱਚੀ ਉਸ ਨੂੰ ਬਦਨਾਮ ਕਰਨਾ ਨਹੀਂ ਬਲਕਿ ਖ਼ੁਸ਼ੀ ਦੇ ਮੌਕੇ 'ਤੇ ਜਿਵੇਂ ਘਰ ਦੇ ਪ੍ਰਾਹੁਣਿਆਂ ਨੂੰ, ਨਾਨਕੀਆਂ ਵੱਲੋਂ ਦਾਦਕੀਆਂ ਨੂੰ ਅਤੇ ਹੋਰ ਰਿਸ਼ਤੇਦਾਰਾਂ ਨੂੰ ਸਿੱਠਿਆ ਜਾਂਦਾ ਹੈ ਉਵੇਂ ਜਿਵੇਂ ਹੀ ਵਿਚੋਲੇ ਨੂੰ ਅਪਣੱਤ ਦਿਖਾ ਕੇ ਸਿੱਠਿਆ ਜਾਂਦਾ ਹੈ। ਇਹ ਸਿੱਠਣੀਆਂ ਸਾਡੀ ਲੋਕਧਾਰਾ ਦੀ ਇੱਕ ਮਹੱਤਵਪੂਰਨ ਵਿਧਾ ਹੈ ਜਿਸ ਦੀ ਵਰਤੋਂ ਵਿਆਹ ਸ਼ਾਦੀ ਮੌਕੇ ਕਰਨਾ ਚੰਗਾ ਲੱਗਦਾ ਹੈ। ਔਰਤਾਂ ਦਾ ਇਸ ਕਲਾ ਵਿੱਚ ਨਿਪੁੰਨ ਹੋਣ ਵੀ ਸਾਡੇ ਅਮੀਰ ਸੱਭਿਆਚਾਰ ਦੀ ਨਿਸ਼ਾਨੀ ਹੈ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

# ਐਨਆਈਆਰ ਦੀ ਧੀ ਨੂੰ ਪ੍ਰੇਮ ਜਾਲ ਵਿਚ ਫਸਾ ਕੇ ਬਲਾਤਕਾਰ

## ✪ ਲੱਖਾਂ ਰੁਪਏ ਹੜਪੇ, ਦੋਸ਼ੀ ਗ੍ਰਿਫਤਾਰ

ਜਲੰਧਰ-ਜਲੰਧਰ ਵਿਚ ਇੱਕ ਨੌਜਵਾਨ ਲਖਵਿੰਦਰਜੀਤ ਸਿੰਘ ਵਾਸੀ ਪਿੰਡ ਸ਼ਿਵਦਾਸਪੁਰ (ਜਲੰਧਰ) ਨੇ ਵਿਆਹ ਦਾ ਝਾਂਸਾ ਦੇ ਕੇ ਐਨਆਰਆਈ ਦੀ ਧੀ ਨਾਲ ਬਲਾਤਕਾਰ ਕੀਤਾ। ਮੁਲਜ਼ਮ ਪੀੜਤਾ ਨੂੰ ਧਮਕੀਆਂ ਦਿੰਦਾ ਸੀ ਕਿ ਉਹ ਉਸ ਦੀਆਂ ਨਿੱਜੀ ਫੋਟੋਆਂ ਵਾਇਰਲ ਕਰ ਦੇਵੇਗਾ ਤੇ ਉਸ 'ਤੇ ਤੇਜ਼ਾਬ ਸੁੱਟ ਦੇਵੇਗਾ। ਇੰਨਾ ਹੀ ਨਹੀਂ ਮੁਲਜ਼ਮ ਨੇ ਉਸ ਤੋਂ ਲੱਖਾਂ ਰੁਪਏ ਵੀ ਹੜੱਪ ਲਏ। ਇਸ ਮਾਮਲੇ ਵਿੱਚ ਥਾਣਾ ਡਿਵੀਜ਼ਨ ਨੰਬਰ 1 ਦੀ ਪੁਲਿਸ ਨੇ ਕੇਸ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਲੜਕੀ ਨੇ ਕਿਹਾ ਉਸ ਦੇ ਮਾਤਾ-ਪਿਤਾ ਵਿਦੇਸ਼ ਰਹਿੰਦੇ ਹਨ, ਜਦਕਿ ਉਸ ਦੀ ਭੈਣ ਵੀ ਸਟੱਡੀ ਵੀਜ਼ੇ 'ਤੇ ਵਿਦੇਸ਼ ਗਈ ਹੈ। ਉਹ ਆਪਣੀ ਦਾਦੀ ਨਾਲ ਰਹਿੰਦੀ ਹੈ। ਤਿੰਨ ਸਾਲ ਪਹਿਲਾਂ ਉਸ ਦੀ ਮੁਲਾਕਾਤ ਲਖਵਿੰਦਰਜੀਤ ਸਿੰਘ ਨਾਲ ਹੋਈ ਸੀ। ਲਖਵਿੰਦਰਜੀਤ ਨੇ ਉਸ ਨੂੰ ਪਿਆਰ ਦੇ ਜਾਲ ਵਿੱਚ ਫਸਾ ਲਿਆ ਤੇ ਹੌਲੀ-ਹੌਲੀ 9 ਲੱਖ ਰੁਪਏ ਲੈ ਲਏ। ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸਬੰਧ ਵੀ ਬਣਾਉਣ ਲੱਗਾ।

ਲੜਕੀ ਦਾ ਕਹਿਣਾ ਹੈ ਕਿ ਉਹ ਆਪਣੇ ਪੈਸੇ ਲਖਵਿੰਦਰਜੀਤ ਨੂੰ ਦਿੰਦੀ ਰਹੀ,



ਕਿਉਂਕਿ ਉਹ ਖੁਦ ਕੋਈ ਕੰਮ ਨਹੀਂ ਕਰਦਾ ਸੀ। ਜਦੋਂ ਵੀ ਉਹ ਉਸ ਨੂੰ ਕੰਮ ਕਰਨ ਲਈ ਕਹਿੰਦੀ ਸੀ ਤਾਂ ਉਹ ਉਸ ਨੂੰ ਧਮਕੀਆਂ ਦੇਣ ਲੱਗਦਾ। ਇਨ੍ਹਾਂ ਹਰਕਤਾਂ ਕਾਰਨ ਜਦੋਂ ਉਸ ਨੇ ਰਿਸ਼ਤਾ ਤੋੜਨ ਲਈ ਕਿਹਾ ਤਾਂ ਲਖਵਿੰਦਰਜੀਤ ਨੇ ਉਸ ਦੀਆਂ ਨਿੱਜੀ ਤਸਵੀਰਾਂ ਵਾਇਰਲ ਕਰਨ ਤੇ ਤੇਜ਼ਾਬ ਪਾ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।

ਲੜਕੀ ਨੇ ਕਿਹਾ ਕਿ ਜਦੋਂ ਪਾਣੀ ਸਿਰ ਤੋਂ ਲੰਘ ਗਿਆ ਤਾਂ ਉਸ ਨੇ ਆਪਣੇ ਪਰਿਵਾਰ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ। ਪਰਿਵਾਰ ਵਾਲਿਆਂ ਨੇ ਇਸ ਦਾ ਨੋਟਿਸ ਲੈਂਦਿਆਂ ਤੁਰੰਤ ਥਾਣਾ ਸਿਟੀ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਲੜਕੀ ਦਾ ਮੈਡੀਕਲ ਕਰਵਾਇਆ ਤੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰ ਲਿਆ।

# ਇੱਜ਼ਤ-ਏ-ਔਰਤ, ਫਰਜ਼-ਏ-ਮਰਦ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781-11445

ਕਾਇਨਾਤ ਵਿੱਚ ਔਰਤ ਰੂਹ -ਏ-ਰਵਾਂ ਹੁੰਦੀ ਹੈ। ਮਰਦ ਨਾਲ ਔਰਤ ਦਾ ਸਬੰਧ ਜਿਸਮ ਅਤੇ ਰੂਹ ਵਾਲਾ ਹੁੰਦਾ ਹੈ। ਔਰਤ ਦੀ ਦਾਸਤਾਨ ਅੱਜ ਵੀ ਉਸੇ ਤਰ੍ਹਾਂ ਲਿਖੀ ਜਾਂਦੀ ਹੈ ਜੋ ਯੁੱਗਾਂ ਤੋਂ ਚੱਲਦੀ ਆਉਂਦੀ ਹੈ। ਹਾਂ, ਕੁੱਝ ਤੌਰ ਤਰੀਕੇ ਬਦਲੇ ਹਨ ਪਰ ਸੋਚ ਅਤੇ ਇਰਾਦਾ ਸ਼ਹਾਦਤ ਮੰਟੋ ਦੀ ਨਜ਼ਰ ਵਾਲਾ ਹੀ ਹੈ। "ਆਮ ਤੌਰ ਉੱਤੇ ਔਰਤ ਨਾਲ ਇਸ਼ਕ-ਓ-ਮੁਹੱਬਤ ਕਰਨ ਦਾ ਇਕਲੌਤਾ ਮਕਸਦ ਜਿਸਮਾਨੀ ਲੱਜ਼ਤ ਹੁੰਦੀ ਹੈ। ਔਰਤ ਅੱਜ ਵੀ ਲੁੱਕਵੇਂ-ਛਿਪਵੇਂ ਢੰਗ ਨਾਲ ਸਾਰੀ ਉਮਰ ਦਰਦ, ਮਿਹਣਾ ਅਤੇ ਬੇਵਸੀ ਹੰਢਾਉਂਦੀ ਹੈ। ਅੱਜ ਇਹ ਸਮਾਜਿਕ ਗਦਾਰੀ ਵੀ ਮਿਲਦੀ ਹੈ ਕਿ ਔਰਤ ਨੂੰ ਬਦਚਲਨ ਕਹਿ ਕੇ ਹਿੰਸਾ ਕੀਤੀ ਜਾਂਦੀ ਹੈ। ਜਦੋਂ ਕਿ ਆਦਮੀ ਦੇ ਇਸ ਸ਼ੌਕ ਨੂੰ ਅਨੈਤਿਕਤਾ ਵਿੱਚੋਂ ਨੈਤਿਕ ਅਤੇ ਮਰਦਾਨਗੀ ਦਾ ਕਿੱਸਾ ਸਮਝਿਆ ਜਾਂਦਾ ਹੈ। ਇਹ ਸੱਚਾਈ ਕੌੜੀ ਲੱਗਦੀ ਹੈ। ਔਰਤ ਵਫਾਦਾਰੀ ਦੇ ਮੁਕਾਬਲੇ ਮਰਦ ਤੋਂ ਉੱਚੀ-ਸੁੱਚੀ ਹੈ। ਯੁੱਗਾਂ ਤੋਂ ਔਰਤ ਬਾਰੇ ਲਿਖਿਆ ਜਾਂਦਾ ਹੈ ਕਿ ਉਹ ਮਰਦ ਦੀਆਂ ਭਾਵਨਾਵਾ ਤੋਂ ਅਜ਼ਾਦ ਹੈ , ਪਰ ਹਕੀਕਤ ਵਿੱਚ ਔਰਤ ਦਾ ਅਬਲਾ ਤਖੱਲਸ ਅੱਜੇ ਵੀ ਕਾਇਮ ਹੈ। ਆਪਣੀ ਬੇਇਜ਼ਤੀ ਵਿੱਚੋਂ ਹੰਝੂ ਕੇਰ ਕੇ ਵੀ ਮਰਦ ਪ੍ਰਤੀ ਵਫਾਦਾਰ ਰਹਿੰਦੀ ਹੈ। ਔਰਤ ਦੀ ਇਜ਼ਤ ਕਰਨਾ ਮਰਦ ਦਾ ਫ਼ਰਜ਼, ਸੁਭਾਅ, ਸ਼ੌਕ ਅਤੇ ਹੁਲਾਸ ਹੋਣਾ ਚਾਹੀਦਾ ਹੈ। ਇਸ ਬਾਰੇ ਅੱਜ ਦਾ ਫਲਸਫਾ ਔਰਤ ਨੂੰ ਨਿਮਾਣੀ ਹੀ ਦੱਸਦਾ ਹੈ। ਮਰਦ ਵਾਂਗ ਖੁਲ੍ਹੀ ਹਵਾ ਵਿੱਚ ਉਡਾਰੀ ਦੀ ਔਰਤ ਮੋਹਤਾਜ ਹੋ ਜਾਂਦੀ ਹੈ। ਔਰਤ ਦੇ ਬੇਇਨਸਾਫੀ ਅਤੇ ਨੈਤਿਕ ਸ਼ੋਸ਼ਣ ਨਾਲ ਹੀ ਲੈ ਕੇ ਜਾਂਦੀ ਹੈ।

ਬਚਪਨ ਤੋਂ ਬਾਅਦ ਸਿਖਿਆ ਗ੍ਰਹਿਣ ਕਰਨਾ ਵੀ ਔਰਤ ਜਾਤੀ ਲਈ ਮੁਸ਼ਕਲ ਪੈਂਡਾ ਹੈ। ਵਹਿਸ਼ੀ, ਦਰਿੰਦਗੀ ਅਤੇ ਲਿੰਗ ਭੇਦ ਦੀਆਂ ਅੱਖਾਂ ਤੋਂ ਬਚਣਾ ਔਰਤ ਦੀ ਸਿਖਿਆ ਅਤੇ ਸਮਾਜੀਕਰਨ ਦਾ ਪੰਨਾ ਹੈ। ਮਰਦ ਦੀ ਔਰਤ ਪ੍ਰਤੀ ਮਾਨਸਿਕਤਾ ਜਿੱਥੋਂ ਤੁਰੀ ਸੀ ਉੱਥੇ ਹੀ ਖੜ੍ਹੀ ਹੈ। ਗੁਰਬਾਣੀ ਵਿੱਚ ਔਰਤ ਉੱਤੇ ਇੱਜ਼ਤ ਅਤੇ ਹੋਂਦ ਦੀ ਚਾਦਰ ਪਾ ਕੇ ਔਰਤ ਨੂੰ ਮਾਣ ਦਿੱਤਾ ਗਿਆ ਹੈ।ਗੁਰਬਾਣੀ ਦੇ ਹੁਕਮ ਅਤੇ ਸੁਨੇਹੇ ਨੇ ਅਬਲਾ ਦੀ ਸੁੰਦਰਤਾ ਅਤੇ ਬੌਧਿਕਤਾ ਨੂੰ ਸੁਨਹਿਰੀ ਪੰਨਾ ਲਿੱਖ ਕੇ ਨਾਰੀ ਪ੍ਰਤੀ ਸਮਾਜ ਦੇ ਕਪਾਟ ਖੋਲ੍ਹੇ ਹਨ। ਕੁੱਝ ਧਾਰਮਿਕ ਫਲਸਫੇ ਵਿਰੋਧੀ ਵੀ ਹਨ। ਇਸ ਤੋਂ ਇਲਾਵਾ ਦੁਨੀਆਵੀ ਸ਼ਖਸੀਅਤ ਐਨੀ ਬੇਸੈਂਟ ਨੇ 1893 ਵਿੱਚ ਭਾਰਤ ਦੀ ਨਾਗਰਿਕਤਾ ਹਾਸਲ ਕਰ ਕੇ ਔਰਤਾਂ ਦੇ ਅਧਿਕਾਰਾਂ ਪ੍ਰਤੀ ਪੱਖਪਾਤੀ ਰਵੱਈਏ ਦੀ ਧੂੜ ਝਾੜਨ ਦੀ ਚੇਤਨਾ ਪੈਦਾ ਕੀਤੀ ਹੈ। ਇਹ ਸੋਝੀ ਪੈਦਾ ਹੋਣ ਤੋਂ ਬਾਅਦ ਔਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਢੇ ਗਏ। ਔਰਤ ਬਾਰੇ ਸੋਚਣ, ਲਿਖਣ ਅਤੇ ਪੜ੍ਹਨ ਬਾਰੇ ਸਭ ਉਸ ਦੀ ਹੋਂਦ ਅੱਗੇ ਫਿੱਕੇ ਅਤੇ ਛੋਟੇ ਪੈ ਜਾਂਦੇ ਹਨ। ਰੋਟੀ ਅਤੇ ਪੇਟ ਦੇ ਸਬੰਧ ਦੇ ਨਜ਼ਰੀਏ ਤੋਂ ਔਰਤ ਮਰਦ ਦਾ ਸਬੰਧ ਮਨ ਵਿੱਚ ਵਸ ਜਾਏ ਤਾਂ ਅਨੇਕਾ ਸਮੱਸਿਆਵਾਂ ਨਾਲ ਜੂਝਣ ਤੋਂ ਬਚਿਆ ਜਾ ਸਕਦਾ ਹੈ। ਔਰਤ ਦੀ ਬਦ ਕਿਸਮਤੀ ਉਦੋਂ ਹੋਰ ਵੀ ਗੂੜ੍ਹੀ ਵਾਰਤਾ ਲਿਖਦੀ ਹੈ, ਜਦੋਂ ਔਰਤ ਹੀ ਔਰਤ



ਦੀ ਦੁਸ਼ਮਣ ਬਣਦੀ ਹੈ। ਭਰੂਣ ਹੱਤਿਆ ਸਮੇਂ ਇਹ ਤੱਥ ਜਿਆਦਾ ਪਰਚਾਰਿਆ ਗਿਆ, ਜਦ ਕਿ ਹਕੀਕਤ ਪਿੱਛੋਂ ਹੀ ਚਲੀ ਆਉਂਦੀ ਹੈ। ਚੰਦਰਾ ਗਵਾਂਢ ਅਤੇ ਲਾਈਲੱਗ ਪਤੀ ਅੱਜ ਵੀ ਔਰਤ ਦੇ ਰਾਹ ਵਿੱਚ ਕੰਡੇ ਖਿਲਾਰ ਦਿੰਦੇ ਹਨ। ਔਰਤ ਆਪਣੇ ਅੰਦਰ ਜੰਗ ਲੜਦੀ ਹੋਈ ਮੂੰਹ ਬੰਦ ਕਰਕੇ ਸਬਰ ਦਾ ਪਿਆਲਾ ਪੀਂਦੀ ਹੈ। ਆਂਢ-ਗੁਆਂਢ ਅਤੇ ਘਰ ਪਰਿਵਾਰ ਵਿੱਚ ਤਸੀਹੇ ਸਹਿ ਕੇ ਡਾਕਟਰ ਇਕਬਾਲ ਨੂੰ ਯਾਦ ਕਰਦੀ ਰਹਿੰਦੀ ਹੈ। "ਵਜ਼ੂਦੇ ਜਨ ਸੇ ਹੈ ਤਸਵੀਰੇ ਕਾਯਨਾਤ ਮੇਂ ਰੰਗ, ਇਸੀ ਕੇ ਸਾਜ਼ ਸੇ ਹੈ ਜ਼ਿੰਦਗੀ ਦਾ ਸੋਜ਼ੇ ਦਰੂੰ, ਸਰਫ਼ ਮੇਂ ਬੜ ਕੇ ਸੁਰਯਾ ਸੇ ਮੁਸ਼ਤੇ ਖਾਕ ਉਸੀ ਕੀ, ਕਿ ਹਰ ਸਰਫ਼ ਹੈ ਉਸੀ ਦੁਰਜ ਕਾ ਦੁਰੇ ਮਕਨੂੰ"

ਔਰਤ ਇੱਕ ਹੁੰਦੀ ਹੈ ਪਰ ਉਸ ਦੇ ਰੂਪ ਵੱਖ-ਵੱਖ ਹੁੰਦੇ ਹਨ। ਧੀ ਵੱਧ ਇੱਜ਼ਤ ਦਿੰਦੀ ਹੈ, ਮਾਂ ਤੋਂ ਵੱਧ ਜਿਗਰ ਦਾ ਟੋਟਾ ਕੋਈ ਨਹੀ ਮੰਨਦਾ , ਭੈਣ ਤੋਂ ਵੱਧ ਪਿਆਰ ਨਹੀਂ ਮਿਲਦਾ ਜਦ ਕਿ ਪਤੀ ਨਾਲ ਜਿਸਮ ਰੂਹ ਦਾ ਸੁਮੇਲ ਹੁੰਦਾ ਹੈ। ਸਾਰੇ ਰੂਪਾਂ ਨਾਲ ਔਰਤ ਸਮਾਜ ਦਾ ਪਾਤਰ ਚਿੱਤਰਣ ਕਰਦੀ ਹੈ। ਪੜ੍ਹਾਈ ਲਿਖਾਈ ਤੋਂ ਬਾਅਦ ਅੱਜ ਵੀ ਔਰਤ ਨੂੰ ਸੁੱਖੀ ਸਾਂਦੀ ਵਿਆਹ ਤੱਕ ਮਾਰੂ ਅੱਖਾਂ ਤੋਂ ਬਚਾ ਕੇ ਰੱਖਣਾ ਪੈਂਦਾ ਹੈ। ਇੱਕ ਗੱਲ ਜਰੂਰ ਹੈ ਜਦੋਂ ਔਰਤ ਆਪਣੇ ਲਈ ਯੋਗ ਵਰਗ ਲੱਭਦੀ ਹੈ ਤਾਂ ਇਸ ਪ੍ਰਤੀ ਸਮਾਜ ਨੂੰ ਸਹਿਮਤੀ ਦੇਣੀ ਚਾਹੀਦੀ ਹੈ। ਇਸ ਪ੍ਰਤੀ ਸਮਾਜ ਵਿੱਚ ਹੁੰਦੀ ਘੁਸਰ-ਮੁਸਰ ਨਹੀ ਹੋਣੀ ਚਾਹੀਦੀ। ਬਹੁਤੀ ਵਾਰ ਵੇਖਿਆ ਜਾਂਦਾ ਹੈ ਕਿ ਆਪਣੇ ਲਈ ਵਰ ਲੱਭਣਾ ਕੁੜੀ ਦੇ ਚਰਿੱਤਰ ਨਾਲ ਜੋੜ ਕੇ ਰੂੜੀਵਾਦੀ ਅਤੇ ਪਿਛਾਂਹ ਖਿੱਚੂ ਸੋਚ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਔਰਤ ਨੂੰ ਆਪਣੇ ਚਰਿੱਤਰ ਪ੍ਰਤੀ ਸੁਚੇਤ ਅਤੇ ਚੇਤੰਨ ਹੋਣ ਦੀ ਲੋੜ ਹੈ ਤਾਂ ਕਿ ਕਿਸੇ ਦੀ ਜੁਰਅਤ ਨਾ ਪਵੇ ਕਿ ਔਰਤ ਦੇ ਚਰਿੱਤਰ ਨੂੰ ਸ਼ੰਕਾ ਦੇ ਘੇਰੇ ਵਿੱਚ ਲਿਆਂਦਾ ਜਾਵੇ। ਜਿਸ ਨਾਲ ਜੀਵਨ ਬੇਸਵਾਦ ਅਤੇ ਵਿਅਰਥ ਹੋਣ ਤੋਂ ਬਚ ਸਕੇ। ਅਫਸੋਸ ਇਸ ਗੱਲ ਦਾ ਵੀ ਹੈ ਕਿ ਮਰਦ ਦੀ ਮਰਦਾਨਗੀ ਅਤੇ ਪ੍ਰਧਾਨਗੀ ਅੱਗੇ ਔਰਤ ਅਬਲਾ ਰੂਪ ਲਈ ਮਜ਼ਬੂਰ ਹੋ ਜਾਂਦੀ ਹੈ। ਕਲਪਨਵਾਂ ਦੀ ਉਡਾਰੀ ਭਰਨ ਸਮੇਂ ਮਰਦ ਦੀ ਸ਼ੌਕ ਅੱਗੇ ਝੁੱਕ ਜਾਂਦੀ ਹੈ। ਉਸ ਦੀ ਇਹ ਮਾਨਸਿਕਤਾ ਅਤੀਤ ਦੇ ਪ੍ਰਭਾਵ ਅਤੇ ਪ੍ਰਛਾਵਿਆਂ ਹੇਠ ਕੰਮ ਕਰਦੀ ਹੈ। ਅੱਜ ਵੀ ਲੜਾਈ ਝਗੜਿਆਂ ਨਾਲ ਹਿੰਸਕ ਹੋ ਕੇ ਔਰਤ ਦੀ ਜਾਨ ਨਾਲ ਖੇਡਿਆ ਜਾਂਦਾ ਹੈ। ਜਿਸ ਤਰ੍ਹਾਂ ਗਾਲ ਔਰਤ ਨੂੰ ਮੁਖਾਤਿਬ ਹੋ ਕੇ ਕੱਢੀ ਜਾਂਦੀ ਹੈ। ਠੀਕ ਇਸੇ ਤਰ੍ਹਾਂ ਘਰ ਦਾ ਨੁਕਸ , ਊਣਤਾਈ, ਤਰੁੱਟੀ ਅਤੇ ਭੁੱਲ -ਭੁਲਾਈ ਔਰਤ ਉੱਤੇ ਪਾ ਦਿੱਤੀ ਜਾਂਦੀ ਹੈ, ਜਿਸ ਨਾਲ ਉਸ ਦਾ ਸਮਰਪਤ ਸੁਭਾਅ ਅਤੇ ਘਰਵਾਲੀ ਦਾ ਰੁਤਬਾ ਠੇਸ ਨਾਲ ਲੀਰੋ-ਲੀਰ ਹੋ ਜਾਂਦਾ ਹੈ। ਘਰ ਅਤੇ ਆਂਢ-ਗੁਆਂਢ ਵਿੱਚ ਔਰਤ ਦੀ ਬੇਇੱਜ਼ਤੀ ਕਰਨਾ ਮਰਦ ਆਪਣੇ ਅਨੈਤਿਕ ਸੁਭਾਅ ਨਾਲ ਆਪਣੀ ਸੂਝ ਦਾ ਜ਼ਨਾਜਾ ਕੱਢਦਾ ਹੈ। ਆਪਣੀ ਇੱਜ਼ਤ ਨੂੰ ਖੁੱਦ ਦੂਜੇ ਅੱਗੇ ਖਿਲਾਰਦਾ ਹੈ। ਔਰਤ ਵਿਚਾਰੀ ਅੰਦਰੋਂ ਬੁਝੀ ਹੋਈ ਪੁਕਾਰਦੀ ਹੈ।

"ਮੇਰਾ ਹਾਲ ਮੁਝਸੇ ਕਿਆ ਪੂਛਤੇ ਹੋ, ਏਕ ਆਧ ਰੋਜ਼ ਮੇਂ ਪੜੌਸੀਓ ਸੇ ਪੂਛਨਾ"

ਜਦੋਂ ਔਰਤ ਨੂੰ ਮਰਦ ਦੇ ਸੁੱਖ ਦਾ ਸਾਧਨ ਮੰਨਿਆ ਜਾਂਦਾ ਹੈ ਤਾ ਔਰਤ ਲਚਾਰ ਹੋ ਕੇ ਮਾਨ -ਸਨਮਾਨ ਮਰਦ ਦੀ ਇੱਛਾ ਤੇ ਸੁੱਟ ਦਿੰਦੀ ਹੈ। ਔਰਤ ਨੂੰ ਵੀ ਜ਼ਿੰਦਗੀ ਦਾ ਇਹ ਆਖਰੀ ਪੜਾਅ ਨਹੀਂ ਸਮਝਣਾ ਚਾਹੀਦਾ ਇਸ ਤੋਂ ਅੱਗੇ ਵੀ ਬਹੁਤ ਕੁੱਝ ਹੈ। ਆਪਣੇ ਹੱਕ-ਹਕੂਕਾਂ ਅਤੇ ਮਾਣ ਲਈ ਅੱਜ ਦੀ ਔਰਤ ਜਾਗ ਚੁੱਕੀ ਹੈ। ਪਰ ਮਜ਼ਬੂਰੀ ਵਸ ਹਾਰ ਵੀ ਮੰਨ ਲੈਂਦੀ ਹੈ। ਕਾਨੂੰਨ ਦੀ ਪੜ੍ਹਾਈ ਕਰਨ ਵਾਲੀ ਕੇਰਲਾ ਦੀ ਇੱਕ ਔਰਤ ਨੇ ਖੁੱਦ ਦੇ ਸ਼ਰੀਰ ਤੇ ਖੁੱਦ ਦਾ ਅਧਿਕਾਰ ਹੋਣ ਦੀ ਚੇਤਨਾ ਪੈਦਾ ਕੀਤੀ ਇਸ ਦੀ ਜਿਗਿਆਸਾ ਔਰਤਾਂ ਵਿੱਚ ਸ਼ੁਰੂ ਵੀ ਹੋਈ ਹੈ। ਪੁੱਤਰਾਂ ਦੀ ਅਧਿਨਗੀ ਵਿੱਚ ਔਰਤ ਮਨ-ਮਰਜੀ ਨੂੰ ਵਿਰਾਮ ਲੱਗ ਜਾਂਦਾ ਹੈ। ਮਰਨ ਸਮੇਂ ਔਰਤ ਦਾ ਕੱਫਨ ਮਾਪਿਆਂ ਤੋਂ ਆਉਣਾ ਔਰਤ ਪ੍ਰਤੀ ਦੋਨੋਂ ਪੱਖਾਂ ਨੂੰ ਪ੍ਰਭਾਸ਼ਿਤ ਕਰਦਾ ਹੈ। ਸਾਰੀ ਉਮਰ ਸਵੇਰ ਤੋਂ ਸ਼ਾਮ ਤੱਕ ਘਰ ਵਿੱਚ ਮਰਦ ਦੀ ਰਜ਼ਾ ਵਿੱਚ ਰਹਿ ਕੇ ਘਰ ਦਾ ਫੈਸਲਾਕੁੰਨ ਮੈਂਬਰ ਨਹੀਂ ਬਣ ਪਾਉਂਦੀ। ਪਰ ਵਿਗਿਆਨਕ ਤੌਰ ਤੇ ਮਨੁੱਖਤਾ ਦੀ ਤਰਜ਼ਮਾਨ ਔਰਤ ਹੀ ਹੈ। ਆਪਣੀ ਸੰਵੇਦਨਸ਼ੀਲਤਾ, ਇੱਜ਼ਤ ਅਤੇ ਮਨ ਮਰਜ਼ੀ ਦਾ ਸੁਨੇਹਾ ਇਸ ਨਜ਼ਮ ਜ਼ਰੀਏ ਦਿੰਦੀ ਹੈ:-

"ਔਰਤ ਦੇ ਤੱਕ ਪਹੁੰਚਣਾ ਪੈਂਡਾ, ਉਸਦੇ ਮਨ ਦੀਆਂ ਪਗਡੰਡੀਆਂ ਵਿੱਚੋਂ ਹੋ ਕੇ ਗੁਜ਼ਰਦਾ ਹੈ, ਸਾਹਰਾਹਾਂ ਦਾ ਰਾਹੀ ਸਿੱਧੇ ਔਰਤ ਦੇ ਤਨ ਤੱਕ ਪਹੁੰਚਣ ਵਾਲੇ ਸ਼ਾਹ ਅਸਵਾਰ ਅਕਸਰ ਔਰਤ ਦੇ ਮਨ ਵਿੱਚੋਂ ਡਿੱਗ ਜਾਂਦੇ ਹਨ।"

ਔਰਤ ਨੂੰ ਪਾਉਣ ਲਈ ਉਸਨੂੰ ਪਰੇਸ਼ਾਨ ਕਰਨਾ ਹੀ ਮਨੁੱਖ ਦਾ ਰਸਤਾ ਅਤੇ ਟੀਚਾ ਨਹੀਂ ਹੋਣਾ ਚਾਹੀਦਾ ਬਲਕਿ ਉਸ ਦੀ ਮਾਨਸਿਕਤਾ ਸਮਝਣਾ ਮਰਦ ਦਾ ਫ਼ਰਜ਼ ਹੋਣਾ ਚਾਹੀਦਾ ਹੈ। ਔਰਤ ਕੋਲ ਕਾਈਨਾਤ ਹੈ ਇਸ ਨੂੰ ਜਿੱਤਣ ਲਈ ਸਿਕੰਦਰ ਦਾ ਤਰੀਕਾ ਨਹੀਂ ਬਲਕਿ ਆਪਣੇ ਪਿਆਰ ਅਤੇ ਨੈਤਿਕਤਾ ਦੇ ਸਬੂਤ ਜ਼ਰੀਏ ਜਿੱਤਣਾ ਚਾਹੀਦਾ ਹੈ। ਸੁਰੱਖਿਆ ਦੀ ਆੜ ਹੇਠ ਔਰਤ ਨੂੰ ਸੀਮਿਤ ਕਰਨਾ ਵੀ ਬਰਦਾਸ਼ਤ ਯੋਗ ਨਹੀਂ ਹੈ। ਔਰਤ ਭਾਵੇਂ ਘੇਰਿਆਂ ਤੋਂ ਬਾਹਰ ਹੋਣ ਦਾ ਭਰਮ ਭਾਲਦੀ ਹੈ ਪਰ ਉਸ ਵਿਚਾਰੀ ਨੂੰ ਇਹ ਨਹੀਂ ਪਤਾ ਹੁੰਦਾ ਕਿ ਇਹ ਵਿਸ਼ਾ ਸਮਾਜ ਦੀ ਸੋਚ ਤੋਂ ਅਜੇ ਬਾਹਰ ਹੈ। ਸਮਾਜਿਕ ਤਬਦੀਲੀ ਤੋਂ ਬਿਨ੍ਹਾਂ ਔਰਤ ਮਰਦ ਅੱਗੇ ਬੇਵੱਸ ਹੁੰਦੀ ਹੀ ਰਹੇਗੀ। ਰਜਵਾੜਾਸ਼ਾਹੀ ,ਜਗੀਰਦਾਰੀ ਅਤੇ ਅਜਾਰੇਦਾਰੀ ਦਾ ਖਾਤਮਾ ਕਰਕੇ ਸਮਾਜਵਾਦ ਦੇ ਪੰਨਿਆਂ ਉੱਤੇ ਔਰਤ ਦੀ ਕਿਸਮਤ ਲਿਖੀ ਜਾਣੀ ਚਾਹੀਦੀ ਹੈ। ਇਸ ਤੋਂ ਬਿਨ੍ਹਾਂ ਅਮ੍ਰਿਤਾ ਪ੍ਰੀਤਮ ਦੀ ਆਵਾਜ਼ ਹਕੀਕੀ ਸੁਨੇਹਾ ਦਿੰਦੀ ਹੈ, ਜੋ ਕਿ ਅੱਜ ਤਕ ਮਾਨਸਿਕਤਾ ਉੱਤੇ ਟਿਕਾ ਕੇ ਬਾਣ ਵੱਜਣ ਸਮਾਨ ਹੈ :-

"ਔਰਤ ਨਾਲ ਕਿਸੇ ਵੀ ਮਰਦ ਦੀ ਵਾਕਫੀਅਤ ਕਿਸੇ ਰਿਸ਼ਤੇ ਦੀ ਮੁਹਤਾਜ ਹੁੰਦੀ ਹੈ, ਉਹ ਉਸਦਾ ਜ਼ਰੂਰ ਕੁੱਝ ਨਾ ਕੁੱਝ ਲੱਗਦਾ ਹੋਣਾ ਚਾਹੀਦਾ ਹੈ, ਇੱਕ ਮੋਹਰ ਵਾਂਗ ਇੱਕ ਠੱਪੇ ਵਾਂਗ।"

ਔਰਤ ਇੱਜ਼ਤ ਅਤੇ ਇੱਜ਼ਤ ਹੀ ਔਰਤ ਹੁੰਦੀ ਹੈ। ਇੱਜ਼ਤ ਦਾ ਸ਼ਬਦ ਹੀ ਔਰਤ ਲਈ ਘੜਿਆ ਗਿਆ ਹੈ। ਹਕੀਕਤ ਇਹ ਵੀ ਹੈ ਕਿ ਔਰਤ ਕਿਸੇ ਮਰਦ ਨਾਲ ਸਹਿਜ ਸੁਭਾਅ ਕੋਈ ਗੱਲ -ਬਾਤ ਵੀ ਕਰੇ ਜਾਂ ਕੋਈ ਕੁੱਝ ਪੁੱਛ-ਪੁਛਾਈ ਕਰੇ ਇਸ ਨੂੰ ਸਮਾਜ ਵਿੱਚ ਤਿਰਛੀ ਨਜ਼ਰ ਤੋਂ ਵੇਖਿਆ ਜਾਂਦਾ ਹੈ। ਇੱਥੋਂ ਤੱਕ ਕਿ ਅਜਿਹੀ ਔਰਤ ਦੇ ਘਰ ਵਿੱਚ ਵੀ ਕਲੇਸ਼ ਦਾ ਕਾਰਨ ਬਣ ਸਕਦਾ ਹੈ। ਔਰਤ ਪ੍ਰਤੀ ਕਾਨੂੰਨ ਕਾਇਦੇ, ਸੈਮੀਨਾਰ ਅਤੇ ਸਲਾਹ ਮਸ਼ਵਰੇ ਇਸ਼ਤਿਹਾਰਾਂ ਵਿੱਚ ਹੀ ਦਿਸਦੇ ਹਨ। ਅੱਜ ਤਕ ਔਰਤ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਮਸਲੇ ਸਮਾਜ ਵਿੱਚ ਅਤੇ ਸਰਕਾਰਾ ਵੱਲੋਂ ਬੇਹੱਦ ਸਖਤੀ ਕਰਕੇ ਨਬੇੜੇ ਹੀ ਨਹੀਂ ਗਏ। ਅਮਲ ਕਰਨ ਦੀ ਬਜਾਏ ਖਾਨਾ ਪੂਰਤੀ ਭਾਰੂ ਰਹੀ। ਔਰਤ ਦੀ ਖੁਸ਼ਹਾਲੀ ,ਮਾਣ-ਸਤਿਕਾਰ ਅਤੇ ਸਮਾਜ ਦੀ ਰੂਹ ਬਣਾਉਣ ਲਈ ਕਾਫੀ ਹੰਭਲੇ ਮਾਰਨ ਦੀ ਲੋੜ ਹੈ। ਔਰਤ ਨੂੰ ਪਰਿਵਾਰਕ ਅਤੇ ਸਮਾਜਿਕ ਗੁਲਾਮੀ ਵਿੱਚੋਂ ਖੁਲ੍ਹੀ ਹਵਾ ਵਿੱਚ ਉਡਾਰੀ ਮਾਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਨਾਲ ਇੱਜ਼ਤ-ਏ-ਔਰਤ , ਫ਼ਰਜ਼-ਏ-ਮਰਦ ਦਾ ਫਲਸਫਾ ਸਮਾਜ ਦੀ ਰੂਹ ਦੀ ਖੁਰਾਕ ਹੋਣਾ ਚਾਹੀਦਾ ਹੈ। ਮੁੱਕ ਦੀ ਗੱਲ ਇਹ ਹੈ ਕਿ ਜਦੋਂ ਤੱਕ ਔਰਤ ਨੂੰ ਸਮਾਜ ਵਿੱਚ ਸੰਪੂਰਨ ਇੱਜ਼ਤ ਅਤੇ ਬਰਾਬਰੀ ਦਾ ਰੁਤਬਾ ਨਹੀਂ ਮਿਲਦਾ ਉਦੋਂ ਤੱਕ ਸਮਾਜਿਕ ਨਿਆਂ, ਖੁਸ਼ਹਾਲੀ ਅਤੇ ਲਿੰਗ ਭੇਦ ਰਹਿਤ ਸਮਾਜ ਦੀ ਕਲਪਨਾ ਅਧੂਰੀ ਰਹੇਗੀ।

*********

# • ਪੰਜਾਬੀ ਫ਼ਿਲਮ ਦਰਪਣ •

## ਯੋਗਰਾਜ ਸਿੰਘ ਲਈ “ਆਪਣੇ ਘਰ ਬੇਗਾਨੇ”



ਬਲਰਾਜ ਸਿਆਲ ਦੀ ਨਵੀਂ ਫ਼ਿਲਮ ਵਿੱਚ ਯੋਗਰਾਜ ਸਿੰਘ ਇੱਕ ਵੱਖਰਾ ਜਿਹਾ ਕਿਰਦਾਰ ਕਰਦੇ ਨਜ਼ਰ ਆਓਣ ਵਾਲੇ ਹਨ। ਯੋਗਰਾਜ ਸਿੰਘ ਨਾਲ। ਰੁਪਿੰਦਰ ਰੂਪੀ ਵੀ ਹੈ ਤੇ ਨਾਲ ਰੌਸ਼ਨ ਪ੍ਰਿੰਸ ਤੇ ਕੁਲਰਾਜ ਰੰਧਾਵਾ ਵੀ ਹਨ। ਚਿਰਾਂ ਬਾਅਦ ਕੁਲਰਾਜ ਫਿਰ ਆ ਰਹੀ ਹੈ। ਯੋਗਰਾਜ ਸਿੰਘ ਫ਼ਿਲਮ ਨੂੰ ਪਰਿਵਾਰਕ ਫ਼ਿਲਮ ਦਸਦੇ ਹਨ ਤੇ ਆਖਦੇ ਹਨ ਕਿ ਰਾਣਾ ਰਣਵੀਰ ਵੀ ਫ਼ਿਲਮ ਵਿੱਚ ਹਨ ਤੇ ਸਾਡੀ ਇਹ ਫ਼ਿਲਮ ਹਰ ਪਰਿਵਾਰ ਦੀ ਪਸੰਦ ਬਣੇ ਬਲਰਾਜ ਸਿਆਲ ਨੇ ਪੂਰੀ ਕੋਸ਼ਿਸ਼ ਕੀਤੀ ਹੈ। ਯੋਗਰਾਜ ਸਿੰਘ “ਆਪਣੇ ਘਰ ਬੇਗਾਨੇ” ਤੋਂ ਇਲਾਵਾ “ਸ਼ਾਇਰ” ਵਿੱਚ ਨੀਰੂ ਬਾਜਵਾ ਤੇ ਸਤਿੰਦਰ ਸਰਤਾਜ ਨਾਲ ਆ ਰਹੇ ਹਨ ਜਦ ਕਿ ਐਮੀ ਵਿਰਕ ਨਾਲ ਓਹਨਾਂ ਨੇ “ਕੁੜੀ ਹਰਿਆਣੇ ਵੱਲ ਦੀ” ਕੀਤੀ ਹੈ। 2024 ਓਹਨਾਂ ਲਈ ਰੁਝੇਵੇਂ ਵਾਲਾ ਸਾਲ ਹੈ।

## ਰੁਪਿੰਦਰ ਗੋਇਲ ਗਏ ਕੈਨੇਡਾ, ਫਿਲਮੀ ਪਿਆਰ ਬਰਕਰਾਰ



“ਬਦਲਾ ਜੱਟੀ ਦਾ” ਦੇ ਸਹਿ ਨਾਇਕ ਦਵਿੰਦਰ ਦੀਪ ਕਾਲਾ ਦੇ ਫ਼ਿਲਮੀ ਸਲਾਹਕਾਰ ਤੇ ਫ਼ਿਲਮ ਸਮੀਖਿਅਕ ਰੁਪਿੰਦਰ ਗੋਇਲ ਵੀ ਸੰਗਰੂਰ, ਮਾਨਸਾ ਇਲਾਕਾ ਦਾ ਮਾਣ ਹਨ। ਨਿਰਦੇਸ਼ਕ ਰਵਿੰਦਰ ਰਵੀ ਦੀ, “ਆਪਾਂ ਫਿਰ ਮਿਲਾਂਗੇ,” ਸਮੇਤ ਕਈ ਫ਼ਿਲਮਾਂ ਨਾਲ ਜੁੜੇ ਰਹੇ ਰੁਪਿੰਦਰ ਗੋਇਲ ਹੁਣ ਕੈਨੇਡਾ ਗਏ ਨੇ ਤੇ ਇਥੇ ਓਹ ਕੁੱਝ ਫਿਲਮੀ ਤਜ਼ਰਬੇ ਹਾਸਿਲ ਕਰਨਗੇ। ਰੁਪਿੰਦਰ ਗੋਇਲ ਨੇ “ਜੱਟ ਜਿਉਣਾ ਮੌੜ” ਫਿਰ ਆਓਣ ਤੇ ਆਪਣੀ ਸਮੀਖਿਆ ਨਾਲ ਸੋਸ਼ਿਲ ਮੀਡੀਆ ਤੇ ਭੂਚਾਲ ਲਿਆਂਦਾ ਸੀ। ਗੋਇਲ ਜਿਹਨਾਂ ਨੂੰ ਪਿਆਰ ਨਾਲ ਕਾਕਾ ਵੀ ਆਖਦੇ ਨੇ ਕਿਹਾ ਕਿ ਜੀਵਨ ਸਥਾਪਤੀ ਲਈ ਕਈ ਵਾਰ ਸ਼ੌਂਕ ਤੇ ਹੋਰ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਉਮੀਦ ਹੈ ਕਿ ਕੁੱਛ ਬਣ ਜਾਣ ਬਾਅਦ ਰੁਪਿੰਦਰ ਗੋਇਲ ਸ਼ਾਨਦਾਰ ਮਨੋਰੰਜਨ ਵਾਲੀ ਫ਼ਿਲਮ ਜਾਂ ਵੈੱਬ ਸੀਰੀਜ਼ ਬਣਾਉਣਗੇ।

## ਸਿੱਖੀ ਸਰੂਪ ਵਿੱਚ ਆ ਰਿਹੈ ਨਵਾਂ ਗਾਇਕ ਆਲਮ ਢਿੱਲੋਂ, ਰਲੀਜ਼ ਹੋਏਗਾ ਪਹਿਲਾ ਗੀਤ “ਮਾਝਾ ਵਾਈਬ”

ਸਿੱਖੀ ਸਰੂਪ ਵਿੱਚ ਇੱਕ ਹੋਰ ਨੌਜਵਾਨ ਗਾਇਕ ਆ ਰਿਹਾ ਹੈ ਤੇ ਦੋਲੋ ਨੰਗਲ ਨੇੜੇ



ਬਿਆਸ ਅੰਮ੍ਰਿਤਸਰ ਦੇ ਸਰਦਾਰ ਆਲਮ ਹਕੀਕਤ ਸਿੰਘ ਢਿੱਲੋਂ ਦਾ ਪਲੇਠਾ ਗੀਤ “ਮਾਝਾ ਵਾਈਬ” ਆ ਰਿਹਾ ਹੈ। ਤਾਏ ਦੀ ਧੀ ਚਲੀ ਹੋਏ ਤਾਂ ਚਾਚੇ ਦੀ ਕਿਉਂ ਕੱਲੀ ਰਹੇ ਤੇ ਹਰਮਨ ਪਿਆਰੇ ਗਾਇਕ ਪ੍ਰੇਮ ਢਿੱਲੋਂ ਦੇ ਨੇੜਲੇ ਹਨ ਆਲਮ ਢਿੱਲੋਂ, ਗੀਤਕਾਰ ਪ੍ਰੇਮ ਢਿੱਲੋਂ ਦੀ ਤਰਾਂ ਮਾਝੇ ਦਾ ਨੌਜ਼ਵਾਨ ਸਰਦਾਰ ਗਾਇਕ ਆਲਮ ਢਿੱਲੋਂ ਆ ਰਿਹਾ ਏ ਕੁਲ ਆਲਮ ਨੂੰ ਆਪਣੀ ਆਵਾਜ਼ ਨਾਲ ਸਰੋਬਾਰ ਕਰਨ ਤੇ ਆਲਮ ਢਿੱਲੋਂ ਦਾ ਪਹਿਲਾ ਟਰੈਕ ਆਓਣ ਲਈ ਤਿਆਰ ਹੈ ।ਆਲਮ ਢਿੱਲੋਂ ਦੇ ਇਸ ਗਾਣੇ ਦਾ ਨਾਮ “ਮਾਝਾ ਵਾਈਬ” ਹੈ। ਇਸ ਅੱਤੀ ਆਧੁਨਿਕ ਗਾਣੇ ਲਈ ਹਰਮਨ ਰੰਧਾਵਾ ਨੇ ਰਾਈਪ ਕੀਤਾ ਹੈ। ਭੁੱਲਰ ਲਵ ਨੇ ਆਲਮ ਢਿੱਲੋਂ ਦੇ ਇਸ ਗਾਣੇ ਲਈ ਪੂਰੀ ਮਿਹਨਤ ਲਾਈ ਹੈ। ਆਲਮ ਢਿੱਲੋਂ ਲਈ ਸੰਗੀਤ ਪ੍ਰਬੰਧ ਦੇਖ ਰਹੇ ਪੱਬਾ ਢਿੱਲੋਂ ਅਨੁਸਾਰ ਸ਼ਾਨਦਾਰ ਪੋਸਟਰ ਨਾਲ ਯੂਟਿਊਬ ਤੇ ਇਸ ਦੀ ਝਲਕ ਪਾਈ ਹੈ। ਆਲਮ ਢਿੱਲੋਂ ਦਾ “ਮਾਝਾ ਵਾਈਬ” ਲਈ ਇੰਸਟਾਗ੍ਰਾਮ ਤੇ ਬਾਕੀ ਸੋਸ਼ਲ ਸਾਈਟਾਂ ਤੇ ਯੋਜਨਾ ਮਈ ਤਰੀਕੇ ਨਾਲ ਕੰਮ ਜ਼ਾਰੀ ਹੈ। ਆਲਮ ਹਕੀਕਤ ਸਿੰਘ ਢਿੱਲੋਂ ਗਾਇਕ ਆਲਮ ਢਿੱਲੋਂ ਦਾ ਪੂਰਾ ਨਾਮ ਹੈ ਤੇ ਨੌਜਵਾਨ ਵਰਗ ਦੀ ਸੰਗੀਤ ਪਸੰਦ ਤੇ ਓਸ ਦੀ “ਮਾਝਾ ਵਾਈਬ” ਕਿਵੇਂ ਰਹਿੰਦੀ ਹੈ, ਇਹੀ ਦੇਖਣਾ ਹੈ ਫਿਲਹਾਲ ਆ ਰਿਹਾ ਹੈ ਸ਼ਾਨਦਾਰ ਗਾਣਾ “ਮਾਝਾ ਵਾਈਬ”.....। ਆਲਮ ਢਿੱਲੋਂ ਨੇ ਬਚਪਨ ਵਿੱਚ ਆਪਣੇ ਘਰੇ ਸ਼ੂਟਿੰਗ “ਸੀਰਿਯਸ ਕੇਸ” ਫ਼ਿਲਮ ਦੀ ਦੇਖੀ ਸੀ ਤੇ ਇਸ ਦੇ ਪਿਤਾ ਪੱਬਾ ਢਿੱਲੋਂ ਇੱਕ ਅਭਿਨੇਤਾ ਰਹੇ ਹਨ । ਖ਼ੈਰ ਖੁਸ਼ੀ ਹੈ ਕਿ ਸਿੱਖੀ ਸਰੂਪ ਵਿੱਚ ਆਲਮ ਢਿੱਲੋਂ ਗਾਇਕੀ ਵਿੱਚ ਵਿਚਰਨ ਆ ਰਹੇ ਹਨ।

-ਅੰਮ੍ਰਿਤ ਪਵਾਰ

## ਸੁਖਦੇਵ ਸਾਹਿਲ ਪ੍ਰਵਾਸ ਚੰਗਾ ਵੀ ਤੇ ਮਾੜਾ ਵੀ ਹੈ



ਹੰਸ ਰਾਜ ਹੰਸ ਦੁਨੀਆਂ ਦਾ ਸੁਰੀਲਾ ਗੁਲੁੱਕਾਰ ਤੇ ਸੁਖਦੇਵ ਸਾਹਿਲ ਓਹਨਾਂ ਦਾ ਸੁਰੀਲਾ ਸ਼ਾਗਿਰਦ ਫ਼ਨਕਾਰ ਹੈ।ਕਲਾਸੀਕਲ ਗਾਇਕੀ ਦਾ ਰਾਜਾ ਸੁਖਦੇਵ ਸਾਹਿਲ ਆਖਦਾ ਹੈ ਕਿ ਚੰਗੇ ਭਵਿੱਖ ਲਈ ਅਮਰੀਕਾ ਦੀ ਸ਼ਰਨ ਲਈ ਤੇ ਕੁੱਲਾਂ ਤਰਨ ਵਾਲੀ ਗੱਲ। ਬਹੁਤ ਸਾਰੇ ਰਿਕਾਰਡ, ਕੈਸਟਾਂ ਤੇ ਸੀ ਡੀ ਨਾਲ ਪੰਜਾਬੀ ਗਾਇਕੀ ਤੋਂ ਫਿਲਮੀ ਗਾਇਕੀ ਤੱਕ ਗਏ ਸਾਹਿਲ ਮੁਤਾਬਿਕ ਪ੍ਰਦੇਸੀ ਹੋਣਾ ਇੱਕ ਆਪਣੇ ਆਪ ਵਿੱਚ ਸਰਾਪ ਵੀ ਹੈ। ਓਹ ਮਿੱਟੀ ਦੀਆਂ ਆਵਾਜ਼ਾਂ, ਓਹ ਮੇਲੇ, ਓਹ ਮਹਿਫ਼ਿਲਾਂ, ਓਹ ਲੋਕ ਸਭ ਪੈਸੇ ਦੀ ਚਮਕੇ ਗੁਆ ਕਿ ਆਏ ਹਾਂ ਪਰ ਫਿਰ ਵੀ ਚਲਦਾ ਗਲਾ ਤੇ ਗਾਇਕੀ ਦਾ ਸਹਾਰਾ ਜ਼ਖਮਾਂ ਤੇ ਮਰਹਮ ਲਾਉਂਦਾ ਹੈ। ਰੰਗੀਲੇ ਨਾਲ ਫਿਲਮੀ ਯਾਰੀ ਤੇ ਟੀਵੀ ਰੇਡੀਓ ਤੇ ਬਣੇ ਨਾਮ ਨੇ ਸੁਖਦੇਵ ਸਾਹਿਲ ਨੂੰ ਗਾਇਕੀ ਬਾਦਸ਼ਾਹ ਬਣਾ ਦਿੱਤਾ ਹੈ।

## ਕਰਮ ਕੁਰੇ ਲੋਕਾਂ ਦਾ ਨਾ ਦੁੱਧ ਵਿਕਦਾ ਤੇਰਾ ਵਿਕਦਾ ਪਾਣੀ



ਕਰਮ ਕੌਰ ਦੇ ਕਰਮ ਉੱਪਰ ਵਾਲੇ ਤੇਜ਼ ਤੇ ਕਿੱਥੇ ਜਿੱਥੇ ਮਰਜ਼ੀ ਜਾ ਬੱਲੇ ਹੀ ਬੱਲੇ ਲਿਖੇ ਹਨ। ਛੋਟਾ ਜਿਹਾ ਫਿਲਮੀ ਕੰਮ “ਤੇਰੀ ਮੇਰੀ ਜੋੜੀ” ਵਿੱਚ ਕਰ ਓਹ ਕਲਰ ਟੀਵੀ ਦੀ ਸਟਾਰ ਬਣੀ ਤੇ “ਕਰਮੋਂ ਕਾ ਫਲ” ਨੇ ਬਾਲੀਵੁੱਡ ਦਿਖਾ ਦਿੱਤੀ ਹੈ। ਗਾਣੇ ਓਹ ਵਾਧੂ ਕਰ ਰਹੀ ਹੈ ਤੇ ਐਡ ਫ਼ਿਲਮਾਂ ਵੀ ਚੋਖੀਆਂ ਕੋਲ ਹਨ। ਹੁਣੇ ਜਿਹੇ ਹੀ ਕਰਮ ਕੌਰ ਨੇ “ਮਿੱਠਾ ਜ਼ਹਿਰ” ਫ਼ਿਲਮ ਕੀਤੀ ਹੈ।ਅਜੇ ਤਾਂ ਸ਼ੁਰੂ ਏ ਓਹ ਕਹਿੰਦੀ ਹੈ ਕਿ ਪੰਜਾਬੀ ਫ਼ਿਲਮਾਂ ਦੀ ਸਟਾਰ ਨਾਇਕਾ ਬਣ ਰਾਜ ਕਰਨਾ ਹੈ। ਟੀਵੀ ਦੀ ਓਹ ਮਲਿਕਾ ਹੈ। ਕਿ ਇਹ ਕਿਹਾ ਜਾ ਸਕਦਾ ਹੈ ਕਿ ਕਰਮ ਕੌਰ ਦੇ ਕਰਮਾਂ ਵਿੱਚ ਸਟਾਰ ਨਾਇਕਾ ਬਣ ਰਾਜ ਕਰਨਾ ਸ਼ਾਮਿਲ ਹੈ। ਅਕਸਰ ਲੋਕਾਂ ਦਾ ਦੁੱਧ ਮੁਸ਼ਕਿਲ ਨਾਲ ਵਿਕਣ ਵਾਲੀ ਗੱਲ ਤੇ ਜੈ ਕੁਰ ਦੇ ਪਾਣੀ ਵਿਕਣ ਵਾਂਗ ਕਰਮ ਕੌਰ ਦਾ ਨਾਮ ਚਲਦਾ ਹੈ।

## ਸਿੱਧੂ ਤੇ ਦਿਓਲ ਲੁਧਿਆਣੇ ਦੇ ਫ਼ਿਲਮੀ ਰਾਜੇ, ਚਲ ਸੋ ਚਲ ਹਨ



ਲੁਧਿਆਣਾ ਇੱਕਲਾ ਹੋਜ਼ਰੀ ਤੇ ਲੋਹੇ ਦਾ ਸ਼ਹਿਰ ਹੀ ਨਹੀਂ ਕਲਾਕਾਰਾਂ ਦਾ ਸਵਰਗ ਵੀ ਹੈ। ਨਿਰਦੇਸ਼ਕ ਬਲਜਿੰਦਰ ਸਿੱਧੂ ਇਸ ਸ਼ਹਿਰ ਆ ਕਿ “ਅੱਜ ਦੇ ਲਫੰਗੇ,” ਤੋਂ ਬਾਅਦ ਨਵੇਂ ਪ੍ਰੋਜੇਕਟ ਦੀ ਸ਼ੂਟਿੰਗ ਕਰਨ ਜਾ ਰਹੇ ਨੇ ਤੇ ਪ੍ਰਭ ਗਰੇਵਾਲ ਨਾਇਕਾ ਤੇ ਨਾਲ ਗੁੱਗੂ ਗਿੱਲ ਹੈ। ਉਧਰ ਮਲਕੀਤ ਸਿੰਘ ਦਿਓਲ ਸਰਦਾਰੀ ਕਾਇਮ ਹੈ ਤੇ ਦਰਜ਼ਨ ਭਰ ਲਘੂ ਫਿਲਮਾਂ ਦੇ ਬਾਅਦ “ਕਰਮ” ਫ਼ਿਲਮ ਕਰਨ ਜਾ ਰਹੇ ਹਨ। ਆਪ ਚੰਗੇ ਲੇਖਕ ਤੇ ਗੀਤਕਾਰ ਮਲਕੀਤ ਦਿਓਲ ਹਨ ਤੇ ਨਿਰਮਾਣ ਵੀ ਓਹ ਟੌਹਰ ਨਾਲ ਕਰਨਗੇ ਕਿਉਂ ਕਿ ਪਰਿਵਾਰ ਦਾ ਸਹਿਯੋਗ, ਮਿੱਤਰਾਂ ਦਾ ਸਾਥ ਤੇ ਘਰ ਵਾਲੀ ਦਾ ਮਿਲਵਰਤਨ ਸਲੀਕਾ ਦਿਓਲ ਲੁਧਿਆਣੇ ਦੀ ਸ਼ਾਨ ਬਲਜਿੰਦਰ ਸਿੱਧੂ ਦੀ ਤਰਾਂ ਬਣਨ ਵਾਲੇ ਹਨ।

## ਸਰਗਮ ਸੋਹੀ ਦੇ “ਫੇਕ ਬੰਦੇ” ਪੇਸ਼ ਕੀਤੇ ਸੰਧੂ ਬੋਅਜ਼ ਨੇ



ਸੰਧੂ ਬੋਅਜ਼ ਸਰੋਤਿਆਂ ਤੇ ਦਰਸ਼ਕਾਂ ਲਈ ਇੱਕ ਸ਼ਾਨਦਾਰ ਐਲਬਮ “ਫ਼ੇਕ ਬੰਦੇ” ਲਿਆ ਰਹੀ ਹੈ। ਸੰਧੂ ਬੋਅਜ਼ ਦੀ ਸੀਈਓ ਸੰਦੀਪ ਕੌਰ ਸੰਧੂ ਦੇ ਬੋਲ ਕਿ ਇਹ ਗਾਣਾ ਝੂਠੇ ਇਨਸਾਨਾਂ ਤੇ ਇੱਕ ਮਨੋਰੰਜਕ ਵਿਅੰਗ ਨੂੰ ਬਹੁਤ ਹੀ ਮਿੱਠੀ ਆਵਾਜ਼ ਗਾਇਕ ਸਰਗਮ ਸੋਹੀ ਨੇ ਗਾਇਆ ਹੈ। ਦਾ ਵਿਕਰਮਜੀਤ ਨੇ “ਫੇਕ ਬੰਦੇ” ਗੀਤ ਦੀ ਰਚਨਾ ਕੀਤੀ ਹੈ। ਸਰਗਮ ਸੋਹੀ ਦੀ ਬੇਹੱਦ ਪਿਆਰੀ ਆਵਾਜ਼ ਵਾਲੇ ਇਸ ਗੀਤ ਦਾ ਅਧਿਕਾਰਤ ਪੋਸਟਰ ਚਰਚਿਤ ਹੋਇਆ ਹੈ। ਦੀਪ ਆਰ ਡੀ ਨੇ “ਫੇਕ ਬੰਦੇ” ਦਾ ਵੀਡਿਓ ਐਲਬਮ ਗਾਣਾ ਫ਼ਿਲਮਾਇਆ ਹੈਰਣਜੀਤ ਸਿੰਘ ਰਾਣਾ ਸੰਧੂ ਦੇ ਨਿਰਮਾਣ ਹੇਠ ਸਰਗਮ ਸੋਹੀ ਦਾ “ਫੇਕ ਬੰਦੇ” ਨੌਜਵਾਨਾਂ ਦੀ ਪਸੰਦ ਬਣ ਗਿਆ ਤਾਂ ਸਰਗਮ ਸੋਹੀ, ਸੰਦੀਪ ਕੌਰ ਤੇ ਰਾਣਾ ਸੰਧੂ ਦੀ ਤਿਕੜੀ ਜ਼ਿੰਦਾਬਾਦ।

**ਪੇਸ਼ਕਸ਼ - ਅੰਮ੍ਰਿਤ ਪਵਾਰ**

# ਪਾਠਕਾਂ ਦੇ ਪੱਤਰ

TO, H. S. Mander
Editor, Panjab Times,
24 Cotton Brook Road,
Derby DE23 8YJ, UK

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਵਾਕਈ ਤੁਸੀਂ ਸੱਚੇ ਹੋ ਤਾਂ ਚੈਨਲ 'ਤੇ ਆਵੋ, ਆਪਣੀ ਅਕਲ ਦਾ ਜਨਾਜਾ ਨਾ ਕੱਢੋ, ਸਿਆਣਪ ਅਤੇ ਸੂਝ ਬੂਝ ਵਾਲੇ ਲੱਗਦੇ ਹੋ ਚੈਨਲ 'ਤੇ ਜਾਉ

**ਮਾਨਯੋਗ ਸੰਪਾਦਕ ਜੀ**

ਵਾਹਿਗੁਰੂ ਜੀ ਕਾ ਖ਼ਾਲਸਾ!

ਵਾਹਿਗੁਰੂ ਜੀ ਕੀ ਫਤਹਿ!

ਵੀਰ ਪੁਰੇਵਾਲ ਜੀ ਮੇਰੇ ਇਹ ਚਾਰ ਅੱਖਰ ਆਪਣੇ ਪਰਚੇ ਵਿੱਚ ਛਾਪ ਕੇ ਉਮੀਦ ਹੈ ਧੰਨਵਾਦੀ ਬਣਾਉਗੇ।

ਪੰਜਾਬ ਟਾਈਮਜ਼ ਦੇ ਪੰਨਾ 45-46, ਤਰੀਕ 22-2-24 'ਤੇ ਇਕ ਬੀਬੀ ਜੀ ਬਲਵਿੰਦਰ ਕੌਰ ਚਾਹਲ ਵੱਲੋਂ ਲਿਖਿਆ ਗਿਆ ਹੈ। ਇਸ ਵਿੱਚ ਬੀਬੀ ਜੀ ਨੇ ਤਾਂ ਹੱਦ ਹੀ ਕਰ ਦਿੱਤੀ, ਗੁਰੂਆਂ, ਗੁਰਬਾਣੀ, ਸ਼ਹੀਦਾਂ, ਮੁਰੀਦਾਂ, ਵਿਦਵਾਨਾਂ ਅਤੇ ਚਿੰਤਤ ਸਿੱਖਾਂ ਬਾਰੇ ਜੋ ਊਲ ਜਲੂਲ ਲਿਖ ਮਾਰਿਆ। ਬੜੇ ਦੁੱਖ ਦੀ ਗੱਲ ਹੈ। ਇਹ ਬੀਬੀ ਜੀ ਚਿਰਾਂ ਤੋਂ ਹੀ ਬਹੁਤ ਸਿੱਖੀ ਖਿਲਾਫ, ਸਿੱਖਾਂ ਖਿਲਾਫ, ਸਿੱਖ ਧਰਮ 'ਤੇ ਟਿੱਪਣੀਆਂ ਕਰਦੇ ਰਹਿੰਦੇ ਹਨ ਤੇ ਬਾਦਲਾਂ ਤੇ ਆਰ. ਐੱਸ. ਐੱਸ. ਦੇ ਗੁਣ ਗਾਉਂਦੇ ਹਨ।

ਪਰ ਇਸ ਵਾਰ ਤਾਂ ਗੁਰਬਾਣੀ ਤੇ ਗੁਰੂ ਬਾਰੇ ਜੋ ਲਿਖਦੇ ਹਨ ਕੀ ਇਹ ਗੁਰਬਾਣੀ ਤੇ ਗੁਰੂ ਸਾਹਿਬਾਨਾਂ ਦੀ ਬੇਅਦਬੀ ਨਹੀਂ ਹੈ? ਉਹ ਵੀਰ ਜੋ ਸਾਰੀਆਂ ਚੈਨਲਾਂ 'ਤੇ ਬੈਠ ਕੇ ਸਿੱਖੀ ਦੀਆਂ, 84 ਦੀਆਂ, ਗੁਰਬਾਣੀ ਦੀਆਂ ਤੇ ਜਾਂ ਫਿਰ ਮੁਗਲ ਤੇ ਅੰਗ੍ਰੇਜ਼ਾਂ ਬਾਰੇ ਹੀ ਹੋਕਾ ਕਿੱਸੇ ਸੁਣਾਂਦੇ ਹਨ ਕੀ ਉਹ ਇਸ ਬੀਬੀ ਜੀ ਦੇ ਲੇਖ ਨਹੀਂ ਪੜ੍ਹਦੇ? ਜੇਕਰ ਪੜ੍ਹਦੇ ਹਨ ਤਾਂ ਕੀ ਪੰਜਾਬ ਵਿੱਚ ਗੁਰਬਾਣੀ ਤੇ ਗੁਰੂਆਂ ਦੀ ਬੇਅਦਬੀ ਬਾਰੇ ਤਾਂ ਬਹੁਤ ਪ੍ਰੋਗਰਾਮ ਕਰਦੇ ਹਨ ਜਦੋਂ ਵੀਰੋ ਤੁਹਾਡੇ ਨੱਕ ਥੱਲੇ ਬੇਅਦਬੀ ਹੋ ਰਹੀ ਹੈ ਤਾਂ ਬੋਲਦੇ ਕਿਉਂ ਨਹੀਂ?

ਕੋਈ ਪ੍ਰਚਾਰਕ ਨਹੀਂ ਬੋਲ ਰਿਹਾ, ਸ਼ਾਇਦ ਬੀਬੀ ਜੀ ਵੀ ਠੀਕ ਹਨ ਕਿ ਚੈਨਲਾਂ 'ਤੇ ਬੈਠਕੇ ਆਪਣੇ ਨਾਵਾਂ ਦੀ ਬੱਲੇ ਬੱਲੇ ਕਰਵਾਣ ਵਾਸਤੇ ਹੀ ਰਾਜਨੀਤੀ ਤੇ ਧਰਮ ਵੰਨ ਸ਼ੋਅ ਕਰਨ ਮੁੱਦੇ ਤੇ ਹੋਰ ਬਹੁਤ ਪ੍ਰੋਗਰਾਮ ਕੀਤੇ ਜਾਂਦੇ ਹਨ ਪਰ ਸਿੱਖ ਇਤਿਹਾਸ, ਸਿੱਖ ਧਰਮ ਬਾਰੇ ਜੋ ਮਰਜੀ ਲਿਖੀ ਜਾਣ, ਖੂਹ ਵਿੱਚ ਪਵੇ। ਗੁਰਮੁਖੋ ਇਨ੍ਹਾਂ ਗਲਤ ਗੱਲਾਂ, ਵਿਸ਼ਿਆਂ ਦਾ ਜੇ ਅੱਜ ਨਾਲ ਦੀ ਨਾਲ ਜਵਾਬ ਨਾ ਦਿੱਤਾ ਗਿਆ ਤਾਂ ਇਸ ਨੂੰ ਆਉਣ ਵਾਲੇ ਲੋਕ ਠੀਕ ਸਮਝਣ ਲੱਗ ਜਾਣਗੇ?

ਬੀਬੀ ਜੀ ਕਦੇ ਕਹਿੰਦੇ ਗਾਂ ਸਾਡੀ ਮਾਂ ਹੈ, ਕਦੇ ਕਹਿੰਦੀ ਗੁਰੂ ਹਿੰਦੂ ਸਨ, ਕਦੇ ਕਹਿੰਦੀ ਗੁਰੂ ਸਾਹਿਬਾਨ ਸਰਕਾਰੀ ਖਰਚੇ 'ਤੇ ਪ੍ਰਚਾਰ ਕਰਦੇ ਸੀ, ਕਦੇ ਕਹਿ ਰਹੀ ਹੈ ਕਿ ਮੇਰਾ ਕਾਕਾ ਪੁੱਛਦਾ 1430 ਪੰਨੇ 48 ਘੰਟਿਆਂ ਵਿੱਚ ਪੜ੍ਹੇ ਜਾ ਸਕਦੇ? ਕਿੱਡੇ ਬੇਹੂਦਾ ਸਵਾਲ ਤੇ ਕਿੱਡੇ ਬੇਹੂਦਾ ਜਵਾਬ ਇਸ ਬੀਬੀ ਜੀ ਦੇ। ਆਪਣੇ ਆਪ ਨੂੰ ਖੋਜੀ ਲਿਖਦੀ ਹੈ, ਲਿਖਾਰੀ ਲਿਖਦੀ ਹੈ ਤੇ ਖੋਜ ਸਿਰਫ਼ ਬਾਦਲਾਂ ਅਤੇ ਆਰ. ਐੱਸ. ਐੱਸ. 'ਤੇ ਹੀ ਕਰਦੀ ਹੈ ਤੇ ਉਹ ਇਹ ਕਿ ਉਨ੍ਹਾਂ ਦੇ ਸਾਰੇ ਗਲਤ ਕੰਮਾਂ ਨੂੰ, ਝੂਠ ਨੂੰ ਸੱਚ ਬਣਾ ਕੇ ਕਿਵੇਂ ਪੇਸ਼ ਕਰਨਾ ਹੈ।

ਪਤਾ ਨਹੀਂ ਬਾਦਲਾਂ ਨੇ ਇਸ ਨੂੰ ਕਿਹੜੀ ਸਿੱਠੀ ਸੁੰਘਾਈ ਹੈ? ਜਾਂ ਕਿਹੜੀ ਕਿਸੇ ਵੱਡੀ ਬਿਪਤਾ ਵਿੱਚੋਂ ਕੱਢਿਆ ਹੈ? ਕਿਹੜਾ ਏਡਾ ਵੱਡਾ ਅਹਿਸਾਨ ਇਸ ਦੇ ਸਿਰ ਕੀਤਾ ਹੈ ਤੇ ਕੀ ਕੀ ਸ਼ਰਤਾਂ ਮਨਵਾਈਆਂ ਹੋਣਗੀਆਂ ਕਿ ਸਿਰਫ਼ ਸਾਡੀਆਂ ਹੀ ਸਿਫ਼ਤਾਂ ਦੇ ਪੁਲ ਬੰਨ੍ਹ ਬੰਨ੍ਹ ਕੇ ਹੁਣ ਲਿਖਣਾਂ ਸ਼ੁਰੂ ਕਰ ਦੇ? ਇਹ ਵੀ ਸਮਝ ਤੋਂ ਬਾਹਰ ਹੈ ਕਿ ਇਸ ਨੂੰ ਬਾਦਲ ਦੇ ਕੰਮਾਂ ਅੱਗੇ ਗੁਰੂਆਂ, ਪੀਰਾਂ, ਸ਼ਹੀਦਾਂ, ਮੁਰੀਦਾਂ ਦੀਆਂ ਕੁਰਬਾਨੀਆਂ ਛੋਟੀਆਂ ਲੱਗ ਰਹੀਆਂ ਹਨ, ਜੇਕਰ ਕਿਸੇ ਨੂੰ ਪਤਾ ਹੋਵੇ ਤਾਂ ਦੱਸੋ ਜਰੂਰ ਮੇਹਰਬਾਨੀ ਹੋਵੇਗੀ।

ਫੇਰ ਇਹ ਬੀਬੀ ਜੀ ਸ਼ਰਨਾਰਥੀਆਂ ਵੱਲ ਤੋਪ ਕੱਸ ਲੈਂਦੇ ਹਨ। ਬੀਬੀ ਜੀ ਸ਼ਰਨਾਰਥੀ ਵੀ ਬਾਦਲਾਂ ਦੀ ਦੇਣ ਹੈ। ਬਾਦਲਾਂ ਦੀ ਬੇਈਮਾਨੀ ਸਿੱਖਾਂ ਅਤੇ ਪੰਜਾਬ ਨਾਲ ਹੋਣ ਕਰਕੇ ਹੀ ਉਹ ਸ਼ਰਨਾਰਥੀ ਬਣੇ। ਉਹ ਆਪ ਬੋਲਿਆ ਸੀ ਛੋਟਾ ਬਾਦਲ ਕਿ ਮੈਂ ਦੁਨੀਆਂ ਦਾ ਸਭ ਤੋਂ ਅਮੀਰ ਬਣਨਾ ਹੈ। ਇਸੇ ਕਰਕੇ ਪੰਜਾਬ ਦੀ ਤੇ ਖਾਸ ਕਰ ਸਿੱਖਾਂ ਦੀ ਸਾਰੀ ਜਾਇਦਾਦ ਆਪ ਹੜੱਪ ਗਿਆ ਹੈ। ਪੰਜਾਬ ਵਿੱਚ ਕੋਈ ਤਰੱਕੀ ਨਹੀਂ ਹੋਣ ਦਿੱਤੀ ਤੇ ਲੋਕ ਉਸ ਦੇ ਜ਼ੁਲਮਾਂ ਤੋਂ ਤੰਗ, ਕੰਮ ਨਾਂ ਹੋਣ ਕਰਕੇ ਤੰਗ ਹੋ ਕੇ ਸ਼ਰਨਾਰਥੀ ਬਣਦੇ ਆ ਰਹੇ ਹਨ। ਜਵਾਨੀ ਦਾ ਸਭ ਤੋਂ ਵੱਧ ਘਾਣ ਬਾਦਲ ਪਰਿਵਾਰ ਤੇ ਜੁੰਡਲੀ ਨੇ ਹੀ ਕਰਵਾਇਆ ਹੈ। ਬੀਬੀ ਜੀ ਬਾਦਲਾਂ ਦੇ ਬੀਜੇ ਕਿੱਕਰਾਂ ਦੇ ਕੰਢੇ ਸੁਹਿਰਦ ਸਿੱਖ ਅੱਜ ਤੱਕ ਕੱਠੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕਿ ਕੌਮ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੁੱਭਣ ਨਾਂ ਪਰ ਤੁਸੀਂ ਹੋਰ ਕੰਡੇ ਖਿਲਾਰ ਰਹੇ ਹੋ ਤੇ ਬਾਦਲ ਦਾਖਾਂ ਖਾ ਰਹੇ ਹਨ। ਫੇਰ ਬੀਬੀ ਜੀ ਕਹਿੰਦੇ ਹਨ ਕਿ ਬਾਦਲ ਚੈਨਲਾਂ 'ਤੇ ਬੈਠ ਕੇ ਚੁਸਕੀਆਂ ਨਹੀਂ ਸਨ ਲੈਂਦੇ! ਹੁਣ ਚੈਨਲਾਂ 'ਤੇ ਗੱਲਾਂ ਕਰਨ ਵਾਲੇ ਵੀਰ ਜਵਾਬ ਦੇਵੋ?

ਫੇਰ ਬੀਬੀ ਜੀ ਆਪਣੇ ਆਪ ਨੂੰ ਇਤਿਹਾਸਕਾਰ ਮੰਨਕੇ ਲਿਖਦੀ ਹੈ ਕਿ ਇਤਿਹਾਸਕਾਰ ਘਰੋਂ ਬੇਘਰ ਹੋ ਕੇ ਇਤਿਹਾਸਕਾਰ ਬਣਦਾ ਹੈ। ਬੀਬੀ ਜੀ ਤੁਸੀਂ ਤਾਂ ਫੇਰ ਬਾਦਲਾਂ ਪਿੱਛੇ ਹੀ ਘਰੋਂ ਬੇਘਰ ਹੋਏ ਹੋਵੋਗੇ ਕਿਉਂਕਿ ਮੁੱਲਾਂ ਦੀ ਦੌੜ ਮਸੀਤ ਤੱਕ, ਤੁਸੀਂ ਤਾਂ ਸਿਰਫ਼ ਬਾਦਲਾਂ ਦੀ ਹੀ ਖੋਜ ਕੀਤੀ ਹੈ ਤੇ ਉਹ ਵੀ ਝੂਠ ਨੂੰ ਸੱਚ ਬਣਾਣ ਵਾਸਤੇ ਤੇ ਸ਼ਾਇਦ ਉਨ੍ਹਾਂ ਦੇ ਜੰਗਲ ਵਾਲੇ ਰੀਜ਼ੋਰਟ ਵਿੱਚ ਖੋਜ ਕਰਨੀ ਅਸਾਨ ਸੀ ਨਵੇਕਲੀ ਜਗਾਹ ਤੇ ਸ਼ਾਂਤੀ ਵਾਲੇ ਥਾਂ ਲਿਖਣਾਂ ਸੌਖਾ ਹੋ ਜਾਂਦਾ ਹੈ।

ਹੁਣ ਚੈਨਲਾਂ 'ਤੇ ਬੈਠਣ ਵਾਲੇ ਸਾਰੇ ਪ੍ਰਜ਼ੈਂਟਰਾਂ ਨੂੰ ਚੈਲੰਜ ਹੈ ਜੋ ਧਰਮ ਦੀਆਂ ਬਹੁਤ ਗੱਲਾਂ ਕਰਦੇ ਹਨ। ਬੇਅਦਬੀ ਦੀਆਂ ਗੱਲਾਂ ਕਰਦੇ ਹਨ, ਇਹ ਲਿਖਤੀ ਬੇਅਦ-ਬੀ ਦਾ ਵੀ ਜਵਾਬ ਦੇਵੋ ਪੰਜਾਬ ਦੀਆਂ ਗੱਲਾਂ ਤਾਂ ਕਰਦੇ ਹੋ। ਕਦੇ ਹੁਕਮਨਾਮਿਆਂ ਦੀ ਵਿਆਖਿਆ ਕਰਦੇ ਤੇ ਬੇਅਦਬੀ ਹੋਣ 'ਤੇ ਚੁੱਪ ਧਾਰੀ ਬੈਠੇ ਹੋ?

ਫੇਰ ਬੀਬੀ ਜੀ ਕਹਿੰਦੇ ਹਨ ਕਿ ਮੈਨੂੰ ਚੈਨਲ ਤੋਂ ਫੋਨ ਆਇਆ ਕਿ ਬਹਿਸ ਵਿੱਚ ਹਿੱਸਾ ਲਉ, ਕਹਿੰਦੇ ਮੈਂ ਸਮਾਂ ਬਰਬਾਦ ਨਹੀਂ ਕਰਨਾ ਪਰ ਜੇਕਰ ਮੈਂ ਗਲਤ ਹੋਵਾਂ ਤਾਂ ਬੁਰਾ ਨਹੀਂ ਮਨਾਵੇਗੀ ਦੱਸੋ ਜ਼ਰੂਰ।

ਬੀਬੀ ਜੀ ਗਿਆਨੀ ਦਿੱਤ ਸਿੰਘ ਜੀ ਨੇ ਆਰੀਆ/ਸਨਾਤਨੀ (ਦੋਵੇਂ ਸਾਂਝੇ ਹੀ ਹਨ) ਗੁਰੂ ਦਯਾ ਨੰਦ ਨਾਲ/ਸਵਾਮੀ ਦਯਾ ਨੰਦ ਜੋ ਵੀ ਸੀ ਨਾਲ ਤਿੰਨ ਵਾਰ ਬਹਿਸ ਕੀਤੀ ਹਰ ਵਾਰੀ ਹਾਰ ਗਿਆ ਤੇ ਤੀਜੀ ਵਾਰੀ ਤਾਂ ਭੱਜ ਹੀ ਗਿਆ ਵਿੱਚੇ ਛੱਡਕੇ। ਬੀਬੀ ਜੀ ਟੀ.ਵੀ. ਦੀ ਬਹਿਸ ਸਮਾਂ ਬਰਬਾਦ ਨਹੀਂ। ਗਿਆਨੀ ਦਿੱਤ ਸਿੰਘ ਨਾਲੋਂ ਤੁਸੀਂ ਬਹੁਤੇ ਸਿਆਣੇ ਨਹੀਂ ਉਹਨੀ ਤਾਂ ਕਦੇ ਨਹੀਂ ਕਿਹਾ ਕਿ ਸਮਾਂ ਬਰਬਾਦ ਹੈ। ਬਹਿਸ ਤਾਂ ਸਾਰੇ ਵਹਿਮ ਭਰਮ ਦੂਰ ਕਰ ਦਿੰਦੀ ਹੈ ਜੇਕਰ ਸਿਹਤਮੰਦ ਹੋਵੇ, ਸਿਆਣਪ ਨਾਲ ਦਲੀਲ ਨਾਲ ਕੀਤੀ ਜਾਵੇ। ਵਾਕਈ ਤੁਸੀਂ ਸੱਚੇ ਹੋ ਤਾਂ ਚੈਨਲ 'ਤੇ ਆਵੋ ਜਿਸਨੇ ਵੀ ਬੁਲਾਇਆ ਜਾਣਾ ਚਾਹੀਦਾ ਆਪਣੀ ਅਕਲ ਦਾ ਜਨਾਜਾ ਨਾ ਕੱਢੋ ਤੇ ਸਿਆਣਪ ਤੇ ਸੂਝ ਬੂਝ ਵਾਲੇ ਲੱਗਦੇ ਹੋ ਚੈਨਲ 'ਤੇ ਜਾਉ।


**ਪਾਠਕ ਨੇ ਆਪਣਾ ਨਾਮ ਨਹੀਂ ਲਿਖਿਆ ਪਰ ਐਡਰੈੱਸ ਜ਼ਰੂਰ ਭੇਜਿਆ ਹੈ।**

## ਕਿਸਾਨਾਂ ਨੂੰ ਮੋਰਚਾ ਜਿੱਤ ਕੇ ਮੁੜਨ ਦੀ ਕਾਹਲੀ ਨਹੀਂ ਕਰਨੀ ਚਾਹੀਦੀ ਸੀ

ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ। ਹਰ ਸਾਲ ਉਸ ਦਾ ਦਿਹਾੜਾ ਮਨਾ ਰਹੇ ਹਾਂ। ਅਖੰਡ ਪਾਠ ਕਰਵਾਉਂਦੇ ਹਾਂ। ਕਿੰਨਾ ਖਰਚ ਹੁੰਦਾ ਹੈ ਟਾਈਮ ਕਿੰਨਾ ਲੱਗਦਾ ਹੈ ਪਰ ਕੀ ਉਸ ਦੇ ਦੱਸੇ ਅਸੂਲ ਹੁਕਮਨਾਮੇ ਹਨ ਉਸ ਮੁਤਾਬਕ ਚੱਲ ਵੀ ਰਹੇ ਹਾਂ। ਕਿੰਨੇ ਹਨ ਜੋ ਉਸ ਹੁਕਮਨਾਮੇ ਮੁਤਾਬਕ ਚਲਦੇ ਹਨ। ਕਿੰਨੇ ਪਰਸੈਂਟ ਹਨ ਦੱਸੋ ਮੈਨੂੰ ਲਿਖਣ ਦੀ ਲੋੜ ਨਹੀਂ।

ਮੈਂ ਇਸ ਸਾਲ ਪੰਜਾਬ ਦੀ ਗੱਲ ਵੀ ਜ਼ਰੂਰ ਲਿਖਦਾ ਜਾਵਾਂ। ਦੇਖੋ ਕਿਵੇਂ ਉਥੇ ਸਪੀਚ ਹੋ ਰਹੀ ਹੈ। ਕਿੰਨੇ ਕਰੋੜ ਰੁਪਏ ਦਾ ਬਜਟ ਹੈ ਕੀ ਸਾਰਾ ਪੈਸਾ ਇਸ ਦਾ ਸਹੀ ਥਾਂ ਖਰਚ ਹੋਵੇਗਾ ਨਾ ਹੋਇਆ ਹੈ ਨਾ ਹੋਵੇਗਾ। ਪਿਛਲਾ ਇਤਿਹਾਸ ਦੇਖੋ ਹੁਣ ਪਿਛਲਾ ਸਮਾਂ ਦੇਖੋ ਲਵੋ ਬਹੁਤ ਕੁਝ ਕਾਗਜ਼ਾਂ ਵਿੱਚ ਹੀ ਸੀਮਤ ਹੈ ਜਾਂ ਬੱਸ ਵਿਰੋਧੀ ਧਿਰਾਂ ਦੇ ਲੀਡਰਾਂ ਦੀ ਫੜੋ ਫੜਾਈ ਜਿਸ ਵਿੱਚ ਸ਼ਾਇਦ ਹੀ ਕਿਸੇ ਨੂੰ ਸਜ਼ਾ ਹੋਵੇ ਜਾਂ ਉਸ ਦੀ ਬਣਾਈ ਜਾਇਦਾਦ ਜ਼ਬਤ ਹੋਵੇ ਹਾਂ ਜਿਸ ਉਮਾਤੜ ਸਾਥੀ ਦੀ ਉਪਰ ਪਹੁੰਚ ਵਾਲਾ ਕੋਈ ਨਹੀਂ ਉਸ ਦੀ ਜ਼ਰੂਰ ਖਿੱਚੋਤਾਣੀ ਹੋ ਰਹੀ ਹੈ। ਨਹੀਂ ਤਾਂ ਪੁਲੀਸ ਵੀ ਕੁਝ ਨਹੀਂ ਕਰ ਰਹੀ। ਚਲੋਂ ਚੋਣਾਂ ਦੇ ਦਿਨ ਹਨ ਹੁਣ ਸਾਰੀਆਂ ਪਾਰਟੀਆਂ ਸਰਗਰਮ ਹਨ। ਸਾਰੇ ਜਿੱਤ ਦੇ ਦਾਅਵੇ ਕਰ ਰਹੇ ਹਨ। ਦੇਖੋ ਅੱਗੇ ਬਣੇਗਾ ਕੀ।

ਹੁਣ ਗੱਲ ਕਰੀਏ ਕਿਸਾਨ ਮੋਰਚੇ ਦੀ ਚੰਗੇ ਵਕੀਲ ਦੱਸਦੇ ਹਨ ਕਿ ਮੈਨੂੰ ਆਪ ਵੀ ਪਤਾ ਨਹੀਂ ਕੀ ਠੀਕ ਹੈ ਕੀ ਗਲਤ ਹੈ ਪਰ ਕਾਨੂੰਨ ਮਾਹਰ ਇਹ ਕਹਿੰਦੇ ਹਨ ਕੇ ਜੋ ਮੰਗਾਂ ਸਰਕਾਰ ਨੇ ਮੰਨੀਆਂ ਸਨ ਉਸ ਦੀ ਲਿਖਤ ਚੰਗੀ ਸਹੀ ਤਰੀਕੇ ਨਾਲ ਨਹੀਂ ਕੀਤੀ ਉਹ ਕਹਿੰਦੇ ਹਨ ਲਿਖਣ ਸਮੇਂ ਮਿਤੀ ਲਿਖਣੀ ਟਾਈਮ ਲਿਖਣਾ ਕਿ ਅੱਜ ਤੋਂ ਇਹ ਕਾਨੂੰਨ ਰੱਦ ਕੀਤੇ ਨਾਲ ਲਿਖਤ ਵਿੱਚ ਲਿਖਣਾ ਸੀ ਕਿ ਅੱਗੇ ਤੋਂ ਅਜਿਹਾ ਕਾਨੂੰਨ ਕੋਈ ਵੀ ਸਰਕਾਰ ਬਣਾਏ ਕਿਸਾਨਾਂ ਦੀ ਯੂਨੀਅਨ ਦੀ ਸਲਾਹ ਲੈ ਕੇ ਕਾਨੂੰਨ ਦੀ ਗੱਲ ਅੱਗੇ ਚੱਲੇ ਫਿਰ ਕਿਸੇ ਨੂੰ ਮੁਕਰਨ ਲਈ ਕੋਈ ਥਾਂ ਨਹੀਂ ਹੁਣ ਇਹੋ ਜ਼ੋਰ ਦਈ ਜਾਂਦੇ ਹਨ ਇਹ ਮੰਨ ਲਿਆ ਉਹ ਮੰਨ ਲਿਆ ਉਸ ਵਕਤ ਸਿਰਫ਼ ਮੋਰਚਾ ਜਿੱਤ ਕੇ ਚਲਣ ਦੀ ਕੀਤੀ ਚਾਰ ਦਿਨ ਹੋਰ ਬੈਠ ਲੈਂਦੇ ਚੰਗੇ ਤਰੀਕੇ ਨਾਲ ਪਾਸ ਕਰਵਾ ਕੇ ਫਿਰ ਘਰ ਨੂੰ ਪਰਤਦੇ।



**ਆਪ ਦਾ ਦਾਸ-ਕੇ ਐਸ ਜੋਗੀ**

## ਵਿਸ਼ੇਸ਼ ਨੋਟ :

**ਲਿਖਾਰੀ ਅਤੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੀ ਲਿਖਤ ਭੇਜਣ ਸਮੇਂ ਆਪਣਾ ਨਾਮ, ਟੈਲੀਫੋਨ ਨੰਬਰ ਤੇ ਐਡਰੈੱਸ ਜ਼ਰੂਰ ਲਿਖੋ। ਅੱਗੇ ਤੋਂ ਤੁਸੀਂ ਕੋਈ ਵੀ ਲਿਖਤ ਭੇਜਦੇ ਹੋ, ਜੇਕਰ ਪੂਰਾ ਪਤਾ ਨਹੀਂ ਦਿੱਤਾ ਗਿਆ ਤਾਂ ਲਿਖਤ ਛਾਪੀ ਨਹੀਂ ਜਾਵੇਗੀ।**

-ਸੰਪਾਦਕ

## ਫ਼ਿਲਮੀ ਦੁਨੀਆ



# ਨਿਖਿਲ ਅਡਵਾਨੀ ਦੀ ਫ਼ਿਲਮ 'ਵੇਦਾ' ਵਿਚ ਭੂਮਿਕਾ ਨਿਭਾਏਗੀ ਤਮੰਨਾ ਭਾਟੀਆ



34 ਸਾਲ ਦੀ ਹੋ ਚੁੱਕੀ ਤਮੰਨਾ ਭਾਟੀਆ ਪਿਛਲੇ 18 ਸਾਲ ਤੋਂ ਫ਼ਿਲਮ ਸਨਅਤ ਵਿਚ ਸਰਗਰਮ ਹੈ ਅਤੇ ਹੁਣ ਤੱਕ ਦੱਖਣ ਅਤੇ ਹਿੰਦੀ ਸਿਨੇਮਾ ਜਗਤ ਦੀਆਂ ਲਗਭਗ 67 ਫ਼ਿਲਮਾਂ ਵਿਚ ਨਜ਼ਰ ਆ ਚੁੱਕੀ ਹੈ। ਤਮੰਨਾ ਦਾ ਸ਼ੁਰੂਆਤੀ ਫ਼ਿਲਮੀ ਸਫ਼ਰ ਸੌਖਾ ਨਹੀਂ ਰਿਹਾ। ਸਾਲ 2002 ਵਿਚ ਮਹਿਜ਼ 13 ਸਾਲ ਦੀ ਉਮਰ ਤੋਂ ਹੀ ਤਮੰਨਾ ਪ੍ਰਿਥਵੀ ਥੀਏਟਰ ਨਾਲ ਜੁੜ ਗਈ ਸੀ, ਜਿਥੇ ਉਹ ਸਟੇਜ 'ਤੇ ਪੇਸ਼ਕਾਰੀ ਕਰਿਆ ਕਰਦੀ ਸੀ। 2005 ਵਿਚ ਤਮੰਨਾ ਭਾਟੀਆ ਪਹਿਲੀ ਵਾਰ ਮਨੋਰੰਜਨ ਦੀ ਦੁਨੀਆ ਵਿਚ ਕਦਮ ਰੱਖਦੇ ਹੋਏ ਅਭਿਜੀਤ ਸਾਵੰਤ ਦੇ ਸੰਗੀਤਕ ਵੀਡੀਓ 'ਲਫ਼ਜ਼ੋਂ...' 'ਚ ਦਿਸੀ ਸੀ। ਫਿਰ ਉਸੇ ਸਾਲ ਉਸ ਨੇ 'ਚਾਂਦ ਸਾ ਰੌਸ਼ਨ ਚਿਹਰਾ' ਤੋਂ ਹਿੰਦੀ ਸਿਨੇ ਜਗਤ ਵਿਚ ਡੈਬਿਊ ਕੀਤਾ ਸੀ, ਪਰ ਬਦਕਿਸਮਤੀ ਨਾਲ ਉਸ ਦੀ ਇਹ ਫ਼ਿਲਮ ਫਲਾਪ ਰਹੀ। ਉਸੇ ਸਾਲ ਫ਼ਿਲਮ 'ਕੈਦੀ' ਜ਼ਰੀਏ ਉਸ ਨੇ ਤਾਮਿਲ ਸਿਨੇਮਾ ਵਿਚ ਕਦਮ ਰੱਖਿਆ। ਉਸ ਤੋਂ ਬਾਅਦ ਜਿਵੇਂ-ਜਿਵੇਂ ਸਮਾਂ ਬੀਤਿਆ, ਤਮੰਨਾ ਨੂੰ ਦੱਖਣ ਸਿਨੇਮਾ ਵਿਚ ਕੰਮ ਅਤੇ ਹਰਮਨ ਪਿਆਰਤਾ ਦੋਵੇਂ ਮਿਲਣ ਲੱਗੀਆਂ। 2013 ਵਿਚ ਤਮੰਨਾ ਨੇ 'ਹਿੰਮਤਵਾਲਾ' ਜ਼ਰੀਏ ਹਿੰਦੀ ਫ਼ਿਲਮਾਂ ਵਿਚ ਵਾਪਸੀ ਕੀਤੀ। ਉਸ ਫ਼ਿਲਮ ਵਿਚ ਉਹ ਅਜੈ ਦੇਵਗਨ ਦੇ ਨਾਲ ਨਜ਼ਰ ਆਈ ਸੀ। ਉਸ ਦੀ 'ਹਿੰਮਤਵਾਲਾ' ਵੀ ਬੁਰੀ ਤਰ੍ਹਾਂ ਅਸਫ਼ਲ ਸਾਬਿਤ ਹੋਈ। ਦੱਖਣ ਤੋਂ ਲੈ ਕੇ ਬਾਲੀਵੁੱਡ ਵਿਚ ਆਪਣਾ ਜਲਵਾ ਦਿਖਾ ਚੁੱਕੀ ਹੈ ਅਦਾਕਾਰਾ ਤਮੰਨਾ ਭਾਟੀਆ। ਇਸ ਤੋਂ ਬਾਅਦ 'ਹਮਸ਼ਕਲਸ' (2014), 'ਐਂਟਰਟੇਨਮੈਂਟ' (2013), 'ਤੂਤਕ ਤੂਤਕ ਤੂਤੀਆਂ' (2016), 'ਬਬਲੀ ਬਾਊਂਸਰ' (2022) ਅਤੇ 'ਪਲਾਨ ਏ ਪਲਾਨ ਬੀ' (2022) ਵਰਗੀਆਂ ਹਿੰਦੀ ਫ਼ਿਲਮਾਂ ਵਿਚ ਨਜ਼ਰ ਆ ਚੁੱਕੀ ਹੈ, ਪਰ ਇਥੇ ਉਸ ਨੂੰ ਉਹ ਮੁਕਾਮ ਹਾਸਿਲ ਨਹੀਂ ਹੋ ਸਕਿਆ ਜਿਸ ਦੀ ਉਹ ਹੱਕਦਾਰ ਹੈ। ਪਿਛਲੇ ਸਾਲ ਆਈ ਵੈੱਬ ਸੀਰੀਜ਼ 'ਲਸਟ ਸਟੋਰੀਜ਼-2' (2023) ਤੋਂ ਬਾਅਦ ਤੋਂ ਓ.ਟੀ.ਟੀ. 'ਤੇ ਜ਼ਰੂਰ ਤਮੰਨਾ ਦੀ ਧੂਮ ਮਚੀ ਹੈ। ਇਸ ਵੈੱਬ ਸੀਰੀਜ਼ ਵਿਚ ਜਿਸ ਤਰ੍ਹਾਂ ਉਸ ਨੇ ਵਿਜੈ ਵਰਮਾ ਦੇ ਨਾਲ ਬੋਲਡ ਦ੍ਰਿਸ਼ ਦਿੱਤੇ, ਉਹ ਨਜ਼ਾਰਾ ਉਸ ਦੇ ਪ੍ਰਸੰਸਕਾਂ ਲਈ ਲਾਜਵਾਬ ਸੀ। 'ਲਸਟ ਸਟੋਰੀਜ਼-2' ਤੋਂ ਪਹਿਲਾਂ ਤਮੰਨਾ ਨੇ ਕਿਸੇ ਵੀ ਫ਼ਿਲਮ ਵਿਚ ਇਸ ਤਰ੍ਹਾਂ ਦੇ ਦ੍ਰਿਸ਼ ਕਦੀ ਨਹੀਂ ਦਿੱਤੇ ਸਨ ਅਤੇ ਬਾਕਾਇਦਾ ਉਹ 'ਨੋ ਕਿਸਿੰਗ ਕਲਾਜ਼' ਫਾਲੋ ਕਰਦੀ ਆ ਰਹੀ ਸੀ, ਪਰ ਇਸ ਵਾਰ ਉਸ ਨੇ ਉਹ 'ਕਲਾਜ਼' ਤੋੜ ਦਿੱਤਾ।

ਪਿਛਲੇ ਕਾਫ਼ੀ ਸਮੇਂ ਤੋਂ ਤਮੰਨਾ 'ਲਸਟ ਸਟੋਰੀਜ਼-2' ਦੇ ਐਕਟਰ ਵਿਜੈ ਵਰਮਾ ਦੇ ਨਾਲ ਡੇਟਿੰਗ ਦੀ ਵਜ੍ਹਾ ਨਾਲ ਕਾਫ਼ੀ ਸੁਰਖੀਆਂ ਵਿਚ ਹੈ। ਤਮੰਨਾ ਅਤੇ ਵਿਜੈ ਆਪਣੇ ਇਸ ਰਿਸ਼ਤੇ ਨੂੰ ਵੱਖ-ਵੱਖ ਤੌਰ 'ਤੇ ਸਵੀਕਾਰ ਕਰ ਚੁੱਕੇ ਹਨ। ਇਸ ਸਾਲ ਤਮੰਨਾ ਭਾਟੀਆ, ਜਾਨ ਅਬ੍ਰਾਹਮ ਦੇ ਨਾਲ ਨਿਖਿਲ ਅਡਵਾਨੀ ਦੀ ਫ਼ਿਲਮ 'ਵੇਦਾ' ਤੋਂ ਇਲਾਵਾ 'ਇਸਤਰੀ-2' ਵਿਚ ਸਪੈਸ਼ਲ ਭੂਮਿਕਾ ਵਿਚ ਨਜ਼ਰ ਆਉਣ ਵਾਲੀ ਹੈ। ਤਾਮਿਲ ਫ਼ਿਲਮ 'ਅਰਨਮਨਈ-4' ਵਿਚ ਵੀ ਉਹ ਮੁੱਖ ਭੂਮਿਕਾ ਨਿਭਾਉਂਦੀ ਨਜ਼ਰ ਆਵੇਗੀ। ਪ੍ਰਸੰਸਕ ਤਮੰਨਾ ਦੀਆਂ ਇਨ੍ਹਾਂ ਫ਼ਿਲਮਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਸੁਖਦੇਵ ਸਿੰਘ ਢੀਂਡਸਾ ਨੇ ਆਪਣੀ ਪਾਰਟੀ ਦਾ ਬਾਦਲ ਅਕਾਲੀ ਦਲ 'ਚ ਰਲੇਵਾਂ ਕਰ ਲਿਆ- ਇਕ ਖ਼ਬਰ**

-ਸਾਨੂੰ ਪੱਠੇ ਕਿਸੇ ਨਾ ਪਾਏ, ਮੁੜ ਕੇ ਬਾਦਲ ਦੇ ਘਰ ਆਏ।



***ਪੰਜਾਬ ਸਰਕਾਰ ਦੇ ਬਜਟ ਵਿਚ ਫ਼ਸਲੀ ਵਿਭਿੰਨਤਾ ਅਤੇ ਉਦਯੋਗਾਂ ਲਈ ਕੋਈ ਰੋਡ ਮੈਪ ਨਹੀਂ- ਜਾਖੜ**

-ਜਾਖੜ ਸਾਬ ਕਰੋ ਹਿੰਮਤ ਦਿੱਲੀਉਂ ਰੋਡਮੈਪ ਲਿਆਉ ਜਾ ਕੇ।



***ਰਾਸ਼ਟਰਪਤੀ ਬਾਈਡਨ ਦੀ ਲੋਕਪ੍ਰਿਯਤਾ ਦਾ ਗਰਾਫ਼ ਹੇਠਾਂ ਡਿਗਿਆ- ਇਕ ਖ਼ਬਰ**

-ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਮੌਜ ਬਹਾਰਾਂ।



***ਮੇਰੀ ਇੱਛਾ ਹੈ ਕਿ ਪਰਮਿੰਦਰ ਲੋਕ ਸਭਾ ਚੋਣ ਨਾ ਲੜੇ- ਸੁਖਦੇਵ ਸਿੰਘ ਢੀਂਡਸਾ**

-ਬਾਬਿਓ, ਕੀਹਨੂੰ ਮੂਰਖ ਬਣਾਉਂਦੇ ਹੋ, ਆਪਣੇ ਮੁੰਡੇ ਦੇ ਸਿਆਸੀ ਭਵਿਖ ਲਈ ਤਾਂ ਤੁਸੀਂ ਥੁੱਕ ਕੇ ਚੱਟਿਐ।



***'ਜਥੇਦਾਰ' ਨੇ ਡਿਬਰੂਗੜ੍ਹ 'ਚ ਬੰਦੀ ਸਿੱਖਾਂ ਦੇ ਮਾਮਲੇ 'ਤੇ ਪੰਜ ਮੈਂਬਰੀ ਕਮੇਟੀ ਬਣਾਈ- ਇਕ ਖ਼ਬਰ**

-ਕਮੇਟੀ ਕਮੂਟੀ ਨੇ ਕਿਹੜਾ ਖੋਹਣ ਖੋਹਣਾ, ਅਸੀਂ ਗੋਂਗਲੂਆਂ ਤੋਂ ਮਿੱਟੀ ਝਾੜ ਦਿਤੀ।



***ਹੁਣ ਸ਼੍ਰੋਮਣੀ ਅਕਾਲੀ ਦਲ 'ਚ ਪੰਥਕ ਏਜੰਡਿਆਂ ਨੂੰ ਪਹਿਲ ਦਿਤੀ ਜਾਵੇਗੀ- ਸੁਖਦੇਵ ਸਿੰਘ ਢੀਂਡਸਾ**

-ਢੀਂਡਸਾ ਸਾਹਿਬ ਜਿਸ ਬੰਦੇ ਨੇ ਪੰਥਕ ਏਜੰਡਾ ਬਣਾਉਣੈ, ਕੀ ਉਸ ਨੂੰ ਪਤੈ ਕਿ ਪੰਥਕ ਏਜੰਡਾ ਕੀ ਹੁੰਦੈ?

***ਆਉਂਦੀਆਂ ਚੋਣਾਂ ਵਿਚ ਕਿਸੇ ਵੀ ਪਾਰਟੀ ਲਈ ਸੌਖਾ ਨਹੀਂ ਹੋਵੇਗਾ ਪੰਜਾਬ ਜਿੱਤਣਾ- ਇਕ ਖ਼ਬਰ**

-ਕੁੰਢੀਆਂ ਦੇ ਸਿੰਗ ਫ਼ਸਣੇ, ਕੋਈ ਨਿੱਤਰੂ ਵੜੇਵੇਂ ਖਾਣੀ।



***ਢੀਂਡਸਿਆਂ ਤੋਂ ਬਾਅਦ ਸੁਖਬੀਰ ਬਾਦਲ ਦੀਆਂ ਜਾਗੀਰ ਕੌਰ ਨੂੰ ਵਾਪਸ ਆਉਣ ਲਈ ਅਪੀਲਾਂ- ਇਕ ਖ਼ਬਰ**

-ਜਾਨ ਲਬਾਂ 'ਤੇ ਆਈ ਬੀਬੀ, ਅੰਤ ਲਵੀਂ ਨਾ ਮੇਰਾ, ਮੁੜ ਆ 'ਘਰ' ਨੂੰ ਬਖ਼ਸ਼ੀਂ ਔਗੁਣ ਮੇਰਾ।



***ਅਕਾਲੀ-ਭਾਜਪਾ ਗੱਠਜੋੜ ਦਾ ਪ੍ਰਨੀਤ ਕੌਰ ਨੇ ਕੀਤਾ ਸਮਰਥਨ-ਇਕ ਖ਼ਬਰ**

-ਬੀਬੀ ਤੂੰ ਤਾਂ ਸਮਰਥਨ ਕਰੇਂਗੀ ਹੀ, ਤੈਨੂੰ ਆਪਣੀ ਸੀਟ ਜੋ ਇਸੇ ਗੱਠਜੋੜ 'ਚੋਂ ਨਜ਼ਰ ਆਉਂਦੀ ਐ।

***ਅਮਰੀਕਾ ਸਿਰ ਕਰਜ਼ਾ 34.14 ਖ਼ਰਬ ਡਾਲਰ ਤਕ ਪਹੁੰਚਿਆ-ਇਕ ਖ਼ਬਰ**

-ਚਿੱਟੇ ਚਾਦਰੇ ਜ਼ਮੀਨਾਂ ਗਹਿਣੇ, ਪੁੱਤ ਸਰਦਾਰਾਂ ਦੇ।



***ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦਾ ਸਮੁੱਚਾ ਜਥੇਬੰਦਕ ਢਾਂਚਾ ਖਤਮ ਕਰ ਦਿਤਾ ਗਿਆ ਹੈ- ਸੁਖਦੇਵ ਸਿੰਘ ਢੀਂਡਸਾ**

-ਢੀਂਡਸਾ ਸਾਹਿਬ ਭਾਈ ਮੋਹਕਮ ਸਿੰਘ ਤੇ ਮਨਜੀਤ ਸਿੰਘ ਭੋਮਾ ਨੂੰ ਵੀ ਸੁਣ ਲੈਣਾ ਸੀ।




***ਪੁੱਤਰ ਦੇ ਮੋਹ 'ਚ ਸੁਖਦੇਵ ਸਿੰਘ ਢੀਡਸਾ ਨੇ ਬਾਦਲਾਂ ਨਾਲ਼ ਗ਼ੈਰਸਿਧਾਂਤਕ ਸਮਝੌਤਾ ਕੀਤਾ- ਮਨਜੀਤ ਸਿੰਘ ਭੋਮਾ, ਮੋਹਕਮ ਸਿੰਘ**

-ਸਾਰੇ ਕੁਰਸੀ ਦੇ ਹੈਨ ਪੁਆੜੇ, ਸਿਧਾਂਤਾਂ ਨੂੰ ਇਥੇ ਕੌਣ ਪੁੱਛਦੈ।


***ਮੋਦੀ ਸਰਕਾਰ ਪੰਜਾਬ ਦੇ ਵਿਕਾਸ ਕਾਰਜਾਂ ਵਿਚ ਅੜਿੱਕਾ ਬਣੀ -ਪੰਜਾਬ ਸਰਕਾਰ**

-ਪਿੰਡ 'ਚ ਲੜਾਈਆਂ ਪਾਉਂਦਾ ਨੀਂ, ਮਰ ਜਾਣਾ ਅਮਲੀ।



***ਕੰਗਨਾ ਰਣੌਤ ਸਿਆਸਤ ਵਿਚ ਆਵੇਗੀ- ਇਕ ਖ਼ਬਰ**

-ਜਿੱਥੇ ਪਿੰਡ ਦਾ ਵੱਗ, ਉੱਥੇ ਬੂੜ੍ਹੀ ਦੀ ਵੱਛੀ।



***ਕਿਸਾਨਾਂ ਤੇ ਪਿੰਡਾਂ ਦੇ ਵਿਕਾਸ ਬਿਨਾਂ ਭਾਰਤ ਦੇ ਵਿਕਾਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ- ਰਾਜਨਾਥ ਸਿੰਘ**


ਹਾਥੀ ਕੇ ਦਾਂਤ ਖਾਨੇ ਕੇ ਔਰ ਦਿਖਾਨੇ ਕੇ ਔਰ।

* * * * * * * *

**ਨਾਨਕਸ਼ਾਹੀ 556 ਦੇ ਨਵੇਂ ਵਰ੍ਹੇ ਦੀ ਆਮਦ, ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ਦੀ ਪ੍ਰਤੀਕ ਹੈ (ਗੁ: ਗ੍ਰੰ: ਸਾ: ਪੰਨਾ 966)**

# ਨਾਨਕਸ਼ਾਹੀ ਸ਼ਬਦ ਸਿੱਖ ਕੌਮ ਦੀ ਅੱਡਰੀ ਤੇ ਵਿਲੱਖਣ ਕੌਮੀਅਤ ਦਾ ਪ੍ਰਗਟਾਵਾ ਕਰਦਾ ਹੈ

**ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ**
ਮੋਬਾਈਲ ਫੋਨ: 07989 927477



ਨਾਨਕ ਰਾਜ ਜਿਸ ਦੀ ਸਥਾਪਨਾ ਜਗਤ ਗੁਰੂ, ਗੁਰੂ ਨਾਨਕ ਸਾਹਿਬ ਨੇ ਸੱਚ ਰੂਪ ਕਿਲ੍ਹਾ ਉਸਾਰ ਕੇ ਕੀਤੀ ਹੈ, ਉਸ ਵਿੱਚ ਸਾਰੀਆਂ ਸ਼ਕਤੀਆਂ ਦਾ ਸਰੋਤ ਸਰਬ-ਸ਼ਕਤੀਮਾਨ ਪ੍ਰਮਾਤਮਾਂ ਨੂੰ ਮੰਨਿਆ ਗਿਆ ਹੈ। ਇਹ ਵੀ ਸਪੱਸ਼ਟ ਹੈ ਕਿ ਨਾਨਕ ਰਾਜ ਈਸ਼ਵਰੀ ਇੱਛਾ ਨਾਲ ਹੀ ਸੰਭਵ ਹੋ ਸਕਿਆ ਹੈ,

**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ (ਗੁ: ਗ੍ਰੰ: ਸਾ: ਪੰਨਾ 74)**

ਅਰਥਾਤ ਪ੍ਰਮਾਤਮਾਂ ਨੂੰ ਇਹੋ ਮਨਜ਼ੂਰ ਹੈ ਕਿ ਧਰਮ ਵਿਸ਼ਵ-ਕਲਿਆਣਕਾਰੀ ਹੋਵੇ ਅਤੇ ਸੰਸਾਰ ਦੇ ਹਰ ਦੂਜੇ ਧਰਮਾਂ ਲਈ ਭਾਈਚਾਰੇ ਅਤੇ ਸਦਭਾਵਨਾ ਦੇ ਵਿਚਾਰ ਰੱਖਦਾ ਹੋਵੇ। ਗੁਰੂ ਪਾਸ ਅਥਾਹ ਸ਼ਕਤੀਆਂ ਦਾ ਜੋ ਭੰਡਾਰ ਹੈ ਉਹ ਉਸ ਨੂੰ ਪਰਮ ਸ਼ਕਤੀ ਪ੍ਰਮਾਤਮਾਂ ਪਾਸੋਂ ਬਖ਼ਸ਼ਿਸ਼ ਵਿੱਚ ਮਿਲਿਆ ਹੈ। ਗੁਰੂ ਸਰੀਰ ਵਿੱਚ ਪ੍ਰਮਾਤਮਾਂ ਦੀ ਜੋਤ ਹੀ ਕਾਰਜਸ਼ੀਲ ਹੈ। ਪ੍ਰਮਾਣ ਵਜੋਂ ਜਗਤ ਗੁਰੂ, ਗੁਰੂ ਨਾਨਕ ਦੀ ਵੱਡਿਆਈ ਆਪ ਕਰਤੇ ਨੇ ਉੱਚੀ ਕੀਤੀ ਹੈ। ਫਿਰ ਸਪੱਸ਼ਟ ਕੀਤਾ ਹੈ ਜੇ ਗੁਰੂ ਦਾ ਨਾਮ ਆਪ ਕਾਦਰ ਕਰਤਾ ਉੱਚਾ ਕਰੇ ਤਾਂ ਉਸ ਨੂੰ ਕੌਣ ਤੋਲ ਸਕਦਾ ਹੈ, ਅਰਥਾਤ

**ਨਾਉ ਕਰਤਾ ਕਾਦਰੁ ਕਰੇ**
**ਕਿਉ ਬੋਲੁ ਹੋਵੈ ਜੋਖੀਵਦੈ,**
**ਦੇ ਗੁਨਾ ਸਤਿ ਭੈਣ ਭਰਾਵ**
**ਹੈ ਪਰਿਗਤਿ ਦਾਨੁ ਪੜੀਵਦੈ**

(ਗੁ: ਗ੍ਰੰ: ਸਾ: ਪੰਨਾ 966)

ਅਕਾਲ ਪੁਰਖ ਨੇ ਆਪ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ ਤੇ ਆਪ ਹੀ ਗੁਰੂ ਰੂਪ ਹੋ ਕੇ ਸ੍ਰਿਸ਼ਟੀ ਨੂੰ ਸਹਾਰਾ ਦੇ ਰਿਹਾ ਹੈ ਅਰਥਾਤ:

**ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ ॥ ਆਪਨੈ ਆਪ ਸਾਜਿਉਨ, ਆਪੇ ਥੰਮਿ ਖਲੋਆ (ਗੁ: ਗ੍ਰੰ: ਸਾ: ਪੰਨਾ 968)।**

ਜਗਤ ਗੁਰੂ, ਗੁਰੂ ਨਾਨਕ ਸਾਹਿਬ ਦੇ ਸਰੀਰ ਵਿੱਚ ਜਿਹੜੀ ਰੱਬੀ ਜੋਤ ਕ੍ਰਿਆਸ਼ੀਲ ਸੀ, ਉਹੀ ਜੋਤਿ ਬਾਅਦ ਵਿੱਚ ਦੂਜੇ ਨੌਂ ਗੁਰੂ ਸਾਹਿਬਾਨਾਂ ਵਿੱਚ ਵਰਤਦੀ ਰਹੀ। ਜਿਹੜੀ ਜੁਗਤ ਨਾਲ ਗੁਰੂ ਨਾਨਕ ਸਾਹਿਬ ਨੇ, ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ਦੇ ਸੱਚ ਦੇ ਰਾਜ ਦੀ ਕਾਇਮੀ ਕੀਤੀ ਉਸੇ ਜੁਗਤ ਨਾਲ ਗੁਰੂ ਨਾਨਕ ਦੇ ਬਾਕੀ ਨੌਂ ਸਰੂਪਾਂ ਨੇ ਨਾਨਕ ਰਾਜ ਨੂੰ ਅਗਾਂਹ ਵਧਾਇਆ। ਕਾਇਆ ਜਰੂਰ ਬਦਲਦੀ ਰਹੀ ਪਰ ਜੋਤਿ ਅਤੇ ਜੁਗਤ ਸਾਰੇ ਗੁਰੂ ਸਾਹਿਬਾਨਾਂ ਦੀ ਇਕ ਹੀ ਸੀ। ਅਰਥਾਤ:

**ਜੋਤਿ ਓਹਾ ਜੁਗਤਿ ਸਾਇ**
**ਸਹਿ ਕਾਇਆ ਫੇਰਿ ਪਲਟੀਐ**

(ਗੁ: ਗ੍ਰੰ: ਸਾ: ਪੰਨਾ 966)

ਅਤੇ ਥਾਪਿਆ ਲਹਿਣਾ ਜੀਵਦੈ ਗੁਰਿਆਈ ਸਿਰਿ ਛਤ੍ਰ ਫਿਰਾਇਆ॥ ਜੋਤੀ ਜੋਤਿ ਮਿਲਾਇਕੈ ਸਤਿਗੁਰੁ ਨਾਨਕ ਰੂਪ ਵਟਾਇਆ॥ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਬਾਕੀ ਨੌਂ ਸਰੂਪਾਂ ਨੇ ਆਪਣੇ ਜਿਗਰ ਦਾ ਖ਼ੂਨ ਪਾ-ਪਾ ਕੇ ਨਾਨਕਰਾਜ ਨੂੰ ਅੱਗੇ ਵਧਾਇਆ। ਲੋੜ ਪੈਣ ਉੱਤੇ ਸੱਚੇ ਪਾਤਸ਼ਾਹ ਨਾਨਕ ਤੱਤੀਆਂ ਤਵੀਆਂ ਉੱਤੇ ਬੈਠੇ ਕ੍ਰਿਪਾਨ ਫੜਕੇ ਰਣ ਤੱਤੇ ਵਿੱਚ ਜੂਝੇ, ਜਲਾਦਾਂ ਦਾ ਵਾਰ ਆਪਣੇ ਪਰਮ-ਪਾਕ ਸੀਸ ਉੱਤੇ ਸਹਾਰਕੇ ਆਪਣੀ ਸ਼ਹਾਦਤ ਵਿੱਚੋਂ ਖ਼ਾਲਸਾ ਪ੍ਰਗਟ ਕੀਤਾ ਅਤੇ ਚਰਮ ਸੀਮਾ ਉੱਤੇ ਪਹੁੰਚ ਕੇ ਆਪਣਾ ਸਰਬੰਸ, ਇਨ ਪੁਤਰਨ ਕੇ ਸੀਸ (ਨਾਦੀ ਸੰਤਾਨ ਖ਼ਾਲਸਾ) ਪਰ ਵਾਰ ਦਿੱਤਾ।

ਚੰਵਰ ਛੱਤਰ ਦੇ ਮਾਲਕ ਜੁਗੋ-ਜੁਗ ਅਟੱਲ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਰਾਜਸੀ ਸੰਕਲਪ ਅਤੇ ਰਾਜਸੀ ਚਿੰਨ, ਤਖ਼ਤ, ਸੱਚਾ ਪਾਤਸ਼ਾਹ, ਦਰਬਾਰ, ਆਦਿ ਸ਼ਬਦ ਵੱਖ-ਵੱਖ ਪ੍ਰਕਰਣਾਂ ਵਿੱਚ ਮਿਲਦੇ ਹਨ। ਦਰਬਾਰ, ਦਰਬਾਰ ਸਾਹਿਬ ਉਹ ਪਵਿੱਤਰ ਅਸਥਾਨ ਹੈ ਜਿਥੇ ਸਭ ਤੋਂ ਪਹਿਲਾਂ ਆਦਿ ਗ੍ਰੰਥ ਦਾ ਪ੍ਰਕਾਸ਼ ਕੀਤਾ ਗਿਆ ਉਦੋਂ ਅਜੇ ਸਤਿਗੁਰੂ ਪੰਜਵੇਂ ਜਾਮੇ ਵਿੱਚ ਸਰੀਰ ਕਰਕੇ ਸ਼ਸ਼ੋਭਿਤ ਸਨ ਅਤੇ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਵੀ ਨਹੀਂ ਸੀ ਮਿਲੀ। ਸਿੱਖੀ ਦੇ ਉਸਾਰੇ ਇਸ ਕੇਂਦਰ (ਦਰਬਾਰ ਸਾਹਿਬ) ਵਿੱਚ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਕੇ ਸਤਿਗੁਰੂ ਅਰਜਨ ਪਾਤਸ਼ਾਹ ਨੇ ਇਹ ਸਪੱਸ਼ਟ ਸੁਨੇਹਾ ਦੇ ਦਿੱਤਾ ਸਿੱਖੀ ਦੇ ਮੂਲ ਸਿਧਾਂਤ ਅਤੇ ਵਿਚਾਰਧਾਰਾ ਦਾ ਕੇਂਦਰ ਗੁਰੂ ਗ੍ਰੰਥ ਸਾਹਿਬ ਹੈ ਅਤੇ ਨਿਰਮਲ ਪੰਥ (ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ) ਨੇ ਹਰ ਤਰ੍ਹਾਂ ਦੀ ਅਗਵਾਈ ਧੁਰ ਕੀ ਬਾਣੀ ਗੁਰਬਾਣੀ ਤੋਂ ਲੈਣੀ ਹੈ। ਨਾਨਕ ਰਾਜ ਵਿੱਚ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਦਰਬਾਰ ਲੱਗਦਾ ਹੈ ਜਿਸ ਨੂੰ ਗੁਰਬਾਣੀ ਵਿੱਚ ਦੀਬਾਣ ਕਿਹਾ ਗਿਆ ਹੈ। ਸਾਰੇ ਗੁਰੂ ਸਾਹਿਬਾਨ ਦਰਬਾਰ ਲਗਾਉਂਦੇ ਸਨ ਅਤੇ ਉਸ ਦਰਬਾਰ ਵਿੱਚ ਸੱਚੇ ਪਾਤਸ਼ਾਹ ਦੇ ਰੂਪ ਵਿੱਚ ਆਪਣੇ ਫਰਜ ਨਿਭਾਉਂਦੇ ਸਨ। ਸਤੇ ਬਲਵੰਡ ਦੀਆਂ ਗੁਰੂ ਅਮਰਦਾਸ ਜੀ ਪ੍ਰਤੀ ਉਚਾਰੀਆਂ ਹੇਠਲੀਆਂ ਪੰਕਤੀਆਂ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ,

**ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥**



(1) ਉਪਰ ਨਾਨਕ ਸ਼ਾਹੀ ਗਣਰਾਜ ਦੀ ਮੋਹਰ ਹੈ।
(2) ਹੇਠਾਂ ਚਾਂਦੀ ਦੇ ਸਿੱਕੇ ਦੇ ਦੋਵਾਂ ਪਾਸਿਆਂ ਦੀ ਫੋਟੋ ਹੈ।

**ਪਿਯੂ ਦਾਦੇ ਜਿਵਿਹਾ ਪੋਤਾ ਪਰਵਾਣੁ॥**

(ਗੁ: ਗ੍ਰੰ: ਸਾ: ਪੰਨਾ 967)

ਦਰਬਾਰ ਦੀ ਤਰ੍ਹਾਂ ਤਖ਼ਤ ਬਾਰੇ ਵੀ ਗੁਰਬਾਣੀ ਦਾ ਫ਼ੁਰਮਾਨ ਹੈ:

**ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ**

(ਗੁ: ਗ੍ਰੰ: ਸਾ: ਪੰਨਾ 964)

ਅਤੇ

**ਸਚੈ ਤੱਖਤ ਰਚਾਇਆ ਬੈਸਣ ਕਉ ਜਾਂਦੀ**

(ਗੁ: ਗ੍ਰੰ: ਸਾ: ਪੰਨਾ 947)

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਨਾਨਕ ਰਾਜ ਅਤੇ ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਦਾ ਇਕ ਮਹੱਤਵਪੂਰਨ ਪੜਾਅ ਹੈ ਨਾਨਕ ਰਾਜ ਦੇ ਵਿਕਾਸ ਤੇ ਸਥਾਪਤੀ ਲਈ ਅਕਾਲ ਤਖ਼ਤ ਨੇ ਮੀਲ ਪੱਥਰ ਦਾ ਕਾਰਜ ਕੀਤਾ ਹੈ, ਅਕਾਲ ਤਖ਼ਤ ਇਕ ਅਕਾਲ ਪੁਰਖ ਦੀ ਪ੍ਰਭੂ ਸਤਾ ਵਿੱਚ ਹਰ ਮਨੁੱਖ ਮਾਤਰ ਦੀ ਹਰ ਕੌਮ ਦੀ ਮਾਨਸਿਕ ਅਜ਼ਾਦੀ ਦਾ ਪ੍ਰਤੀਕ ਹੈ। ਗੁਰੂ ਹਰਗੋਬਿੰਦ ਪਾਤਸ਼ਾਹ ਨੇ ਇਸ ਮੰਤਵ ਦੀ ਪੂਰਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ ਜਿਸ ਦਾ ਸਿਧਾਂਤ ਤੇ ਸੁਭਾਉ ਸੰਸਾਰੀ ਤਖ਼ਤਾਂ ਤੋਂ ਨਿਰਾਲਾ ਹੈ। ਤਖ਼ਤ ਦੇ ਅਜਿਹੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਆਪਣੇ ਗੁਰੂ ਕਾਲ ਵਿੱਚ ਅਮਲੀ ਜਾਮਾ ਪਹਿਨਾਇਆ ਅਤੇ ਸਾਬਤ ਕਰ ਦਿੱਤਾ ਕਿ ਤਖ਼ਤ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਰਾਜਸੀ ਖੇਤਰੀ ਗਤੀਵਿਧੀਆਂ ਦਾ ਕੇਂਦਰ ਨਹੀਂ ਸਗੋਂ ਸੁਤੰਤਰ ਪ੍ਰਭੂਸਤਾ ਸੰਪਨ ਦੈਵੀ ਸੰਸਥਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਸਿੱਖ ਕੌਮ ਇਕ ਸੁਤੰਤਰ ਤੇ ਪ੍ਰਭੂ ਸੱਤਾ ਸੰਪੰਨ ਦੈਵੀ ਗੁਣਾਂ ਅਧਾਰਿਤ ਕੌਮ ਦੇ ਰੂਪ ਵਿੱਚ ਪ੍ਰਗਟ ਹੋਈ। ਗੁਰੂ ਨਾਨਕ ਸਾਹਿਬ ਦੇ ਦੈਵੀ ਗੁਣ, ਗੁਰਬਾਣੀ ਦੇ ਅਲੰਕਾਰ-ਰੂਪਕਾਂ ਉਨ੍ਹਾਂ ਦੇ ਅੰਦਾਜ਼ ਅਤੇ ਅਮਲ ਵਿੱਚ ਕਿਰਪਾਨ ਦੀ ਸ਼ਕਤੀਸ਼ਾਲੀ ਰੂਹਾਨੀਅਤ ਚਲੰਤ ਸੀ, ਜਿਹੜੀ ਮੀਰੀ-ਪੀਰੀ ਦਾ ਵੇਸ ਵਟਾਉਣ ਮਗਰੋਂ ਖ਼ਾਲਸਾ-ਸਿਰਜਣਾਂ ਦੇ ਛਿਣਾਂ ਦੀਆਂ ਪਰਖ-ਘੜੀਆਂ ਦੀ ਤੇਗ ਹੋ ਨਿਬੜੀ ਅਤੇ ਅੰਮ੍ਰਿਤ ਦੇ ਪੰਜਾਂ ਕਕਾਰਾਂ ਵਿੱਚ ਸ਼ਾਮਿਲ ਹੋ ਗਈ। ਗੁਰੂ ਨਾਨਕ ਸਾਹਿਬ ਦੀ ਇਹੋ ਕਿਰਪਾਨ ਆਪਣੇ ਤੱਤ ਰੂਪ ਵਿੱਚ ਬੰਦਾ ਸਿੰਘ ਬਹਾਦਰ ਤੱਕ ਪਹੁੰਚੀ, ਜਿਸ ਨੇ ਉਨ੍ਹਾਂ ਦੀਆਂ ਮਹਾਨ ਜੰਗਾਂ ਨੂੰ ਗੁਰੂ-ਛੋਹ ਦਾ ਆਸਰਾ ਬਖ਼ਸ਼ਿਆ (ਵੇਖੋ ਬੰਦਾ ਸਿੰਘ ਬਹਾਦਰ ਅਤੇ ਨਾਨਕ ਦੀ ਕਿਰਪਾਨ) ਬੰਦਾ ਸਿੰਘ ਬਹਾਦਰ ਦੇ ਚਲਾਏ ਸਿੱਕਿਆਂ ਵਿੱਚ ਕ੍ਰਮਵਾਰ ਨਾਨਕ ਦੀ ਕਿਰਪਾਨ ਦੀ ਬਰਕਤ, ਸ਼ਾਹ-ਏ-ਸ਼ਹਾਨ ਗੁਰੂ ਗੋਬਿੰਦ ਸਿੰਘ ਦੀ ਮਿਹਰ (ਫ਼ਜ਼ਲ) ਦੇਗ ਤੇਗ ਦੀ ਜਿਤ ਅਤੇ ਨਾਨਕ ਦਸਮ ਪਾਤਸ਼ਾਹ ਵੱਲੋਂ ਬਖ਼ਸ਼ੀ ਗਈ ਬੇ-ਰੋਕ ਮਦਦ (ਨੁਸਰਤ ਬੇ-ਰੰਗ) ਵਰਗੇ ਇਸ਼ਾਰੇ ਗੁਰੂ ਨਾਨਕ ਸਾਹਿਬ ਦੀ ਉਸ ਕਿਰਪਾਨ ਦੀ ਗਵਾਹੀ ਦਿੰਦੇ ਹਨ ਜਿਹੜੀ ਸਿੱਖ ਜੰਗਾਂ ਦੇ ਮਾਨਵਵਾਦੀ ਪੱਖਾਂ ਨੂੰ ਵਧਾਉਂਦੀ ਹੋਈ ਨਿਰੰਤਰ ਚੱਲਦੀ ਹੈ (ਹਵਾਲਾ, ਸਿੱਖ ਸੁਰਤਿ ਦੀ ਪਰਵਾਜ਼ ਲੇਖਕ, ਹਰਿੰਦਰ ਸਿੰਘ ਮਹਿਬੂਬ)

ਸੱਚਾ ਪਾਤਸ਼ਾਹ - ਸੱਚਾ ਪਾਤਸ਼ਾਹ ਦੇ ਸੰਕਲਪ ਨੇ ਨਾਨਕ ਰਾਜ ਦੀ ਗੁਰੂ ਪਰੰਪਰਾ ਨਾਲ ਉਜਾਗਰ ਹੋ ਰਹੇ ਰਾਜ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ, ਇਹ ਸ਼ਬਦ ਵਿਸ਼ੇਸ਼ਣ ਦੇ ਰੂਪ ਵਿੱਚ ਸਾਰੇ ਗੁਰੂ ਸਾਹਿਬਾਨ ਨਾਲ ਜੁੜਿਆ ਰਿਹਾ ਹੈ ਸਮਕਾਲੀ ਬਾਦਸ਼ਾਹ (ਬਾਬਰ ਤੋਂ ਔਰੰਗਜ਼ੇਬ ਤੱਕ) ਦੇ ਹੁੰਦਿਆਂ ਲੋਕਾਂ ਦਾ ਸਿੱਖ ਗੁਰੂ ਸਾਹਿਬਾਨ ਨੂੰ ਸੱਚਾ ਪਾਤਸ਼ਾਹ ਕਹਿ ਕੇ ਸੰਬੋਧਨ ਕਰਨਾ ਇਸ ਗੱਲ ਦਾ ਪ੍ਰਤੀਕ ਸੀ ਕਿ ਲੋਕ ਸਮਕਾਲੀ ਰਾਜ ਤੋਂ (ਰਾਜੇ ਸ਼ੀਹ ਮੁਕਦਮ ਕੁਤੇ) ਪੂਰੀ ਤਰ੍ਹਾਂ ਅਸੰਤੁਸ਼ਟ ਸਨ ਅਤੇ ਇਕ ਐਸੇ ਵਿਕਲਪ (ਨਾਨਕਰਾਜ) ਰਾਜ ਦੀ ਭਾਲ ਕਰ ਰਹੇ ਸਨ ਜਿਸ ਵਿੱਚ ਸੱਤਾ ਸੱਚੇ ਪਾਤਸ਼ਾਹ ਦੇ ਹੱਥਾਂ ਵਿੱਚ ਹੋਵੇ। ਸੱਚੇ ਪਾਤਸ਼ਾਹ ਦੇ ਸੰਕਲਪ ਵਿੱਚ ਗੁਰੂ ਸਾਰੀ ਸ਼ਕਤੀ ਪ੍ਰਮਾਤਮਾਂ ਪਾਸੋਂ ਗ੍ਰਹਿਣ ਕਰਦਾ ਹੈ ਪਰ ਸ਼ਕਤੀ ਗ੍ਰਹਿਣ ਕਰਕੇ ਉਹ ਸਮਕਾਲੀ ਬਾਦਸ਼ਾਹਾਂ ਦੀ ਤਰ੍ਹਾਂ ਸੱਤਾ ਦਾ ਪ੍ਰਯੋਗ ਆਪਣੇ ਨਿੱਜੀ ਹਿੱਤ ਲਈ ਅਤੇ ਲੋਕ ਹਿੱਤਾਂ ਦੇ ਵਿਰੁੱਧ ਨਹੀਂ ਕਰਦਾ ਸਗੋਂ ਪ੍ਰਮਾਤਮਾਂ ਵੱਲੋਂ ਪ੍ਰਾਪਤ ਸਾਰੀ ਸ਼ਕਤੀ ਜੋਤਿ ਤੇ ਜੁਗਤਿ ਨਾਲ ਲੋਕਾਂ ਦਾ ਲੋਕ ਤੇ ਪਰਲੋਕ ਸੁਆਰਦਾ ਹੈ (ਹਵਾਲਾ-ਰਾਜ ਦਾ ਸਿੱਖ ਸੰਕਲਪ, ਲੇਖਕ ਡਾ: ਜਸਪਾਲ ਸਿੰਘ)

ਸਿੱਖੀ, ਖ਼ਾਲਸਾ ਅਤੇ ਪੰਥ, ਇਤਿਹਾਸਕ ਘਟਨਾਵਾਂ ਦੇ ਪ੍ਰਭਾਵ ਕਾਰਨ ਨਹੀਂ ਹੋਂਦ ਵਿੱਚ ਆਏ ਬਲਕਿ ਅਕਾਲ ਪੁਰਖ ਦੇ ਹੁਕਮ ਨਾਲ ਗੁਰੂ ਨਾਨਕ ਅਤੇ ਉਨ੍ਹਾਂ ਦੇ ਨੌਂ ਸਰੂਪਾਂ ਦੀ ਸੋਚੀ ਸਮਝੀ ਵਿਉਂਤਬੰਦੀ ਕਾਰਨ ਇਨ੍ਹਾਂ ਦਾ ਨਿਰਮਾਣ ਹੋਇਆ (ਖ਼ਾਲਸਾ ਅਕਾਲ ਪੁਰਖ ਕੀ ਫੌਜ)

**ਬਾਕੀ ਹਿਸਾ ਸਫਾ 42 ਤੇ ਪੜ੍ਹੋ** →

41 ਸਫ਼ੇ ਦੀ ਬਾਕੀ

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਭਾਈ ਨੰਦ ਲਾਲ ਜੀ ਆਪਣੀ ਫਾਰਸੀ ਦੀ ਲਿਖਤ ਜੋਤਿ ਬਿਗਾਸ ਵਿੱਚ ਗੁਰੂ ਨਾਨਕ ਦੀ ਮਹਿਮਾ ਕਰਦੇ ਹੋਏ ਲਿਖਦੇ ਹਨ: ਗੁਰੂ ਨਾਨਕ ਆਮਦ ਨਰਾਇਨ ਸਰੂਪ, ਹਮਾਨਾ ਨਿਰੰਜਨ ਨਿਰੰਕਾਰ ਰੂਪ॥ ਅਰਥਾਤ, ਗੁਰੂ ਨਾਨਕ ਨਰਾਇਣ ਦਾ ਸਰੂਪ ਹੈ, ਨਿਰ ਸੰਦੇਹ ਉਹ ਨਿਰੰਜਨ ਅਤੇ ਨਿਰੰਕਾਰ ਦਾ ਸਰੂਪ ਹੈ। ਅੱਗੇ ਚੱਲਕੇ ਲਿਖਦੇ ਹਨ: ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ ਅਰਥਾਤ-ਉਹੀ ਗੁਰੂ ਗੋਬਿੰਦ ਸਿੰਘ ਹੈ ਤੇ ਉਹੀ ਨਾਨਕ ਗੁਰੂ ਹੈ, ਗੁਰੂ ਨਾਨਕ ਹੀ ਗੁਰੂ ਗੋਬਿੰਦ ਸਿੰਘ ਹੈ। ਭਾਈ ਨੰਦ ਲਾਲ ਨੇ ਆਪਣੀ ਪੰਜਾਬੀ ਦੀ ਲਿਖਤ ਤਨਖਾਹਨਾਮਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਦੇ (ਗੁਰੂ ਗੋਬਿੰਦ ਸਿੰਘ ਜੀ ਦੇ) ਬਚਨ ਹੇਠ ਲਿਖੇ ਅਨੁਸਾਰ ਅੰਕਿਤ ਕੀਤੇ ਹਨ: ਚੌਪਈ-ਸੁਣੋ ਨੰਦ ਲਾਲ ਏਹੋ ਸਾਚ, ਪਰਗਟ ਕਰਾਊਂ ਆਪਣੇ ਰਾਜ॥ ਚਾਰ ਬਰਨ ਇਕ ਬਰਨ ਕਰਾਊਂ॥ ਵਾਹਿਗੁਰੂ ਕਾ ਜਾਪ ਜਪਾਊਂ॥ ਸਵਾ ਲਾਖ ਸੇ ਏਕ ਲੜਾਊਂ, ਚੜ੍ਹੇ ਸਿੰਘ ਤਿਸ ਮੁਕਤ ਕਰਾਊਂ। ਝੂਲਣ ਨੇਜੇ ਹਸਤੀ ਸਾਜੇ, ਦੁਆਰ ਦੁਆਰ ਪਰ ਨੌਬਤ ਬਾਜੈ॥ ਸਵਾ ਲਾਖ ਜਬ ਧੁਖੈ ਪਲੀਤਾ, ਤਬ ਖ਼ਾਲਸੇ ਉਦੈ ਅਸਤ ਲੋ ਜੀਤਾ॥ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦਾ ਰਾਜਸੀ ਨਿਸ਼ਾਨਾ ਵੀ ਨਿਸ਼ਚਤ ਕਰ ਦਿੱਤਾ। ਦੋਹਰਾ: ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ, ਖ਼੍ਵਾਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ॥ ਨਾਨਕਸ਼ਾਹੀ ਰਾਸ਼ਟਰ (ਨਾਨਕ ਰਾਜ) ਦੀ ਪ੍ਰਣਾਲੀ ਦੇ ਲਾਗੂ ਕਰਤਾ ਬੰਦਾ ਸਿੰਘ ਬਹਾਦਰ ਨੇ ਮੁਗਲ ਹਕੂਮਤ ਨੂੰ ਹਰਾ ਕੇ ਪੰਜਾਬ ਵਿੱਚ ਪਹਿਲਾ ਨਾਨਕਸ਼ਾਹੀ ਪ੍ਰਭੂ ਸਤਾਧਾਰੀ ਸੁਤੰਤਰ ਸਿੱਖ ਰਾਜ ਸਥਾਪਤ ਕੀਤਾ, ਸਿੱਕਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂਅ 'ਤੇ ਚਲਾਇਆ।

ਸਿੱਖ ਕੌਮ ਦੇ ਪਹਿਲੇ ਬਾਦਸ਼ਾਹ ਬੰਦਾ ਸਿੰਘ ਬਹਾਦਰ ਨੇ ਜੋ ਨਾਨਕਸ਼ਾਹੀ ਕਰੰਸੀ ਸਿੱਖ ਰਾਸ਼ਟਰ ਦੀ ਜਾਰੀ ਕੀਤੀ। ਇਸ 'ਤੇ ਪਰਸਿਅਨ ਲਿਪੀ ਵਿੱਚ ਲਿਖਿਆ ਹੈ:

ਸਿੱਕਾ ਜ਼ਦ ਬਰ ਹਰ ਦੋ ਆਲਮ<br>
ਫਜ਼ਲਿ ਸੱਚਾ ਸਾਹਿਬ ਅਸਤ<br>
ਫ਼ਤਿਹ ਗੁਰੂ ਗੋਬਿੰਦ ਸਿੰਘ ਸ਼ਾਹਿ-ਸ਼ਹਾਨ<br>
ਤੇਗਿ ਏ ਨਾਨਕ ਵਾਹਿਬ ਅਸਤ

**ਸਿੱਕੇ ਦੇ ਦੂਜੇ ਪਾਸੇ ਲਿਖਿਆ ਗਿਆ:** ਜ਼ਰਬ ਖ਼ਾਲਸਾ ਮੁਬਾਰਕਿ ਬਖ਼ਤ ਬ-ਅਮਾਜ-ਉਦ-ਦਹਿਰ ਜ਼ੀਨਤ ਏ ਤਖ਼ਤ ਮੁਸੱਵਰਤਿ ਸ਼ਹਿਰ ਸਨਾਹ। ਇਸ ਦੇ ਅਰਥ ਹਨ: ਨਾਨਕ ਦੀ ਤੇਗ ਦੀ ਤੋਰ ਨੇ ਸੰਸਾਰ ਨੂੰ ਅਜਿਹੀਆਂ ਬਖ਼ਸ਼ਾ ਬਖ਼ਸ਼ੀਆਂ ਹਨ ਅਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਇਸ ਫ਼ਤਹਿ ਦੀ ਰਹਿਮਤ ਅਕਾਲ ਪੁਰਖ ਨੇ ਆਪ (ਨਾਨਕਸ਼ਾਹੀ ਗਣਰਾਜ ਨੂੰ) ਬਖ਼ਸ਼ੀ ਹੈ। ਸਿੱਕਾ ਜਾਰੀ ਹੋਇਆ ਸੰਸਾਰ ਦੇ ਅਜਿਹੇ ਸ਼ਾਂਤੀ ਅਸਥਾਨ ਤੋਂ ਰਾਜ ਦੀ ਰਾਜਧਾਨੀ (ਲੋਹਗੜ੍ਹ) ਅਜਿਹੇ ਧੰਨਭਾਗੀ ਸ਼ਹਿਰ ਦੀ ਮੂਰਤ ਹੈ ਜੋ ਸੰਸਾਰ ਨੂੰ ਸੁੱਖ-ਸ਼ਾਂਤੀ ਦੇਵੇ-ਗੀ। (ਹਵਾਲਾ-ਨਾਨਕਸ਼ਾਹੀ ਨਜ਼ਰੀਆ, ਸਰਕਾਰ-ਏ-ਖ਼ਾਲਸਾ ਬਾਬਾ ਬੰਦਾ ਸਿੰਘ ਬਹਾਦਰ - ਲੇਖਕ ਅਤਿੰਦਰਪਾਲ ਸਿੰਘ)

ਸਿੱਖ ਰਾਜ ਅਤੇ ਸਰਕਾਰ-ਏ-ਖ਼ਾਲਸਾ ਦੀ ਮੋਹਰ, ਦੇਗੋ ਤੇਗੋ ਫ਼ਤਿਹ ਨੁਸਰਤ ਬੇ-ਦਿਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ। ਇਹ ਮੋਹਰ ਉਸ ਵਕਤ ਤੋਂ ਵਰਤਮਾਨ ਤੱਕ ਖ਼ਾਲਸਾ ਪੰਥ ਦੇ ਹਰ ਹੁਕਮ 'ਤੇ ਲੱਗਦੀ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਇਸੇ ਮੋਹਰ ਨੂੰ ਹੀ ਸੁਤੰਤਰ ਸਿੱਖ ਰਾਸ਼ਟਰ ਦੀ ਮੋਹਰ ਮੰਨਿਆ ਹੈ। ਨਾਨਕ ਰਾਜ ਦੇ ਪ੍ਰਤੱਖ ਇਤਿਹਾਸਕ ਪ੍ਰਮਾਣ ਹਨ ਕਿ ਸਿੱਖਾਂ ਦੇ ਪਹਿਲੇ ਬਾਦਸ਼ਾਹ ਬੰਦਾ ਸਿੰਘ ਬਹਾਦਰ ਅਤੇ ਦੂਸਰੇ ਸਿੱਖ ਬਾਦਸ਼ਾਹ ਰਣਜੀਤ ਸਿੰਘ ਨੇ ਵੀ ਸਿੱਕਾ ਨਾਨਕ ਦੇ ਨਾਂਅ ਦਾ ਹੀ ਚਲਾਇਆ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਨਾ ਕੇਵਲ ਇਕ ਰਾਜਸੀ ਕੌਮ ਦੀ ਹੀ ਸਿਰਜਣਾ ਕੀਤੀ ਸਗੋਂ ਹਿੰਦ ਦੇ ਇਤਿਹਾਸ ਵਿੱਚ ਪਹਿਲੀ ਵਾਰ ਸ਼ਬਦ ਪੰਜਾਬ ਇਕ ਅੱਡਰੇ ਰਾਜਸੀ ਖੇਤਰ ਦੇ ਨਾਂ ਨਾਲ ਉਭਰਿਆ (ਇਸ ਕਰਕੇ ਸ਼ਾਹ ਮੁਹੰਮਦ ਨੇ ਕਿਹਾ ਸੀ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ) ਅਰਥਾਤ ਪੰਜਾਬ ਦੇਸ਼ ਹਿੰਦ ਨਾਲੋਂ ਅਲਗ ਅਜ਼ਾਦ ਦੇਸ਼ ਸੀ ਤੇ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅੱਜ ਵੀ ਹੇਠ ਲਿਖੇ ਅਨੁਸਾਰ ਹੈ: ਦੇਗੋ ਤੇਗੋ ਫ਼ਤਿਹ ਨੁਸਰਤ-ਬੇ-ਦਿਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ-ਸ੍ਰੀ ਅਕਾਲ ਜੀ ਸਹਾਇ, ਸ੍ਰੀ ਅਕਾਲ ਤਖ਼ਤ ਸਾਹਿਬ। ਨਾਨਕ ਸ਼ਾਹੀ ਸ਼ਬਦ ਸਿੱਖ ਕੌਮ ਦੀ ਅੱਡਰੀ ਤੇ ਵਿਲੱਖਣ ਕੌਮੀਅਤ ਦਾ ਪ੍ਰਗਟਾਵਾ ਕਰਦਾ ਹੈ। ਉਕਤ ਦੋਵੇਂ ਸਰੋਕਾਰ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਅਤੇ ਖ਼ਾਲਸਾ ਰਾਜ ਸਥਾਪਤ ਕਰਨ ਲਈ ਮਾਰਗ ਦਰਸ਼ਨ ਹਨ। ਅੱਜ ਲੋੜ ਹੈ ਨੌਜੁਆਨ ਸਿੱਖ ਪੀੜ੍ਹੀ ਨੂੰ ਇਹ ਪੜ੍ਹਾਇਆ ਤੇ ਦ੍ਰਿੜ ਕਰਵਾਇਆ ਜਾਵੇ ਕਿ: ਗੁਰੂ ਗ੍ਰੰਥ ਨਾਨਕ ਨਿਰਮਲ ਪੰਥ ਦਾ ਸਿਧਾਂਤ ਹੈ ਅਤੇ ਗੁਰੂ ਪੰਥ ਇਸ ਸਿਧਾਂਤ ਦਾ ਪ੍ਰਤੱਖ ਅਮਲ ਹੈ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਪ੍ਰਚਾਰਕਾਂ ਨੂੰ ਸਤਿਕਾਰ ਯੋਗ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦੀ ਦਰਪਣ ਸਿੱਖ ਰਹਿਤ ਮਰਯਾਦਾ ਜਰੂਰ ਪੜ੍ਹਨੀ ਚਾਹੀਦੀ ਹੈ, ਇਸ ਨਾਲ ਕਈ ਵਾਦ-ਵਿਵਾਦ ਨਜਿੱਠੇ ਜਾ ਸਕਦੇ ਹਨ। ਅੰਤ ਵਿੱਚ ਨਾਨਕਸ਼ਾਹੀ ਵਰ੍ਹੇ ਦੀ ਸਮੂਹ ਖ਼ਾਲਸਾ ਪੰਥ ਨੂੰ ਵਧਾਈ ਦਿੰਦਾ ਹੋਇਆ ਸਮਾਪਤੀ ਕਰਦਾ ਹਾਂ।

ਭੁੱਲਾਂ ਚੁੱਕਾਂ ਦੀ ਖਿਮਾਂ<br>
ਗੁਰੂ ਪੰਥ ਦਾ ਦਾਸ<br>
ਜਥੇਦਾਰ ਮਹਿੰਦਰ ਸਿੰਘ ਯੂ.ਕੇ.

**ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵੱਡਾ ਝੂਠ ਬੋਲ ਕੇ ਲੋਕਾਂ ਪਾਸੋਂ ਵੋਟਾਂ ਹਾਸਲ ਕੀਤੀਆਂ ਸਨ, ਕਿ ਉਹਨਾਂ ਦੀ ਸਰਕਾਰ ਵੇਲੇ ਹਰ ਭਾਰਤੀ ਬਸ਼ਿੰਦੇ ਨੂੰ 15 ਲੱਖ ਰੁਪਿਆ ਮਿਲੇਗਾ ਉਨ੍ਹਾਂ ਕਿਹਾ ਸੀ ਕਿ ਜਿਹੜੇ ਲੋਕ ਦੇਸ਼ ਵਿੱਚੋਂ ਘਪਲਾ ਕਰਕੇ ਅਰਬਾਂ ਰੁਪਿਆ ਵਿਦੇਸ਼ਾਂ ਵਿੱਚ ਲੈ ਗਏ ਹਨ ਉਹ ਸਾਰਾ ਵਾਪਸ ਲਿਆਉਣਗੇ ਤੇ ਆਮ ਲੋਕਾਂ ਨੂੰ ਦੇਖਗੇ। ਉਹ ਕਦੇ ਵੀ ਸੱਚ ਨਾ ਹੋਇਆ ਤੇ ਨਾ ਹੋਣਾ ਹੈ।**

# ਚੇਤ ਤੇ ਝਾਤੀ ਪਾਉਂਦਿਆਂ

ਨਾਨਕ ਸ਼ਾਹੀ ਬਿਕਰਮੀ ਸੰਮਤ ਦਾ ਪਹਿਲਾ ਮਹੀਨਾ ਚੇਤ ਹੁੰਦਾ ਹੈ। ਅੰਗਰੇਜ਼ੀ ਮਹੀਨਿਆਂ ਵਿੱਚ ਮਾਰਚ ਦੇ ਦੂਜੇ ਪੰਦਰਵਾੜੇ ਤੋਂ ਸ਼ੁਰੂ ਹੋਕੇ ਅਪ੍ਰੈਲ ਦੇ ਪਹਿਲੇ ਪੰਦਰਵਾੜੇ ਦੇ ਆਖੀਰ ਤੱਕ ਹੁੰਦਾ ਹੈ। ਇਸ ਮਹੀਨੇ ਨਾਲ ਵੱਖਰੀ ਲੋਅ, ਵੱਖਰੀ ਖੁਸ਼ਬੂ ਅਤੇ ਵੱਖਰੀ ਰੌਣਕ ਹੁੰਦੀ ਹੈ। ਪ੍ਰਕ੍ਰਿਤੀ ਦੀ ਪਰਤੀ ਰੌਣਕ ਨਾਲ ਇਹ ਮਹੀਨਾ ਸੁਹਾਵਣਾ ਲੱਗਦਾ ਹੈ। ਚੇਤ ਮਹੀਨਾ 'ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਏ' ਦਾ ਸੁਨੇਹਾ ਦਿੰਦਾ ਹੈ। ਨਿਤ ਦਿਨ ਨਵੇਂ ਰੰਗ ਬਦਲਦੇ ਹਨ। ਸਾਹਿਤਕਾਰਾਂ ਨੂੰ ਵੀ ਸਾਹਿਤ ਰਚਨ ਦਾ ਇਸ ਮਹੀਨੇ ਹੁੰਗਾਰਾ ਤੇ ਹੁਲਾਰਾ ਮਿਲਦਾ ਹੈ। ਸਾਹਿਤ ਦਾ ਪ੍ਰਕ੍ਰਿਤੀ ਨਾਲ ਗੂੜ੍ਹਾ ਸਬੰਧ ਹੁੰਦਾ ਹੈ। ਇਹ ਮਹੀਨਾ ਇਹਨਾਂ ਸਤਰਾਂ ਦੀ ਤਰਜ਼ਮਾਨੀ ਕਰਦਾ ਹੈ:-

**"ਫੱਗਣ ਖੰਭ ਲਪੇਟ ਕੇ,<br>
ਗੁੰਮਿਆ ਵਿੱਚ ਅਨੰਤ,<br>
ਚੇਤ ਤੇ ਝਾਤੀ ਪਾਉਂਦਿਆਂ,<br>
ਚਾਮਲ ਗਈ ਬਸੰਤ"**

ਰੁੱਤਾਂ, ਤਿੱਥਾਂ, ਦਿਨ, ਤਰੀਕਾ ਅਤੇ ਮੌਸਮ ਦੇ ਹੇਰ-ਫੇਰ ਨਾਲ ਵੀ ਇਹ ਮਹੀਨਾ ਬਹੁਤਾ ਨਹੀਂ ਬਦਲਿਆ। ਸਰਦੀ, ਗਰਮੀ, ਬਰਸਾਤ, ਪੱਤਝੜ ਤਕਰੀਬਨ ਆਪਣੇ ਟਿਕਾਣੇ ਤੇ ਕਾਇਮ ਰਹਿੰਦੀ ਹੈ। ਇਸ ਰੁੱਤੇ ਸਰਦੀ ਦੇ ਝੰਬਿਆਂ ਨੂੰ ਗਰਮੀ ਦਾ ਅਹਿਸਾਸ ਹੋਣ ਲੱਗਦਾ ਹੈ। ਚੇਤ ਦਾ ਧਾਰਮਿਕ ਅਤੇ ਪ੍ਰਕ੍ਰਿਤਿਕ ਪੱਖ ਬਹੁਤ ਸੋਹਣਾ ਹੈ। ਧਰਤੀ ਵੰਨ ਸੁਵੰਨੀ ਹੋਣ ਦਾ ਸੰਕੇਤ ਦਿੰਦੀ ਹੈ। ਹਿੰਦੂ ਧਰਮ ਨਾਲ ਇਸ ਮਹੀਨੇ ਦਾ ਵਿਸੇਸ ਸਬੰਧ ਹੈ। ਵਰਤ ਅਤੇ ਨਰਾਤੇ ਇਸ ਮਹੀਨੇ ਆਉਂਦੇ ਹਨ। ਨਰਾਤਿਆਂ ਵਿੱਚ ਦੁਰਗਾ ਪੂਜਾ ਕੀਤੀ ਜਾਂਦੀ ਹੈ। ਮਹਾਨ ਗੁਰਬਾਣੀ ਵਿੱਚ ਬਾਰਹਾ ਮਾਹਾ ਵਿੱਚ ਚੇਤ ਨੂੰ ਇਉਂ ਸਿਰਜਿਆ ਗਿਆ ਹੈ:-

**"ਚੇਤਿ ਗੋਵਿੰਦੁ ਅਰਾਧੀਐ,<br>
ਹੋਵੈ ਅਨੰਦੁ ਘਣਾ"**

ਵਿਸਾਖੀ ਤੇ ਕਣਕ ਦੀ ਆਸ ਉਡੀਕ ਵੀ ਇਸ ਮਹੀਨੇ ਤੇਜ ਹੋ ਜਾਂਦੀ ਹੈ। ਪੁੰਗਰਦੀ ਪ੍ਰਕ੍ਰਿਤੀ ਜ਼ਮਾਨੇ ਅਤੇ ਸਾਹਿਤ ਦਾ ਇਸ ਮਹੀਨੇ ਜਰੀਏ ਕਾਫੀ ਮੇਲ-ਜੋਲ ਹੈ। ਆਰਥਿਕ ਤੌਰ ਤੇ ਮਜਬੂਤ ਤਾਂ ਹੋਏ ਹਾਂ ਪਰ ਰੁੱਤਾਂ ਮਹੀਨਿਆਂ ਨੂੰ ਛੇੜ-ਛਾੜ ਨਾਲ ਵੀ ਬਦਲ ਨਹੀਂ ਸਕਦੇ। ਜੇ ਪ੍ਰਕ੍ਰਿਤੀ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਵੀ ਨਾਂਹ ਪੱਖੀ ਪ੍ਰਭਾਵ ਪਲੇ ਪੈਂਦੇ ਹਨ। ਇਸ ਲਈ ਤਬਦੀਲੀ ਕੁਦਰਤ ਦਾ ਨਿਯਮ ਹੈ ਵਾਲੇ ਤੱਥ ਨੂੰ ਠਹਰਾਇਆ ਜਾਂਦਾ ਹੈ। ਤੂਤਾਂ, ਨਿੰਬੂ ਜਾਤੀ, ਅੰਬ, ਬੇਰ, ਪਾਪੂਲਰ ਅਤੇ ਹੋਰ ਬੂਟਿਆਂ ਦੇ ਦਰੱਖਤ ਫੁੱਲਾਂ ਹੇਠੋਂ ਨਿਕਲਦੇ ਫਲਾਂ ਨਾਲ ਸਵਰਗ ਦਾ ਭੁਲੇਖਾ ਪਾਉਂਦੇ ਹਨ:-

**"ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,<br>
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ,<br>
ਪੁੰਗਰੀਆਂ ਵੇਲਾਂ, ਵੇਲਾਂ ਰੁੱਖੀਂ ਚੜ੍ਹੀਆਂ,<br>
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ"**

ਇਹ ਮਹੀਨਾ ਅਤੇ ਰੁੱਤਾਂ ਸੱਭਿਆਚਾਰ, ਧਾਰਮਿਕ ਅਤੇ ਆਰਥਿਕਤਾ ਦਾ ਮੇਲ ਕਰਾਉਂਦੀ ਹੈ, ਲੋਕਾਂ ਕੋਲ ਇਸ ਰੁੱਤ ਦਾ ਲੁਤਫ਼ ਲੈਣ ਲਈ ਚੋਖਾ ਸਮਾਂ ਵੀ ਹੁੰਦਾ ਹੈ। ਮੌਸਮ ਠੰਡ ਤੋਂ ਉੱਭਰਕੇ ਗਰਮੀ ਵੱਲ ਸਫਰ ਤਹਿ ਕਰਦਾ ਹੋਇਆ ਵਿਸਾਖੀ ਅਤੇ ਕਣਕ ਦੀ ਦਹਿਲੀਜ਼ ਵੱਲ ਪੈਰ ਪੁੱਟਦਾ ਹੈ। ਪ੍ਰਕ੍ਰਿਤੀ ਦਿਨੋਂ ਦਿਨ ਸੁਹਾਗਮਈ ਅਤੇ ਧਰਤੀ ਫਸਲ ਵਿਹੂਣੀ ਹੁੰਦੀ ਜਾਂਦੀ ਹੈ। ਮਾਹੀ ਨੂੰ ਮੁਖਾਤਿਬ ਹੋ ਕੇ ਫਿਰੋਜ਼ਦੀਨ ਸ਼ਰਫ਼ ਨੇ ਇਹ ਮਹੀਨਾ ਇਉਂ ਚਿਤਰਿਆ :-

**"ਚੇਤਰ ਚੈਨ ਨਾ ਆਵੇ ਦਿਲ ਨੂੰ, ਤੇਰੇ ਵਾਜੋ ਪਿਆਰੇ ਜੀ ਹਾਂ ਮੈਂ ਤੇਰੇ ਦਰ ਦੀ ਬਰਦੀ<br>
ਮਲੇ ਤੇਰੇ ਦੁਆਰੇ ਹੈ ਜੀ,<br>
ਤੇਰੇ ਬਾਝੋਂ ਡੁੱਬਦੀ ਬੇੜੀ ਕਿਹੜਾ ਮੇਰੀ ਤਾਰੇ ਜੀ,<br>
ਸ਼ਰਫ਼ ਬੰਦੀ ਦੀ ਆਸ ਪੁਜਾਈ,<br>
ਦੇਵੀਂ ਝੱਬ ਦੀਦਾਰੇ ਜੀ"**

ਚੇਤ ਮਹੀਨਾ ਆਪਣੇ ਪਰਛਾਵੇਂ ਛੱਡ ਕੇ ਵਿਸਾਖੀ ਦੇ ਮੇਲੇ ਅਤੇ ਕਣਕ ਦੀ ਆਮਦ ਵੱਲ ਪੈਂਡਾ ਤੈਅ ਕਰਦਾ ਹੋਇਆ ਸਮਾਜਿਕ ਖੁਸ਼ਹਾਲੀ ਦੀ ਆਸ ਜਰੂਰ ਪੈਦਾ ਕਰਦਾ ਹੈ।

**ਸੁਖਪਾਲ ਸਿੰਘ ਗਿੱਲ ਅਬਿਆਣਾ ਕਲਾਂ**<br>
ਮੋ: 98781-11445

# ਮੇਘਾਲਿਆ ਦੀ ਪੰਜਾਬੀ ਲੇਨ ਦੇ ਸਿਖ ਵਸਨੀਕਾਂ ਦੇ ਇਲਾਕੇ ਵਿਚ ਬੰਬ ਧਮਾਕਾ, ਇਕ ਜ਼ਖ਼ਮੀ

## ✪ ਸਿੱਖਾਂ ਨੂੰ ਕਬਾਇਲੀ ਸਮੂਹਾਂ ਵੱਲੋਂ ਮਿਲ ਰਹੀਆਂ ਨੇ ਧਮਕੀਆਂ

**ਸ਼ਿਲਾਂਗ-ਇਥੋਂ ਦੇ ਵਿਵਾਦਤ ਪੰਜਾਬੀ ਲੇਨ ਦੇ ਵਸਨੀਕਾਂ ਨੇ 9 ਮਾਰਚ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਹੋਏ ਆਈਈਡੀ ਧਮਾਕੇ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਦਖਲ ਦੇਣ ਦੀ ਮੰਗ ਕੀਤੀ ਹੈ। ਧਮਾਕੇ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਸੀ। ਸ੍ਰੀ ਸ਼ਾਹ ਨੂੰ ਲਿਖੇ ਪੱਤਰ ਵਿੱਚ ਹਰੀਜਨ ਪੰਚਾਇਤ ਕਮੇਟੀ (ਐੱਚਪੀਸੀ) ਦੇ ਸਕੱਤਰ ਗੁਰਜੀਤ ਸਿੰਘ ਨੇ ਕਿਹਾ ਕਿ ਧਮਾਕੇ ਨੇ ਵਸਨੀਕਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ।**

**ਵਿਵਾਦ ਵਾਲੇ ਖੇਤਰ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਇਹ ਧਮਾਕਾ ਉਨ੍ਹਾਂ ਨੂੰ ਮਿਉਂਸਪਲ ਜ਼ਮੀਨ ਵਿੱਚ ਤਬਦੀਲ ਕਰਨ ਦੇ ਉਦੇਸ਼ ਨਾਲ ਗੱਲਬਾਤ ਵਿੱਚ ਵਿਘਨ ਪਾਉਣ ਲਈ ਕੀਤਾ ਗਿਆ ਸੀ। ਉਨ੍ਹਾਂ ਮੰਤਰੀ ਨੂੰ ਜ਼ੋਰ ਦੇ ਕੇ ਕਿਹਾ ਕਿ ਧਮਾਕਾ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਕਮਜ਼ੋਰ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਬਸਤੀ ਦੇ ਸਿੱਖਾਂ ਨੂੰ ਵੱਖ-ਵੱਖ ਕਬਾਇਲੀ ਸਮੂਹਾਂ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਸਮੂਹ ਮੇਘਾਲਿਆ ਵਿੱਚ ਗੈਰ-ਆਦੀਵਾਸੀਆਂ ਦੀ ਮੌਜੂਦਗੀ ਦਾ ਖੁੱਲ੍ਹੇਆਮ ਵਿਰੋਧ ਕਰ ਰਹੇ ਹਨ, ਜਿਸ ਨਾਲ ਡਰ ਅਤੇ ਡਰ ਦਾ ਮਾਹੌਲ ਬਣਿਆ ਹੋਇਆ ਹੈ।**

# ਹਰ ਗੁਰੂ ਘਰ ਪਰਚਾ ਸੰਗਤਾਂ ਦੀ ਸਹੂਲਤ ਲਈ ਮੰਗਵਾ ਕੇ ਰੱਖੋ, ਇਸ਼ਤਿਹਾਰ ਦੇ ਕੇ ਪਰਚੇ ਦੀ ਨਹੀਂ ਪੰਜਾਬੀ ਸੰਗਤਾਂ ਦੀ ਸੇਵਾ ਕਰੋ,

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



**ਪੰਜਾਬ ਅਜੋਕੀ ਸਥਿਤੀ:–** ਮੈਂ ਨਾ ਜੰਮਦੀ ਤੂੰ ਕਿੱਦਾਂ ਵਿਆਈਦਾ:–ਚੱਲਦੇ ਸਪਤਾਹ ਭਗਵੰਤ ਮਾਨ ਸਰਕਾਰ ਦਾ ਆਓ ਜੀਹਨੇ ਘੁਲ੍ਹਣਾ ਨਾਲ ਵਿੱਤ ਮੰਤਰੀ ਹਰਪਾਲ ਚੀਮਾ (ਗੋਤ ਹੁਦਾਰਾ) ਬਜਟ ਪੇਸ਼ ਲਈ ਜਾਂ ਭਗਵੰਤ ਦੀ ਰੱਖਿਆ ਲਈ ਇਕ ਹੋਰ ਡੀ.ਡੀ.ੳ. ਭੀ ਪਿੱਛਿਉਂ ਬਹੁੜਿਆ, ਮੁੱਖ ਮੰਤਰੀ ਨੂੰ ਚੇਤਾ ਭੁੱਲ ਗਿਆ ਕਿ ਮੈਂ ਕੀ ਹਾਂ, ਬੱਸ ਲੱਗ ਪਿਆ ਬਹੁੜੀ ਬਹੁੜੀ ਕਰਨ ਦੇਖਕੇ ਤਾਂ ਲੱਗੇ ਇਹਨੂੰ ਕੀ ਚੜ੍ਹ ਗਿਆ, ਭਾਸ਼ਾ ਕੀ ਗਾਲ੍ਹਾਂ ਦੀ ਕਸਰ ਸੀ ਤੇ ਅੰਤ ਦਲਿਤ (ਬਾਲਮੀਕੀ) ਵਿਧਾਇਕ ਨੂੰ ਦਲਿਤ ਲਈ ਡਿਪਟੀ ਦੀ ਮੰਗ 'ਤੇ ਕਹਿੰਦਾ ਆ ਤੈਨੂੰ ਦਮਾਂ ਡਿਪਟੀ ਪੁਣਾ, ਕਹਿੰਦਾ ਇਹਨੂੰ ਦੌਰਾ ਪੈ ਗਿਆ ਇਹ ਨੂੰ ਛਿੱਤਰ ਸੁੰਘਾਉ ਯਾਨੀ ਜੁਤ ਪਤਾਣ ਬਾਕੀ ਔਧਰੋਂ ਉਧਰੋਂ ਫੜ ਕੇ ਵਿਧਾਇਕ ਬਣਾਏ ਤਾੜੀਆਂ ਮਾਰਨ, ਦੋਸ਼ੀ ਵਿਦੇਸ਼ੀ ਬਹੁਤੇ ਹਨ ਜੋ ਬਦਲਾਅ ਦੀਆਂ ਪੰਡਾਂ ਬੰਨ ਕੇ ਵੰਡਣ ਗਏ, ਹੁਣ ਵਾਸੀ ਘਸੁੰਨ ਦੇ ਕੇ ਰੋਂਦੇ ਨੇ ਪਰ ਇਹ ਦੰਭੀ ਹਾਲੇ ਭੀ ਹੁਣ ਕਿਸਾਨੀ ਧਰਨਿਆਂ ਦੀ ਹਮਾਇਤ ਲਈ ਪਦੀੜਾਂ ਪਉਣਗੇ, ਜੇਕਰ ਏਜੰਸੀਆਂ ਨੇ ਸਿਰ 'ਤੇ ਹੱਥ ਧਰਤਾ। ਚੇਤੇ ਰੱਖੋ ਹੱਲਾਸ਼ੇਰੀਆਂ ਵਾਲੇ ਭੀ ਭਾਗੀ ਹੁੰਦੇ ਹਨ, ਕਿਸੇ ਗਰੀਬ ਦੀ ਹਾਅ, ਬਦਦੂਆ ਲੱਗਗੀ ਕੁੰਨਬੇ ਤਬਾਹ ਹੁੰਦੇ ਨੇ ਫਰੋਲ ਲਵੋ ਪੁਰਾਣਾ ਸਮਾਂ, ਚੈਨਲਾਂ 'ਤੇ ਜਾ ਜਾ ਉਪਰਦੜੀਆਂ ਮਾਰਨੇ ਹਾਲੇ ਫਲਦੇ ਫੁੱਲਦੇ ਵੱਲ ਹੀ ਕੇਂਦਰਿਤ ਹਨ, ਜਦੋਂ ਪਰਲੋ ਆਈ ਤਾਂ ਦਊ ਦਾਖੂ ਦਾਣਾ, ਮੈਂ ਸੋਚਦੀ ਹੁੰਦੀ ਹਾਂ ਕਿ ਇਨ੍ਹਾਂ ਢੀਠ ਲੋਕਾਂ ਨੂੰ ਕਦੀ ਅੰਦਰੋਂ ਕੋਈ ਤੁੱਖਣਾ ਨੀ ਮਿਲਦਾ ਕਿ ਭਾਈ ਹੋਸ਼ ਕਰਕੇ ਚੱਲੋ ਪਰ ਅੰਦਰ ਆਤਮਾਂ ਹੋਵੇ ਤਾਂ, ਆਂਢ ਗੁਆਂਢ ਭੀ ਜਾਂ ਜਾਣ ਪਛਾਣ ਵਾਲੇ ਹੀ ਆਖਣ ਕਿ ਆਹ ਕੀ ਸੋਹਲੇ ਗਉਣ ਜਾਂਦੇ ਹੋ, ਲੋਕਾਂ ਦੀ ਭੀ ਸੋਚੋ ਨਾ ਕਿ ਆਪਣੀ ਵਾਹ–ਵਾਹ ਹੀ ਭਲੀ ਫਿੱਟ ਥੋਕ ਕਰਨ ਤਾਂ ਭਾਵੇਂ ਘੱਟ ਹੋ ਜਾਣ, ਪੰਜਾਬ ਦੀ ਹਾਲਤ ਤੋਂ ਹਟਣਗੇ ਤਾਂ ਸਵੇਰੇ ਸਵੇਰੇ ਮੰਗਣ ਲਈ ਗੁਹਾਰਾ, ਆਹ ਅੰਬਰੀ ਧੁਤੂ ਨੇ ਤਾਂ ਸੰਗ ਹੀ ਲਾਹ ਧਰੀ ਹੈ, ਪੁਰਾਣੇ ਆਏ ਹੁਣ ਸਿਵਿਆਂ ਨੂੰ ਜਾਣ ਵਾਲੇ ਨੇ, ਪਰ ਦਿਉ ਜੀ ਦਸਵੰਧ ਆਪਾਂ ਆਪਣੇ ਕੋਲੋਂ ਕੁਝ ਨੀ ਦਿੰਦੇ ਫੇਰ ਭਾਈ ਤੁਸੀਂ ਕਰ ਦਿਉ ਬੈਂਕ ਖਾਲੀ ਭਰ ਦਿਉ ਇਨ੍ਹਾਂ ਦਾ ਚੈਨਲ ਟੀ.ਵੀ. ਲਉਣ ਤੋਂ ਭੀ ਘਬਰਾਈਦਾ ਹੈ ਕਿ ਕਿਧਰੇ ਇਥੇ ਉਹੀ ਝੋਲੀ ਅੱਡੀ ਬੈਠੇ ਨਾ ਦਿਸ ਪੈਣ, ਫੇਰ ਪਾਕਿਸਤਾਨ ਨੂੰ ਤੁਰ ਪੈਂਦੇ ਨੇ ਲਗਜ਼ਰੀ ਕੋਚਾਂ, ਸ਼ਾਨਦਾਰ ਹੋਟਲ, ਜਾਨਦਾਰ ਸਕਿਉਰਿਟੀ ਤੇ ਵੀਲ੍ਹਚੇਅਰਾਂ, ਆਉ ਚੱਲੀਏ ਇਤਿਹਾਸਕ ਗੁਰੂ ਘਰਾਂ ਦੇ ਦਰਸ਼ਨਾਂ ਲਈ, ਇਤਿਹਾਸਕ: ਕਰਤਾਰਪੁਰ, ਨਨਕਾਣਾ ਸਾਹਿਬ, ਪੰਜਾ ਸਾਹਿਬ, ਨਉਂ ਦੱਸੋ ਕਿਹੜੇ ਸਨ ਵਿੱਚ ਰੱਖੇ ਗਏ, ਗੁਰੂ ਘਰ ਤਾਂ ਬਣੇ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ, ਗੁਰੂਆਂ ਸਮੇਂ ਤਾਂ ਧਰਮਦੁਆਰ, ਬਾਵਾ ਡੇਰੇ, ਧਰਮਸ਼ਾਲਾ ਜਾਂ ਮਹੰਤਾਂ ਦੇ ਡੇਰੇ ਸਨ, ਹਿੰਦੂਆਂ ਦੇ ਮੰਦਰ ਤੇ ਹੋਰ ਧਰਮਾਂ ਦੇ ਆਪਣੇ ਜਿਮੇ ਪੀਰ ਖਾਨੇ, ਮਾੜੀਆਂ ਤੇ ਮਜ਼ਾਰਾਂ ਆਦਿ, ਸਾਧੂਆਂ ਦੇ ਮੱਠ ਹੁੰਦੇ ਸਨ ਤੇ ਇਹ ਇਤਿਹਾਸ ਹੈ ਕਿ ਸਮੇਂ ਦਾ ਬਾਦਸ਼ਾਹ ਇਨ੍ਹਾਂ ਸਭਨਾਂ ਨੂੰ ਟਿੱਕ ਕੇ ਰੱਬ ਰੱਬ ਕਰਨ ਲਈ ਕਿਧਰੇ ਰਾਜ–ਭਾਗ ਬਾਰੇ ਵਿਰੋਧਤਾ ਨਾ ਹੋਵੇ, ਲੋੜੀਂਦੀ ਦਸ਼ਣਾ ਦਿੰਦੇ ਸਨ:– ਤੁਹਾਡੇ ਵਰਗੇ ਤਾਂ ਉਦੋਂ ਭੀ ਵਹੀਰਾਂ ਘੱਤੋ, ਫਲਾਣੇ ਮਹੰਤ ਦੇ ਚਰਨੀਂ ਲੱਗ ਆਈਏ, ਇਹ ਆਹੀ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਹੈ ਜੀਹਨੇ ਇਹ ਦੁਆਰੇ ਤੁਹਾਡੇ ਲਈ ਕੁਰਬਾਨੀਆਂ ਨਾਲ ਛੁਡਵਾਏ, ਅੱਜ ਭੀ ਸਵੇਰੇ ਹੀ ਬਗਲੀਆਂ ਚੱਕ ਕੇ ਤੁਰ ਪੈਂਦੇ ਨੇ, ਏਜੰਸੀਆਂ ਤੋਂ ਖਰਚੇ ਭੱਤੇ ਲੈਣ ਪੰਥ ਨੂੰ ਭੰਡ ਕੇ, ਨਾਲੇ ਜੀ ਅਕਾਲ ਤਖ਼ਤ ਮਹਾਨ, ਭਾਈ ਫੇਰ ਕਾਂਗਰਸ ਦੇ ਇਕੱਠ ਵਿੱਚ ਚੱਬੇ ਜਾ ਕੇ ਮਾਨ ਸਾਹਬ ਦੇ ਲਫਾਫੇ ਵਿੱਚੋਂ ਹਵਾਰਾ ਤੇ ਚਾਰ ਹੋਰ ਜਥੇਦਾਰ ਥਾਪੇ ਤੇ ਸੋ ਨਿਹਾਲ ਆਪ ਪ੍ਰਵਾਨੇ ਪਰ ਅਕਾਲ ਨੂੰ ਫੇਰ ਕੌਣ ਮੰਨਦਾ ਹੈ, ਸ਼੍ਰੋਮਣੀ ਕਮੇਟੀ 'ਤੇ ਤਾਂ ਬਾਦਲਾਂ ਦਾ ਕਬਜ਼ਾ ਫੇਰ ਤਖ਼ਤ 'ਤੇ ਕੀਹਦਾ ਕਿਵੇਂ ਲੋਕਾਂ ਨੂੰ ਭੌਂਦੂ ਬਣਾ ਹਰੇ ਹਨ, ਹਾਲੇ ਭੀ ਮੋਰਚਾ ਲਾਈ ਹਵਾਰਾ ਹੁਕਮ ਪ੍ਰਚਾਰਦੇ ਨੇ, ਇਹ ਪੰਥ ਅੱਡਰਾ ਹੈ ਕੋਈ ਅਕਾਲ ਤਖ਼ਤ ਦਾ ਨਹੀਂ, ਹਾਂ ਮੈਂ ਇਹ ਭੀ ਲਿਖਣੋ ਸੰਕੋਚ ਨਹੀਂ ਕਰੂੰਗੀ ਕਿ **ਜਥੇਦਾਰ ਅਕਾਲ ਤਖ਼ਤ ਗਿਆਨੀ ਗੁੰਥੀ ਨਹੀਂ ਕੋਈ ਪੜ੍ਹਿਆ ਲਿਖਿਆ, ਕਾਨੂੰਨਦਾਨ ਸੁਘੜ ਵਿਦਵਾਨ ਹੋਵੇ ਪਰ ਨਿਯੁਕਤੀ ਪੂਰਨ ਕੰਨਟਰੈਕਟ ਨਾਲ ਉਲੰਘਣਾ ਤੇ ਜ਼ਿੰਮੇਵਾਰ 'ਤੇ ਕਾਰਵਾਈ ਭੀ ਹੋਵੇ, ਸਮਾਂ ਭੀ ਨੀਅਤ ਹੋਵੇ, ਚੰਗੇ ਪ੍ਰਬੰਧ ਕਰਕੇ ਜੇ ਲੋੜ ਪਵੇ ਸੇਵਾ ਦਾ ਸਮਾਂ ਵਧਾਇਆ ਜਾਵੇ ਪਰ ਲਿਖਤੀ ਸਭ ਕੁਝ ਹੋਵੇ ਤੇ ਨਿਯੁਕਤੀ ਪੱਤਰ ਵਿੱਚ ਸਭ ਸ਼ਰਤਾਂ ਹੋਣ, ਤਾਂ ਢਾਂਚਾ ਲੀਹਾਂ 'ਤੇ ਤੁਰ ਸਕਦਾ ਹੈ,** ਹੁਣ ਅਕਾਲ ਤਖ਼ਤ ਦਾ ਜਥੇਦਾਰ ਵਿਦੇਸ਼ੀ ਫੇਰੀ ਭੀ ਪਾਵੇ ਪਰ ਧਾਰਮਿਕ ਤੇ ਪ੍ਰਚੱਲਤ ਮਰਿਯਾਦਾ ਵੱਲ ਕੋਈ ਕਾਰਵਾਈ ਨਹੀਂ, ਜੀ ਗੁਰੂ ਗ੍ਰੰਥ ਪੰਧਰੇ ਥਾਂ ਤੇ ਘਰਾਂ ਵਿੱਚ ਲਿਜਾਣ 'ਤੇ ਮਨਾਹੀ, ਪਰ ਮੋਟਰਵੇਅ 'ਤੇ ਮਿਆਨੀ ਵਾਲਾ ਪੁੱਤਰ ਕਰ ਸਕਦਾ ਹੈ, ਧਰਨੇ ਵਿੱਚ ਗੁਰੂ ਗ੍ਰੰਥ ਪ੍ਰਕਾਸ਼ ਇਥੇ ਚੈਨਲਾਂ 'ਤੇ ਕਰ ਸਕਦੇ ਹਨ ਵਿੱਚੇ ਫਿਲਮਾਂ ਗਾਣੇ ਭੀ ਲੱਗ ਸਕਦੇ ਨੇ, ਫੇਰ ਗੁਰੂ ਗ੍ਰੰਥ ਦੇ ਪਾਠ ਕੋਈ ਬੰਦਿਸ਼ ਨਹੀਂ।

**ਪੰਜਾਬ ਦਾ ਚੋਲਾ ਭੜਦੋਹਲ ਤੇ ਰਾਮ ਰੌਲਾ,** ਭਗਵੰਤ ਮਾਨ ਪਹਿਲਾਂ ਤਾਂ ਧੱਕੇ ਨਾਲ ਸਿੰਘ ਆਖੀ ਜਾਣਾ ਜਦੋਂ ਕਿ ਉਹਦੇ ਸਰਕਾਰੀ ਕਾਗਜ਼ ਕੇਵਲ ਸਿੰਘ ਤੋਂ ਸੱਖਣੇ ਹਨ, ਨਾ ਹੀ ਉਹ ਆਪ ਸਿੰਘ ਅੱਖਰ ਨਾਲ ਜੁੜਦਾ ਹੈ। ਦੂਜੀ ਗੱਲ ਉਹਨੇ ਤਾਂ ਸਾਰੀਆਂ ਧਰਮ, ਜਾਤ ਤੇ ਸਰਕਾਰੀ ਸੱਭਿਅਤਾ ਭੀ ਦੁਰਕਾਰਤੀ, ਵਿਧਾਨ ਸਭਾ ਵਿੱਚ ਬਜਟ ਦਾ ਤਾਂ ਇਕ ਬਹਾਨਾ ਸੀ ਉਹਨੇ ਤਾਂ ਡਰਾਮਾ ਕਰਕੇ ਪ੍ਰਸ਼ਨਾਂ ਤੋਂ ਭਟਕਾਉਣਾ ਸੀ, ਤਾਲੇ ਪਹਿਲਾਂ ਲਿਆਂਦੇ ਫੇਰ ਸਪੀਕਰ ਨੂੰ ਫੜਾਏ ਫੇਰ ਕੀ ਅਡੰਬਰ ਜੀ ਬਾਹਰ ਨਾ ਨਿਕਲ ਸਕਣ, ਦੂਜਾ ਬਾਜਵਾ ਸਾਹਬ ਜੋ ਵਿਰੋਧੀ ਨੇਤਾ ਹਨ ਦੀ ਜੁਬਾਨ ਨੂੰ ਤਾਲਾ ਲਾਉ, ਅੰਤ ਜਿਮੇ ਕੋਈ ਭਲਵਾਨ ਗੋੜੀਆਂ ਦਿੰਦਾ ਹੈ, ਕਿਵੇਂ ਕੁਰਸੀ ਤੋਂ ਉਠ ਕੇ ਬੋਲੇ ਹੱਦ ਹੀ ਕਰ ਧਰੀ, ਫੇਰ ਵਾਲਮੀਕ ਵਿਧਾਇਕ ਨੂੰ ਦੌਰਾ ਪੈ ਗਿਆ **ਆਖ ਅਖੇ ਛਿੱਤਰ ਸੁੰਘਾਉ, ਕਿੱਡਾ ਹੰਕਾਰੀ ਤੰਜ ਪਰ ਦੌਰਾ ਤਾਂ ਭਗਵੰਤ ਮਾਨ ਨੂੰ ਭੀ ਪਿਆ, ਫੇਰ ਇਹਨੂੰ ਭੀ ਸੁੰਘਾਉ, ਹੋਛੀ ਸੋਚ ਇਹ ਕਦੀ ਵਿਦੇਸ਼ੀ ਹੁੰਦਾ ਤਾਂ ਤੁਰੰਤ ਗੱਦੀ ਤੋਂ ਲਾਂਭੇ ਸੀ।** ਦੂਜਾ ਵਿਸ਼ਾ, ਭਗਵੰਤ ਮਾਨ ਦੀ ਤਾਂ ਸੁਰਤ ਟਿਕਾਣੇ ਨਹੀਂ, ਕਹਿੰਦਾ ਜਿਨ੍ਹਾਂ ਲੋਕਾਂ ਨੇ ਝੂਠੇ ਕਾਗਜ਼ ਬਣਾ ਕੇ ਦਲਿਤ ਹੋਣ ਬਣਾ ਕੇ ਨੌਕਰੀਆਂ ਲਈਆਂ ਸਭਨਾਂ ਦੇ ਪੈਸੇ ਮੋੜੂ ਤੇ ਵਿਆਜ ਭੀ, ਸੁਣ ਮਾਨ ਸਾਹਬਾ ਜੇਕਰ ਦਲਿਤ ਜੱਟ ਗੋਤ, ਜਮੀਨਾਂ, ਪੰਚਾਇਤੀ ਤੇ ਜਾਂ ਠੇਕੇ ਭੋਲ੍ਹੀ 'ਤੇ ਲੈ ਕੇ ਕਿਸਾਨ ਬਣ ਜਾਣ, ਜ਼ਿੰਮੀਂਦਾਰ ਭੀ ਅਖਵਾਉਣ, ਕਿਸਾਨ ਆਗੂ ਭੀ ਬਨਣ ਤੇ ਨਾਲ ਦਲਿਤ ਭੱਤੇ ਭੀ ਲੈਣ, ਕੀ ਉਨ੍ਹਾਂ 'ਤੇ ਕਾਰਵਾਈ ਭੀ ਕਰੂ ਤੇ ਵਿਧਾਇਕ ਭੀ ਖਾਰਜ ਨਹੀਂ ਤਾਂ ਤੇਰੇ ਪਿਤਾ ਭੀ ਟੀਚਰ ਸਨ ਕਿਸੇ ਨਾ ਕਿਸੇ ਦਾ ਹੱਕ ਜਰੂਰ ਮਾਰਿਆ ਹੀ ਹੋਵੇਗਾ, ਤੂੰ ਗਰੀਬ ਕਲੇਮ ਕਰਦਾ ਹੈ ਤੇ ਨਾਲੇ ਕਿਸਾਨ ਜੱਟ ਭੀ ਇਕ ਪਾਸੇ ਹੋ ਭਾਈ, ਸਾਬਤ ਕਰਤਾ ਮਾਨ ਮਿੱਤ ਨੀ ਹੁੰਦੇ, ਨੀਮਾਂ ਹੋ ਕੇ ਵੱਸ ਮੁੰਡਿਆ, ਦਲਿਤਾਂ ਦੇ ਕਿੰਨੇ ਤੇਰੇ ਵਿਧਾਇਕ ਹਨ, ਕੀ ਆਪਣੇ ਵਰਗ ਦੇ ਵਫਾਦਾਰ ਬਣੇ ਜਦੋਂ ਤੇਰੇ ਛਿੱਤਰ ਅੱਖਰ ਮਤਲਬ ਸੀ ਕਿ ਇਹ ਜੁੱਤੀਆਂ ਗੰਡਣੇ ਨੇ ਆਹ ਸਵਾਲ ਕੀਤਾ, ਸ਼ਰਮ ਆਉਣੀ ਚਾਹੀਦੀ ਹੈ ਸਭਨਾਂ ਨੂੰ ਉਥੇ ਬੈਠਿਆਂ ਨੂੰ ਜੇਕਰ ਤੈਨੂੰ ਬਾਜੀਆਂ ਪਉਣਾ ਨਕਲੀਆ ਆਖਣ ਕੀ ਗੁਜਰੂ, ਕੀ ਮਾਂ, ਭੈਣ ਤੇ ਪਤਨੀ ਘਰ ਗਏ ਨੂੰ ਸਮਝਾਉਂਦੀਆਂ ਨੀ ਕਿ ਪਿਛੋਕੜ ਵੱਲ ਧਿਆਨ ਦਿਆ ਕਰ, ਤੂੰ ਜੰਮਦਾ ਹੀ ਮੁਖੀ ਨਹੀਂ ਸੀ, ਕੱਟ ਲੈ ਚਾਰ ਦਿਨ, ਤੇਰੇ ਭੀ ਵਿਰੋਧੀ ਤੇਰੀਆਂ ਰੜਕਾਂ ਕੱਢਣਗੇ, ਅਊ ਹਰ ਸਮੇਂ ਨੀ ਚੱਲਣਾ, ਹੁਣ ਸਪੀਕਰ ਸੰਧਵਾ ਭੀ ਤਾਂ ਨਸਾਂ ਵਿੱਚ ਗਿਆਨੀ ਜੈਲ ਸਿੰਘ ਦਾ ਖੂਨ ਵੱਗਦਾ ਹੀ ਹੈ 9 ਕਾਂਗਰਸੀ ਵਿਧਾਇਕ ਸਸਪੈਂਡ ਯਾਨੀ ਬੋਲਤੀਆਂ ਬੰਦ ਕਰ ਲੋ ਪਾਸ ਖੋਟਾ ਖਰਾ।

**ਹੱਦ ਭੀ ਬੰਨੇ ਟੱਪ ਗਈ:– ਦੇਖੋ ਭੈਣੋ ਉਂਗਲੀ, ਦੋ ਵਿਸ਼ੇ ਰਵਨੀਤ ਬਿੱਟੂ ਐਮ.ਪੀ. ਪੋਤਾ ਬੇਅੰਤ ਸਿੰਘ, ਬਿਕਰਮ ਮਜੀਠਾ ਅਕਾਲੀ ਆਗੂ** SIT ਦਾ ਮਹਿਮਾਨ ਤਾਲਾ ਮਿਉਨੀਸਪਲ ਦਫਤਰ ਨੂੰ ਤਾਲਆਂ ਬਣਾ ਦੇਣ 'ਤੇ ਪਰਚਾ ਦਰਜ ਹਿਰਾਸਤ ਅੱਜ 50 ਹਜ਼ਾਰ ਦੀ ਜਮਾਨਤ 'ਤੇ ਹੁਣ **ਬਿੱਟੂ ਦੀ ਠੀਕ ਮੰਗ** ਕਿ ਫੇਰ ਤਾਲੇ ਠੋਕਣ 'ਤੇ ਭਗਵੰਤ ਮਾਨ ਨੂੰ ਭੀ ਗ੍ਰਿਫਤਾਰ ਕਰੋ ਤੇ ਕਾਨੂੰਨ ਸਭ ਲਈ ਇਕੋ ਪਰ ਅੰਨੀ ਪੀਹੇ ਕੁੱਤਾ ਚੱਟੇ, ਉਧਰ ਮਜੀਠਾ ਨੂੰ ਹਰ ਆਏ ਦਿਨ SIT ਪੜਤਾਲ ਲਈ ਸੱਦ ਲੈਂਦੀ ਹੈ, ਉਹਦਾ ਕਹਿਣਾ ਹੈ ਕਿ ਪੁਰਾਣੇ ਕੇਸਾਂ ਦੀ ਕਹਾਣੀ, ਕਈ ਸਵਾਲ ਤਾਂ ਵਾਜਵ ਹੀ ਨਹੀਂ, ਬੱਸ ਭਗਵੰਤ ਮਾਨ ਦੀ ਹੈਂਕੜ ਕਿ ਮੈਂ ਜੀਹਨੂੰ ਮਰਜੀ ਅੰਦਰ ਕਰਵਾ ਸਕਦਾ ਹਾਂ, ਕਾਨੂੰਨ ਵਿਵਸਥਾ ਇੰਨੀ ਕੁ ਗੰਧਲੀ ਹੋ ਚੁੱਕੀ ਹੈ ਕਿ ਪੰਜਾਬ ਜਾਣਾ ਚਿੰਤਾ ਦਾ ਵਿਸ਼ਾ, ਕਈ ਕੰਮ ਸਮੇਂ ਕਰਕੇ ਜਰੂਰੀ ਭੀ ਹੈ ਪਰ ਡਰਦੇ ਹਨ,

> **ਜਥੇਦਾਰ ਅਕਾਲ ਤਖ਼ਤ ਗਿਆਨੀ ਗੁੰਥੀ ਨਹੀਂ ਕੋਈ ਪੜ੍ਹਿਆ ਲਿਖਿਆ, ਕਾਨੂੰਨਦਾਨ ਸੁਘੜ ਵਿਦਵਾਨ ਹੋਵੇ ਪਰ ਨਿਯੁਕਤੀ ਪੂਰਨ ਕੰਨਟਰੈਕਟ ਨਾਲ ਉਲੰਘਣਾ ਤੇ ਜ਼ਿੰਮੇਵਾਰ 'ਤੇ ਕਾਰਵਾਈ ਭੀ ਹੋਵੇ, ਸਮਾਂ ਭੀ ਨੀਅਤ ਹੋਵੇ, ਚੰਗੇ ਪ੍ਰਬੰਧ ਕਰਕੇ ਜੇ ਲੋੜ ਪਵੇ ਸੇਵਾ ਦਾ ਸਮਾਂ ਵਧਾਇਆ ਜਾਵੇ ਪਰ ਲਿਖਤੀ ਸਭ ਕੁਝ ਹੋਵੇ ਤੇ ਨਿਯੁਕਤੀ ਪੱਤਰ ਵਿੱਚ ਸਭ ਸ਼ਰਤਾਂ ਹੋਣ, ਤਾਂ ਢਾਂਚਾ ਲੀਹਾਂ 'ਤੇ ਤੁਰ ਸਕਦਾ ਹੈ,**

ਮੈਂ ਸਹੀ ਜਾਣਕਾਰੀ ਦੇਵਾਂ ਇਹ ਸਰਕਾਰ ਦੀ ਢਿੱਲ ਮੱਸ ਨਹੀਂ ਸਗੋਂ ਇਸ ਨਉਂ ਨੇ ਆਮ ਸਰਕਾਰ ਹਰ ਨੱਢਾ, ਨੱਢੀ, ਬੁੜਾ, ਅੱਧਖੜ ਸਭ ਭਮਕਿਆ ਫਿਰਦਾ ਹੈ ਕਿ ਸਾਡਾ ਰਾਜ ਹੈ, ਉਧਰ ਸਰਕਾਰ ਵਿੱਚ ਬਹੁਗਿਣਤੀ ਦਫਤਰੀ ਬਾਬੂ ਜਾਂ ਜਾਤੀਆਂ ਅਧਾਰਿਤ ਵਿਧਾਇਕ ਹਨ ਜਾਂ ਜਿਨ੍ਹਾਂ ਨੂੰ ਹੋਰ ਕੋਈ ਸਿਆਸੀ ਪਾਰਟੀ ਨੇ ਝੱਲਿਆ ਨਹੀਂ ਸੀ, ਉਹ ਜਾ ਵੜੇ ਆਮ ਕੇਜਰੀਵਾਲ ਦੀ ਨੀਤੀ ਕਿ ਡਰਦੇ ਮਾਰੇ ਗੂੰਗੇ ਰਹਿਣ ਸਾਡੇ ਹੱਕ ਵਿੱਚ ਹੈ ਬੱਸ ਇਹੀ ਕਾਰਨ ਹਨ ਕਿ ਪੰਜਾਬ ਤਾਂ ਹੁਣ ਬੰਜਰ ਯਾਨੀ ਬੀਕਾਨੇਰ ਬਣਾ ਕੇ ਹੁਣ ਤਾਂ ਉਹ ਸਗੋਂ ਰਾਜਸਥਾਨ ਬਣ ਗਿਆ ਤੇ ਪੰਜਾਬ ਫਾਡੀ:– ਇਹ ਕਿਸਾਨ ਮੋਰਚਿਆਂ ਦੀ ਦੇਣ, ਅੱਜ ਬਿਲਕੁੱਲ ਜੁਗਿੰਦਰ ਸਿੰਘ ਉਗਰਾਹਾਂ ਦਾ ਸੋ ਫੀਸਦੀ ਸੱਚ ਕਿ ਸਰਵਣ ਸਿੰਘ ਪੰਧੇਰ ਕਦੇ ਭੀ ਸੰਯੁਕਤ ਦਾ ਹਿੱਸਾ ਨਹੀਂ ਸੀ (ਮੈਂ ਪਹਿਲਾਂ ਹੀ ਲਿਖ ਚੁੱਕੀ ਹਾਂ ਕਿ ਪੰਧੇਰ ਤਾਂ ਆਪਣੀ ਰਿਆਸਤ ਅੱਡ ਹੀ ਚਲਾਉਂਦਾ ਸੀ, ਇਹ ਦੀ ਮਿਜ਼ਾ ਕਿਸੇ ਨਾਲ ਨਹੀਂ ਸੀ, ਮਗਰੋਂ ਡੱਲੇਵਾਲ ਨਾਲ ਰਲਿਆ ਹੈ ਮੈਂ ਐਨ.ਆਰ.ਆਈ. ਆਗੂ ਬਣ ਬਣ ਗੁਰੂ ਘਰਾਂ ਵਿੱਚ ਚੋਧਰਾਂ ਲਈ ਇਕੱਠ ਕਰਕੇ ਪੰਜਾਬ ਦੇ ਵੈਰੀ ਬਣ ਰਹੇ ਹਨ, ਹੁਣ ਯਾਦ ਰੱਖਿਉ ਹਾਲਾਤ ਬਦ ਹੀ ਨਹੀਂ ਬਦਤਰ ਤੇ ਜਾਨੀ ਮਾਲੀ ਨੁਕਸਾਨ ਤੇ ਆਪਸੀ ਕੁਟਾਪੇ।

ਸਾਥੀ ਜਦੋਂ ਵੈਰੀ ਬਣ ਜਾਣ ਹਫੜਾ ਦਫੜੀ ਵਿਧਾਨ ਸਭਾ ਵਿੱਚ ਭਗਵੰਤ ਮਾਨ ਦਾ ਖਹਿਰਾ ਨੂੰ ਭੀ ਤਾਲਾ ਲਿਜਾ ਦੇਣਾ ਚਾਹੀਦਾ ਸੀ, ਸਵਾਲ ਭਾਵੇਂ ਬਾਜਵ ਕਿ ਹੁਣ ਕਿਹੜੀ ਪਾਰਟੀ ਵਿੱਚ ਪਰ ਥਾਂ ਬਾਜਵ ਨਹੀਂ ਸੀ, ਖਹਿਰਾ ਭੀ ਭਗਵੰਤ ਮਾਨ ਨੂੰ ਯਾਦ ਕਰਵਾ ਗਿਆ ਕਿ ਤੂੰ ਮਿੱਤਰਾ ਕਿਥੇ, ਕਿਥੇ ਖੂਹ 'ਤੇ ਪਾਣੀ ਭਰੇਂਦਾ ਸੈਂ ਇੱਟ ਦਾ ਪੱਥਰ ਜਵਾਬ, ਪਰ ਇਹਦਾ ਲਾਭ ਕੀ ਹੈ ਲੋਕਾਂ ਨੂੰ ਹੁਣ ਆਵਾਂ ਮਾਲਵਾ ਮਾਰਕਾ:– ਸਭ ਦੇ ਸਾਹਮਣੇ ਹੈ ਕਿ ਜੜ੍ਹਾਂ ਪੰਜਾਬ ਦੀਆਂ ਇਹ ਖਿੱਤਾ ਪੱਟਦਾ ਹੈ, ਪੰਧੇਰ ਤਾਂ ਲਾਹਾ ਲੈ ਰਿਹਾ ਹੈ, ਮਨਜੀਤ ਸਿੰਘ ਰਾਇ ਦੁਆਬਾ, ਸੁਰਜੀਤ ਸਿੰਘ ਫੂਲ ਜੋ ਫੂਲ ਸਰਾਜ (ਮਹਾਰਾਜ) ਕਪਤਾਨ ਸਾਹਬ ਦੇ ਵੱਡੇਰਿਆਂ ਦਾ ਪਿੰਡ ਦੋ ਪਿੰਡ ਹਨ ਨੇੜੇ ਨੇੜੇ ਫੂਲ ਤੋਂ ਕਿਸਾਨ ਆਗੂ ਤੇ ਸਰਾਜ ਤੋਂ ਇਕ ਹਰਦੀਪ ਸਿੰਘ ਸਾਧ ਲਾਣਾ ਗੱਲ ਕੀ ਖੇਤੀ ਭਾਵੇਂ ਹੋਵੇ ਨਾ ਹੋਵੇ (ਬਾਕੀ ਹਿਸਾ ਸਫਾ 44 ਤੇ ਪੜ੍ਹੋ) ➤

***43 ਸਫ਼ੇ ਦੀ ਬਾਕੀ***

ਪਰ ਅੰਦੋਲਨ ਦੀ ਬਿਜਾਈ ਹਰ ਮੌਸਮ ਵਿੱਚ, ਉਧਰ ਅੰਬਰ ਚੈਨਲ ਦੇ ਡੌਰੂ ਘੁੰਮਦੇ ਹੀ ਘੜੀਸ ਕੇ ਲਿਆ ਬੋਲੋ ਸਰਕਾਰਾਂ ਦੇ ਵਿਰੁੱਧ ਉਹ ਹੁੱਭ ਕੇ ਹਾਂ ਜੀ ਖ਼ੁੱਬੂ ਸਾਹਬ ਧੰਨਵਾਦ ਮਾਝੇ ਦਾ ਅੰਮ੍ਰਿਤਸਰ ਵੱਲ ਗੇੜੀਆਂ ਹੁਣ ਅੰਮ੍ਰਿਤਪਾਲ ਦੇ ਮੋਰਚੇ 'ਤੇ ਬਣੀ ਸਾਡੀਆਂ ਯੂ.ਟਿਊਬਾਂ ਚਲਾਉ ਨਾਲੇ ਆਖੋ ਫਲਾਣਾ ਸਿੰਘਾ ਤੁਸੀਂ ਤਾਂ ਸਾਡੀਆਂ ਖ਼ਬਰਾਂ ਦਿੰਦੇ ਹੋ ਗੋਦੀ ਮੀਡੀਆ ਤਾਂ ਵਿਰੁੱਧ, ਕਿੱਡਾ ਵੱਡਾ ਝੂਠ ਬੋਲਦੇ ਨੇ ਪੰਧੇਰ ਤੇ ਫੂਲ ਜੀ ਕਰਨ-ਵੀਰ ਤਿੰਨ ਕਿੱਲੇ ਦਾ ਮਾਲਕ ਸੀ, ਦੋ ਕਿੱਲੇ ਭੈਣ ਦੇ ਵਿਆਹ ਲਈ ਵੇਚਤੀ ਸੀ, ਨਾਲੇ 8-10 ਲੱਖ ਕਰਜ਼ਾ ਭਲਿਉ ਲੋਕੋ ਤਿੰਨ ਕਿੱਲਿਆਂ ਵਿੱਚੋਂ ਦੋ ਵਿਆਹ ਲਈ ਵੇਚੇ, ਹਾਲੇ ਭੀ ਕਰਜ਼ਾ ਕਮਲਾ ਭੀ ਇਹ ਕੰਮ ਨੀ ਕਰੂ ਨਾਲੇ ਆਪ ਜੀਉਂਦਾ ਹੈ, ਮਾਂ ਤਾਂ ਚਲੋ ਤਲਾਕ ਦੇ ਕੇ ਹੋਰ ਵਿਆਹ ਕਰਵਾ ਲਿਆ, ਭੈਣ, ਆਪ, ਬਾਪ ਤਾਂ ਤਿੰਨ ਖਾਣ ਲਈ ਸਨ ਤਾਂ ਭੈਣ ਦਾ ਵਿਆਹ ਸ਼ਾਹੀ ਸੀ, ਨਿਰ੍ਹਾ ਝੂਠ ਹੈ ਉਹ ਜ਼ਿਮੀਂਦਾਰ ਨਹੀਂ ਸੀ, ਹੁਣ ਦੇਖੋ ਸਸਕਾਰ-ਭੋਗ 'ਤੇ ਪਰਿਵਾਰ ਦਾ ਕੋਈ ਜੀਅ ਨਹੀਂ ਮੂਹਰੇ, ਬੱਸ ਪੰਧੇਰ, ਫੂਲ, ਇਕ ਲਾਲ ਪੱਗੀਆ ਕਾਮਰੇਡ ਕਿਰਤੀ ਯੂਨੀਅਨ ਮੋਰ ਪੈਲਾ ਪਉਣ ਕੋਈ ਦੁੱਖ ਲੱਗਦਾ ਸੀ ਨੇੜੇ, ਲਾਹੇ ਖੱਟੋ ਉਸਪਤ ਕਰਾਵੋ, ਮੋਰਚੇ ਨੂੰ ਟੌਨਕ ਦਿਉ।

**ਮੇਰੀ ਕਲਮ ਮੇਰਾ ਧਰਮ ਭਾਵੇਂ ਅਕਾਲੀ ਦਲ ਹੋਵੇ, ਬਰਾਬਰ ਆਪਣਾ ਪ੍ਰਤੀਕਰਮ, ਮੈਂ ਪੱਖਪਾਤੀ ਬਿੱਲਾ ਨਹੀਂ ਲਵਾਉਣਾ ਚਾਹੁੰਦੀ,** ਸੁਣੋ ਜੀ ਸ਼੍ਰੋਮਣੀ ਅਕਾਲੀ ਦਲ ਵਿੱਚ ਢੀਂਡਸਾ ਲੀਲਾ ਘਰ ਵਾਪਸੀ ਜਾਂ ਘੁਸ ਵਾਪਸੀ, ਪੂਰਨ ਤੱਥ:- ਨਾ ਤਾਂ ਪੰਜਾਬ ਦਾ ਗ਼ਮ, ਨਾ ਸ਼੍ਰੋਮਣੀ ਅਕਾਲੀ ਦਲ ਦਾ ਹੇਜ ਅਤੇ ਨਾ ਹੀ ਪੁਰਾਣਾ ਨਾਤਾ, ਕੇਵਲ ਪੁੱਤਰ ਭਵਿੱਖ, ਕੱਲ੍ਹ ਦੀ ਜੋ ਮਿਲਣੀ ਸੀ, ਉਹ ਤਾਂ ਢੀਂਡਸਾ ਦਲੀਆਂ ਦਾ ਤੇ ਸੁਖਬੀਰ ਸਿੰਘ ਬਾਦਲ, ਭੂੰਦੜ ਸਾਹਬ ਅਤੇ ਅੰਦਰਲੇ ਯਾਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਹਾਜ਼ਰੀ, ਨਚੋੜ ਸੁਖਬੀਰ ਹੁਣ ਪ੍ਰਧਾਨ ਹੈ ਤੇ ਬਾਪ ਦਾ ਸਾਇਆ ਸਿਰ ਤੋਂ ਉੱਠ ਗਿਆ ਵਿਰੋਧੀ ਤੰਜ ਤੇ ਫੇਰ ਲੋਕਾਂ ਤੋਂ ਪੱਲਾ ਛਡਾਉਣਾ ਸੋਖਾ ਨਹੀਂ, ਸੜਸਤੀ ਦੀ ਸਿਰ 'ਤੇ ਟੋਕਰੀ, ਬ੍ਰਹਮ-ਪੁਰਾ ਨੂੰ ਭੀ ਦਿੱਤੀ ਸੀ ਕਿ ਲੋਕਾਂ ਨੇ ਉਹਦੀ ਕਰਤੂਤ ਮੰਦੀ ਭਾਸ਼ਾ ਤੇ ਫੇਰ ਘਰ ਵਾਪਸੀ 'ਤੇ ਆਪ ਹੀ ਕਹਿੰਦਾ ਲੋਕੀ ਸਾਡੇ ਮਗਰ ਨੀ ਆਏ, ਲੋਕੀ ਸੁਹਿਰਦ ਜੋ ਹੋਣ ਉਹ ਮੱਕਾਰੀਆਂ ਨੂੰ ਨਹੀਂ ਪੂਜਦੇ, ਹੁਣ ਸੁਖਦੇਵ ਸਿੰਘ ਢੀਂਡਸਾ ਕੀ ਭਲੇ ਨੂੰ ਮੁੜਿਆ, ਨੰਬਰ ਇਕ ਭਾਜਪਾ ਨੇ ਭੀ ਮੋੜਤਾ ਬਈ ਬਾਈ ਸਿਆਂ ਜਾ ਕੇ ਰਲੇਵੇਂ ਦੀ ਭਾਜੀ ਪਾ ਜੇਕਰ ਗੱਲ ਬਣਦੀ ਹੈ ਅਸੀਂ ਆਪਣਾ ਰੰਗੜਊ ਕਾਇਮ ਰੱਖੀਏ ਆਵੇ ਗੱਲ ਚੰਦੂਮਾਜਰੇ ਦੀ, ਉਹਨੂੰ ਪਤਾ ਜਿੱਤਣ ਦੇ ਅਸਾਰ ਘੱਟ ਹਨ, ਕਿਧਰੇ ਮੈਨੂੰ ਭਾਜਪਾ ਢੀਂਡਸੇ ਦੀ ਥਾਂ ਦੇ ਦੇਵੇ ਤੇ ਮਿੱਤਰ ਸੁਗਾਤ ਦੇ ਦੇਵੇ ਮੋਦੀ ਸਰਕਾਰ ਨੂੰ ਸਿੱਖ ਤੇਰੇ ਸੇਵਕ ਹਨ, ਰੱਸੀ ਸੜ ਗਈ ਵੱਟ ਨੀ ਗਿਆ। ਢੀਂਡਸਾ ਦੀ ਅੰਦਰਲੀ ਅੱਗ ਕਹਿੰਦਾ ਚੋਣਾਂ ਮਗਰੋਂ ਅਦਲੀ ਬਦਲੀ ਦੀ ਗੱਲ ਕਰਾਂਗੇ, **ਸਮਝਣ ਵਾਲੇ ਸਮਝ ਗਏ ਜੋ ਨਾ ਸਮਝੇ ਵੋਹ ਅਨਾੜੀ ਹੈਂ, ਪੁੱਤ ਨੂੰ ਟਿਕਟ, ਹਾਰ ਗਿਆ ਤਾਂ ਫੇਰ, ਝੁਰਲੂ ਪਹਿਲਾਂ ਵਾਲਾ** ਪਰ ਹੁਣ ਅਗਲੇ ਤਾਂ ਅੱਕ ਚੱਬੀ ਬੈਠੇ ਨੇ ਚੋਣਾਂ ਕਰਕੇ ਨਾਲੇ ਸਿਰ ਠੂਣਾ ਨੀ ਲੈਣਾ ਚਾਹੁੰਦੇ, ਅੜਿੱਕਾ ਪਾ ਕੇ ਅੰਦਰੋਂ ਜਿਨ੍ਹਾਂ ਨਾਲ ਉਹ ਵਧੀਕੀਆਂ ਕੀਤੀਆਂ ਸੀ ਭੁੱਲ ਜਾਣਗੇ, ਕੌਣ ਛੁਰੇ ਦੇ ਘਊ ਪਰ੍ਹਾਂ ਕਰਦਾ ਹੈ, **ਨਾਈ ਨੇ ਵਾਲ ਮੁੰਨਕੇ ਅੱਗੇ ਹੀ ਸੁੱਟਣੇ ਨੇ।**

ਪਿਛਲੇ ਪੰਨੇ ਪੰਜਾਬ ਵਾਸੀਆਂ ਨੂੰ ਪੁਰਜੋਰ ਅਪੀਲ, ਅਖੌਤੀ ਬਾਬੇ ਤੇ ਤਾਂਤਰਿਕ ਤੋਂ ਸੁਚੇਤ ਉੱਦਮ, ਉਪਰਾਲਾ ਤੇ ਪਰਉਪਕਾਰ ਸ਼ਲਾਘਾ ਯੋਗ ਭਾਵੇਂ ਧੀਏ ਗੱਲ ਕਰ ਨੌਹੇ ਕੰਨ ਕਰ, ਇਥੇ ਭੀ ਇਹ ਚੱਲਦਾ ਏ, ਹੁਣ ਪਰ ਤਾਂਤਰਿਕਾਂ ਸ਼ਾਇਦ ਢੰਗ ਬਦਲ ਲਏ ਜਾਂ ਮੈਂ ਫੇਰਾ ਤੋਰਾ ਘੱਟ ਕਰਕੇ ਖ਼ਬਰਾਂ ਘੱਟ ਹਨ ਪਰ ਅਖੌਤੀ ਬਾਬੇ ਤਾਂ ਪੰਜਾਬ ਤੋਂ ਵੱਧ ਵਿਦੇਸ਼ੀ ਹਨ, ਇਕ ਅਹਿਮ ਜਾਣਕਾਰੀ ਯੂ.ਕੇ. ਜਦੋਂ ਪਹਿਲਾਂ ਗੁਰੂ ਘਰ ਖੋਲ੍ਹੇ ਤਾਂ ਸਿੱਖ ਭਾਵੇਂ ਮੋਨੇ ਹੋ ਗਏ ਸਨ ਕੰਮਾਂ ਲਈ ਪਰ ਅੰਦਰਲਾ ਧਾਰਮਿਕ ਚੇਤੇ ਸੀ, ਬਹੁਤੇ ਤਾਂ ਸੀ ਭੀ ਅਕਾਲੀ ਮੱਧ ਵਿੱਚੋਂ, ਮੈਨੂੰ ਜਦੋਂ ਇਸ ਪਾਸੇ ਹਿੱਸਾ ਲੈਣ ਦਾ ਮੌਕਾ ਮਿਲਿਆ (ਪਤੀ ਪੂਰਨ ਸਿੱਖ) ਤਾਂ ਕਿਸੇ (ਧੌਹੜੇ ਸਨ) ਗੁਰੂ ਘਰ ਭੀ ਕਿਸੇ ਡੇਰੇ ਦੇ ਸੰਤ-ਸਾਧ ਨੂੰ ਨਹੀਂ ਸੀ ਮਾਨਤਾ, ਸ਼੍ਰੋਮਣੀ ਕਮੇਟੀ ਭੀ ਟਕਸਾਲ ਨਾਲ ਭਾਈਵਾਲ ਨਹੀਂ ਸੀ, ਆਪਣੇ ਵਿੱਦਿਆਰਥੀ ਪ੍ਰਚਾਰਕ ਲਉਂਦੀ ਸੀ, ਹੌਲੀ ਹੌਲੀ ਇਨ੍ਹਾਂ ਡੇਰੇਦਾਰਾਂ ਨੇ ਘੁੱਸ ਪੈਠ ਕਰ ਲਈ ਤੇ ਟਕਸਾਲ ਵਾਲੇ ਹਾਵੀ ਹੋ ਗਏ ਕਿ ਜਾਂ ਅਸੀਂ ਪ੍ਰਚਾਰਕ ਟਰੇਂਡ ਕਰਕੇ ਭੇਜਦੇ ਹਾਂ, ਬੱਸ ਹੋ ਗਿਆ ਧਰਮ ਦਾ ਰਲ਼ੇਵਾਂ ਪਰ ਸਾਡੇ ਗੁਰੂ ਘਰ ਕਦੀ ਕਿਸੇ ਸੰਤ ਨੂੰ ਨਹੀਂ ਸੀ ਲਿਆਂਦਾ, 70ਵਿਆਂ ਦੇ ਅੰਤਲੇ ਸੰਤ ਗੜ੍ਹਾ ਸਾਹਿਬ ਵਾਲੇ ਲਿਆਂਦੇ ਗਏ, ਚੰਗਾ ਹੰਗਾਮਾ ਹੋਇਆ ਮੇਰੇ ਪਤੀ ਨੇ ਤਾਂ ਭੜਥੂ ਪਾ ਤਾ ਜੀ ਮੱਥਾ ਟਿਕਾ ਕੇ ਆਏ ਹਨ (ਕੋਕਾ ਕੋਲਾ ਵਾਲਿਆਂ ਸੱਦਿਆ ਸੀ) ਵਾਧੂ ਹੁਣ ਕੀ ਲਿਖਾਂ ਹੁਣ ਤਾਂ ਗੁਰੂ ਘਰ ਹਨ ਹੀ ਇਨ੍ਹਾਂ ਦੇ, ਹਰ ਪ੍ਰਬੰਧਕ ਦੇ ਆਪਣੇ ਨੇੜਲੇ ਤੇ ਅਸ਼ੀਰਵਾਦੀ ਅਖੌਤੀ ਪਤਾ ਨਹੀਂ ਕੌਣ ਹਨ ਕੌਣ ਨਹੀਂ ਪਛਾਣ ਔਖੀ, ਸੱਸ ਨਾ ਸਲਾਹੀਏ ਕਦੇ ਨਿੰਦਣੀ ਪਊਗੀ।

ਪੰਜਾਬ ਵੱਸਦਾ ਗੁਰਾਂ ਦੇ ਨਾਂਅ 'ਤੇ, ਜੀ ਪ੍ਰਚਾਰੀ ਜਾਵੋ ਪਰ ਸਥਿਤੀ? ਉਥੇ ਤਾਂ ਲੋਕੀ ਤਰਾਹ ਤਰਾਹ ਕਰਦੇ ਨੇ, ਅਖੇ **(ਭੱਜੇ ਨੂੰ ਜਾਣ ਨਾ ਦੇਣਗੇ ਮੇਰੇ ਡਾਢੇ ਵੀਰ ਭਰਾ)** ਰਾਜ ਭਾਗ ਹੀ ਇਨ੍ਹਾਂ ਹੱਥ, ਪੁਲਿਸ ਭੀ ਆਪਣੇ ਨੰਬਰਾਂ ਲਈ ਨਿੱਤ ਗੈਂਗਸਟਰ ਗਰਦਾਨ ਜੀ ਐਨਕਾਂਊਟਰ ਹੋ ਗਿਆ ਜੀ, ਐਨੀ ਡਰੱਗ ਫੜ ਲਈ ਕਿਸੇ ਨੇ ਦੇਖੀ ਭੀ ਹੈ ਪਤਾ ਨਹੀਂ ਹਰ ਰੋਜ਼ ਉਹੀ ਚੁੱਕੀ ਫਿਰਦੇ ਨੇ, ਮਾਵਾਂ ਦੇ ਪੁੱਤ ਨੇ ਉਹ ਭੀ ਕੇਸ ਚਲਾਵੋ, ਮਾਰਦੇ ਨੇ ਭਈ ਭੇਤ ਨਾ ਖੁੱਲ੍ਹਣ, ਆਹ ਹੋਰ ਲੋਟੂ ਟੋਲੇ ਏਜੰਸੀਆਂ ਤੋਂ ਤਨਖ਼ਾਹਾਂ ਲਈ ਜਾਂਦੇ ਨੇ ਇਹ ਨੀ ਗੈਂਗਸਟਰ, ਸੂਬੇ ਵਿਚ ਅਨਉਚਿਤ ਉਪੱਧਰ ਕਰਦੇ ਨੇ ਕਿਸਾਨ ਆਗੂ ਕੀ ਅਮਨ-ਸ਼ਾਂਤ ਨੇ, ਸਾਰਾ ਢਾਂਚਾ ਹੀ ਪੁੱਠਾ ਕਰਤਾ ਜਾਣ ਤੋਂ ਘਬਰਾਈ ਦਾ ਹੈ, ਚਲੋ ਉਥੇ ਤਾਂ ਰਾਜ ਮਾੜਾ ਹੈ ਇਥੇ ਭੀ ਟਿਕਾਅ ਨਹੀਂ, ਸਾਨੂੰ ਜੀ ਕਿਸਾਨਾਂ ਦੇ ਹੱਕ ਵਿੱਚ ਗੁਰੂ ਘਰਾਂ ਵਿੱਚ ਮੀਟਿੰਗਾਂ ਕਰੋ, ਭਾਈ ਕੋਈ ਚੰਗੀ ਸਲਾਹ ਦਿਉ ਜੂਨ ਆਈ ਅਸੀਂ ਕੋਚਾਂ ਬੁੱਕ ਪਰ ਲੱਭਿਆ ਕੀ ਐਨਾ ਧਨ ਬਰਬਾਦ ਕਰਕੇ।

**ਮੇਰੇ ਸੁਝਾਅ:** ਸਿਹਤ ਸਬੰਧੀ ਲੇਖ ਲੋੜ ਹੈ ਹੋਰ ਭੀ ਵਿਸਥਾਰ ਨਾਲ ਤੇ ਦੇਸੀ ਢੰਗ ਦੱਸੋ ਪ੍ਰਹੇਜ ਸੌ ਇਲਾਜ ਜਰੂਰੀ ਨਹੀਂ ਡਾਕਟਰ ਤੰਦਰੁਸਤੀ ਨਿਆਮਤ ਦੇ ਦੇਣ ਇਕ ਦੁਆਈ ਠੀਕ ਕਰਨ ਦੂਜੀ ਬੀਮਾਰੀ ਲਈ ਤਿਆਰੀ, ਅੱਜ ਤਾਂ ਭਾਈ ਹਰ ਨੁਸਕਾ ਸਾਵਧਾਨੀ ਨਾਲ ਵਰਤੋ, ਪੁਰਾਣੇ ਖਾਣੇ, ਘਰ ਦੀ ਬਣੀ ਦਾਲ, ਸਾਗ, ਸਬਜ਼ੀ, ਮਿੱਸੇ ਪਰੌਂਠੇ, ਆਪਣੀ ਚਟਨੀ ਤੇ ਅਚਾਰ, ਦਹੀਂ (ਘਰ ਬਣਾਉ), ਸੌਂਫ, ਸੁੰਢ, ਜਵੈਨ, ਕਾਲੀ ਮਿਰਚ, ਲੌਂਗ, ਲੈਚੀਆਂ, ਧਨੀਆ, ਜੀਰਾ, ਹਿੰਗ, ਦਾਲਚੀਨੀ, ਲਸਣਾਂ, ਗੰਡਾ, ਹਰੀ ਮਿਰਚ (ਬੋੜ੍ਹੀ) ਦਾਲਾਂ ਰਲ੍ਹਾ ਕੇ ਕਦੀ ਕਦੀ ਕੜ੍ਹੀ (ਵਿਟਾਮਨ ਨੇ) ਚੌਲ ਘੱਟ, ਵੇਸਣ, ਮੱਕੀ ਦਾ ਆਟਾ, ਜੌਆਂ ਦਾ ਦਲੀਆ, ਦਰੜੀ ਕਣਕ ਨੂੰ ਘੀ ਵਿੱਚ ਭੁੰਨ ਕੇ ਦੁੱਧ ਪਾਉ ਗੁੜ-ਸ਼ੱਕਰ ਵਰਤੋ, ਸਰੋਂ ਦਾ ਤੇਲ ਵਰਤੋ ਤੜਕੇ ਲਈ ਸੁੱਕੀ ਸਬਜ਼ੀ ਤੇ ਸਾਗ ਲਈ ਸਲਾਦ, ਫਲ ਫਰੂਟ, ਮੇਹਦੇ 'ਤੇ ਲੋੜ ਅਨੁਸਾਰ, ਆਲੂ, ਗਾਜਰ, ਬੰਦ ਗੋਭੀ, ਗੋਭੀ, ਬੈਂਗਣ, ਕਰੇਲੇ, ਭਿੰਡੀ ਆਪਣੀ ਪਸੰਦ ਤੇ ਬਾਹਰਲਾ ਖਾਣਾ ਘੱਟ ਕਰੋ, ਗੁਰੂ ਘਰ ਭੀ ਲੰਗਰ ਛਕਾਉ ਨਾ ਕਿ ਲਾਂਗਰੀਆਂ ਦੀ ਨੌਕਰੀ ਵੱਧ ਮਿਰਚ ਮਸਾਲੇ ਨੌਜਵਾਨ ਤਾਂ ਖ਼ੁਸ਼ ਪਰ ਪੁਰਾਣੇ ਮੇਹਦਾ ਖਰਾਬ, ਬੀਬੀਆਂ ਭੈਣਾਂ ਰੋਟੀਆਂ ਲੂਹ ਲੂਹ ਸਿੱਟਦੀਆਂ ਨੇ ਸੇਵਾ ਕਰੋ ਫਾਹਾ ਨਾ ਸਮਝੋ, ਗੁਰੂ ਲੰਗਰ ਵਿੱਚ ਭੀ ਸਾਦਗੀ, ਦਾਲ ਰੋਟੀ, ਕਦੀ ਸਬਜ਼ੀ, ਕਦੀ ਕੜ੍ਹੀ, ਕਦੀ ਸਾਗ, ਕਦੀ ਮਿੱਸੀਆਂ ਰੋਟੀਆਂ ਦਹੀ ਨਾਲ ਬਹੁਤੇ ਪਰੋਸੇ ਨਾ ਵਰਤਾਉ, ਸਿਹਤਾਂ ਜਰੂਰ ਰਿਸ਼ਟ ਪੁਸ਼ਟ ਰਹਿਣਗੀਆਂ, ਪਰ ਹਾਂ ਵਡੇਰਿਆਂ ਲਈ ਬੈਠ ਕੇ ਅਰਾਮ ਨਾਲ ਖਾਣ ਭੀ ਦੂਜਿਆਂ ਲਈ ਸਰੀਰ ਰਾਜ਼ੀ ਰਹਿੰਦਾ ਹੈ, ਜਰੂਰ ਬਾਹਰ-ਅੰਦਰ ਜਾਣਾ ਭੀ ਲਾਹਾ, ਇਕ ਹੋਰ ਸਾਂਝ ਭਾਈ ਪੰਜਾਬ ਤੋਂ ਪੁਰਾਣੇ ਪਨਸਾਰੀਆਂ ਤੋਂ ਚੂਰਨ ਲਉ ਨਾ ਕਿ ਸਟੋਰਾਂ ਤੋਂ ਕੋਈ ਗੁਜਰਾਤ ਦਾ, ਕੋਈ ਬਾਬੇ ਰਾਮ ਦੇਵ ਦਾ, ਉਹ ਸਾਡੇ ਪੰਜਾਬੀ ਜੁੱਸੇ ਲਈ ਬਹੁਤਾ ਕਾਰਗਰ ਨਹੀਂ, ਕਾਲਾ ਲੂਣ ਵਰਤੋ, ਹਿਮਾਲੀਆ ਵਾਲਾ ਲੂਣ ਵਰਤ ਸਕੋ ਤਾਂ ਸੋ ਖੱਟੀ ਨੋਟ, ਮੈਂ ਆਹ ਸਭ ਕੁਝ ਕਰਦੀ ਹਾਂ, ਐਮੇ ਭਕਾਈ ਨਹੀਂ ਮਾਰਦੀ, **ਲੈ ਜਾ ਛੱਲੀਆਂ ਭੁਨਾ ਲੀ ਦਾਣੇ, ਆਪ ਭੀ ਜਰੂਰ ਚੱਖੋ, ਸਹਾਈ ਹੋਊ, ਬੀਬੀ ਨੂੰ ਕੋਸਣ ਦੀ ਥਾਂ ਧਰਮ ਇਤਿਹਾਸ ਦੀ ਜਾਣਕਾਰੀ ਸਹੀ ਲਵੋ, ਬੋਲੀ ਤੇ ਭਾਸ਼ਾ ਵਿੱਚ ਅੰਤਰ ਸਮਝਾਵੋ, ਇਹ ਗਿਆਨ ਹੁਣ ਚੈਨਲਾਂ ਤੋਂ ਨਹੀਂ ਅਖ਼ਬਾਰ ਰਸਾਲੇ ਪੜ੍ਹਕੇ ਲਿਖਤ ਪੜ੍ਹਤ ਸਹੀ ਹੋਵੇਗੀ, ਤੇ ਹਰ ਗੁਰੂ ਘਰ ਪਰਚਾ ਸੰਗਤਾਂ ਦੀ ਸਹੂਲਤ ਲਈ ਮੰਗਵਾ ਕੇ ਰੱਖੋ, ਇਸ਼ਤਿਹਾਰ ਦੇ ਕੇ ਪਰਚੇ ਦੀ ਨਹੀਂ ਪੰਜਾਬੀ ਸੰਗਤਾਂ ਦੀ ਸੇਵਾ ਕਰੋ, ਧੰਨਵਾਦ।**

### ਵਿਸ਼ੇਸ਼ ਪੰਨਾ
## ਅਹਿਮ ਬੇਨਤੀ, ਸੁਝਾਅ ਤੇ ਸਾਂਝ

ਅਪ੍ਰੈਲ ਮਹੀਨੇ ਵਿਸਾਖੀ ਨਗਰਾਂ ਵਿੱਚ ਕੀਰਤਨ ਭਾਵੇਂ ਪੈਰ ਪੈਰ 'ਤੇ ਗੁਰੂ ਘਰ ਲੋੜ ਨਹੀਂ ਪਰ ਚਲੋ ਮੇਲ, ਮਿਲਾਪ, ਸਾਂਝਾਂ ਰੱਲ ਕੇ ਖਾਉ ਮੇਲਾ ਹੁੰਦਾ ਸੀ, ਵਿਸਾਖੀ ਉਹ ਹੀ ਸਹੀ, ਸਾਡਾ ਸ਼ਹਿਰ ਬਹੁਤ ਘਣੀ ਵੱਸੋਂ ਤੇ ਪਹਿਲ ਗੁਰੂ ਘਰ ਪੁਰਾਣੇ ਸਾਊਥਾਲ ਸੜਕਾਂ ਸੌੜੀਆਂ ਕਰਕੇ ਆਮਦ ਲੋੜੋ ਦੀ ਦਿਨੋ ਦਿਨ ਗਿਣਤੀ ਵੱਧਦੀ ਦੇਖ ਪ੍ਰਬੰਧ ਨੂੰ ਕਿਸੇ ਭੀ ਅਣਸੁਖਾਵੀਂ ਘਟਨਾ ਦਾ ਖਦਸ਼ਾ! ਪਿਛਲੇ ਸਾਲ ਬੜੀ ਕਠਿਆਈ:- ਕੀ ਉਪਾਅ ਕਰੀਏ!

(1) ਦੋ ਗੁਰਦੁਆਰੇ ਵਿਸਾਖੀ ਦੀ ਪਾਲਕੀ ਪਾਰਕ ਐਵੇਨੀਊ ਤੋਂ ਪਾਰਕ ਅਵੈਨੀਊ ਸੜਕ ਤੋਂ ਹੁੰਦੀ ਪਾਰਕ ਜਾ ਕੇ ਸੰਪੰਨ ਮੁੜ ਜੇਕਰ ਵਿਲੀਅਰਜ਼ ਵੱਲ ਲਾਂਘਾ ਹੈ ਤਾਂ ਮੁੜੋ ਨਹੀਂ ਉਸੇ ਰਸਤੇ

(2) ਸਟਾਲ ਭੀ ਇਸੇ ਰਸਤੇ ਐਵੇਨੀਊ ਰੋਡ 'ਤੇ ਧੁਰ ਵੱਡੀ ਸੜਕ

(3) ਪਾਰਕ ਵਿੱਚ 2 ਘੰਟੇ ਰੁਕੋ, ਸੰਗਤਾਂ ਦਰਸ਼ਨ ਕਰ ਲੈਣ, ਖਾਣ ਪੀਣ ਲਈ ਬਥੇਰੀ ਥਾਂ ਹੈ, ਬੱਚੇ ਪਾਰਕ ਵਿੱਚ ਅਨੰਦ ਮਾਨਣ, ਖਦਸ਼ਾ ਨਹੀਂ

(4) ਕੋਈ ਬੱਸ ਨਹੀਂ ਰੁਕੇਗੀ, ਕੋਈ ਵਰਗ ਔਖਾ ਨਹੀਂ ਤੇ ਸਗੋਂ ਪ੍ਰਸ਼ੰਸਾ ਤੇ ਨਾਲੇ ਧੱਕਾ ਮੁੱਕੀ ਨਹੀਂ ਪਾਲਕੀ ਮਗਰ ਰੀਤ

(5) ਹੋ ਸਕੇ ਛੋਟਾ ਫੰਨ ਫੇਅਰ ਵਿਸਾਖੀ ਫੇਅਰ ਭੀ ਮਨਾ ਦਿਉ

ਦੂਜਾ ਗੁਰੂ ਨਾਨਕ ਦੇਵ ਜੀ ਪੁਰਬ ਨਵੰਬਰ! ਪੁਰਾਣਾ ਗੁਰੂ ਘਰ ਹੈਵਲੋਕ (ਗੁਰੂ ਨਾਨਕ ਰੋਡ) ਤੋਂ ਮੈਰਿਕ ਰੋਡ ਤੋਂ ਹੁੰਦਾ ਨੋਰਵੁੱਡ ਰੋਡ ਤੋਂ ਨਾਰਵੁੱਡ ਪਾਰਕ ਬਾਈ ਖ਼ਾਲਸਾ ਪ੍ਰਾਇਮਰੀ ਸਕੂਲ ਵਿੱਚ ਜਾ ਕੇ ਦੀਵਾਨ ਭੀ ਲਾ ਲਵੋ, ਬੱਚੇ ਖੇਡਾਂ ਭੀ ਤੇ ਆਪਣੇ ਮਨ ਦੀਆਂ ਖ਼ੁਸ਼ੀਆਂ ਕਰਨ, ਖਾਣ-ਪੀਣ ਦੇ ਸਟਾਲਾਂ ਲਈ ਕੋਈ ਥਾਂ ਦੀ ਘਾਟ ਨਹੀਂ, ਜੋ ਵੱਡੀ ਚਿੰਤਾ ਪ੍ਰਬੰਧ ਦੀ ਕਿ ਮੱਥਾ ਘੱਟ ਟੇਕ ਹੋਊ, ਭਾਈ ਜੀਹਨੇ ਸ਼ਰਧਾ ਚੜ੍ਹਾਵਾ ਦੇਣਾ ਚੱਲ ਕੇ ਜਾਂਦਾ ਹੈ, ਬਹੁਤਾ ਪੈਸਾ ਤਾਂ ਬਿਲਡਰ, ਸਕੈਫੋਲਡਿੰਗ ਵਪਾਰ ਮਸ਼ਹੂਰੀ ਤੇ ਕੇਟਰਿੰਗ ਲਈ ਕਾਮਿਆਂ ਤੋਂ ਉਗਰਾਹੀ ਹੁੰਦਾ ਹੈ, ਉਹ ਦੇਣਾ ਹੀ ਹੈ, ਸੋ ਫਿਕਰ ਨਾ ਕਰੋ ਨਾਲੇ ਭਗਵਾਨ ਨੇ ਦੇਣਾ ਹੁੰਦਾ ਬੰਦੇ ਨੇ ਨੀ, ਭਰੋਸਾ ਭੀ ਕੋਈ ਚੀਜ਼ ਹੈ, ਧਰਮ ਦੇ ਰਾਖੇ ਇੰਨ ਕੁ ਤਾਂ ਸਿੱਖ ਲਵੋ, ਮੈਂ ਇਹ ਕਦਮ ਪੁਲਸ, ਕੌਂਸਲ ਤੇ ਬੱਸ ਕੰਪਨੀਆਂ ਨੂੰ ਚੁੱਕਣ ਲਈ ਲਿਖ ਰਹੀ ਹਾਂ, ਪਿਛਲੇ ਤਜ਼ਰਬੇ ਤੋਂ ਮੇਰੀ ਤਾਂ ਇਹੋ ਜਿਹੀ ਹੀ ਸੇਵਾ ਹੈ, ਹੁਣ ਕੋਈ ਬੱਸ ਨਹੀਂ ਰੁੱਕੇਗੀ, ਹਾਂ ਨਵੰਬਰ ਵਾਲੇ ਤੇ ਕੇਵਲ 120 ਕੁਝ ਸਮੇਂ ਲਈ ਤੇ E.5 ਕੁਝ ਸਮੇਂ ਲਈ ਕਰੋ ਕਿਰਪਾ।

**ਜੇਕਰ ਪਹਿਲੇ ਸੁਝਾਅ ਤੁਹਾਨੂੰ ਲਾਭਕਾਰੀ ਨਹੀਂ ਤਾਂ ਦੂਜਾ:-** ਬੱਸਾਂ ਲਈ ਕੰਪਨੀਆਂ ਤੇ ਕੌਂਸਲ ਨੂੰ ਲੋਕਾਂ ਦੀ ਸਹੂਲਤ ਲਈ, ਲੰਡਨ ਤੋਂ ਆਉਂਦੀਆਂ ਅਕਸਬਰਿਜ ਰੋਡ ਤੋਂ ਡੌਮਰਜ ਵੈਲਜ ਦੀ ਹੋ ਕੇ ਲੇਡੀ ਮਾਰਗੇਟ ਰੋਡ, ਸਪਾਈਕਸ ਬਰਿਜ ਬਰੋਡਵੇਅ ਬਾਣੀ ਅਕਸਬਰਿਜ, ਹੇਜ਼, ਸਾਊਥਾਲ ਤੇ ਹੰਸਲੋਅ ਨੂੰ ਜਾ ਸਕਣ, ਪੁਰਾਣਾ ਸਾਊਥਾਲ ਤਾਂ 2.30 ਤੱਕ ਖੁੱਲ੍ਹਾ ਤੇ ਬਰੋਡਵੇਅ ਦਾ ਹਿੱਸਾ ਤਾਂ ਲਾਈਟਾਂ ਤੋਂ ਪਰ੍ਹਾਂ ਕੋਈ ਸਮੱਸਿਆ ਹੀ ਨਹੀਂ, 195, E.5, 120, H.32, 427, 105, 482 ਏਅਰਪੋਰਟ, ਬਾਕੀ ਕਿਸੇ ਹੋਰ ਬੱਸ ਦਾ ਸਾਊਥਾਲ ਨਾਲ ਵਾਸਤਾ ਨਹੀਂ, ਇਹ ਬੰਦੋਬਸਤ ਲੋਕ ਹਿੱਤ ਹੋਵੇਗਾ, ਪ੍ਰਬੰਧਕਾਂ ਨੂੰ ਕੋਈ ਘਾਟਾ ਨਹੀਂ, ਪਰ ਆਲੇ ਦੁਆਲੇ ਦੀ ਵੱਸੋਂ ਕੰਮਕਾਰ, ਆਵਾਜਾਈ ਦੀ ਹਰ ਪੱਖੋਂ ਸਹੂਲਤ ਵੈਸੇ ਭੀ ਡੀਵਰਜ਼ਨ ਸੜਕਾਂ ਪੱਟਣ ਵੇਲੇ ਹੁੰਦੀਆਂ ਹੀ ਰਹਿੰਦੀਆਂ ਹਨ, ਇਸ ਸਿਲਸਿਲੇ ਨਾਲ ਲੋਕੀ ਦਿਹਾੜੇ ਨੂੰ ਖ਼ੁਸ਼ੀ ਨਾਲ ਮਾਨਣਗੇ, ਕੋਈ ਭਾਈਚਾਰਾ ਕਸ਼ਟੀ ਨਹੀਂ, ਸਭ ਅਨੰਦ ਪ੍ਰਸੰਨ ਭਾਵੇਂ ਰਾਤ ਦੇ 8 ਵਜੇ ਤੱਕ ਪਾਲਕੀ ਵਾਪਸੀ ਹੋਵੇ, ਮੈਂ ਇਹ ਲੋਕ-ਹਿੱਤ ਬੰਦੋਬਸਤ ਸੋਚਦੀ ਹਾਂ, ਮੰਨ ਲਵੋ ਤਾਂ ਧੰਨਵਾਦੀ ਹੋਵਾਂਗੀ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਲੰਡਨ ਦੇ ਰੋਇਲ ਫੈਸਟੀਵਲ ਹਾਲ ਵਿੱਚ ਮਲਕੀਤ ਸਿੰਘ ਨੇ ਰਚਿਆ ਇਤਿਹਾਸ





ਰੋਇਲ ਫੈਸਟੀਵਲ ਹਾਲ ਵਿੱਚ ਸੰਗੀਤਕ ਪੇਸ਼ਕਾਰੀ ਦਾ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਰੋਇਲ ਫੈਸਟੀਵਲ ਹਾਲ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਵਿਸ਼ਵ ਦੇ ਹਰ ਕਲਾਕਾਰ ਦਾ ਸੁਪਨਾ ਹੁੰਦਾ ਹੈ। ਇਸ ਹਾਲ ਵਿੱਚ ਵੱਖ ਵੱਖ ਦੇਸ਼ਾਂ ਦੇ ਵੱਡੇ ਵੱਡੇ ਕਲਾਕਾਰ ਹਾਲੀਵੁੱਡ ਤੋ ਲੈ ਕੇ ਬਾਲੀਵੁੱਡ ਤੱਕ ਦੇ ਕਲਾਕਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਇਤਿਹਾਸ ਰਚ ਚੁੱਕੇ ਹਨ। 30 ਸਾਲ ਤੋਂ ਵੱਧ ਸਮੇਂ ਤੋਂ ਪੰਜਾਬੀ ਗੀਤ ਸੰਗੀਤ ਰਾਹੀਂ ਲੋਕਾਂ ਮਨੋਰੰਜਨ ਕਰਨ ਵਾਲੇ ਪ੍ਰਸਿੱਧ ਗਾਇਕ ਮਲਕੀਤ ਸਿੰਘ ਗੋਲਡਨ ਸਟਾਰ ਨੇ ਲੰਘੇ ਸ਼ੁੱਕਰਵਾਰ ਨੂੰ ਪੰਜਾਬੀਆਂ ਅਤੇ ਗੈਰ ਪੰਜਾਬੀਆਂ ਨਾਲ ਭਰੇ ਖਚਾਖਚ ਹਾਲ ਵਿੱਚ ਪੰਜਾਬੀ ਗੀਤਾਂ ਨਾਲ ਭਰਪੂਰ ਮਨੋਰੰਜਨ ਕੀਤਾ।

ਗੁੜ ਨਾਲੋਂ ਇਸ਼ਕ ਮਿੱਠਾ, ਤੂਤਕ ਤੂਤਕ ਤੂਤੀਆਂ ਵਰਗੇ ਪੁਰਾਣੇ ਗੀਤਾਂ ਤੋਂ ਲੈ ਕੇ ਕਾਲ਼ੀ ਐਨਕ ਤੱਕ ਵਾਲੇ ਹਰ ਵੰਨਗੀ ਦੇ ਗੀਤਾਂ ਨਾਲ ਦਰਸ਼ਕਾਂ ਨੂੰ ਘੰਟਿਆਂ ਬੱਧੀ ਕੀਲ ਕੇ ਰੱਖਿਆ। ਗੱਲਬਾਤ ਕਰਦਿਆਂ ਮਲਕੀਤ ਸਿੰਘ ਨੇ ਕਿਹਾ ਕਿ ਇਹ ਪੰਜਾਬੀ ਮਾਂ ਬੋਲੀ ਨਾਲ ਲੋਕਾਂ ਦਾ ਪਿਆਰ ਹੈ ਕਿ ਅੱਜ ਲੰਡਨ ਦੇ ਇਸ ਇਤਿਹਾਸਕ ਹਾਲ ਵਿੱਚ ਮੇਰੇ ਗੀਤਾਂ ਦਾ ਅਨੰਦ ਮਾਣਿਆ ਹੈ। ਉਹਨਾ ਕਿਹਾ ਕਿ ਭਾਵੇਂ ਦੁਨੀਆਂ ਦੇ 36 ਦੇਸ਼ਾਂ ਵਿੱਚ ਗਾ ਚੁੱਕੇ ਹਨ, ਪਰ ਰੋਇਲ ਫੈਸਟੀਵਲ ਹਾਲ ਲੰਡਨ ਵਿੱਚ ਗਾਉਣਾ ਮਾਣ ਵਾਲੀ ਗੱਲ ਹੈ। ਜਿਕਰਯੋਗ ਹੈ ਕਿ ਮਲਕੀਤ ਸਿੰਘ ਦੀਆਂ ਪੰਜਾਬੀ ਸੱਭਿਆਚਾਰ ਨੂੰ ਦਿੱਤੀਆਂ ਸੇਵਾਵਾਂ ਲਈ ਹੀ ਮਹਾਰਾਣੀ ਐਲਿਜਾਬੈੱਥ ਵੱਲੋਂ ਐਮ ਬੀ ਈ ਦੇ ਸ਼ਾਹੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ।

# ਬਰਤਾਨੀਆਂ ਦੀ ਸਾਬਕਾ ਪ੍ਰਧਾਨ ਮੰਤਰੀ ਥੈਰੇਸਾ 27 ਸਾਲ ਬਾਅਦ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਐਲਾਨ




ਥੈਰੇਸਾ ਮੇਅ

ਲੰਡਨ (ਮਨਪਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸਾਬਕਾ ਪ੍ਰਧਾਨ ਮੰਤਰੀ ਰਹੀ ਥੈਰੇਸਾ ਮੇਅ ਨੇ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ। 27 ਸਾਲਾਂ ਤੋਂ ਸੰਸਦ ਦੇ ਹੇਠਲੇ ਸਦਨ ਹਾਉਸ ਆਫ ਕਾਮਨਜ਼ ਦੀ ਮੈਂਬਰ ਰਹੀ ਮੇਅ ਨੇ ਅਗਲੀਆਂ ਆਮ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ।

ਥੈਰੇਸਾ ਮੇਅ (67) ਨੂੰ ਜੂਨ 2016 ਦੇ ਜਨਮਤ ਸੰਗ੍ਰਹਿ ਦੇ ਮੱਦੇਨਜ਼ਰ ਸੰਸਦ ਦੁਆਰਾ ਬ੍ਰੈਗਜ਼ਿਟ ਸਮਝੌਤੇ ਨੂੰ ਸਿਰੇ ਨਾ ਚਾੜ ਸਕਣ ਕਾਰਨ 2019 ਵਿੱਚ ਪ੍ਰਧਾਨ ਮੰਤਰੀ ਵਜੋਂ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਸੀ। ਉਹ 2016 ਤੋਂ 2019 ਤੱਕ ਦੇਸ਼ ਦੀ ਪ੍ਰਧਾਨ ਮੰਤਰੀ ਰਹੇ ਸਨ। ਮੇਅ ਨੇ ਕਿਹਾ ਕਿ ਦੱਖਣੀ-ਪੂਰਬੀ ਇੰਗਲੈਂਡ ਦੇ ਮੇਡਨਹੈੱਡ ਹਲਕੇ ਤੋਂ ਅਗਲੀ ਚੋਣ ਨਾ ਲੜਨ ਦਾ ਫੈਸਲਾ 'ਮੁਸ਼ਕਲ' ਸੀ। ਉਹ 1997 ਤੋਂ ਕੰਜ਼ਰਵੇਟਿਵ ਪਾਰਟੀ ਦੀ ਸੰਸਦ ਸੀ ਅਤੇ ਬਰਕਸ਼ਾਇਰ ਸੀਟ ਤੋਂ ਸੱਤ ਵਾਰ ਸੰਸਦ ਚੁਣੀ ਗਈ ਸੀ।

ਥੈਰੇਸਾ ਮੇਅ ਨੇ ਕਿਹਾ ਕਿ "ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ, ਮੈਂ ਸੰਸਦ ਦੀ ਪਿਛਲੀ ਸੀਟ 'ਤੇ ਬੈਠਣ ਦਾ ਅਨੰਦ ਲਿਆ ਅਤੇ ਇਸ ਦੌਰਾਨ ਆਪਣੇ ਹਲਕੇ ਦੇ ਲੋਕਾਂ ਅਤੇ ਆਪਣੇ ਪਸੰਦੀਦਾ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਵਿੱਚ ਇਹ ਮਨੁੱਖੀ ਤਸਕਰੀ 'ਤੇ ਇੱਕ ਗਲੋਬਲ ਕਮਿਸ਼ਨ ਸ਼ੁਰੂ ਕਰਨਾ ਵੀ ਸ਼ਾਮਲ ਹੈ। ਇਸ ਐਲਾਨ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਦੇ ਹੁਣ ਤੱਕ ਕਰੀਬ 60 ਸੰਸਦ ਮੈਂਬਰ ਚੋਣਾਂ ਨਾ ਲੜਨ ਦਾ ਐਲਾਨ ਕਰ ਚੁੱਕੇ ਹਨ। ਜਿਹਨਾਂ ਵਿੱਚ ਸਾਬਕਾ ਕੈਬਨਿਟ ਮੰਤਰੀ ਬੇਨ ਵੈਲੇਸ, ਸਾਜਿਦ ਜਾਵਿਦ, ਡੋਮਿਨਿਕ ਰਾਮ ਅਤੇ ਕਵਾਸੀ ਕਵਾਰਟੇਂਗ ਸ਼ਾਮਿਲ ਹਨ ਜੋ ਅਗਲੀਆਂ ਚੋਣਾਂ ਨਹੀਂ ਲੜਨਗੇ।

# ਇੰਗਲੈਂਡ ਵਿੱਚ 10 ਸਾਲਾ ਧੀ ਦੇ ਕਤਲ ਮਾਮਲੇ ਵਿੱਚ ਪੰਜਾਬੀ ਮਾਲ ਦੀ ਮਾਂ ਗ੍ਰਿਫਤਾਰ



ਸ਼ੇਅ ਕੰਗ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਬਲੈਕ ਕੰਟਰੀ ਇਲਾਕੇ ਵਿੱਚ ਬੀਤੇ ਦਿਨੀ 10 ਸਾਲਾ ਸ਼ੇਅ ਕੰਗ ਨਾਮ ਦੀ ਬੱਚੀ ਨੂੰ ਆਪਣੇ ਹੀ ਘਰ ਵਿੱਚ ਮ੍ਰਿਤਕ ਪਾਇਆ ਗਿਆ। ਉਕਤ ਮਾਮਲੇ ਵਿੱਚ ਸ਼ੇਅ ਕੰਗ ਦੀ ਮਾਂ ਪੰਜਾਬੀ ਮੂਲ ਦੀ 33 ਸਾਲਾ ਜਸਕੀਰਤ ਕੌਰ ਉਰਫ ਜੈਸਮੀਨ ਕੰਗ ਨੂੰ ਗ੍ਰਿਫਤਾਰ ਕੀਤਾ ਹੈ। ਜਸਕੀਰਤ ਕੌਰ ਨੂੰ ਬੁੱਧਵਾਰ ਨੂੰ ਵੁਲਵਰਹੈਂਪਟਨ ਮੈਜਿਸਟ੍ਰੇਟ ਅਦਾਲਤ 'ਚ ਵੀਡੀਓ ਕਾਨਫਰੰਸ ਰਾਹੀਂ ਡਰਬੀਸ਼ਾਇਰ ਦੀ ਜੇਲ ਤੋਂ ਪੇਸ਼ ਕੀਤਾ ਗਿਆ। ਵੁਲਵਰਹੈਂਪਟਨ ਮੈਜਿਸਟ੍ਰੇਟ ਅਦਾਲਤ ਵਿੱਚ ਜਸਕੀਰਤ ਨੇ ਆਪਣੇ ਨਾਮ ਪਤੇ ਦੀ ਪੁਸ਼ਟੀ ਕੀਤੀ। ਜਿਸ ਨੂੰ ਦੁਬਾਰਾ 25 ਅਪ੍ਰੈਲ ਨੂੰ ਪੇਸ਼ ਕੀਤਾ ਜਾਵੇਗਾ। ਵੈਸਟ ਮਿਡਲੈਂਡਜ਼ ਪੁਲਸ ਨੇ ਕਿਹਾ ਕਿ ਬੱਚੀ ਸੋਮਵਾਰ ਨੂੰ ਰੌਲੇ ਰੇਗਿਸ ਦੇ ਇੱਕ ਪਤੇ 'ਤੇ ਗੰਭੀਰ ਸੱਟਾਂ ਨਾਲ ਮਿਲੀ ਅਤੇ ਉਸ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਜਾਂਚ ਅਧਿਕਾਰੀ ਡੈਨ ਨੇ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਸਾਡੀ ਪੁੱਛਗਿੱਛ ਜਾਰੀ ਹੈ। ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਪੋਸਟ ਮਾਰਟਮ ਕੀਤਾ ਜਾਵੇਗਾ। ਬ੍ਰਿਕਹਾਊਸ ਪ੍ਰਾਇਮਰੀ ਸਕੂਲ ਨੇ ਦੁਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਖੁਸ਼ਦਿਲ ਬੱਚੀ ਸੀ। ਸ਼ੇਅ ਦੇ ਅੰਤਿਮ ਸੰਸਕਾਰ ਲਈ ਹੁਣ ਤੱਕ 3,800 ਤੋਂ ਵੱਧ ਪੌਂਡ ਇਕੱਠੇ ਕੀਤੇ ਗਏ ਹਨ।**

# ਯੂ ਕੇ ਦੇ ਕਾਲਜ ਵਿੱਚ ਸਿੱਖ ਵਿਦਿਆਰਥਣ ਤੇ ਨਫਰਤੀ ਹਮਲਾ ਅਤੇ ਦਸਤਾਰ ਉਤਾਰਨ ਨੂੰ ਲੈ ਕੇ ਸਿੱਖਾਂ ਵਿੱਚ ਭਾਰੀ ਰੋਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਇੱਕ ਸਿੱਖ ਵਿਦਿਆਰਥਣ ਤੇ ਹੋਏ ਨਫਰਤੀ ਹਮਲੇ ਦੀ ਖ਼ਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਅੰਮ੍ਰਿਤਧਾਰੀ ਸਿੱਖ ਵਿਦਿਆਰਥਣ ਤੇ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਅਤੇ ਉਸ ਦੀ ਦਸਤਾਰ ਉਤਾਰ ਦਿੱਤੀ ਗਈ। ਇਹ ਘਟਨਾ ਇਹ ਘਟਨਾ ਪਿਛਲੇ ਵੀਰਵਾਰ (29 ਫਰਵਰੀ) ਨੂੰ ਵਿਗੇਸਟਨ ਕੁਈਨ ਐਲਿਜ਼ਾਬੈਥ ਕਾਲਜ, ਲੈਸਟਰ (ਈਸਟ ਮਿਡਲੈਂਡਜ਼, ਯੂ.ਕੇ.) ਵਿੱਚ ਵਾਪਰੀ। ਵਿਦਿਆਰਥੀਆਂ ਦੁਆਰਾ ਕੀਤੇ ਗਏ ਹਮਲੇ ਦੀ ਇੱਕ ਵੀਡੀਓ ਵਾਇਰਲ ਹੋ ਗਈ, ਜਿਸ ਵਿੱਚ ਹੈਰਾਨ ਕਰਨ ਵਾਲੀ ਘਟਨਾ ਦਿਖਾਈ ਗਈ ਜਿੱਥੇ ਇੱਕ ਮਰਦ ਅਤੇ ਘੱਟੋ-ਘੱਟ ਇੱਕ ਹੋਰ ਔਰਤ ਨੇ ਸਿੱਖ ਔਰਤ ਤੇ ਹਮਲਾ ਕੀਤਾ, ਉਹ ਆਪਣੇ ਇੱਕ ਦੋਸਤ ਦੀ ਮਦਦ ਨਾਲ ਆਪਣਾ ਬਚਾਅ ਕਰਦੀ ਨਜ਼ਰ ਆ ਰਹੀ ਹੈ। ਉਕਤ ਮਾਮਲੇ ਨੂੰ ਲੈ ਕੇ ਪੁਲਿਸ ਨੇ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਸ ਮਾਮਲੇ ਵਿੱਚ ਇੱਕ ਨੌਜਵਾਨ ਪਾਸੋਂ ਪੁਛ ਪੜਤਾਲ ਵੀ ਕੀਤੀ ਹੈ ਅਤੇ ਹੋਰ ਲੋਕਾਂ ਨੂੰ ਵਧੇਰੇ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ। ਪੁਲਿਸ ਨੇ ਕਿਹਾ ਕਿ ਸਕੂਲ ਅਤੇ ਭਾਈਚਾਰੇ ਦੇ ਸੰਪਰਕ ਵਿੱਚ ਹੈ। ਯੁਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਸ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਦੋਸ਼ੀਆ ਵਿਆਕਤੀਆਂ ਖਿਲਾਫ ਸਖਤ ਕਾਰਵਾਈ ਕਰਨ ਲਈ ਆਖਿਆ ਗਿਆ। ਭਾਈ ਦੀਪਾ ਸਿੰਘ ਨੇ ਆਖਿਆ ਕਿ "ਜਦੋਂ ਨਫ਼ਰਤੀ ਅਪਰਾਧਾਂ ਅਤੇ ਨਿਸ਼ਾਨਾ ਬਣਾਏ ਗਏ ਸਿੱਖਾਂ ਦੀ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਯੂ ਕੇ ਦੀਆਂ ਸਰਕਾਰੀ ਸੇਵਾਵਾਂ ਦੁਆਰਾ ਸਿੱਖਾਂ ਨੂੰ ਲਗਾਤਾਰ ਨਿਰਾਸ਼ ਕੀਤਾ ਜਾਂਦਾ ਹੈ।

# ਨਾਜਾਇਜ਼ ਸਬੰਧਾਂ ਦੇ ਸ਼ੱਕ ਕਾਰਣ ਕਿਸਾਨ ਦਾ ਹੋਇਆ ਕਤਲ

## ✪ ਇਕ ਮੁਲਜ਼ਮ ਗ੍ਰਿਫ਼ਤਾਰ, ਦੂਜਾ ਫ਼ਰਾਰ

ਕਪੂਰਥਲਾ-ਬੀਤੇ ਦਿਨੀਂ ਪਿੰਡ ਹੁਸੈਨਪੁਰ ਬੂਲ੍ਹੇ ਵਿਚ ਕਿਸਾਨ ਦਾ ਕਤਲ ਨਾਜਾਇਜ਼ ਸਬੰਧਾਂ ਤੇ ਪੈਸਿਆਂ ਦੇ ਲੈਣ-ਦੇਣ ਕਾਰਨ ਹੋਇਆ ਸੀ। ਮ੍ਰਿਤਕ ਕਿਸਾਨ ਬਲਬੀਰ ਸਿੰਘ ਦੇ ਦੋ ਪੁੱਤਰ ਹਨ। ਉਸ ਦਾ ਇਕ ਪੁੱਤਰ ਯੂਕੇ ਵਿਚ ਹੈ ਅਤੇ ਦੂਜਾ ਫ਼ੌਜ ਵਿਚ ਹੈ ਅਤੇ ਪਤਨੀ ਦਾ ਕੁਝ ਸਮਾਂ ਪਹਿਲਾਂ ਦੇਹਾਂਤ ਹੋ ਗਿਆ ਸੀ। ਮੁਲਜ਼ਮ ਲਖਵਿੰਦਰ ਸਿੰਘ ਵਾਸੀ ਪਿੰਡ ਹੁਸੈਨਪੁਰ ਬੁੱਲ੍ਹੇ ਨੂੰ ਸ਼ੱਕ ਸੀ ਕਿ ਕਿਸਾਨ ਬਲਬੀਰ ਸਿੰਘ ਦੇ ਉਸ ਦੀ ਪਤਨੀ ਨਾਲ ਨਾਜਾਇਜ਼ ਸਬੰਧ ਹਨ। ਇਸੇ ਕਾਰਨ ਲਖਵਿੰਦਰ ਸਿੰਘ ਨੇ ਬਲਬੀਰ ਸਿੰਘ ਨੂੰ ਘਰ ਬੁਲਾ ਕੇ ਉਸ ਦਾ ਕਤਲ ਕਰ ਦਿੱਤਾ।

ਐੱਸਐੱਸਪੀ ਵਤਸਲਾ ਗੁਪਤਾ ਨੇ ਦੱਸਿਆ ਕਿ ਦੋਵਾਂ ਕਿਸਾਨਾਂ ਵਿਚ ਆਪਸੀ ਦੋਸਤੀ ਸੀ ਤੇ ਪੈਸਿਆਂ ਦਾ ਲੈਣ-ਦੇਣ ਵੀ ਆਪਸ ਵਿਚ ਕਰਦੇ ਸਨ। ਲਖਵਿੰਦਰ ਸਿੰਘ ਨੂੰ ਸ਼ੱਕ ਸੀ ਕਿ ਬਲਬੀਰ ਸਿੰਘ ਦੇ ਉਸ ਦੀ ਪਤਨੀ ਨਾਲ ਨਾਜਾਇਜ਼ ਸਬੰਧ ਹਨ। ਇਸੇ ਰੰਜਿਸ਼ ਕਾਰਨ ਉਸ ਨੇ ਬਲਬੀਰ ਸਿੰਘ ਦਾ ਕਤਲ ਕਰ ਦਿੱਤਾ। ਪੁਲਿਸ ਨੇ ਕਤਲ 'ਚ ਸਹਿਯੋਗ ਦੇਣ ਵਾਲੇ ਲਖਵਿੰਦਰ ਸਿੰਘ ਤੇ ਉਸ ਦੇ ਇਕ ਅਣਪਛਾਤੇ ਸਾਥੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮ ਲਖਵਿੰਦਰ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ ਅਤੇ ਦੂਜੇ ਮੁਲਜ਼ਮ ਦੀ ਭਾਲ ਜਾਰੀ ਹੈ।

# ਪਾਠਕਾਂ ਦੇ ਪੱਤਰ

## ਮੁਆਫੀ (Sorry) ਤਾਂ ਆਮ ਹੀ ਚੱਲਦੀ ਹੈ, ਸਿੱਖ ਤਾਂ ਹਰ ਵੇਲੇ ਹੀ ਖਿਮਾਂ ਜਾਚਨਾ ਕਰਦਾ ਹੈ

**ਪੰਜਾਬ ਟਾਈਮਜ਼ ਦੇ ਸੰਪਾਦਕ ਜੀਓ ਪੁਰੇ-ਵਾਲ ਸਾਹਬ**

ਮੈਂ ਖਿਮਾਂ ਮੰਗਦੀ ਹਾਂ ਕਿ ਮੇਰੇ ਲੇਖ, ਲਿਖਤਾਂ ਕਰਕੇ ਆਪ ਜੀ ਨੂੰ ਉਲ੍ਹਾਮਾ ਮਿਲਿਆ, ਭਾਵੇਂ ਮੈਂ ਤਾਂ ਪਹਿਲਾਂ ਹੀ ਆਪਣਾ ਪੱਖ ਵਿਰੋਧੀ ਧਿਰ ਦੇ ਲੇਖ ਵਿੱਚ ਲਿਖ ਚੁੱਕੀ ਹਾਂ, ਹੁਣ ਹੱਥਲੇ ਅੰਕ ਸਫ਼ਾ 46 ਵਿੱਚ ਬਾਰਕਿੰਗ ਗੁਰੂ ਘਰ ਦੇ ਸਾਬਕਾ ਪ੍ਰਧਾਨ ਹੋਰਾਂ ਦੀ ਮੰਗ ਕਿ ਬੀਬੀ ਮੁਆਫੀ ਮੰਗੇ, ਜੀ ਕਾਹਦੀ? ਸੁਣੋ ਗੁਰੂ ਘਰਾਂ ਦੇ ਪ੍ਰਧਾਨ ਭਾਵੇਂ ਸਾਬਕਾ ਤੇ ਵਰਤਮਾਨ ਤਾਂ ਇਕ ਜਾਤ-ਸ਼੍ਰੇਣੀ ਵਾਂਗੂ ਉੱਚੀ ਜਾਤੀ ਦੀ ਸੰਸਥਾ ਨੇ, ਇਹ ਦਿਨ ਦੇ ਚੌਵੀ ਘੰਟਿਆਂ ਵਿੱਚੋਂ 34 ਘੰਟੇ ਸਾਧ ਲਾਣੇ ਦੇ ਡੇਰਿਆਂ ਵਿੱਚੋਂ ਸੁਣੀਆਂ ਬਾਤਾਂ ਪੁਰਾਤਨ ਸਮੇਂ ਦਾਦੀਆਂ ਸੁਣਾਈਆਂ ਕਰਦੀਆਂ ਸਨ, ਉਹ ਪ੍ਰਚਾਰਕਾਂ ਤੋਂ ਗੁਰੂ ਘਰ ਦੀ ਮਾਇਆ ਨਾਲ ਮੁੱਲ ਲੈ ਕੇ ਅੱਗੋਂ ਸੰਗਤਾਂ ਨੂੰ ਵੰਡੀ ਜਾਂਦੇ ਨੇ, ਇਤਿਹਾਸ ਉਹੀ ਨਹੀਂ ਜੋ ਤੁਸੀਂ ਆਪਣੇ ਪੱਖ ਲਈ ਵਰਤੋ, ਭਾਈ ਸਾਹਬ ਜੀ ਫੇਰ ਅਕਬਰ ਗੁਰੂ ਜੀ ਕੋਲ ਆਇਆ, ਫਲਾਣਾ ਰਾਜਾ ਗੁਰੂ ਜੀ ਤੋਂ ਪ੍ਰਭਾਵਤ ਹੋ ਕੇ 52 ਰਾਜੇ ਰਿਹਾਅ ਕਰਤੇ, ਕਈ ਕੁਝ ਹੋਰ, ਲੜਾਈਆਂ ਲੜਨ ਲਈ ਕੀ ਉਸ ਸਮੇਂ ਗੁਰਦੁਆਰੇ ਸਨ ਸਹਾਇਤਾ ਲਈ, ਕੀ ਨਗਰਾਂ ਦੀ ਖਰੀਦ ਲਈ ਮਾਇਆ ਦੀ ਲੋੜ ਨਹੀਂ ਸੀ, ਕੀ 550 ਸਾਲਾਂ ਦਾ ਸਮਾਂ ਲੰਮਾਂ ਨਹੀਂ ਭਾਈ ਜੀ ਤੱਥ ਸਬੂਤਾਂ ਲਈ ਕੀ ਮਹਾਰਾਜਾ ਰਣਜੀਤ ਸਿੰਘ ਨੇ ਸਭ ਧਰਮਾਂ ਨੂੰ ਵਿੱਤ ਸਹਾਇਤਾ ਨਹੀਂ ਦਿੱਤੀ, ਕੀ ਗੁਰੂ ਘਰ ਉਨ੍ਹਾਂ ਦੀ ਦੇਣ ਨਹੀਂ, ਗੱਦੀਆਂ ਵਾਲੇ ਗਿਆਨ ਭੀ ਕਈ ਵਿਸ਼ੇ ਅਧੀਨ ਹੋਣਗੇ, ਸਾਰੇ ਗੁਰੂ ਧਨਾਢ ਸਨ, ਨਹੀਂ:- ਰਹੀ ਗੱਲ ਤਵਾਰੀਖ ਕੇਵਲ ਆਪਣੇ ਹੱਕ ਵਿੱਚ ਲਿਖੀ ਜਗਤ ਪ੍ਰਵਾਨਤ ਨਹੀਂ ਹੋ ਸਕਦੀ, ਚੀਰ ਫਾੜ ਵਾਲੇ ਲੇਖਕ ਭੀ ਹੁੰਦੇ ਹਨ ਬਿਲਕੁੱਲ ਦਰੁਸਤ ਧਰਮ ਉਭਾਰਨ ਲਈ ਕਈ ਕੁਝ ਲਗਾ ਮਾਤਰਾਂ ਲਉਣੀਆਂ ਪੈਂਦੀਆਂ ਹਨ ਹਰ ਧਰਮ ਵਿੱਚ ਹੀ ਇਹ ਉਪਲਬਧ ਹਨ, ਪਰ ਸਮੇਂ ਦੇ ਤਰੱਕੀ, ਤਕਨੀਕੀ ਯੁੱਗ ਵਿਚ ਉਨ੍ਹਾਂ ਦੀ ਮਾਨਤਾ ਮਹਾਨਤਾ ਨੂੰ ਅਲੋਚਕ ਹੀ ਉਜਾਗਰ ਕਰਦੇ ਹਨ, ਕਿਸੇ ਦੀ ਕਲਮ ਜੁਬਾਨ 'ਤੇ ਜਿੰਦਾਂ ਲਾਉਣਾ ਅੱਜ ਕਿਸੇ ਦੇ ਭੀ ਵਰਗ ਦਾ ਹੱਕ ਨਹੀਂ, ਵਾਜਬ ਨਹੀਂ ਹਾਂ ਮੈਂ ਕੋਈ ਅਪਮਾਨੀ ਅੱਖਰ ਲਿਖਿਆ ਹੋਵੇ ਤਾਂ ਜਰੂਰ ਮੁਆਫੀ! ਭਾਵੇਂ ਮੁਆਫੀ (Sorry) ਤਾਂ ਆਮ ਹੀ ਚੱਲਦੀ ਹੈ, ਸਿੱਖ ਤਾਂ ਹਰ ਵੇਲੇ ਹੀ ਖਿਮਾਂ ਜਾਚਨਾ ਕਰਦਾ ਹੈ ਨਿਮਰਤਾ ਦਾ ਅੰਗ ਕਰਕੇ, ਪਰ ਤੁਹਾਡੇ ਹੁਕਮ 'ਤੇ ਇਸ ਵਿਸ਼ੇ 'ਤੇ ਮੁਆਫੀ ਦੀ ਕੀ ਤੁਕ ਹੈ, ਕੀ ਅੱਜ ਕੌਂਸਲਾਂ, ਸਰਕਾਰਾਂ ਤੇ ਤੁਸੀਂ ਗਰਾਂਟਾਂ, ਤਗਮੇ ਨਹੀਂ ਲੈਂਦੇ ਨਗਰ ਕੀਰਤਨ ਭੀ ਸੰਪੰਨ ਨਹੀਂ ਜੇਕਰ ਸਰਕਾਰੀ ਨੁਮਾਇੰਦਾ ਨਾ ਬਰਾਜੇ ਉਨੀ ਦੇਰ ਗੁਰੂ ਗ੍ਰੰਥ ਦਾ ਭੀ ਮਾਣ ਨਹੀਂ ਜਿੰਨੀ ਦੇਰ ਪ੍ਰਬੰਧ ਨੂੰ ਸਲਾਹਿਆ ਨਾ ਜਾਵੇ, ਉਦਾਹਰਣਾਂ ਹਨ ਪ੍ਰਧਾਨਾਂ ਦੇ ਪੁੱਤ-ਧੀ, ਆਪ ਕੌਂਸਲਾਂ, ਪਾਰਲੀਮੈਂਟ ਵਿੱਚ ਨਹੀਂ ਹਨ ਤਾਂ ਕਰੋ ਝੂਠੀ, ਕੀ ਬੰਦੇ ਤਾਂ ਉਦੋਂ ਭੀ ਮਨੁੱਖੀ ਫਿਤਰਤ ਹੀ ਸੀ ਤੇ ਸਮੇਂ ਨਾਲ ਚਤੁਰਤਾ, ਸੁਘੜਤਾ ਤੇ ਮੱਤ ਭਾਵੇਂ ਉੱਚੀ ਹੋ ਗਈ ਪਰ ਪੁਰਾਣੇ ਸਮੇਂ ਭੀ ਇਹ ਸਭ ਕੁਝ ਚੱਲਦਾ ਸੀ, ਭਾਵੇਂ ਢੰਗ ਉਦੋਂ ਦੇ ਵਾਤਾਵਰਣ ਅਨੁਸਾਰ, ਕੀ ਗੁਰੂਆਂ ਦੀਆਂ ਗੱਦੀਆਂ ਪਿੱਛੇ ਆਪਸੀ ਖਹਿਬਾਜ਼ੀਆਂ ਨਹੀਂ ਸਨ, ਭਾਈ ਸਾਹਬ ਨੂੰ ਕਸ਼ਟ ਤਾਂ ਬੀਬੀ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਪਤ ਹੋਣ ਦਾ ਹੈ ਭਰਾ, ਉਸੇ ਦੀ ਬਦੌਲਤ ਅੱਜ ਤੁਸੀਂ ਗੁਰੂ ਘਰਾਂ ਦੇ ਮੁਖੀ ਬਣ ਰਹੇ ਹੋ, ਅੱਜ ਦੇ ਮੁਖੀ ਮਣਾਂ ਮੂੰਹੀ ਦਸਵੰਧ 'ਤੇ ਪਸਰੇ ਨੇ, ਕੁਰਬਾਨੀਆਂ ਤਾਂ ਅਕਾਲੀ ਦਲ ਦੀਆਂ ਸਨ ਭੰਡਣ ਲੱਗੇ ਭੀ ਇਤਿਹਾਸ ਪੜ੍ਹ ਲਿਆ ਕਰੋ, ਮੈਂ ਸਬੂਤ ਆਧਾਰਿਤ ਲਿਖ ਚੁੱਕੀ ਹਾਂ, ਮੁਆਫੀ ਕਾਹਦੀ?

ਬਲਵਿੰਦਰ ਕੌਰ ਚਾਹਲ

# 'ਪੰਜਵੀਂ' ਸੁਣਕੇ ਹੱਸਣ ਵਾਲ਼ੇ ਹੋਏ ਸ਼ਰਮਿੰਦੇ !

ਕੱਲ੍ਹ ਪੰਜਵੀਂ ਜਮਾਤ ਵਿੱਚ ਪੜ੍ਹਦੇ ਸਾਡੇ ਬੇਟੇ ਗਿਤਾਜ ਸਿੰਘ ਦਾ ਨਤੀਜਾ ਆਇਆ ਤੇ ਉਹ ਆਪਣੀ ਜਮਾਤ 'ਚੋਂ ਦੂਜੇ ਨੰਬਰ ਉੱਤੇ ਰਿਹਾ। ਮੇਰੇ ਵਲੋਂ ਲਿਖਣ ਦਾ ਇਹ ਮਤਲਬ ਨਹੀਂ ਕਿ ਮੈਂ ਦਿਖਾਵਾ ਕਰਾਂ ਕਿ ਉਹ ਬਹੁਤ ਇੰਟੈਲੀਜੈਂਟ ਹੈ।ਬਲਕਿ ਮੈਂ ਤਾਂ ਸਾਡੇ ਲੋਕਾਂ ਦੀ ਸੋਚ ਅਤੇ ਬੱਚਿਆਂ ਪ੍ਰਤੀ ਸਾਡੇ ਵਿਵਹਾਰ ਕਾਰਨ ਇਹ ਕੁੱਝ ਸ਼ਬਦ ਲਿਖਣ ਜਾ ਰਹੀ ਹਾਂ।

ਕੁਝ ਦਿਨ ਪਹਿਲਾਂ ਅਸੀਂ ਪ੍ਰਵਾਰ ਸਮੇਤ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਸਾਂ।ਉੱਥੇ ਬੇਟੇ ਗਿਤਾਜ ਨੂੰ ਕਿਸੇ ਨੇ ਪੁੱਛਿਆ ਕਾਕਾ ਤੂੰ ਕਿਹੜੀ ਕਲਾਸ ਵਿੱਚ ਪੜ੍ਹਦਾ ਏਂ? ਉਸਨੇ ਕਿਹਾ ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਹਾਂ ਜੀ।ਇਹ ਸੁਣ ਕੇ ਉਹ ਹੱਸਣ ਲੱਗੇ ਤੇ ਕਹਿਣ ਲੱਗੇ, 'ਪੰਜਵੀਂ ਕੀ ਹੁੰਦਾ ਐ ?' ਗਿਤਾਜ ਕਹਿੰਦਾ ਅੰਕਲ ਮੈਨੂੰ ਪਤਾ ਪੰਜਵੀਂ ਨੂੰ ਫਿਫਥ ਵੀ ਕਹਿੰਦੇ ਨੇ, ਫਿਫਥ ਸਟੈਂਡਰਡ ਵੀ ਕਹਿੰਦੇ ਨੇ,ਪਾਂਚਵੀਂ ਕਕਸ਼ਾ ਵੀ ਕਹਿੰਦੇ ਨੇ। ਪਰ ਮੇਰਾ ਮਨ ਕੀਤਾ ਕਿ ਮੈਂ ਪੰਜਵੀਂ ਹੀ ਕਹਾਂ ਸੋ ਕਹਿ ਦਿੱਤਾ। ਮੇਰੇ ਮੂੰਹੋਂ ਪੰਜਵੀਂ ਸ਼ਬਦ ਸੁਣ ਕੇ ਤੁਸੀਂ ਮੈਨੂੰ ਕਿਵੇਂ ਜੱਜ ਕਰ ਸਕਦੇ ਹੋ ਅਤੇ ਨਾ ਹੀ ਪੰਜਵੀਂ ਸ਼ਬਦ ਵਿੱਚ ਕੋਈ ਅਨੈਤਿਕਤਾ ਜਾਂ ਅਸੱਭਿਅਕਤਾ ਹੈ? ਜੇ ਹੈ ਤਾਂ ਮੈਨੂੰ ਦੱਸੋ ?

ਅੰਕਲ ਮੈਨੂੰ ਤਿੰਨੇ ਭਾਸ਼ਾਵਾਂ ਆਉਂਦੀਆਂ ਨੇ ਤੇ ਮੈਂ ਅਜ ਕਲ YouTube ਤੋਂ ਥੋੜ੍ਹੀ ਬਹੁਤ ਚਾਈਨੀਜ਼ ਭਾਸ਼ਾ ਵੀ ਸਿੱਖ ਰਿਹਾ ਹਾਂ।ਘਰ ਆ ਕੇ ਗਿਤਾਜ ਦੱਸ ਰਿਹਾ ਸੀ ਕਿ ਮੰਮਾਂ ਮੇਰੇ ਵਲੋਂ 'ਪੰਜਵੀਂ' ਕਹਿਣ ਤੋਂ ਹੱਸਣ ਵਾਲ਼ੇ ਅੰਕਲ,ਮੇਰੇ ਸਵਾਲ ਸੁਣ ਕੇ ਸ਼ਰਮਿੰਦੇ ਜਿਹੇ ਹੋ ਗਏ ਸਨ !

ਗਿਤਾਜ ICSE ਬੋਰਡ ਵਿੱਚ ਪੜ੍ਹਦਾ ਹੈ। ਕਿਉਂਕਿ ਇਹ ਸਕੂਲ ਸਾਡੇ ਘਰ ਦੇ ਸੱਭ ਤੋਂ ਨੇੜੇ ਹੈ।ਇਸ ਕਰਕੇ ਉਹ ਹਰ ਰੋਜ਼ ਆਪਣੇ ਸਾਈਕਲ 'ਤੇ ਹੀ ਸਕੂਲ ਜਾਂਦਾ ਹੈ। ਉਸਨੇ ਕੋਈ ਟਿਊਸ਼ਨ ਵੀ ਨਹੀਂ ਰੱਖੀ



ਹੋਈ।ਸਕੂਲ ਵਿੱਚ ਹੀ ਆਪਣਾ 'ਹੋਮਵਰਕ' ਪੂਰਾ ਕਰਕੇ ਘਰੇ ਆਉਂਦਾ ਹੈ ਤੇ ਸ਼ਾਮ ਨੂੰ ਦੋ ਤਿੰਨ ਘੰਟੇ ਮੇਰੀ ਵੀ ਮਗਜ਼ ਖਪਾਈ ਨਹੀਂ ਹੁੰਦੀ ਤੇ ਉਸ ਨੂੰ ਵੀ ਖੇਡ੍ਹਣ ਦਾ ਮੌਕਾ ਮਿਲ ਜਾਂਦਾ ਹੈ।

ਮੈਂ ਉਹਨੂੰ ਇੱਕ ਹੀ ਗੱਲ ਸਮਝਾਈ ਸੀ ਕਿ ਪੁੱਤਰਾ ਸਾਨੂੰ ਸਾਡੀਆਂ ਮੰਮੀਆਂ ਨੇ ਨਹੀਂ ਪੜ੍ਹਾਇਆ, ਅਸੀਂ ਸੈਲਫ ਸਟੱਡੀ ਕਰਕੇ ਹੀ ਪੜ੍ਹੇ ਹੋਏ ਹਾਂ। ਟਿਊਸ਼ਨ ਰੱਖਣ ਨਾਲ ਤੁਹਾਡੇ ਸਮੇਂ,ਊਰਜਾ ਤੇ ਧਨ ਦੀ ਬਰਬਾਦੀ ਹੁੰਦੀ ਹੈ ਅਤੇ ਖੇਡ੍ਹਣ ਵਾਲਾ ਸਮਾਂ ਵੀ ਪੜ੍ਹਾਈ ਵਿੱਚ ਹੀ ਨਿਕਲ ਜਾਂਦਾ ਹੈ।ਸਕੂਲ ਵਿੱਚ ਅਸੀਂ ਇੰਨੀਆਂ ਫੀਸਾਂ ਭਰਦੇ ਹਾਂ ਸੋ ਜੋ ਤੈਨੂੰ ਸਮਝ ਨਹੀਂ ਆਉਂਦਾ ਤਾਂ ਉਹ ਆਪਣੀ ਕਲਾਸ ਦੇ ਅਧਿਆਪਕ ਤੋਂ ਹੀ ਪੁੱਛਿਆ ਕਰ।ਟਿਊਸ਼ਨ,ਸਕੂਲ ਦਾ ਬਦਲ ਨਹੀਂ ਹੈ!ਟਿਊਸ਼ਨ ਦਾ ਮਤਲਬ ਹੈ ਸਕੂਲ ਵਿੱਚ ਅੱਖਾਂ ਬੰਦ ਕਰਕੇ ਬੈਠੇ ਰਹਿਣਾ।ਸਭ ਤੋਂ ਚੰਗਾ ਤਰੀਕਾ ਹੈ ਆਪਣੇ ਆਪ ਪੜ੍ਹਨਾ।

ਉਸਨੂੰ ਜਪੁਜੀ ਸਾਹਿਬ ਦਾ ਪਾਠ ਵੀ ਮੂੰਹ ਜ਼ੁਬਾਨੀ ਯਾਦ ਹੈ।ਹੁਣ ਉਹ ਪੱਗ ਬੰਨ੍ਹਣੀ ਵੀ ਸਿੱਖ ਰਿਹਾ ਹੈ!

ਮੈਂ ਵੀ ਉਸਤੋਂ ਹਰ ਰੋਜ਼ ਨਵੇਂ ਸ਼ਬਦ ਅਤੇ ਨਵੀਆਂ ਗੱਲਾਂ ਸਿੱਖਦੀ ਹਾਂ ਤੇ ਹੈਰਾਨ ਵੀ ਹੁੰਦੀ ਹਾਂ ਕਿ ਇਸ ਨੂੰ ਇਹ ਸਭ ਕਿਵੇਂ ਪਤਾ ਹੈ !!-ਪ੍ਰਸ਼ਪਿੰਦਰ ਕੌਰ ਵਿਰਕ

+91-6280626439 ('ਕਲਮ 5ਆਬ ਦੀ' ਗਰੁੱਪ 'ਚੌ ਧੰਨਵਾਦ ਸਹਿਤ)

# ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ

## ਅਮਰੀਕਾ ਦੇ ਜਰਸੀ ਸਿਟੀ ਨੇ ਅਪ੍ਰੈਲ ਨੂੰ ਐਲਾਨਿਆ 'ਸਿੱਖ ਵਿਰਾਸਤੀ ਮਹੀਨਾ'



ਸਿੱਖਾਂ ਦੇ ਯੋਗਦਾਨ ਦਾ ਸਨਮਾਨ ਕਰਨਾ ਅਤੇ ਵਧ ਰਹੇ ਵਿਤਕਰੇ ਦੌਰਾਨ ਉਨ੍ਹਾਂ ਦੀ ਪਛਾਣ ਨੂੰ ਉਤਸ਼ਾਹਿਤ ਕਰਨ ਲਈ ਅਮਰੀਕਾ ਦੀ ਜਰਸੀ ਸਿਟੀ ਮਿਉਂਸਪਲ ਕੌਂਸਲ ਨੇ ਸਰਬਸੰਮਤੀ ਨਾਲ ਅਪ੍ਰੈਲ ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਾਨਤਾ ਦੇਣ ਦੇ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਸਤਾਵ ਜਰਸੀ ਸਿਟੀ ਸਿਟੀ ਕੌਂਸਲ ਵਿੱਚ 9-0 ਨਾਲ ਪਾਸ ਹੋਇਆ।

ਪ੍ਰਸਤਾਵ ਵਿਚ ਕਿਹਾ ਗਿਆ ਹੈ ਕਿ ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਸ ਦਾ ਦੁਨੀਆ ਭਰ ਦੇ 3 ਕਰੋੜ ਤੇ ਅਮਰੀਕਾ ਵਿੱਚ 3 ਲੱਖ ਲੋਕ ਪਾਲਣ ਕਰਦੇ ਹਨ। ਇਹ ਧਰਮ ਲੋਕਾਂ ਨੂੰ ਸੱਚਾ ਜੀਵਨ ਜਿਊਣ, ਮਨੁੱਖਤਾ ਦੀ ਸੇਵਾ ਕਰਨ ਅਤੇ ਪਰਮਾਤਮਾ ਦੀ ਭਗਤੀ ਕਰਨ ਦੀ ਸਿੱਖਿਆ ਦਿੰਦਾ ਹੈ, ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਪਰਮਾਤਮਾ ਦੀਆਂ ਨਜ਼ਰਾਂ ਵਿਚ ਹਰ ਮਨੁੱਖ ਬਰਾਬਰ ਹੈ। ਮਤੇ ਵਿੱਚ ਕਿਹਾ ਗਿਆ ਹੈ ਕਿ ਸਿੱਖ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਜਾਣੇ ਜਾਂਦੇ ਹਨ, ਜਿਵੇਂ ਕਿ ਲੋੜਵੰਦਾਂ ਨੂੰ ਮੁਫਤ ਭੋਜਨ ਪ੍ਰਦਾਨ ਕਰਨਾ।



# ਕਾਵਿ-ਕਿਆਰੀ

## ਮਿਲ਼ਣ ਦੀ ਕੋਸ਼ਿਸ਼ ਨਾ ਕਰੀਂ...



1. ਫੁੱਲਾਂ ਨਾਲ਼ ਨਫ਼ਰਤ ਹੈ
ਹੁਣ ਕੰਡਿਆਂ ਨਾਲ਼ ਹੀ ਯਾਰੀ ਸਾਡੀ
ਸਾਨੂੰ ਸਾਡੇ ਹਾਲ 'ਤੇ ਰਹਿਣ ਦਿਓ ,
ਹੁਣ ਕਿਆ ਕਾਮਯਾਬੀ
ਤੇ ਕਿਆ ਖੱਜਲ਼ - ਖੁਆਰੀ ਸਾਡੀ...
2. ਕਈ ਮੇਰੇ 'ਤੇ ਇਲਜ਼ਾਮ ਲਗਾਉਂਦੇ ਨੇ
ਉਹ ਬੱਸ ! ਮੈਨੂੰ ਹੀ ਝੂਠਾ ਠਹਿਰਾਉਂਦੇ ਨੇ
ਹੋਰ ਤਾਂ ਕਿੱਧਰੇ ਉਹ ਟਕਰਾ ਨੀਂ ਸਕਦੇ
ਥੱਕ - ਹਾਰ ਬੱਸ ! ਮੈਨੂੰ ਹੀ ਸਤਾਉਂਦੇ ਨੇ...
3. ਝੂਠਾ ਲਾਰਾ ਅਸੀਂ
ਕਿਸੇ ਨੂੰ ਕਦੇ ਲਾਇਆ ਨਾ
ਕਿਸੇ ਗਲਤ ਕੰਮ ਲਈ
ਕਿਸੇ 'ਤੇ ਦਬਾਅ ਕਦੇ ਪਾਇਆ ਨਾ...
4.ਰੋਂਦੇ ਨੂੰ ਚੁੱਪ ਕਰਾਇਆ ਨਹੀਂ
ਡਿੱਗੇ ਨੂੰ ਉਠਾਇਆ ਨਹੀਂ
ਕਿਹੜੇ ਮੂੰਹ ਨਾਲ਼ ਮੈਨੂੰ ਆਪਣਾ ਕਹਿੰਦੇ
ਤੁਸੀਂ ਇੱਕ ਵੀ ਫ਼ਰਜ ਮੇਰੇ ਨਾਲ਼ ਨਿਭਾਇਆ ਨਹੀਂ
5.ਤੋੜਦੇ ਰਹੇ ਜੋ ਵਾਰ - ਵਾਰ ਦਿਲ ਮੇਰਾ
ਹੁਣ ਮੇਰੇ ਨਾਲ਼ ਰਿਸ਼ਤਾ ਕੋਈ ਰੱਖਣ ਨਾ
ਮੈਂ ਵੀ ਹੁਣ ਉਨ੍ਹਾਂ ਨੂੰ ਬੁਲਾਉਂਦਾ ਨਹੀਂ
ਉਹ ਵੀ ਹੁਣ ਮੇਰੇ ਵੱਲ ਤੱਕਣ ਨਾ...
6. ਬਦਲ ਜਾਣ ਲਈ ਮੈਨੂੰ
ਕੀਤਾ ਗਿਆ ਮਜ਼ਬੂਰ
ਐਨਾ ਮਾੜਾ ਕਦੇ ਨਹੀਂ ਸੀ ਮੈਂ
ਮਾੜਾ ਬਣਨ ਲਈ ਕੀਤਾ ਮਜ਼ਬੂਰ ...
7. ਇੱਕ ਦਿਨ ਮੈਂ ਵੀ ਟੁੱਟਿਆ ਸੀ
ਰੋਇਆ ਵੀ ਸੀ
ਪਰ ਕਿਸੇ ਆਪਣੇ ਦਾ
ਮੇਰੇ ਲਈ ਦਿਲ ਨਹੀਂ ਸੀ ਪਸੀਜਿਆ...
8. ਠੋਕਰਾਂ ਖਾ - ਖਾ ਕੇ
ਪੱਥਰ ਹੋ ਗਿਆ ਹਾਂ ਮੈਂ
ਹਰੇ - ਭਰੇ ਮੈਦਾਨ ਦੀ ਗੱਲ ਨਾ ਕਰੋ
ਹੁਣ ਰੇਤ ਕੱਕਰ ਹੋ ਗਿਆ ਹਾਂ ਮੈਂ...
9. ਕਿਸੇ 'ਤੇ ਕਦੇ ਆਸ ਨਾ ਰੱਖਣਾ
ਆਪਣਾ ਧਨ ਕਿਸੇ ਦੇ ਪਾਸ ਨਾ ਰੱਖਣਾ
ਹੋ ਸਕੇ ਤਾਂ ਜ਼ਿੰਦਗੀ 'ਚ
ਕਿਸੇ 'ਤੇ ਵਿਸ਼ਵਾਸ ਨਾ ਰੱਖਣਾ...
10. ਰਸਤੇ ਤਾਂ ਕਈ ਮਿਲਣਗੇ
ਪਰ ਸ਼ਾਇਦ ਮੰਜ਼ਿਲ ਨਾ ਮਿਲੇ ਤੈਨੂੰ ,
ਮੰਜ਼ਿਲ ਜੇ ਮਿਲ ਵੀ ਗਈ
ਤਾਂ ਮਿਲ਼ਣ ਦੀ ਕੋਸ਼ਿਸ਼ ਨਾ ਕਰੀਂ ਮੈਨੂੰ...



ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
9478561356

## ਜਾਰੀ ਜੰਗ ਰਖਾਂਗੇ

ਅਸੀਂ ਜਿਤਾਂਗੇ ਜਰੂਰ ਜਾਰੀ ਜੰਗ ਰੱਖਾਂਗੇ..
ਹਰ ਹੀਲੇ ਅਸੀ ਹੋਂਸਲੇ ਬੁਲੰਦ ਰੱਖਾਂਗੇ,

ਬਹੁਤ ਰੋਲ ਲਿਆ ਸਾਨੂੰ ਹੁਣ ਪਿੱਛੇ ਨਹੀਂ ਹਟਾਂਗੇ
ਬਹੁਤ ਕੁੱਛ ਸਹਿ ਲਿਆ ਹੁਣ ਨਹੀਂ ਜਰਾਂਗੇ,

ਪਹਿਲਾਂ ਰੁਲੇ ਸੰਤਾਲੀ ਵਿੱਚ ਮਸੀ ਅਸੀ ਸੰਭਲੇ ਸੀ
ਫਿਰ ਆ ਸਾਡੇ ਤੇ ਚੁਰਾਸੀ ਠੋਕਤੀ,

ਦਿਲ਼ੀਏ ਨੀ ਹੋਰ ਕਿੰਨਾ ਕੁੱਛ ਤੂੰ ਵਿਖਾਉਣਾ ਆ
ਹੋਰ ਕਿੰਨਾ ਸਬਰ ਤੂੰ ਸਾਡਾ ਪਰਖਣਾ ਆ,

ਸੰਤਾਲੀ ਵਿੱਚ ਰੋਲਿਆ ਚੁਰਾਸੀ ਵਿੱਚ ਡੋਲਿਆ
ਹੋਰ ਕਿੰਨਾ ਰੋਲਣਾ ਏ ਦਸ ਪੁੱਤ ਮਾਵਾਂ ਦਿਆਂ ਨੂੰ,

ਤੈਨੂੰ ਅਪਣਾ ਤਖਤ ਪਿਆਰਾ ਬੱਸ
ਤੂੰ ਕੀ ਸਮਝੇ ਜਖਮਾਂ ਤੇ ਪੀੜ੍ਹਾ ਨੂੰ,

ਅਸੀਂ ਨਹੀਂ ਮੰਗਦੇ ਤਾਜਾਂ ਤੇ ਤਖਤਾਂ ਨੂੰ
ਸਾਡਾ ਨਹੀਂ ਤੇਰੇ ਨਾਲ ਵੈਰ ਤੇ ਵਿਰੋਧ ਕੋਈ,

ਨਾਪ ਨਾਂ ਤੂੰ ਐਵੇਂ ਸਾਡੇ ਜਜਬਾਤਾਂ ਨੂੰ
ਦਿੱਲੀਏ ਨੀ ਸਾਡੇ ਮੋੜ ਦੇ ਤੂੰ ਹੱਕ ਬਸ
ਬਦਲ ਦੇ ਸਾਡੇ ਤੂੰ ਮਾੜੇ ਨੀ ਹਲਾਤਾਂ ਨੂੰ,

ਜਿਸ ਰਾਜ ਦੇ ਆਸਰੇ ਤੂੰ ਸਿਰ ਚੜ੍ਹ ਬੋਲਦੀ
ਤੇਰੀ ਨੀ ਵਿਰਾਸਤ ਇਹ ਮਿਲਿਆ ਏ ਸਾਡੇ ਹੀ ਖੂਨ ਚ,

ਬਾਡਰਾਂ ਤੇ ਡਟੇ ਅੱਜ ਸੋਹਣੇ ਪੁੱਤ ਮਾਵਾਂ ਦੇ
ਜੇ ਉਠ ਗਏ ਤਾ ਦੇਖੀਂ ਫਿਰ ਅਪਣੇ ਹਲਾਤਾਂ ਨੂੰ,



ਅਸੀਂ ਕਰਦੇ ਨੀ ਨਮਕ ਹਰਾਮੀ ਕਦੀ
ਤੂੰ ਵੀ ਪਰਖ ਨਾਂ ਸਾਡੀ ਹਲਾਲੀ ਨੂੰ,

ਦੁਸ਼ਮਣ ਅੱਖ ਰੱਖ ਬੈਠਾ ਤੇਰੇ ਤੇ
ਮਾਰ ਜੂ ਗਾ ਸਹਿਜੇ ਹੀ ਜੇ ਪਿੱਛੇ ਅਸੀਂ ਹਟਗੇ,

ਨਾ ਕਰ ਐਵੇਂ ਸਾਡੇ ਨਾਲ ਤੂੰ ਚਲਾਕੀਆ
ਨਮਕ ਹਰਾਮੀ ਕਰ ਸਾਡੇ ਨਾਲ ਬਦ ਸਲੂਕੀਆ,

ਐਵੇਂ ਅੜ੍ਹ ਨਾਂ ਤੂੰ ਆ ਸਾਡੇ ਰਾਹਵਾਂ ਵਿਚ
ਲੀਕ ਮਾਰ ਹੁਣ ਕਰਜ਼ੇ ਤੇ ਐਵੇਂ ਕਰ ਨਾਂ ਚਲਾਕੀਆ,

ਅਸੀਂ ਆ ਗਏ ਆ ਫਿਰ ਹੱਕ ਲੈਣ ਕਰ ਕੇ ਤਿਆਰੀਆਂ
ਪਰਚੇ ਰੱਦ ਕਰ ਬੰਦੀ ਸਿੰਘਾਂ ਨੂੰ ਰਿਹਾਅ ਤੂੰ,


ਫਿਰ ਨਾਂ ਕਹੀ ਮੈਨੂੰ ਦੱਸਿਆ ਨੀ ਕਿਸਾਨਾਂ ਨੇ
ਹੱਕ ਆਪਣੇ ਲੈਣ ਆ ਗਏ ਤਾਹੀਉਂ ਜਾਨਾਂ ਤਲੀ ਉੱਤੇ ਰੱਖ ਕੇ,

ਹੁਣ ਤੂੰ ਹੀ ਨਿਬੇੜਾ ਕਰ ਕਿਦਾਂ ਤੂੰ ਨਿਪਟਣਾ
ਦਿੱਲੀ ਇਕ ਵਾਰੀ ਫਿਰ ਜਿੱਤਣ ਦੀ ਤਿਆਰੀ ਅਸਾਂ ਕਰ ਲੀ,

ਤਾਂਹੀ ਤੈਨੂੰ ਕਰਦੇ ਅਗਾਂਹ ਅਸੀਂ ਦਿਲ਼ੀਏ
'ਢਿਲੋਂ' ਪਿੱਛੇ ਨਹੀਂ ਹਟਣਾ ਬਸ ਜੰਗ ਜਿੱਤ
ਅਸੀਂ ਫਿਰ ਅਪਣੇ ਘਰਾਂ ਨੂੰ ਪਰਤਣਾ ???

ਅਮਨ ਢਿੱਲੋਂ ਕਸੇਲ ਬਾਬਾ ਬਕਾਲਾ ਸਾਹਿਬ

## ਸਿਆਸੀ ਆਪੋ-ਧਾਪੀ !



ਤਰਲੋਚਨ ਸਿੰਘ 'ਦੁਪਾਲ ਪੁਰ'
78146-92724

ਝਾੜੂ-ਪੰਜੇ ਦੀ 'ਖੇਡ' ਅਜੀਬ ਹੋ ਗਈ
ਦਿੱਲੀ 'ਕੱਠੇ ਪੰਜਾਬ ਵਿੱਚ ਲੜਨਗੇ ਜੀ।
ਹਾਥੀ ਵਾਲ਼ਿਆਂ 'ਤੱਕੜੀ' ਪਰੇ ਸੁੱਟੀ
'ਬਲ ਬੂਤੇ 'ਤੇ' ਆਪਣੇ 'ਅੜਨਗੇ' ਜੀ।
ਪੰਜੇ ਵਾਲ਼ੇ ਕੋਈ ਰਾਹੁਲ ਦੇ ਸਾਥ ਕਹਿੰਦੇ
ਕੋਈ 'ਖੜਗੇ' ਦੇ ਨਾਲ਼ ਜਾ ਖੜ੍ਹਨਗੇ ਜੀ।
ਗਲ਼ ਪੈ ਗਿਆ ਕਈਆਂ ਦੇ ਢੋਲ ਪਾਟਾ
ਪਹਿਲਾਂ ਯਤਨ ਕਰ ਓਸਨੂੰ ਮੜ੍ਹਨਗੇ ਜੀ।
ਵੋਟਾਂ ਫਾਹੁਣ ਲਈ ਲੱਗੇ ਨੇ ਬੁਣਨ ਸਾਰੇ
ਪਾਇਆ ਜਾਲ਼ ਜਿਉਂ ਹੁੰਦਾ ਏ ਮੱਕੜੀ ਦਾ
ਹਾਲ 'ਰਾਜੇ ਦੀ ਘੋੜੀ ਦੇ ਸੂਣ ਵਾਲ਼ਾ'
ਗੱਠ-ਜੋੜ ਜੋ 'ਕਮਲ' ਤੇ 'ਤੱਕੜੀ' ਦਾ !

* * * * * * *

## ਨਵੇਂ ਮੁੱਖ ਮੰਤਰੀ ਜੀ, ਪੰਜਾਬ ਨੂੰ ਬਚਾ ਲਿਓ ਜੀ।

ਇੱਕੋ-ਇੱਕ ਮੰਗ ਸੀ ਤੁਹਾਡੀ,
ਮੋਹਰ ਸਾਡੇ ਹਿੱਸੇ ਲਾ ਦਿਓ ਜੀ।
ਵਾਰ-ਵਾਰ ਕਹਿੰਦੇ ਸੀ,
ਆਮ ਆਦਮੀ ਨੂੰ ਜਿਤਾ ਦਿਓ ਜੀ।
ਹੁਣ ਸਾਡੇ ਨਾਲ ਕੀਤਾ ਸੀ ਜੋ,
ਵਾਅਦਾ ਉਹ ਪੁਗਾ ਦਿਓ ਜੀ।
ਪੰਜਾਬ ਨੂੰ ਨਸ਼ਾ ਮੁਕਤ ਕਰੋ,
ਤੇ ਬੇਰੁਜ਼ਗਾਰੀ ਨੂੰ ਮਿਟਾ ਦਿਓ ਜੀ।
ਨਾ ਰੁਲ਼ੇ ਕੋਈ ਧਰਨਿਆਂ 'ਤੇ
ਨਾ ਹੱਥ ਪਾਵੇ ਕੋਈ ਪੱਗਾਂ ਪਰਨਿਆਂ 'ਤੇ
ਟੈਂਕੀਆਂ ਨਾ ਹੋਣ ਘਰ ਕਿਸੇ ਦਾ,
ਇਹ ਗੱਲ ਮਨ ਵਿੱਚ ਬਿਠਾ ਲਿਓ ਜੀ।
ਸਮਾਜਿਕ ਸਿੱਖਿਆ,ਪੰਜਾਬੀ,ਹਿੰਦੀ,
ਪੋਸਟਾਂ ਦੀ ਗਿਣਤੀ ਵਧਾ ਦਿਓ ਜੀ।
ਵਿਸ਼ਾ ਕੰਬੀਨੇਸ਼ਨ ਪੇਪਰ ਦੀ ਕਰਕੇ ਸੋਧ
ਲੈਕਚਰਾਰ ਭਰਤੀ ਕਰਵਾ ਦਿਓ ਜੀ।
ਬੈਠੇ ਜੋ ਵਾਡਰ ਕੇਡਰ ਸਕੂਲਾਂ ਵਿੱਚ,
ਉਨ੍ਹਾਂ ਦੀ ਬਦਲੀ ਨੇੜੇ ਕਰਵਾ ਦਿਓ ਜੀ।
ਜੋ ਸਭ ਨਾਲ ਨਿਆਂ ਕਰੇ,
ਗਾਲੀ ਗਲੋਚ ਤੋਂ ਪਰਹੇਜ਼ ਕਰੇ,
ਐਸਾ ਕੋਈ ਸਿਸਟਮ ਬਣਾ ਦਿਓ ਜੀ।
ਓਵਰ ਏਜ ਹੋ ਚੁੱਕੇ ਜੋ ਬੇਰੁਜ਼ਗਾਰ,
ਉਨ੍ਹਾਂ ਵੱਲ ਨਿਗ੍ਹਾਂ ਵੀ ਘੁਮਾ ਲਿਓ ਜੀ।
ਭੁੱਖਾ ਨਾ ਮਰੇ,ਨਾ ਜਾਵੇ ਕੋਈ ਵਿਦੇਸ਼,
ਐਸਾ ਜੁਗਾੜ ਕੋਈ ਲਾ ਦਿਓ ਜੀ।
ਬੱਸ ਬੇਰੁਜ਼ਗਾਰ ਦੀ ਇਹੋ ਬੇਨਤੀ ਹੈ,
ਨਵੇਂ ਮੁੱਖ ਮੰਤਰੀ ਜੀ,
ਪੰਜਾਬ ਨੂੰ ਬਚਾ ਲਿਓ ਜੀ।
ਪੰਜਾਬ ਨੂੰ ਬਚਾ ਲਿਓ ਜੀ।

ਗਗਨਦੀਪ ਕੌਰ ਧਾਲੀਵਾਲ

* * * * * * *

# ਦਿੱਲੀ ਹਿੰਸਾ 2024 ਦੇ 4 ਸਾਲ ਬਾਅਦ ਵੀ ਹਿੰਸਾ ਦਾ ਦਹਿਸ਼ਤੀ ਪਰਛਾਵਾਂ ਬਰਕਰਾਰ

**✪ ਉਮਰ ਖਾਲਿਦ, ਪੀਐਚਡੀ ਸ਼ਰਜੀਲ ਇਮਾਮ ਸਮੇਤ, ਕਈ ਝੂਠੇ ਕੇਸਾਂ ਵਿਚ ਹੁਣ ਤਕ ਜੇਲ ਵਿਚ ✪ ਪੁਲਿਸ ਵਲੋਂ ਮੁਸਲਮਾਨਾਂ ਉਪਰ ਪਾਏ ਗਏ ਝੂਠੇ ਕੇਸ ਅਦਾਲਤ ਵਲੋਂ ਕੀਤੇ ਜਾ ਚੁਕੇ ਨੇ ਰੱਦ ✪ ਅਦਾਲਤਾਂ ਦਿੱਲੀ ਪੁਲਿਸ ਨੂੰ "ਢੁਕਵੀਂ ਜਾਂਚ" ਲਈ ਲਗਾ ਚੁਕੀਆਂ ਨੇ ਫਟਕਾਰ**




ਉੱਤਰ ਪੂਰਬੀ ਦਿੱਲੀ ਵਿੱਚ ਫਿਰਕੂ ਹਿੰਸਾ ਨੂੰ 4 ਸਾਲ ਹੋ ਗਏ ਹਨ। ਹਾਲਾਂਕਿ, ਅਦਾਲਤੀ ਕੇਸ ਵਿੱਚ ਕਈ ਬਰੀ ਹੋਣ ਤੋਂ ਬਾਅਦ ਅਦਾਲਤ ਨੇ ਦਿੱਲੀ ਪੁਲਿਸ ਨੂੰ "ਢੁਕਵੀਂ ਜਾਂਚ" ਲਈ ਫਟਕਾਰ ਲਗਾਈ ਹੈ।2020 ਦੌਰਾਨ ਭਾਰਤ ਦੀ ਰਾਜਧਾਨੀ ਦੇ ਉੱਤਰ-ਪੂਰਬੀ ਹਿੱਸੇ ਫਿਰਕੂ ਹਿੰਸਾ ਨਾਲ ਪ੍ਰਭਾਵਿਤ ਹੋਏ ਸਨ। ਦਿੱਲੀ ਵਿੱਚ 23 ਤੋਂ 27 ਫਰਵਰੀ ਦਰਮਿਆਨ ਵਾਪਰੀ ਇਸ ਘਟਨਾ ਦੇ ਚਾਰ ਸਾਲ ਬਾਅਦ ਵੀ,ਇਸ ਸਾਲ ਲੋਕ ਸਭਾ ਚੋਣਾਂ ਨੇੜੇ ਆਉਂਦਿਆਂ ਅਜਿਹੀਆਂ ਖਬਰਾਂ ਆਈਆਂ ਹਨ ਕਿ ਦਿੱਲੀ ਪੁਲਿਸ ਚੋਣਾਂ ਤੋਂ ਪਹਿਲਾਂ ਹਿੰਸਾ ਹੋਣ ਦਾ ਸ਼ੱਕ ਹੈ। ਹਿੰਦੁਸਤਾਨ ਟਾਈਮਜ਼ ਅਨੁਸਾਰ ਕਿ ਪੁਲਿਸ ਨੂੰ ਇੱਕ ਸਲਾਹ ਦਿੱਤੀ ਗਈ ਹੈ ਕਿ ਉਹ ਪ੍ਰਦਰਸ਼ਨਕਾਰੀਆਂ 'ਤੇ 'ਨਿਗਾਹ' ਰੱਖਣ ਅਤੇ 2020 ਦੇ ਸੀਏਏ ਵਿਰੋਧੀ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਸ਼ਹਿਰ ਦੇ 'ਫਿਰਕੂ ਅਨਸਰਾਂ ਉਪਰ ਨਜ਼ਰ ਰਖਣ ਤੇ ਸੰਵੇਦਨਸ਼ੀਲ' ਖੇਤਰਾਂ ਵਿੱਚ ਚੌਕਸ ਰਹਿਣ।

ਹਾਲਾਂਕਿ, ਦਿੱਲੀ ਹਿੰਸਾ ਦੌਰਾਨ 50 ਤੋਂ ਵੱਧ ਲੋਕ (38 ਮੁਸਲਮਾਨ ਅਤੇ 15 ਹਿੰਦੂ) ਮਾਰੇ ਗਏ ਸਨ ਅਤੇ 700 ਜ਼ਖਮੀ ਹੋਏ ਸਨ। ਹਿੰਸਾ ਦੇ ਬਾਅਦ, ਦਿੱਲੀ ਘੱਟ ਗਿਣਤੀ ਕਮਿਸ਼ਨ ਦੁਆਰਾ ਬਣਾਈ ਗਈ ਇੱਕ ਕਮੇਟੀ ਨੇ ਕਿਹਾ ਸੀ ਕਿ ਫਰਵਰੀ 2020 ਵਿੱਚ ਅਗਲੇ ਤਿੰਨ ਦਿਨਾਂ ਵਿੱਚ, ਭੀੜ ਨੇ ਦਿੱਲੀ ਦੇ ਜ਼ਿਲ੍ਹਿਆਂ ਵਿੱਚ ਫੈਲ ਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਸੀ।

ਦ ਪ੍ਰਿੰਟ ਦੀ ਇੱਕ ਰਿਪੋਰਟ ਦੇ ਅਨੁਸਾਰ, ਹਿੰਸਾ ਦੇ ਸਬੰਧ ਵਿੱਚ ਦਰਜ 757 ਮਾਮਲਿਆਂ ਵਿੱਚ 183 ਵਿਅਕਤੀਆਂ ਨੂੰ ਅਪਰਾਧ ਮੁਕਤ ਕਰ ਦਿੱਤਾ ਗਿਆ ਸੀ, ਅਤੇ 75 ਨੂੰ ਬਰੀ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਕਈ ਮੋੜ ਦੇਖਣ ਨੂੰ ਮਿਲੇ ਹਨ। ਨਵੰਬਰ 2023 ਵਿੱਚ, ਇੱਕ ਅਦਾਲਤ ਨੇ 7 ਲੋਕਾਂ ਨੂੰ ਬਰੀ ਕਰ ਦਿੱਤਾ ਸੀ ਕਿਉਂਕਿ ਇਸਤਗਾਸਾ ਪੱਖ ਕਥਿਤ ਤੌਰ 'ਤੇ ਇਹ ਸਾਬਤ ਕਰਨ ਵਿੱਚ ਅਸਫਲ ਰਿਹਾ ਕਿ ਇਹ ਲੋਕ ਹਿੰਸਕ ਭੀੜ ਦਾ ਹਿੱਸਾ ਸਨ। ਵੀਡੀਓ ਰਿਕਾਰਡਿੰਗ ਦੇ ਸਬੂਤ ਹੋਣ ਦੇ ਬਾਵਜੂਦ, ਅਦਾਲਤ ਅਨੁਸਾਰ ਵੀਡੀਓ ਰਿਕਾਰਡਿੰਗ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਗਿਆ ਕਿਉਂਕਿ ਇਸ ਵਿਚ ਛੇੜਛਾੜ ਹੋਈ ਸੀ। ਇੱਕ ਹੋਰ ਘਟਨਾ ਵਿੱਚ, ਇੱਕ ਅਦਾਲਤ ਨੇ ਦਿੱਲੀ ਪੁਲਿਸ ਦੀ ਜਾਂਚ ਨੂੰ ਨਕਾਰਿਆ ਤੇ ਝੂਠਾ ਦਸਿਆ।

ਇਸੇ ਤਰ੍ਹਾਂ, ਜੂਨ 2023 ਵਿੱਚ, ਦ ਹਿੰਦੂ ਨੇ ਰਿਪੋਰਟ ਦਿੱਤੀ ਕਿ ਕੜਕੜਡੂਮਾ ਅਦਾਲਤ ਨੇ 2020 ਦੇ ਦਿੱਲੀ ਦੰਗਿਆਂ ਨਾਲ ਸਬੰਧਤ ਦੋ ਵੱਖ-ਵੱਖ ਮਾਮਲਿਆਂ ਵਿੱਚ ਸਬੂਤਾਂ ਦੀ ਘਾਟ ਕਾਰਨ ਨੌਂ ਦਿਨਾਂ ਦੇ ਅੰਦਰ ਚਾਰ ਮੁਸਲਿਮ ਆਦਮੀਆਂ ਨੂੰ ਬਰੀ ਕਰ ਦਿੱਤਾ ਸੀ। ਦਿ ਹਿੰਦੂ ਦੇ ਅਨੁਸਾਰ, ਅਕਤੂਬਰ 2023 ਵਿੱਚ, ਅਦਾਲਤ ਨੇ ਇੱਕ ਵਾਰ ਫਿਰ ਪੁਲਿਸ ਕਮਿਸ਼ਨਰ ਨੂੰ ਚਾਰਜਸ਼ੀਟ ਦਾ ਖਰੜਾ ਤਿਆਰ ਕਰਨ ਵਾਲੇ ਜਾਂਚ ਅਧਿਕਾਰੀ (ਆਈਓ) ਦੇ ਵਿਵਹਾਰ ਦੀ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਜੱਜ ਪੁਲਸਤਿਆ ਪ੍ਰਮਾਚਲਾ ਨੇ ਕਿਹਾ ਸੀ ਕਿ ਪਿਛਲੇ ਆਈਓ ਨੇ ਇਸ ਅਦਾਲਤ ਨੂੰ ਸੁਣੀਆਂ-ਸੁਣਾਈਆਂ ਗਲਾਂ ਦੇ ਆਧਾਰ 'ਤੇ ਜਾਂਚ ਰਿਪੋਰਟ ਪੇਸ਼ ਕਰਕੇ ਅਦਾਲਤ ਦਾ ਸਮਾਂ ਬਰਬਾਦ ਕੀਤਾ ਹੈ।"

ਦਿ ਵਾਇਰ ਦੀ 2020 ਦੀ ਇਕ ਰਿਪੋਰਟ ਅਨੁਸਾਰ ਦਿੱਲੀ ਪੁਲਿਸ ਨੇ ਆਪਣੇ ਦਾਅਵੇ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਦਿੱਲੀ ਦੰਗੇ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਪ੍ਰਦਰਸ਼ਨਕਾਰੀਆਂ ਦੁਆਰਾ ਰਚੀ ਗਈ ਇੱਕ ਸਾਜ਼ਿਸ਼ ਸੀ। ਦਿੱਲੀ ਪੁਲਿਸ ਨੇ ਕਥਿਤ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਜਯਤੀ ਘੋਸ਼, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਬੁੱਧੀਜੀਵੀ ਅਪੂਰਵਾਨੰਦ ਦੇ ਨਾਲ-ਨਾਲ ਕਈ ਪ੍ਰਮੁੱਖ ਹਸਤੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਸੀ।

ਇਸ ਤੋਂ ਇਲਾਵਾ, 2023 ਵਿੱਚ ਇਸ ਮਾਮਲੇ ਬਾਰੇ ਇੰਡੀਆ ਟੂਡੇ ਦੀ ਇੱਕ ਰਿਪੋਰਟ ਦੇ ਅਨੁਸਾਰ, ਬੰਗਲੁਰੂ ਵਿੱਚ ਇੱਕ ਜਨਤਕ ਸਮਾਗਮ ਵਿੱਚ ਬੋਲਦਿਆਂ, ਉੜੀਸਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਐਸ. ਮੁਰਲੀਧਰ ਨੇ ਕਿਹਾ ਕਿ ਉਹ ਦਿੱਲੀ ਦੰਗਿਆਂ ਦੇ ਮਾਮਲੇ ਵਿਚ ਆਪਣੇ ਫੈਸਲੇ 'ਤੇ ਕੇਂਦਰ ਸਰਕਾਰ ਦੀ ਪ੍ਰਤੀਕਿਰਿਆ ਨੂੰ ਲੈ ਕੇ ਉਲਝਣ ਵਿਚ ਹਨ। ਫਰਵਰੀ 2020 ਵਿੱਚ, ਜਸਟਿਸ ਮੁਰਲੀਧਰ ਨੇ ਦਿੱਲੀ ਦੰਗਿਆਂ ਦੌਰਾਨ ਪੁਲਿਸ ਦੀ ਅਣਗਹਿਲੀ ਬਾਰੇ ਪਟੀਸ਼ਨਾਂ ਨੂੰ ਸੰਬੋਧਿਤ ਕਰਨ ਵਾਲੀਆਂ ਤਿੰਨ ਜ਼ਰੂਰੀ ਮਸਲਿਆਂ ਉਪਰ ਸੁਣਵਾਈ ਕੀਤੀ ਅਤੇ ਅੱਧੀ ਰਾਤ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਐਮਰਜੈਂਸੀ ਸੁਣਵਾਈ ਕਰਨ ਤੋਂ ਬਾਅਦ ਦਿੱਲੀ ਪੁਲਿਸ ਨੂੰ ਦੰਗਿਆਂ ਨੂੰ ਰੋਕਣ, ਪੀੜਤਾਂ ਦੀ ਸੁਰੱਖਿਆ ਕਰਨ ਦੇ ਆਦੇਸ਼ ਜਾਰੀ ਕੀਤੇ ਸਨ।ਇਸ ਤੋਂ ਇਲਾਵਾ, ਉਸਨੇ ਸਰਕਾਰ ਨੂੰ ਦੰਗਿਆਂ ਕਾਰਨ ਬੇਘਰ ਹੋਏ ਲੋਕਾਂ ਲਈ ਅਸਥਾਈ ਪਨਾਹ, ਇਲਾਜ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਸਨ। ਹਾਲਾਂਕਿ, ਇਹ ਇਸ ਮਾਮਲੇ ਵਿੱਚ ਉਸਦਾ ਅੰਤਿਮ ਫੈਸਲਾ ਸਾਬਤ ਹੋਇਆ। ਇਸ ਆਦੇਸ਼ ਤੋਂ ਤੁਰੰਤ ਬਾਅਦ, ਸਰਕਾਰ ਨੇ ਜਸਟਿਸ ਮੁਰਲੀਧਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਤਬਦੀਲ ਕਰ ਦਿੱਤਾ। ਫਰੰਟਲਾਈਨ ਮੈਗਜ਼ੀਨ ਦੀ ਰਿਪੋਰਟ ਮੁਤਾਬਕ ਸਰਕਾਰ ਨੇ 53 ਲੋਕਾਂ ਦੀ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਹੈ ਪਰ ਲੋਕ ਅਜੇ ਵੀ ਹਿੰਸਾ ਦੇ ਪਰਛਾਵੇਂ ਹੇਠ ਰਹਿ ਰਹੇ ਹਨ।

ਹਿੰਸਾ ਦੇ ਸਬੰਧ ਵਿੱਚ ਕਈ ਕਾਰਕੁਨਾਂ ਅਤੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਮੁਲਜ਼ਮਾਂ 'ਤੇ ਭਾਰਤੀ ਦੰਡਾਵਲੀ (ਆਈਪੀਸੀ), 1860 ਅਤੇ ਅਕਸਰ ਸਖ਼ਤ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ), 1967 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਲਾਏ ਗਏ ਸਨ। ਫਿਲਹਾਲ ਇਨ੍ਹਾਂ ਵਿਚੋਂ 6 ਨੂੰ ਜ਼ਮਾਨਤ ਮਿਲ ਚੁੱਕੀ ਹੈ, ਜਦਕਿ ਬਾਕੀ ਜੇਲ ਦੀ ਸਜ਼ਾ ਕੱਟ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮੂਲ ਰੂਪ ਵਿੱਚ ਜੇਲ੍ਹ ਵਿੱਚ ਬੰਦ ਲੋਕਾਂ ਨੂੰ ਜ਼ਮਾਨਤ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਮੋਬਾਈਲ ਸੇਲਜ਼ਮੈਨ ਮੁਹੰਮਦ ਫੈਜ਼ਾਨ ਖਾਨ ਸ਼ਾਮਲ ਹਨ, ਜਿਸ ਨੂੰ ਚਾਰ ਮਹੀਨਿਆਂ ਬਾਅਦ ਜ਼ਮਾਨਤ ਦਿੱਤੀ ਗਈ ਸੀ ਅਤੇ ਜਾਮੀਆ ਮਿਲੀਆ ਇਸਲਾਮੀਆ ਦੀ ਵਿਦਿਆਰਥੀ ਕਾਰਕੁਨ ਸਫੂਰਾ ਜ਼ਰਗਰ ਨੂੰ ਛੇ ਮਹੀਨਿਆਂ ਬਾਅਦ ਗਰਭ ਅਵਸਥਾ ਕਾਰਨ ਜ਼ਮਾਨਤ ਦਿੱਤੀ ਗਈ ਸੀ। ਸਾਬਕਾ ਕਾਂਗਰਸੀ ਕੌਂਸਲਰ ਅਤੇ ਵਕੀਲ ਇਸ਼ਰਤ ਜਹਾਂ ਨੂੰ ਵੀ ਸੈਸ਼ਨ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ। ਜੂਨ 2021 ਵਿੱਚ, ਦਿੱਲੀ ਹਾਈ ਕੋਰਟ ਨੇ ਸਬੂਤਾਂ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਕਾਰਕੁੰਨਾਂ ਦੇਵੰਗਨਾ ਕਲੀਤਾ, ਨਤਾਸ਼ਾ ਨਰਵਾਲ ਅਤੇ ਆਸਿਫ਼ ਇਕਬਾਲ ਤਨਹਾ ਨੂੰ ਜ਼ਮਾਨਤ ਦੇ ਦਿੱਤੀ ਸੀ। ਆਸਿਫ਼ ਤਨਹਾ ਦੇ ਕੇਸ ਵਿੱਚ ਫੈਸਲਾ ਇੱਕ ਇਤਿਹਾਸਕ ਫੈਸਲਾ ਸੀ, ਜਿਸ ਵਿੱਚ ਯੂਏਪੀਏ ਦੇ ਤਹਿਤ "ਅਪਰਾਧਾਂ" ਦੀ ਜਾਂਚ ਕੀਤੀ ਗਈ ਸੀ।

ਇਸ ਕੇਸ ਵਿੱਚ ਅੰਡਰ ਟਰਾਇਲ ਵਜੋਂ ਜੇਲ੍ਹ ਵਿੱਚ ਬੰਦ ਕੁਝ ਨਾਵਾਂ ਵਿੱਚ ਦਿੱਲੀ ਸਥਿਤ ਯੂਨਾਈਟਿਡ ਅਗੇਂਸਟ ਹੇਟ ਸੰਗਠਨ ਦਾ ਮੈਂਬਰ ਖਾਲਿਦ ਸੈਫੀ (42), ਵਿਦਿਆਰਥੀ ਆਗੂ ਅਤੇ ਕਾਰਕੁਨ ਉਮਰ ਖਾਲਿਦ, ਪੀਐਚਡੀ ਸ਼ਰਜੀਲ ਇਮਾਮ, ਬਿਹਾਰ ਤੋਂ ਸਕਾਲਰ, ਰਾਸ਼ਟਰੀ ਜਨਤਾ ਦਲ ਯੂਥ ਵਿਦਿਆਰਥੀ ਵਿੰਗ ਨਾਲ ਜੁੜੇ ਵਿਦਿਆਰਥੀ ਨੇਤਾ ਮੀਰਾਨ ਹੈਦਰ ਤੇ ਵਿਦਿਆਰਥੀ ਕਾਰਕੁਨ ਗੁਲਫੀਸ਼ਾ ਫਾਤਿਮਾ, ਸਿੱਖਿਆ ਸਲਾਹਕਾਰ ਤਸਲੀਮ ਅਹਿਮਦ ਅਤੇ ਦਿੱਲੀ ਸਥਿਤ ਟੈਲੀਕਾਮ ਕੰਪਨੀ ਦੇ ਸਾਬਕਾ ਕਰਮਚਾਰੀ ਅਤਹਰ ਖਾਨ ਵੀ ਸ਼ਾਮਲ ਹਨ।

ਹਿਊਮਨ ਰਾਈਟਸ ਵਾਚ ਦੀ ਦੱਖਣੀ ਏਸ਼ੀਆ ਦੀ ਡਾਇਰੈਕਟਰ ਮੀਨਾਕਸ਼ੀ ਗਾਂਗੁਲੀ ਨੇ ਇਸ ਮਾਮਲੇ ਦੇ ਸਬੰਧ ਵਿੱਚ ਕਿਹਾ, "ਭਾਰਤੀ ਅਧਿਕਾਰੀ ਨਿਰਪੱਖ ਤੌਰ 'ਤੇ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਨ ਦੀ ਬਜਾਏ ਮਨੁੱਖੀ ਅਧਿਕਾਰ ਸੰਗਠਨਾਂ ਦੇ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਹਨਾਂ ਨੇ ਮੀਡੀਆ ਵਿਚ ਰਿਪੋਟ ਪੇਸ਼ ਕੀਤੀ ਕਿ ਭਾਜਪਾ ਨੇਤਾਵਾਂ ਨੇ ਹਿੰਸਾ ਭੜਕਾਈ ਅਤੇ ਪੁਲਿਸ ਅਧਿਕਾਰੀ ਹਮਲਿਆਂ ਵਿਚ ਸ਼ਾਮਲ ਸਨ।"

2022 ਵਿੱਚ ਇੱਕ ਇਕੱਠ ਦੌਰਾਨ, ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਵਿਸ਼ੇਸ਼ ਪ੍ਰਤੀਨਿਧ, ਮੈਰੀ ਲਾਲਰ ਨੇ ਵੀ ਗ੍ਰਿਫਤਾਰੀਆਂ 'ਤੇ ਚਿੰਤਾ ਜ਼ਾਹਰ ਕੀਤੀ, ਅਤੇ ਕਿਹਾ ਕਿ ਭਾਰਤ ਸਰਕਾਰ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ), ਯੂ.ਏ.ਪੀ.ਏ ਐਕਟ ਦੇ ਤਹਿਤ ਦੋਸ਼ ਲਗਾ ਕੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨੂੰ ਨਿਸ਼ਾਨਾ ਬਣਾਇਆ ਹੈ ਤੇ ਅਪਰਾਧੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਐਮਨੈਸਟੀ ਇੰਟਰਨੈਸ਼ਨਲ ਦੇ ਅਨੁਸਾਰ, ਸਰਕਾਰ ਦੁਆਰਾ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਦੀ ਵਰਤੋਂ ਅਕਸਰ ਸਰਕਾਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਅਤੇ ਅਸਹਿਮਤੀ ਨੂੰ ਦਬਾਉਣ ਲਈ ਇੱਕ ਸਾਧਨ ਵਜੋਂ ਕੀਤੀ ਜਾਂਦੀ ਹੈ।

# ਇੰਡੀਆ' ਵਿਚ ਤਰੇੜਾਂ ਉੱਭਰੀਆਂ, ਬੰਗਾਲ ਵਿਚ ਮਮਤਾ ਬੈਨਰਜੀ ਕਾਂਗਰਸ ਲਈ ਬਣੀ ਸਿਰਦਰਦੀ

**ਨਿਊਜ਼ ਵਿਸ਼ਲੇਸ਼ਣ**

**✪ ਸੱਤਾਧਾਰੀ ਟੀਐੱਮਸੀ ਵਲੋਂ ਚੋਣਾਂ ਇਕੱਲੇ ਤੌਰ 'ਤੇ ਲੜਨ ਦਾ ਫ਼ੈਸਲਾ ✪ ਆਪ ਪਾਰਟੀ ਵੀ ਬਣੀ ਇੰਡੀਆ ਗਠਜੋੜ ਵਿਚ ਅੜਿਕਾ ✪ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਿਆਰ ਕਰਨ ਵਿਚ ਅਸਫਲ ਇੰਡੀਆ ਗਠਜੋੜ**

'ਇੰਡੀਆ' ਗੱਠਜੋੜ ਦੀ ਅਹਿਮ ਧਿਰ ਗਿਣੀ ਜਾਣ ਵਾਲੀ, ਪੱਛਮੀ ਬੰਗਾਲ ਵਿਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਨੇ ਲੋਕ ਸਭਾ ਚੋਣਾਂ ਇਕੱਲੇ ਤੌਰ 'ਤੇ ਲੜਨ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਇੰਡੀਆ ਗੱਠਜੋੜ ਵਿਚ ਤਰੇੜਾਂ ਉਭਰ ਆਈਆਂ ਹਨ। ਯਾਦ ਰਹੇ ਕਿ ਕਦੀ ਇਕੱਠੀਆਂ ਹੋਈਆਂ 28 ਪਾਰਟੀਆਂ ਦਾ ਸ਼ਿਰਾਜ਼ਾ ਬਿਖ਼ਰ ਰਿਹਾ ਹੈ। ਇਸ ਤੋਂ ਪਹਿਲਾਂ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਵਲੋਂ ਭਾਜਪਾ ਨਾਲ ਰਲਣ ਦੇ ਐਲਾਨ ਕਰਕੇ ਗੱਠਜੋੜ ਨੂੰ ਨੁਕਸਾਨ ਪਹੁੰਚਾਇਆ ਸੀ। ਕੇਰਲ ਵਿਚ ਮਾਰਕਸੀ ਪਾਰਟੀ ਦੀ ਅਗਵਾਈ ਵਾਲੀ ਹਕੂਮਤ ਹੈ, ਉਸ ਨੇ ਉੱਥੇ ਕਾਂਗਰਸ ਨਾਲ ਸੀਟਾਂ ਦੇ ਲੈਣ-ਦੇਣ ਸੰਬੰਧੀ ਸਪੱਸ਼ਟ ਇਨਕਾਰ ਕਰ ਦਿੱਤਾ ਹੈ। ਉੱਤਰ ਪ੍ਰਦੇਸ਼ ਵਿਚ ਵੀ ਚਾਹੇ ਕਾਂਗਰਸ ਦੀ ਸਮਾਜਵਾਦੀ ਪਾਰਟੀ ਨਾਲ ਸੀਟਾਂ ਦੀ ਵੰਡ ਬਾਰੇ ਗੱਲਬਾਤ ਚੱਲ ਰਹੀ ਹੈ, ਪਰ ਜਿਸ ਤਰ੍ਹਾਂ ਇਨ੍ਹਾਂ ਦੋਹਾਂ ਪਾਰਟੀਆਂ ਦੇ ਆਗੂਆਂ ਦਾ ਇਕ-ਦੂਸਰੇ ਨਾਲ ਤਕਰਾਰ ਚਲਦਾ ਰਿਹਾ ਹੈ, ਉਸ ਕਾਰਨ ਇਸ ਸੰਬੰਧੀ ਅਜੇ ਵੀ ਅਨਿਸਚਿਤਤਾ ਬਣੀ ਹੋਈ ਹੈ। ਪੰਜਾਬ ਦੇ ਕਾਂਗਰਸ ਆਗੂਆਂ ਨੇ ਆਪ ਪਾਰਟੀ ਨਾਲ ਰਲ ਕੇ ਚੋਣਾਂ ਲੜਨ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ ਹੈ। ਚਾਹੇ ਕੇਂਦਰ ਵਿਚ ਕਾਂਗਰਸ ਹਾਈਕਮਾਨ ਇਹ ਚਾਹੁੰਦੀ ਸੀ ਕਿ ਸੂਬੇ ਵਿਚ ਇਨ੍ਹਾਂ ਦੋਹਾਂ ਪਾਰਟੀਆਂ ਦਾ ਆਪਸੀ ਗੱਠਜੋੜ ਹੋ ਜਾਏ, ਪਰ ਸੂਬੇ ਵਿਚ ਜਿਸ ਤਰ੍ਹਾਂ ਦਾ ਮਾਹੌਲ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਰਜ ਦਿੱਤਾ ਹੈ, ਉਸ ਹਾਲਾਤ ਵਿਚ ਕਾਂਗਰਸੀ ਆਗੂ ਉਸ ਦੇ ਨੇੜੇ ਢੁਕਣ ਲਈ ਵੀ ਤਿਆਰ ਨਹੀਂ ਹਨ।

## ਤ੍ਰਿਣਮੂਲ ਅਤੇ ਕਾਂਗਰਸ ਵਿਚਾਲੇ ਗਲਬਾਤ ਕਿਉਂ ਨਾ ਸਿਰੇ ਚੜੀ

ਤ੍ਰਿਣਮੂਲ ਅਤੇ ਕਾਂਗਰਸ ਵਿਚਾਲੇ ਸੀਟਾਂ ਦੀ ਵੰਡ ਸਿਰੇ ਨਾ ਚੜ੍ਹਨ ਕਰ ਕੇ ਵਿਰੋਧੀ ਧਿਰ ਦੇ ਸਾਂਝੇ ਗੱਠਜੋੜ 'ਇੰਡੀਆ' ਵਿਚ ਤਰੇੜਾਂ ਉੱਭਰ ਕੇ ਸਾਹਮਣੇ ਆ ਗਈਆਂ ਹਨ। ਮੁੱਖ ਮੰਤਰੀ ਅਤੇ ਪਾਰਟੀ ਸੁਪਰੀਮੋ ਮਮਤਾ ਬੈਨਰਜੀ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਆਪਣੇ ਸੂਬੇ ਅੰਦਰ ਨਾ ਕੇਵਲ ਭਾਜਪਾ ਸਗੋਂ ਕਾਂਗਰਸ ਅਤੇ ਸੀਪੀਐੱਮ ਦਾ ਵੀ ਟਾਕਰਾ ਕਰੇਗੀ। ਇਸ ਐਲਾਨ ਨਾਲ 'ਇੰਡੀਆ' ਗੱਠਜੋੜ ਲਈ ਕਸੂਤੀ ਸਥਿਤੀ ਪੈਦਾ ਹੋ ਸਕਦੀ ਹੈ। ਉਧਰ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਆਖਿਆ ਹੈ ਕਿ ਉਨ੍ਹਾਂ ਦੇ ਦੁਆਰ ਹਰ ਵਕਤ ਖੁੱਲ੍ਹੇ ਹਨ ਅਤੇ ਉਮੀਦਵਾਰਾਂ ਦੇ ਨਾਂ ਵਾਪਸ ਲੈਣ ਤੱਕ ਕਦੇ ਵੀ ਸਮਝੌਤਾ ਹੋ ਸਕਦਾ ਹੈ। ਦੂਜੇ ਪਾਸੇ, ਕਾਂਗਰਸ ਦੇ ਸੂਬਾਈ ਪ੍ਰਧਾਨ ਅਧੀਰ ਰੰਜਨ ਚੌਧਰੀ ਨੇ ਦਾਅਵਾ ਕੀਤਾ ਹੈ ਕਿ ਬੀਬੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਾਰਾਜ਼ਗੀ ਮੁੱਲ ਲੈਣ ਦੇ ਡਰੋਂ ਆਪਣੇ ਆਪ ਨੂੰ 'ਇੰਡੀਆ' ਗੱਠਜੋੜ ਨਾਲੋਂ ਦੂਰ ਕਰ ਲਿਆ ਹੈ।



ਪੱਛਮੀ ਬੰਗਾਲ ਵਿਚ 2019 ਦੀਆਂ ਲੋਕ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੇ 42 ਵਿਚੋਂ 22 ਸੀਟਾਂ ਜਿੱਤੀਆਂ ਸਨ ਅਤੇ ਭਾਜਪਾ ਨੇ 18 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ। ਕਾਂਗਰਸ ਨੂੰ ਸਿਰਫ ਦੋ ਸੀਟਾਂ ਹੀ ਮਿਲ ਸਕੀਆਂ ਸਨ। ਇਸ ਵਾਰ ਕਾਂਗਰਸ ਜ਼ਿਆਦਾ ਸੀਟਾਂ ਹਾਸਿਲ ਕਰਨਾ ਚਾਹੁੰਦੀ ਸੀ ਪਰ ਤ੍ਰਿਣਮੂਲ ਕਾਂਗਰਸ ਉਸ ਨੂੰ ਜ਼ਿਆਦਾ ਸੀਟਾਂ ਦੇਣ ਦੇ ਰੌਅ ਵਿਚ ਨਹੀਂ ਸੀ ਜਿਸ ਕਰ ਕੇ ਸੀਟਾਂ ਦੀ ਵੰਡ ਦਾ ਸਮਝੌਤਾ ਸਿਰੇ ਨਾ ਚੜ੍ਹ ਸਕਿਆ। ਪਿਛਲੇ ਸਾਲ ਸਾਗਰਡਿਗੀ ਸੀਟ ਲਈ ਹੋਈ ਜ਼ਿਮਨੀ ਚੋਣ ਵਿਚ ਸੀਪੀਐੱਮ ਦੀ ਹਮਾਇਤ ਨਾਲ ਕਾਂਗਰਸ ਦੇ ਉਮੀਦਵਾਰ ਬਾਇਰਨ ਬਿਸਵਾਸ ਨੇ ਤ੍ਰਿਣਮੂਲ ਕਾਂਗਰਸ ਦੇ ਦੇਬਾਸ਼ੀਸ਼ ਬੈਨਰਜੀ ਨੂੰ ਮਾਤ ਦੇ ਕੇ ਵੱਡੀ ਜਿੱਤ ਦਰਜ ਕੀਤੀ ਸੀ। ਚੋਣ ਜਿੱਤਣ ਤੋਂ ਬਾਅਦ ਬਿਸਵਾਸ ਪਾਲ਼ਾ ਬਦਲ ਕੇ ਤ੍ਰਿਣਮੂਲ ਵਿਚ ਸ਼ਾਮਿਲ ਹੋ ਗਏ ਜਿਸ 'ਤੇ ਕਾਂਗਰਸ ਆਗੂਆਂ ਨੇ ਕਾਫ਼ੀ ਨਾਰਾਜ਼ਗੀ ਦਿਖਾਈ ਸੀ।

ਸੂਬੇ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੂੰ ਪਹਿਲਾਂ ਹੀ ਸੰਦੇਸ਼ਖਲੀ ਦੇ ਰੇੜਕੇ ਕਰ ਕੇ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਲਈ ਆਪਣੇ ਦਮ 'ਤੇ ਭਾਜਪਾ ਦੇ ਹਮਲੇ ਦਾ ਸਾਹਮਣਾ ਕਰਨਾ ਔਖਾ ਹੋ ਰਿਹਾ ਹੈ। ਦੇਸ਼ ਦੇ ਕੁਝ ਸੂਬੇ ਅਜਿਹੇ ਹਨ ਜਿੱਥੋਂ ਦੇ ਸਿਆਸੀ ਹਾਲਾਤ ਆਮ ਨਾਲੋਂ ਬਹੁਤ ਜ਼ਿਆਦਾ ਜਟਿਲ ਹਨ ਅਤੇ ਵਿਰੋਧੀ ਧਿਰ ਵਿਚ ਸ਼ਾਮਿਲ ਧਿਰਾਂ ਲਈ ਜ਼ਮੀਨੀ ਪੱਧਰ 'ਤੇ ਚੋਣ ਸਮਝੌਤੇ ਨੂੰ ਸਿਰੇ ਚੜ੍ਹਾਉਣਾ ਕਾਫ਼ੀ ਚੁਣੌਤੀਪੂਰਨ ਕਾਰਜ ਹੈ। ਪੱਛਮੀ ਬੰਗਾਲ ਅਜਿਹਾ ਹੀ ਸੂਬਾ ਹੈ ਜਿੱਥੇ ਕਾਂਗਰਸ ਵਲੋਂ ਜ਼ਿਆਦਾ ਸੀਟਾਂ ਦੀ ਮੰਗ ਕਰਨ ਨਾਲ ਮਾਮਲਾ ਵਿਗੜ ਗਿਆ।

## ਕਾਂਗਰਸ ਅਤੇ 'ਆਪ' ਕਿਵੇਂ ਚੋਣਾਂ ਲੜਨਗੇ ?

ਉਂਜ ਵਿਰੋਧਾਭਾਸ ਤਾਂ ਕਾਂਗਰਸ ਅਤੇ ਖੱਬੇਪੱਖੀ ਮੋਰਚੇ ਦੀ ਸਿਆਸਤ ਵਿਚ ਵੀ ਬਹੁਤ ਵੱਡਾ ਹੈ। ਦੋਵੇਂ ਪਾਰਟੀਆਂ ਕੇਰਲ ਵਿਚ ਇਕ-ਦੂਜੇ ਦੇ ਖ਼ਿਲਾਫ਼ ਲੜਨਗੀਆਂ, ਜਦੋਂ ਕਿ ਦੇਸ਼ ਦੇ ਬਾਕੀ ਹਿੱਸਿਆਂ 'ਚ ਉਨ੍ਹਾਂ ਦੇ ਇਕੱਠਿਆਂ ਲੜਨ ਦੀ ਤਿਆਰੀ ਹੈ। ਪਰ ਉੱਥੋਂ ਦਾ ਵਿਰੋਧਾਭਾਸ ਜ਼ਿਆਦਾ ਨਹੀਂ ਦਿਖਾਈ ਦੇਵੇਗਾ, ਕਿਉਂਕਿ ਕੇਰਲ 'ਚ ਉੱਤਰ ਜਾਂ ਪੂਰਬੀ ਭਾਰਤ ਦੇ ਬਾਕੀ ਰਾਜਾਂ 'ਚ ਭੂਗੋਲਿਕ ਦੂਰੀ ਬਹੁਤ ਹੈ। ਪਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਪੰਜਾਬ 'ਚ ਤਾਂ ਇਕ-ਦੂਜੇ ਨੂੰ ਚੋਰ-ਬੇਈਮਾਨ ਠਹਿਰਾ ਰਹੇ ਹਨ, ਜਦੋਂ ਕਿ ਪੰਜਾਬ ਨਾਲ ਲਗਦੇ ਹਰਿਆਣਾ ਤੇ ਦਿੱਲੀ ਵਿਚ ਦੋਵੇਂ ਪਾਰਟੀਆਂ ਇਕੱਠਿਆਂ ਚੋਣਾਂ ਲੜ ਰਹੀਆਂ ਹਨ। ਅਜਿਹੇ ਵਿਚ ਦੋਵਾਂ ਪਾਰਟੀਆਂ ਦਾ ਪ੍ਰਚਾਰ ਕਿਵੇਂ ਹੋਵੇਗਾ ਅਤੇ ਉਹ ਕਿਵੇਂ ਆਮ ਲੋਕਾਂ ਵਿਚ ਕੋਈ ਰਾਜਨੀਤਕ ਸੰਦੇਸ਼ ਪਹੁੰਚਾ ਸਕਣਗੀਆਂ ?

ਜ਼ਿਕਰਯੋਗ ਹੈ ਕਿ ਦੋਵੇਂ ਪਾਰਟੀਆਂ ਨੇ ਸਾਂਝੀ ਸਹਿਮਤੀ ਨਾਲ ਪੰਜਾਬ 'ਵਿਚ ਵੱਖ-ਵੱਖ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ, ਜਦੋਂ ਕਿ ਹਰਿਆਣਾ 'ਚ ਕਾਂਗਰਸ ਨੇ ਆਪ ਪਾਰਟੀ ਲਈ ਕੁਰੂਕਸ਼ੇਤਰ ਦੀ ਸੀਟ ਛੱਡੀ ਹੈ। ਦਿੱਲੀ ਦੀਆਂ ਸੱਤ ਸੀਟਾਂ 'ਵਿਚੋਂ ਚਾਰ 'ਤੇ ਆਮ ਆਦਮੀ ਪਾਰਟੀ ਅਤੇ ਤਿੰਨ 'ਤੇ ਕਾਂਗਰਸ ਨੇ ਲੜਨਾ ਹੈ। ਸੋ, ਹਰਿਆਣਾ ਅਤੇ ਦਿੱਲੀ 'ਚ ਦੋਵੇਂ ਪਾਰਟੀਆਂ ਦੇ ਨੇਤਾ ਸਾਂਝਾ ਪ੍ਰਚਾਰ ਕਰਨਗੇ ਪਰ ਗੁਆਂਢੀ ਸੂਬੇ ਪੰਜਾਬ ਵਿਚ ਦੋਵੇਂ ਇਕ-ਦੂਜੇ 'ਤੇ ਹਮਲੇ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਕਾਂਗਰਸ ਦੇ ਵੱਡੇ ਨੇਤਾਵਾਂ ਪ੍ਰਤਾਪ ਸਿੰਘ ਬਾਜਵਾ ਅਤੇ ਨਵਜੋਤ ਸਿੰਘ ਸਿੱਧੂ ਨੂੰ ਨਿਸ਼ਾਨਾ ਬਣਾਇਆ ਸੀ। ਕਾਂਗਰਸ ਨੇਤਾ ਰਾਜ ਸਰਕਾਰ 'ਤੇ ਭ੍ਰਿਸ਼ਟਾਚਾਰ ਅਤੇ ਵਾਅਦਾ ਖ਼ਿਲਾਫ਼ੀ ਦੇ ਦੋਸ਼ ਲਗਾ ਰਹੇ ਹਨ। ਸਵਾਲ ਹੈ ਕਿ ਪੰਜਾਬ 'ਵਿਚ ਦੋਵੇਂ ਪਾਰਟੀਆਂ ਕਿਵੇਂ ਲੋਕਾਂ ਨੂੰ ਭਰੋਸਾ ਦਿਵਾ ਸਕਣਗੀਆਂ ਕਿ ਉਹ ਇਕ-ਦੂਜੇ ਦੀਆਂ ਵਿਰੋਧੀ ਹਨ ਅਤੇ ਹਰਿਆਣਾ ਤੇ ਦਿੱਲੀ 'ਚ ਕਿਵੇਂ ਯਕੀਨ ਦਿਵਾਉਣਗੀਆਂ ਕਿ ਉਹ ਇਕ-ਦੂਜੇ ਦੇ ਨਾਲ ਹਨ ?


ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ ਤੇ ਹੋਰ ਆਗੂਆਂ ਨੂੰ ਇੰਡੀਆ ਦੇ ਲੀਡਰ ਵਜੋਂ ਰਾਹੁਲ ਗਾਂਧੀ ਮਨਜ਼ੂਰ ਨਹੀਂ। ਸਹੀ ਹੋਵੇ ਭਾਵੇਂ ਗ਼ਲਤ ਪਰ ਉਹ ਆਪਣੇ ਆਪ ਨੂੰ ਕਾਂਗਰਸ ਦੇ ਬਰਾਬਰ ਮੰਨਦੇ ਹਨ। ਇਨ੍ਹਾਂ ਪਾਰਟੀਆਂ ਨੂੰ ਕਿਸੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਸੰਬੰਧੀ ਵੀ ਫ਼ੈਸਲਾ ਕਰਕੇ ਉਸ ਨੂੰ ਨਸ਼ਰ ਕਰਨਾ ਚਾਹੀਦਾ ਸੀ, ਪਰ ਨਾ ਤਾਂ ਸਮੇਂ ਸਿਰ ਸੀਟਾਂ ਦੀ ਹੀ ਵੰਡ ਹੋ ਸਕੀ ਹੈ ਅਤੇ ਨਾ ਹੀ ਕੋਈ ਸਾਂਝਾ ਪ੍ਰੋਗਰਾਮ ਹੀ ਸਾਹਮਣੇ ਆਇਆ ਹੈ। ਇਸ ਤਰ੍ਹਾਂ ਹਰ ਪਾਰਟੀ ਨੇ ਆਪੋ-ਆਪਣੀ ਡੱਫਲੀ ਵਜਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਲਈ ਜਦੋਂ ਤੱਕ ਸੰਤੁਲਿਤ ਸਮੀਕਰਨਾਂ ਦੀ ਨੀਂਹ ਨਹੀਂ ਰੱਖ ਲਈ ਜਾਂਦੀ, ਉਦੋਂ ਤੱਕ ਇਸ ਤਜਰਬੇ ਦਾ ਨਾਕਾਮ ਹੋਣਾ ਤੈਅ ਹੈ। ਇੰਡੀਆ' ਦੇ ਚੇਅਰਪਰਸਨ ਵਜੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਔਖੀ ਘੜੀ ਵਿਚ ਗੱਠਜੋੜ ਦੇ ਭਾਈਵਾਲਾਂ ਤੱਕ ਪਹੁੰਚ ਕੀਤੀ ਹੈ।

ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਪੈਰੋਕਾਰ ਵਜੋਂ ਹੀ ਦੇਖਿਆ ਜਾਂਦਾ ਹੈ, ਉਹ ਇਸੇ ਗੱਲ ਲਈ ਸਾਲਸ ਬਣੇ ਹੋਏ ਹਨ ਕਿ ਕਾਂਗਰਸ ਵਿਰੋਧੀ ਧਿਰ ਨੂੰ ਕਿਵੇਂ ਆਕਾਰ ਦਿੰਦੀ ਹੈ, ਨਾਲ ਹੀ ਖੇਤਰੀ ਭਾਈਵਾਲਾਂ ਨਾਲ ਆਪਣੀਆਂ ਗਿਣਤੀਆਂ-ਮਿਣਤੀਆਂ ਕਿਵੇਂ ਬਿਠਾਉਂਦੀ ਹੈ। ਕੌਮੀ ਪਾਰਟੀਆਂ ਨੂੰ ਸੂਬਾਈ ਪੱਧਰ 'ਤੇ ਸਮਝੌਤੇ ਨੂੰ ਸਰਅੰਜਾਮ ਦੇਣ ਵਿਚ ਕਾਫ਼ੀ ਸੋਚ ਵਿਚਾਰ ਨਾਲ ਚੱਲਣ ਦੀ ਲੋੜ ਪੈਂਦੀ ਹੈ। ਕਾਂਗਰਸ ਨੂੰ ਇਸ ਮਸਲੇ 'ਤੇ ਨਵੀਂ ਰਣਨੀਤੀ ਦੀ ਲੋੜ ਪਵੇਗੀ ਤਾਂ ਕਿ 'ਇੰਡੀਆ' ਗੱਠਜੋੜ ਦੀ ਸਾਰਥਕਤਾ ਬਣੀ ਰਹੇ ਅਤੇ ਇਕਜੁੱਟ ਵਿਰੋਧੀ ਧਿਰ ਭਾਜਪਾ ਦੇ ਬਰਾਬਰ ਤੁਲ ਸਕੇ। 'ਇੰਡੀਆ' ਗੱਠਜੋੜ ਦੀ ਕਾਇਮੀ ਹੀ ਇਸ ਕਰ ਕੇ ਹੋਈ ਸੀ ਤਾਂ ਕਿ ਭਾਜਪਾ ਜਨਤਾ ਪਾਰਟੀ ਦੀ ਚੜ੍ਹਤ ਨੂੰ ਠੱਲ੍ਹ ਪਾਈ ਜਾ ਸਕੇ।


ਕੁਝ ਸਮਾਂ ਪਹਿਲਾਂ ਤੱਕ ਸਿੱਖ ਕੌਮ ਕੋਲ ਗੁਰਬਾਣੀ ਦੇ ਸਿਧਾਂਤਾ ਦੀ ਰੋਸ਼ਨੀ ਨੂੰ ਮੁੱਖ ਰੱਖਦੇ ਆਪਣਾ ਵੱਖਰਾ ਕੈਲੰਡਰ ਨਹੀਂ ਸੀ । ਅਕਾਲ ਪੁਰਖ ਨੇ ਕਿਰਪਾ ਕੀਤੀ ਤੇ ਗੁਰਸਿੱਖਾਂ ਦੇ ਉਦਮ ਸਦਕਾ ਕੌਮ ਦੇ ਵਿਹੜੇ ਆਪਣੀ ਵੱਖਰੀ ਪਛਾਣ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਹੋਂਦ ਵਿੱਚ ਆਇਆ । ਜਦੋਂ ਤੋਂ ਹੀ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰਕੇ ਲਾਗੂ ਕਰਨ ਦੀ ਗੱਲ ਆਈ ਤਾਂ ਪੰਥ ਵਿਰੋਧੀ ਤਾਕਤਾਂ ਸਰਗਰਮ ਹੋ ਗਈਆਂ ਅਤੇ ਕੈਲੰਡਰ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਣਾ ਸ਼ੁਰੂ ਕਰ ਦਿੱਤਾ । ਸੋਚਣ ਅਤੇ ਸਮਝਣ ਵਾਲੀ ਗਲ ਇਹ ਹੈ ਕਿ ਇਹ ਲੋਕ ਸਾਡੇ ਕੈਲੰਡਰ ਦਾ ਵਿਰੋਧ ਕਿਉਂ ਕਰ ਰਹੇ ਹਨ ਅਤੇ ਅਸੀਂ ਇਸ ਦੇ ਡੱਟ ਕੇ ਹੱਕ ਵਿੱਚ ਕਿਉਂ ਹਾਂ ।


ਗੁਰਬਾਣੀ ਦਾ ਫੁਰਮਾਨ ਹੈ "ਨਾ ਹਮ ਹਿੰਦੂ ਨਾ ਮੁਸਲਮਾਨ॥" । ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕੋਈ ਹੋਰ ਲਿਖਤ ਸਾਡੀ ਪ੍ਰੇਰਨਾ ਸਰੋਤ ਨਹੀਂ ਹੋ ਸਕਦੀ । ਕਿਸੇ ਭੀ ਹੋਰ ਗ੍ਰੰਥ ਦੇ ਅਨੁਸਾਰ ਕੀਤੀ ਗਈ ਲਿਖਤ ਸਾਡੇ ਜੀਵਨ ਜਾਚ ਦਾ ਹਿਸਾ ਨਹੀਂ ਹੋ ਸਕਦੀ । ਗੁਰਬਾਣੀ ਦਾ ਫੁਰਮਾਨ ਹੈ "ਹਮਰਾ ਝਗਰਾ ਰਹਾ ਨ ਕੋਊ ॥ਪੰਡਿਤ ਮੁਲਾਂ ਛਾਡੇ ਦੋਊ ॥" ਅਤੇ "ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ॥" । ਇਸ ਲਈ ਗੁਰਬਾਣੀ ਦੀ ਰੋਸ਼ਨੀ ਵਿੱਚ ਤਿਆਰ ਕੀਤਾ ਕੈਲੰਡਰ ਹੀ ਸਾਡਾ ਆਪਣਾ ਕੈਲੰਡਰ ਹੈ ।





# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼
ਨਾਲ ਸੰਪਰਕ ਕਰੋ : 01332 372851



**ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ**

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

Respectable jat sikh family seeks suitable match for their 40 yr beautiful daughter who has never been married. She's 5'5" and has LLB, LLM from Panjab university, Chandigarh. Presently doing a professional law course in London. Looking for a professionally qualified and settled boy from a good family. For further details please reply to ref. 880 (3020)

UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)

Respectable Ramgarhia Sikh family seeking a suitable match for their British born son, degree holder in computer science, working. 39 years old, 6' tall, wears a turban and vegetarian. Girl should be vegetarian, born in the UK and degree holder. For more information contact 07505 127926. for further details or reply to ref. 879 (3020)

Respectable Jat Sikh Family seeks a suitable match for their beautiful 44 year old daughter. She has a Masters Degree and is employed by a large organisation in a professional role, in the midland area. She is 5'6", sincere, caring. Ideal match should be british born, clean shaven and working in a graduate role. Please call 07931 577645 or email tsj@mail.com for further details or reply to ref. 874 (3018)

## CHANGE OF NAME

I MR KARAN KUMAR SON OF PREM DIWANA WHOSE PERMANENT ADDRESS IN INDIA IS PATTI MANSUR, VPO BILGA, TEH PHILLAUR, DISTT JALANDHAR, PUNJAB AND NOW LIVING AT 21 NEWBOLD STREET, LEAMINGTON SPA, CV32 4NH HEREBY GIVE NOTICE OF MY INTENTION TO CHANGE MY NAME TO KARAN ANAND. (U/I)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______________________

SON / DAUGHTER / WIFE OF MR ______________________

WHOSE PERMANENT ADDRESS IN INDIA IS ______________________

______________________

AND IS NOW LIVING AT ______________________

______________________ HEREBY GIVE NOTICE OF MY INTENTION

TO CHANGE MY NAME TO ______________________

TEL ______________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਕਾਂਗਰਸ ਨੇ 43 ਉਮੀਦਵਾਰਾਂ ਦੀ ਦੂਜੀ ਸੂਚੀ ਕੀਤੀ ਜਾਰੀ

## ✪ ਕਮਲਨਾਥ ਅਤੇ ਗਹਿਲੋਤ ਦੇ ਬੇਟੇ ਨੂੰ ਟਿਕਟ ਦਿੱਤੀ

ਨਵੀਂ ਦਿੱਲੀ-ਲੋਕ ਸਭਾ ਚੋਣਾਂ 2024 ਲਈ ਕਾਂਗਰਸ ਨੇ 6 ਰਾਜਾਂ ਦੇ 43 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ। ਕਾਂਗਰਸ ਦੀ ਦੂਜੀ ਸੂਚੀ ਵਿਚ 3 ਰਾਜਾਂ ਦੇ ਸਾਬਕਾ ਮੁੱਖ ਮੰਤਰੀਆਂ ਦੇ ਬੇਟਿਆਂ ਨੂੰ ਟਿਕਟ ਦਿੱਤੀ ਗਈ ਹੈ, ਜਿਸ ਵਿਚ ਅਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਦੇ ਬੇਟੇ ਗੌਰਵ ਗੋਗੋਈ ਨੂੰ ਅਸਾਮ ਦੇ ਜੋਰਹਾਟ ਤੋਂ ਉਮੀਦਵਾਰ ਐਲਾਨਿਆ ਗਿਆ ਹੈ।ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਕਮਲਨਾਥ ਦੇ ਬੇਟੇ ਨਕੁਲ ਨਾਥ ਨੂੰ ਛਿੰਦਵਾੜਾ ਤੋਂ ਟਿਕਟ ਦਿੱਤੀ ਗਈ ਹੈ ਜਦਕਿ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਬੇਟੇ ਵੈਭਵ ਗਹਿਲੋਤ ਨੂੰ ਜਲੌਰ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਕਾਂਗਰਸ ਦੀ ਦੂਜੀ ਸੂਚੀ ਵਿਚ 2 ਦਿਨ ਪਹਿਲਾਂ ਭਾਜਪਾ ਤੋਂ ਪਾਰਟੀ 'ਚ ਸ਼ਾਮਿਲ ਹੋਏ ਰਾਹੁਲ ਕਾਂਸਵਾ ਨੂੰ ਚੁਰੂ ਤੋਂ ਉਮੀਦਵਾਰ ਬਣਾਇਆ ਗਿਆ ਹੈ।

ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂੰਗੋਪਾਲ ਨੇ ਪ੍ਰੈੱਸ ਕਾਨਫ਼ਰੰਸ ਰਾਹੀਂ ਦੂਜੀ ਸੂਚੀ ਦਾ ਐਲਾਨ ਕੀਤਾ, ਜਿਸ 'ਚ ਅਸਾਮ ਤੋਂ 12, ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ 10-10, ਗੁਜਰਾਤ ਤੋਂ 7, ਉੱਤਰਾਖੰਡ ਤੋਂ 3 ਅਤੇ ਦਮਨ ਅਤੇ ਦਿਓ ਤੋਂ 1 ਉਮੀਦਵਾਰ ਦਾ ਐਲਾਨ ਕੀਤਾ ਹੈ। ਕੇ.ਸੀ.ਵੇਣੂੰਗੋਪਾਲ ਨੇ ਇਨ੍ਹਾਂ ਚੋਣਾਂ ਨੂੰ ਗਰੀਬ ਬਨਾਮ ਅਮੀਰ ਦੀਆਂ ਚੋਣਾਂ ਦੱਸਦਿਆਂ ਕਿਹਾ ਕਿ ਕਾਂਗਰਸ ਪਾਰਟੀ ਗਰੀਬਾਂ ਦੇ ਨਿਆਂ ਲਈ ਲੜ ਰਹੀ ਹੈ। ਪਾਰਟੀ ਨੇ ਇਸੇ ਤਰਜ਼ 'ਤੇ ਕਰਨਾਟਕ ਅਤੇ ਤੇਲੰਗਾਨਾ 'ਚ ਚੋਣ ਲੜੀ ਸੀ। ਕਾਂਗਰਸ ਵਲੋਂ ਐਲਾਨੇ ਗਏ 43 ਉਮੀਦਵਾਰਾਂ 'ਚੋਂ 33 ਉਮੀਦਵਾਰ ਪੱਟੀਦਰਜ ਜਾਤਾਂ (ਐੱਸ. ਸੀ.), ਪੱਟੀਦਰਜ ਕਬੀਲਿਆਂ ਓ.ਬੀ.ਸੀ. ਅਤੇ ਘੱਟਗਿਣਤੀਆਂ ਨਾਲ ਸੰਬੰਧ ਰੱਖਦੇ ਹਨ, ਜਿਸ ਮੁਤਾਬਿਕ ਤਕਰੀਬਨ 77 ਫ਼ੀਸਦੀ ਉਮੀਦਵਾਰ ਉਕਤ ਤਬਕਿਆਂ ਤੋਂ ਹਨ। ਇਸ ਤੋਂ ਇਲਾਵਾ ਜੋਸ਼ ਅਤੇ ਤਜਰਬੇ ਨੂੰ ਨਾਲੋਂ ਨਾਲ ਰੱਖਣ ਦੀ ਕੋਸ਼ਿਸ਼ 'ਚ 25 ਉਮੀਦਵਾਰ 50 ਸਾਲ ਤੋਂ ਘੱਟ ਉਮਰ ਦੇ ਹਨ। 6 ਉਮੀਦਵਾਰ 51 ਤੋਂ 60 ਸਾਲ ਦੇ ਅਤੇ 10 ਉਮੀਦਵਾਰ 61 ਤੋਂ 72 ਸਾਲ ਦੇ ਹਨ।ਇਨ੍ਹਾਂ ਉਮੀਦਵਾਰਾਂ ਦੀ ਸੂਚੀ ਲਈ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਸੋਮਵਾਰ ਨੂੰ ਮੀਟਿੰਗ ਕੀਤੀ ਸੀ।

ਇਸ ਤੋਂ ਪਹਿਲਾਂ ਪਾਰਟੀ 39 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਚੁੱਕੀ ਹੈ, ਜਿਸ 'ਚ ਰਾਹੁਲ ਗਾਂਧੀ ਨੂੰ ਮੁੜ ਕੇਰਲ ਦੀ ਵਾਯਨਾਡ ਸੀਟ ਤੋਂ ਉਮੀਦਵਾਰ ਐਲਾਨਿਆ ਗਿਆ ਸੀ।ਇਸ ਤੋਂ ਇਲਾਵਾ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਨੂੰ ਰਾਜਨੰਦਗਾਓ ਤੋਂ, ਸੰਗਠਨ ਸਕੱਤਰ ਕੇ.ਸੀ. ਵੇਣੂੰਗੋਪਾਲ ਨੂੰ ਕੇਰਲ ਦੇ ਅਲਾਪਾੜਾ ਤੋਂ ਅਤੇ ਸ਼ਸ਼ੀ ਥਰੂਰ ਨੂੰ ਤਿਰੁਵਨੰਤਪੁਰਮ ਤੋਂ ਉਮੀਦਵਾਰ ਐਲਾਨਿਆ ਗਿਆ ਸੀ।

# ਕਿਸਾਨਾਂ ਨੇ ਦੇਸ ਭਰ ਵਿਚ ਚਾਰ ਘੰਟੇ ਰੇਲਾਂ ਰੋਕੀਆਂ, ਲੋਕ ਹੋਏ ਖਜਲ ਖੁਆਰ



ਚੰਡੀਗੜ੍ਹ-ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਪੰਜਾਬ ਦੇ ਨਾਲ-ਨਾਲ ਦੇਸ਼ ਭਰ ਵਿੱਚ ਰੇਲ ਗੱਡੀਆਂ ਰੋਕੀਆਂ ਗਈਆਂ ਹਨ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਤੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਤਾਮਿਲਨਾਡੂ ਵਿੱਚ 20, ਮੱਧ ਪ੍ਰਦੇਸ਼ 'ਚ ਤਿੰਨ, ਪੰਜਾਬ 'ਚ 75, ਰਾਜਿਸਥਾਨ 'ਚ ਤਿੰਨ, ਹਰਿਆਣਾ ਵਿਚ ਪੰਜ, ਪੁੱਡੂਚੇਰੀ 'ਚ ਇੱਕ ਜਗ੍ਹਾ 'ਤੇ ਰੇਲਾਂ ਰੋਕੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰਿਆਣਾ, ਤਾਮਿਲਨਾਡੂ ਤੇ ਪੁੱਡੂਚੇਰੀ ਵਿੱਚ ਪੁਲੀਸ ਨੇ ਕੁਝ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਹੈ। ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇ ਸਰਵਣ ਸਿੰਘ ਪੰਧੇਰ ਤੇ ਜਗਜੀਤ ਸਿੰਘ ਡੱਲੇਵਾਲ ਨੇ ਵੀ ਧਰਨਿਆਂ ਵਿਚ ਸ਼ਮੂਲੀਅਤ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਪੁਲੀਸ ਵੱਲੋਂ ਕਿਸਾਨਾਂ ਨੂੰ ਨਾ ਛੱਡਿਆ ਗਿਆ ਤਾਂ ਹਰਿਆਣਾ ਪੁਲੀਸ ਖ਼ਿਲਾਫ਼ ਵੀ ਸੰਘਰਸ਼ ਵਿੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੇ ਨੁਮਾਇੰਦੇ ਕਹਿੰਦੇ ਹਨ ਕਿ ਕਿਸਾਨ ਝੋਨਾ ਲਾਉਣਾ ਬੰਦ ਕਰਨ। ਉਨ੍ਹਾਂ ਕਿਹਾ ਕਿ ਜੇਕਰ ਸਾਰੀਆਂ ਫ਼ਸਲਾਂ ਦੀ ਖਰੀਦ ਐੱਮਐੱਸਪੀ 'ਤੇ ਯਕੀਨੀ ਹੋਵੇਗੀ ਤਾਂ ਕਿਸਾਨ ਆਪਣੇ-ਆਪ ਹੀ ਝੋਨੇ ਵਿੱਚੋਂ ਬਾਹਰ ਆ ਜਾਵੇਗਾ।

ਸਾਡਾ ਆਪਣਾ ਨਾਨਕਸ਼ਾਹੀ ਕੈਲੰਡਰ, ਸਾਡੀ ਵਿਲੱਖਣ ਕੌਮੀ ਪਹਿਚਾਣ ਦਾ ਲਖਾਇਕ ਹੈ । ਇਹ ਕਿਸੇ ਸੰਪ੍ਰਦਾ, ਕਿਸੇ ਜੱਥੇ, ਜਾਂ ਜੱਥੇਬੰਦੀ ਦੇ ਹਿੱਤਾਂ, ਜਾਂ ਜ਼ਿੱਦ ਦਾ ਮਸਲਾ ਨਹੀ ਹੈ, ਇਹ ਸਾਡੀ ਇੱਕ ਵਿਲੱਖਣ ਕੌਮ ਵਾਂਗ ਜੀਣ ਦੀ ਚਾਹਤ, ਤੇ ਇੱਛਾ ਸ਼ਕਤੀ ਦਾ ਪ੍ਰਤੀਕ ਹੈ ।
ਅਸੀ ਜੇ ਹਿੰਦੂਤੱਵ ਦੇ ਖਾਰੇ ਸਮੁੰਦਰ ਵਿੱਚ ਰਲਗਡ ਹੋਣ ਤੋਂ, ਵਹਿ ਜਾਣ ਤੋ ਆਪਣੀ ਵਿਲੱਖਣ ਕੌਮੀ ਹੋਂਦ ਨੂੰ ਬਚਾ ਕੇ ਰੱਖਣਾ ਹੈ, ਤਾਂ ਸਾਨੂੰ ਆਪਣੇ ਸੌੜੇ ਸਿਆਸੀ ਤੇ ਸੰਪ੍ਰਦਾਈ ਹਿੱਤਾਂ ਨੂੰ ਛੱਡ ਕੇ ਨਾਨਕਸ਼ਾਹੀ ਕੈਲੰਡਰ ਨੂੰ ਪੂਰੀ ਦ੍ਰਿੜਤਾ ਨਾਲ ਅਪਣਾ ਲੈਣਾ ਚਾਹੀਦਾ ਹੈ ।
ਕੌਮੀ ਤੇ ਰਾਜਸੀ ਤੌਰ ਤੇ ਹਿੰਦੂਤੱਵ ਤੋ ਵੱਖ ਆਪਣੀ ਹੋਂਦ ਸਿਰਜਣ ਲਈ ਸਮਾਜੀ ਤੇ ਧਾਰਮਿੱਕ ਤੌਰ ਤੇ ਵਿਲੱਖਣਤਾ ਹਾਸਿਲ ਕਰਨੀ ਪਹਿਲੀ ਸ਼ਰਤ ਵਾਂਗ ਹੈ । ਜੇ ਸਾਡੇ ਦਿਨ ਤਿਓਹਾਰ, ਰਸਮੋ ਰਿਵਾਜ, ਤੇ ਖਾਣ ਪੀਣ ਬਹੁਗਿਣਤੀ ਹਿੰਦੂ ਸਮਾਜ ਨਾਲ ਇੱਕ ਮਿੱਕ ਰਿਹਾ, ਤਾਂ ਅਸੀ ਕਦੇ ਵੀ ਆਪਣੀ ਵਿਲੱਖਣ ਹੋਂਦ ਨੂੰ ਹਿੰਦੂ ਸਮਾਜ ਵਿੱਚ ਜਜ਼ਬ ਹੋਣੋ ਬਹੁਤੀ ਦੇਰ ਤੱਕ ਬਚਾ ਕੇ ਨਹੀ ਰੱਖ ਸਕਾਂਗੇ ।



# ਜ਼ੀਰੋ ਫੀਸ ਸਕੂਲ ਵਿਚ ਕਿਰਤੀ ਤੇ ਲੋੜਵੰਦ ਵਿਦਿਆਰਥੀਆਂ ਨੂੰ ਗੁਰਮਤਿ ਵਿਦਿਆ ਨਾਲ ਲੈਸ ਕੀਤਾ ਜਾ ਰਿਹੈ-ਖਾਲਸਾ

## ✪ ਗਰੀਬਾਂ ਨੂੰ ਵਿਦਿਆ ਦਾਨ ਦੇਣਾ ਸਤਿਗੁਰੂ ਦਾ ਮਿਸ਼ਨ-ਪੁਰੇਵਾਲ















ਜਲੰਧਰ-ਸਿੱਖ ਮਿਸ਼ਨਰੀ ਕਾਲਜ ਸਰਕਲ ਜਲੰਧਰ ਤੇ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਜ਼ੀਰੋ ਫੀਸ ਨਾਮ ਨਾਲ ਜਾਣੇ ਜਾਂਦੇ ਕੰਵਰ ਸਤਨਾਮ ਸਿੰਘ ਖਾਲਸਾ ਸਕੂਲ ਵਿਚ ਬੀਤੇ ਦਿਨੀਂ ਇਕ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਸ੍ਰ. ਰਜਿੰਦਰ ਸਿੰਘ ਪੁਰੇਵਾਲ ਡਰਬੀ (ਯੂ. ਕੇ.) ਚੇਅਰਮੈਨ ਆਫ ਸਿੱਖ ਸੇਵਕ ਸੁਸਾਇਟੀ (ਇੰਟਰਨੈਸ਼ਨਲ) ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ।

ਸਕੂਲ ਦੇ ਮੁੱਖ ਸੇਵਾਦਾਰ ਸ੍ਰ. ਪ੍ਰਮਿੰਦਰਪਾਲ ਸਿੰਘ ਖਾਲਸਾ ਅਤੇ ਸਮੂਹ ਸਕੂਲ ਪ੍ਰਬੰਧਕ ਕਮੇਟੀ ਨੇ ਇਹ ਮੌਕੇ ਆਖਿਆ ਕਿ ਇਥੇ ਲੋੜਵੰਦ ਤੇ ਕਿਰਤੀ ਸਿਖ ਬਚਿਆਂ ਨੂੰ ਬਿਨਾਂ ਫੀਸ ਦੇ ਪੜ੍ਹਾਇਆ ਜਾ ਰਿਹਾ ਹੈ ਅਤੇ ਗੁਰਮਤਿ ਗਿਆਨ ਸਿਲੇਬਸ ਤੇ ਗਤਕੇ ਵਿਦਿਆ ਨਾਲ ਲੈਸ ਕੀਤਾ ਜਾ ਰਿਹਾ ਹੈ। ਇਸ ਮੌਕੇ ਸਕੂਲ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ, ਕਵਿਤਾ ਕਵੀਸ਼ਰੀ ਅਤੇ ਗਤਕੇ ਦੇ ਜੌਹਰ ਦਿਖਾਏ ਗਏ। ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਹੁਰਾਂ ਨੇ ਬੱਚਿਆਂ ਨੂੰ ਗੁਰਬਾਣੀ ਸਬੰਧੀ ਸਵਾਲ ਵੀ ਪੁੱਛੇ ਅਤੇ ਸਹੀ ਜਵਾਬ ਦੇਣ ਵਾਲੇ ਬੱਚਿਆਂ ਨੂੰ ਅਤੇ ਸਮਾਰੋਹ ਵਿਚ ਭਾਗ ਲੈਣ ਵਾਲਿਆਂ ਬੱਚਿਆਂ ਦੀ ਹੌਸਲਾ ਅਫਜਾਈ ਲਈ ਨਕਦ ਇਨਾਮ ਵੀ ਦਿਤੇ।

ਸਰਦਾਰ ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਗਰੀਬ ਸਿਖਾਂ ਨੂੰ ਫਰੀ ਵਿਦਿਆ ਦੇਣਾ ਸਾਡੇ ਸਤਿਗੁਰੂ ਦਾ ਮਿਸ਼ਨ ਹੈ। ਇਸ ਸਕੂਲ ਦੇ ਪ੍ਰਬੰਧਕ ਜੋ ਆਪਣੀ ਕਿਰਤ ਕਮਾਈ ਵਿਚੋਂ ਮਾਇਆ ਲਗਾਕੇ ਗਰੀਬ ਸਿਖਾਂ ਨੂੰ ਉਪਰ ਚੁਕ ਰਹੇ ਹਨ, ਉਹ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਸਕੂਲ ਨਾਲ ਗੁਰਸਿੱਖ ਸਜਣਾਂ ਨੂੰ ਜੋੜਨਗੇ ਤਾਂ ਜੋ ਸਕੂਲ ਤਰਕੀ ਕਰ ਸਕੇ। ਇਸ ਸਮਾਰੋਹ ਵਿਚ ਜਸਵਿੰਦਰ ਸਿੰਘ ਮੱਕੜ, ਜਤਿੰਦਰ ਸਿੰਘ ਪਰੂਥੀ (ਗਲੈਕਸੀ ਹਾਂਡਾ ਵਾਲੇ) ਬੀਬੀ ਜਸਜੀਤ ਕੌਰ (ਐਡਵੋਕੇਟ) ਸੁਖਵਿੰਦਰ ਸਿੰਘ ਸੰਘੇੜਾ , ਸੰਤੋਖ ਸਿੰਘ (ਦਿੱਲੀ ਪੈਂਟ ਵਾਲੇ) ਅਰਵਿੰਦਰ ਸਿੰਘ (ਛ.ਅ.) ਜੇ. ਐੱਸ. ਸੋਢੀ ਜੀ ਹੁਰਾਂ ਨੂੰ ਸਕੂਲ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਚਿਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸ੍ਰ. ਹਰਦੀਪ ਸਿੰਘ ਭਾਟੀਆ (ਯੂ. ਐੱਸ. ਏ.) ਅਤੇ ਭੁਪਿੰਦਰ ਕੌਰ ਖਾਲਸਾ ਇੰਗਲੈਂਡ ਵਾਲਿਆਂ ਵਲੋਂ ਵੀ ਸਕੂਲ ਲਈ ਦਸਵੰਧ ਦੀ ਸੇਵਾ ਕੀਤੀ ਗਈ। ਸਰਕਲ ਇੰਚਾਰਜ ਸ੍ਰ . ਬਲਜੀਤ ਸਿੰਘ ਅਤੇ ਸਮੂਹ ਸਕੂਲ ਪ੍ਰਬੰਧਕ ਕਮੇਟੀ ਵਲੋਂ ਇਹਨਾਂ ਸੱਜਣਾਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਰਿੰਦਰਪਾਲ ਸਿੰਘ ਗੋਲਡੀ ਜਨਰਲ ਸਕਤਰ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਭੁਪਿੰਦਰ ਸਿੰਘ ਸੱਜਣ ਪੱਤਰਕਾਰ, ਬਲਜੀਤ ਸਿੰਘ ਸਿਖ ਮਿਸ਼ਨਰੀ ਕਾਲਜ, ਦਲਬੀਰ ਸਿੰਘ ਰਿਆੜ, ਸੰਦੀਪ ਸਿੰਘ ਚਾਵਲਾ, ਹਰਦੇਵ ਸਿੰਘ ਗਰਚਾ ਹਰਿਭਜਨ ਸਿੰਘ ਬਲ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਸ਼ਾਮਲ ਸਨ।



# MANAK SOLICITORS



## Nosheen Bukhari
Wills & Probate Director

Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.

Gravesend | Orpington | Sevenoaks | London



manaksolicitors.co.uk

**0800 634 9726**

Google ★★★★★ 4.9/5 CUSTOMER REVIEWS

Lexcel Legal Practice Quality Mark Law Society Accredited



**Rajbir Singh Manak MA (Hons)**

**Surinder Singh Manak LLB (Hons)**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਇਟਲੀ ਦੇ ਸ੍ਰੀ ਗੁਰੂ ਰਵਿਦਾਸ ਧਾਮ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਪ੍ਰਤੀ ਸੰਗਤਾਂ ਨੂੰ ਜਾਗਰੂਕ ਕਰ ਰਹੇ ਉੱਤਰੀ ਇਟਲੀ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਰਵਿਦਾਸ ਧਾਮ ਗੁਰਦੁਆਰਾ (ਗੁਰਲਾਗੋ) ਬੈਰਗਾਮੋ (ਇਟਲੀ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਜ਼ਾਰਾਂ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਮਹਾਨ ਇਨਕਲਾਬੀ, ਅਧਿਆਤਮਕਵਾਦੀ, ਸ਼੍ਰੋਮਣੀ ਸੰਤ ਯੁੱਗ ਪਲਟਾਊ, ਗਰੀਬਾਂ ਦੇ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਾਨੋ ਸੌਕਤ ਨਾਲ ਮਨਾਇਆ ਗਿਆ। ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭੇ ਪਾਠ ਦੇ ਭੋਗ ਉਪੰਰਤ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਤੋਂ ਗੁਰੂ ਸਾਹਿਬ ਜੀ ਦੇ ਜੀਵਨ ਪ੍ਰਸੰਗਾਂ ਨੂੰ ਇਟਲੀ ਦੇ ਪ੍ਰਸਿੱਧ ਢਾਡੀ ਜਥੇ ਭਾਈ ਸਤਿਨਾਮ ਸਿੰਘ ਸਰਹਾਲੀ ਦੇ ਜਥੇ ਨੇ ਆਈਆਂ ਹੋਈਆਂ ਸੰਗਤਾਂ ਨੂੰ ਸਰਵਣ ਕਰਵਾਉਂਦਿਆਂ ਸਭ ਨੂੰ ਗੁਰੂ ਸਾਹਿਬ ਦੇ ਰੂਹਾਨੀਅਤ ਵਾਲੇ ਜੀਵਨ ਤੋਂ ਜਾਣੂ ਕਰਵਾਕੇ ਧੰਨ ਗੁਰੂ ਗ੍ਰੰਥ ਸਾਹਿਬ ਨਾਲ ਵੀ ਜੋੜਿਆਂ।

ਇਹਨਾਂ ਤੋਂ ਇਲਾਵਾ ਹੋਰ ਵੀ ਆਏ ਹੋਏ ਢਾਡੀ ਜਥਿਆਂ ਨੇ ਅਤੇ ਸੰਗਤਾਂ ਨੇ ਗੁਰੂ ਸਾਹਿਬ ਦਾ ਗੁਣਗਾਨ ਕੀਤਾ। ਇਸ ਮੌਕੇ ਗੁਰੂ ਦੇ ਜੈਕਾਰਿਆਂ ਲਗਾ ਰਹੀ ਸੰਗਤ ਦੀ ਸ਼ਰਧਾ ਤੇ ਉਤਸ਼ਾਹ ਦੇਖਣਯੋਗ ਸੀ।ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਈਆਂ ਹੋਈਆਂ ਸੰਗਤਾਂ ਦਾ ਜਿੱਥੇ ਕੋਟਿਨ ਕੋਟਿਨ ਧੰਨਵਾਦ ਕੀਤਾ ਉੱਥੇ ਹਾਜਰ ਗੁਰੂਘਰ ਦੇ ਸੇਵਾਦਾਰਾ ਦਾ ਸਿਰੋਪੇ ਪਾਕੇ ਸਨਮਾਨ ਵੀ ਕੀਤਾ। ਆਈਆਂ ਹੋਈਆਂ ਹਜ਼ਾਰਾਂ ਸੰਗਤਾਂ ਦਾ ਗੁਰਘਰ ਵੱਲੋ ਅਤੇ ਹੋਰ ਗੁਰੂਘਰਾਂ ਦੀਆਂ ਪ੍ਰਬੰਧਕਾਂ ਕਮੇਟੀਆਂ ਵੱਲੋਂ ਗੁਰੂ ਕੇ ਅਟੁੱਟ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ।

# ਲਾਹੌਰ ਵਿਚ ਵਰਲਡ ਪੰਜਾਬੀ ਕਾਨਫ਼ਰੰਸ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤਕਾਰ ਤੇ ਕਾਲਕਾਰ ਸ਼ਾਮਿਲ ਹੋਏ



ਲਾਹੌਰ-ਬੀਤੇ ਦਿਨ ਇੱਥੇ ਪੰਜਾਬੀ ਕਲਚਰ ਦੀ ਚੜ੍ਹਦੀ ਕਲਾ ਵਾਸਤੇ ਕਾਇਮ ਕੀਤੇ ਗਏ ਪੰਜਾਬ ਇੰਸਟੀਚਿਊਟ ਆਫ਼ ਲੈਂਗੁਏਜ ਆਰਟ ਐਂਡ ਕਲਚਰ (ਪਿਲਾਕ) ਵਿਚ ਵਰਲਡ ਪੰਜਾਬੀ ਕਾਨਫ਼ਰੰਸ ਦਾ ਇੰਤਜ਼ਾਮ ਕੀਤਾ ਗਿਆ। ਇਸ ਵਿਚ ਦੁਨੀਆਂ ਦੇ ਵੱਖ-ਵੱਖ ਮੁਲਕਾਂ ਤੋਂ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਚੜ੍ਹਦੇ ਪੰਜਾਬ (ਭਾਰਤੀ ਪੰਜਾਬ), ਲਹਿੰਦੇ ਪੰਜਾਬ (ਪਾਕਿਸਤਾਨੀ ਪੰਜਾਬ) ਤੇ ਤੀਜੇ ਪੰਜਾਬ (ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਰਹਿਣ ਵਾਲੇ ਪੰਜਾਬੀ) ਤੋਂ ਉਚੇਚੇ ਤੌਰ ’ਤੇ ਪੁੱਜੇ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਆਪਣੇ ਵਿਚਾਰ ਰੱਖੇ। ਇਸ ਸਮਾਗਮ ਵਿਚ ਦੁਨੀਆਂ ਭਰ ਵਿਚ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਅਤੇ ਖ਼ਾਸ ਕਰ ਕੇ ਪੰਜਾਬੀ ਬੋਲੀ, ਗੁਰਮੁਖੀ, ਸ਼ਾਹਮੁਖੀ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਕਾਨਫ਼ਰੰਸ ਦੀ ਸਟੇਜ ਦੀ ਸ਼ਾਨ ਵਧਾਉਣ ਵਾਸਤੇ ਡਾ ਹਰਜਿੰਦਰ ਸਿੰਘ ਦਿਲਗੀਰ ਨਾਰਵੇ, ਤ੍ਰਿਵੇਦੀ ਸਿੰਘ (ਯੂ.ਕੇ.), ਦਲਬੀਰ ਸਿੰਘ ਕਥੂਰੀਆ (ਕਨੇਡਾ), ਗੁਰਚਰਨ ਸਿੰਘ ਬਣਵੈਤ (ਕੈਨੇਡਾ), ਕੇਸਰ ਸਿੰਘ ਧਾਲੀਵਾਲ (ਯੂ.ਕੇ.), ਜਰਨੈਲ ਸਿੰਘ (ਕੈਨੇਡਾ) ਆਦਿ ਮੌਜੂਦ ਸਨ। ਕਾਨਫ਼ਰੰਸ ਵਿਚ ਮੀਆਂ ਆਸਿਫ਼, ਮੀਆਂ ਰਸ਼ੀਦ, ਸੁਹੇਲ ਮੁਮੋਕਾ, ਇਰਫ਼ਾਨ ਪੰਜਾਬੀ, ਡਾਕਟਰ ਖ਼ਾਕਾਨ ਹੈਦਰ ਗ਼ਾਜ਼ੀ (ਡਾਇਰੈਕਟਰ ਪਿਲਾਕ), ਪ੍ਰੋ. ਡਾਕਟਰ ਜਮੀਲ ਅਹਿਮਦ ਪਾਲ, ਇਲੀਆਸ ਘੁੰਮਣ, ਪ੍ਰੋ, ਡਾਕਟਰ ਅਕਬਰ ਗ਼ਾਜ਼ੀ, ਕਾਂਜੀ ਰਾਮ (ਚੇਅਰਮੈਨ ਪੰਜਾਬ ਹਿੰਦੂ ਕੌਂਸਲ), ਜ਼ਾਹਿਰ ਭੱਟੀ, ਹੁਸੈਨ ਭੱਟੀ, ਬੀਨਸ਼ ਫ਼ਾਤਿਮਾ (ਡਾਇਰੈਕਟਰ ਜਨਰਲ ਪਿਲਾਕ) ਤੇ ਸ਼ਫ਼ਾਤ ਅਲੀ (ਡਿਪਟੀ ਡਾਇਰੈਕਟਰ ਪਿਲਾਕ) ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਮੀਆਂ ਆਸਿਫ਼ ਅਤੇ ਯੂਸਫ਼ ਪੰਜਾਬੀ ਨੇ ਬਖ਼ੂਬੀ ਨਿਭਾਈ।

ਕਾਨਫ਼ਰੰਸ ਦਾ ਇੰਤਜ਼ਾਮ ‘ਪੰਜਾਬੀ ਮੁਹਾਜ਼’ ਪਾਕਿਸਤਾਨ ਅਤੇ ‘ਵਿਸ਼ਵ ਪੰਜਾਬੀ ਸਭਾ’ ਕੈਨੇਡਾ ਵੱਲੋਂ ਕੀਤਾ ਗਿਆ ਸੀ।

# ਇਟਲੀ ਵਿੱਚ ਇੱਕ ਵਾਰ ਫਿਰ ਸਿਰੀ ਸਾਹਿਬ ਨੂੰ ਲੈ ਕੇ ਇੱਕ ਸਿੰਘ ਨੂੰ ਹੋਣਾ ਪਿਆ ਪੁਲਸ ਦੀ ਖੱਜਲਖੁਆਰੀ ਦਾ ਸ਼ਿਕਾਰ, ਸਿੱਖ ਸੰਗਤਾਂ ਵਿੱਚ ਰੋਹ

ਰੋਮ ਇਟਲੀ–(ਗੁਰਸ਼ਰਨ ਸਿੰਘ ਸੋਨੀ) – ਇਟਲੀ ਵਿੱਚ ਸਿੱਖ ਧਰਮ ਦੇ ਕਕਾਰਾਂ ਨੂੰ ਲੈਕੇ ਹੁਣ ਤੱਕ ਅਨੇਕਾਂ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਿੱਖ ਸੰਗਤਾਂ ਨੂੰ ਸਾਹਮ੍ਹਣਾ ਪੈ ਰਿਹਾ ਹੈ ਤੇ ਸ਼ਾਇਦ ਜਦੋਂ ਤੱਕ ਸਿੱਖ ਧਰਮ ਇਟਲੀ ਵਿੱਚ ਰਜਿਸਟਰਡ ਨਹੀਂ ਹੁੰਦਾ ਉਂਦੋ ਤੱਕ ਇਹ ਪ੍ਰੇਸ਼ਾਨੀਆਂ ਸਿੱਖ ਸੰਗਤਾਂ ਨੂੰ ਝੱਲਣੀਆਂ ਹੀ ਪੈਣਗੀਆਂ ਕਿਉਂਕਿ ਸਿੱਖ ਧਰਮ ਦੇ 5 ਕਕਾਰਾਂ ਵਿੱਚ ਇੱਕ ਕਕਾਰ ਸਿਰੀ ਸਾਹਿਬ ਇਟਾਲੀਅਨ ਕਾਨੂੰਨ ਦੀ ਨਿਗ੍ਹਾ ਵਿੱਚ ਇੱਕ ਹਥਿਆਰ ਹੈ ਜਿਸ ਨੂੰ ਲੈਕੇ ਸਦਾ ਹੀ ਇਟਲੀ ਦੇ ਸਿੱਖਾਂ ਨੂੰ ਪ੍ਰੇਸ਼ਾਨੀ ਉਂਦੋ ਝੱਲਣੀ ਪੈਂਦੀ ਹੈ ਜਦੋਂ ਕਿਸੇ ਸਿੱਖ ਨੂੰ ਸਰਕਾਰੀ ਦਫ਼ਤਰਾਂ ਵਿੱਚ ਜਾਣਾ ਪੈਂਦਾ ਹੈ ਜਾਂ ਕੋਈ ਵਿਸ਼ੇਸ ਜਾਂਚ ਕਿਸੇ ਪੁਲਸ ਨਾਕੇ ਉਪੱਰ ਹੋ ਜਾਵੇ ।ਅਜਿਹਾ ਹੀ ਇੱਕ ਵਾਕਿਆ ਇਟਲੀ ਦੇ ਮਿੰਨੀ ਪੰਜਾਬ ਸੂਬੇ ਲਾਸੀਓ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਤੇਰਾਚੀਨਾ ਵਿਖੇ ਉਂਦੋ ਦੇਖਣ ਨੂੰ ਮਿਲਿਆ ਜਦੋਂ ਇੱਕ 21 ਸਾਲ ਦੇ ਅੰਮ੍ਰਿਤਧਾਰੀ ਸਿੰਘ ਦੀ ਪੁਲਸ ਨੇ ਇੱਕ ਨਾਕੇ ਉਪੱਰ ਰੋਕ ਕੇ ਜਾਂਚ ਕੀਤੀ ਤਾਂ ਉਸ ਕੋਲ ਮਿਲੀ ਸਿਰੀ ਸਾਹਿਬ ਜਿਸ ਦਾ ਆਕਾਰ ਵੱਡਾ ਹੋਣ ਕਾਰਨ ਪੁਲਸ ਅਨੁਸਾਰ ਇਟਾਲੀਅਨ ਕਾਨੂੰਨ ਉਸ ਨੂੰ ਪਹਿਨਣ ਦੀ ਇਜ਼ਾਜ਼ਤ ਨਹੀਂ ਦਿੰਦਾ।ਪੁਲਸ ਨੇ ਸਿਰੀ ਸਾਹਿਬ ਨੂੰ ਇੱਕ ਹਥਿਆਰ ਮੰਨਦਿਆਂ ਪਹਿਲਾਂ ਤਾਂ ਸਿੰਘ ਕੋਲੋ ਸਿਰੀ ਸਾਹਿਬ ਜਬਤ ਕਰ ਲਈ ਜਦੋਂ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਸਾਡੇ ਸਿੱਖ ਧਰਮ ਦੇ 5 ਕਕਾਰਾਂ ਵਿੱਚੋਂ ਇਹ ਵੀ ਇੱਕ ਕਕਾਰ ਹੈ ਤਾਂ



ਇਟਲੀ ਪੁਲਸ ਤੇਰਾਚੀਨਾ ਵਿਖੇ ਇੱਕ 21 ਸਾਲਾ ਸਿੰਘ ਕੋਲੋ ਮਿਲੀ ਸਿਰੀ ਸਾਹਿਬ ਨੂੰ ਨਾਪਦੀ ਦੀ ਹੋਈ

ਪੁਲਸ ਨੇ ਫਿਰ ਸਾਰੇ ਕੇਸ ਨੂੰ ਚੰਗੀ ਤਰ੍ਹਾਂ ਘੋਖਿਆ।ਪੁਲਸ ਨੇ ਸਿੱਖ ਧਰਮ ਦੇ 5 ਕਕਾਰਾਂ ਨੂੰ ਸਮਝਿਆਂ ਸਿੰਘ ਨੂੰ ਕਿਹਾ ਕਿ ਇਟਲੀ ਵਿੱਚ ਸਿੱਖ ਧਰਮ ਰਜਿਸਟਰਡ ਨਹੀਂ ਜਿਸ ਕਾਰਨ ਉਹ ਸਿਰੀ ਸਾਹਿਬ ਵੱਡੇ ਆਕਾਰ ਵਿੱਚ ਜਿਸ ਨੂੰ ਇਟਾਲੀਅਨ ਕਾਨੂੰਨ ਹਥਿਆਰ ਦਰਸਾਉਂਦਾ ਹੈ ਨਹੀਂ ਪਾ ਸਕਦਾ ਉਂਝ ਇਟਲੀ ਵਿੱਚ ਹਜ਼ਾਰਾਂ ਅੰਮ੍ਰਿਤਧਾਰੀ ਸਿੰਘ ਰਹਿਣ ਬਸੇਰਾ ਕਰਦੇ ਹਨ ਜਿਹੜੇ ਕਿ ਸਿਰੀ ਸਾਹਿਬ 4 ਇੰਝ ਤੱਕ ਪਹਿਨਦੇ ਹਨ ਪਰ ਇਸ ਸਿੰਘ ਦੀ ਸਿਰੀ ਸਾਹਿਬ 4 ਇੰਚ ਤੋਂ ਵੱਡੀ ਹੈ ਜਿਸ ਨੂੰ ਪੁਲਸ ਨੇ ਆਪ ਨਾਪਿਆ ।ਸਿਰੀ ਸਾਹਿਬ ਦਾ ਆਕਾਰ ਵੱਡਾ ਹੋਣ ਕਾਰਨ ਪੁਨਤੀਨੀਆ ਰਹਿੰਦੇ ਸਿੰਘ ਨੂੰ ਇਟਲੀ ਪੁਲਸ ਵੱਲੋਂ ਕੀਤੀ ਖੱਜਲ ਖੁਆਰ ਹੋਣਾ ਪਿਆ ਬੇਸ਼ੱਕ ਕਿ ਪੁਲਸ ਨੇ ਸਿੰਘ ਨੂੰ ਵੱਡੀ ਸਿਰੀ ਸਾਹਿਬ ਦੇ ਆਕਾਰ ਨੂੰ ਲੈ ਚਿਤਾਵਨੀ ਦੇ ਕੇ ਸਿਰੀ ਸਾਹਿਬ ਵਾਪਸ ਕਰ ਦਿੱਤੀ ਪਰ ਇਸ ਮੰਦਭਾਗੀ ਘਟਨਾ ਨਾਲ ਇਟਲੀ ਰਹਿਣ ਬਸੇਰਾ ਕਰਦੀਆਂ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਟਲੀ ਵਿੱਚ ਮਹਾਨ ਸਿੱਖ ਧਰਮ ਨੂੰ ਰਜਿਸਟਡਰ ਕਰਵਾਉਣ ਲਈ 2 ਸਿਰਮੌਰ ਸਿੱਖ ਸੰਸਥਾਵਾਂ ਕੌਮੀ ਪੱਧਰ ਤੇ ਕੰਮ ਕਰ ਰਹੀਆਂ ਹਨ ਤੇ ਇਹਨਾਂ ਅਨੁਸਾਰ ਇਟਲੀ ਵਿੱਚ ਸਿੱਖ ਧਰਮ ਰਜਿਸਟਰਡ ਹੋਣ ਦਾ ਇਤਿਹਾਸਕ ਫੈਸਲਾ ਕੰਢੇ ਉਪੱਰ ਹੀ ਹੈ ਪਰ ਅਫ਼ਸੋਸ ਉਹ ਕੰਢਾ ਸਿੱਖ ਸੰਗਤਾਂ ਨੂੰ ਪਿਛਲੇ ਕਈ ਸਾਲਾਂ ਤੋਂ ਕਿਹੜਾ ਹੈ ਪਤਾ ਨਹੀਂ ਲੱਗ ਸਕਿਆ।ਸੰਗਤਾਂ ਦੁੱਚਿਤੀ ਵਿੱਚ ਹਨ ਕਿ ਆਖ਼ਿਰ ਕਿਉਂ ਅਸੀ ਹਰ ਸਾਲ ਲੱਖਾਂ ਯੂਰੋ ਨਗਰ ਕੀਰਤਨਾਂ ਜਾਂ ਹੋਰ ਧਾਰਮਿਕ ਸਮਾਗਮਾਂ ਵਿੱਚ ਖਰਚ ਕੇ ਵੀ ਇਟਾਲੀਅਨ ਪ੍ਰਸ੍ਾਸ਼ਨ ਨੂੰ ਮਹਾਨ ਸਿੱਖ ਧਰਮ ਦੇ ਕਕਾਰਾਂ ਦੀ ਵਿਸਥਾਰਪੂਰਵਕ ਜਾਣਕਾਰੀ ਦੇਣ ਵਿੱਚ ਅਸਫ਼ਲ ਹੀ ਨਹੀਂ ਸਗੋਂ ਬੁਰੀ ਤਰ੍ਹਾਂ ਫ਼ੇਲ੍ਹ ਹੋ ਰਹੇ ਹਾਂ ਕਿਉਂ ਕਿ ਅਸੀਂ ਇਟਲੀ ਸਰਕਾਰ ਨੂੰ ਆਰਥਿਕ ਮਦਦ ਵੀ ਸਮੇਂ ਸਮੇਂ ਤੇ ਕਰਦੇ ਆ ਰਹੇ ਹਾਂ।ਹੁਣ ਤੱਕ ਲੱਖਾਂ ਯੂਰੋ ਇਟਲੀ ਸਰਕਾਰ ਨੂੰ ਨਗਦੀ ਦੇ ਚੁੱਕੇ ਹਾਂ ਸੇਵਾ ਭਾਵਨਾ ਨਾਲ ਫਿਰ ਕਿਉਂ ਪੁਲਸ ਪ੍ਰਸ਼ਾਸ਼ਨ ਸਾਡੇ ਮਹਾਨ ਸਿੱਖ ਧਰਮ ਦੇ 5 ਕਕਾਰਾਂ ਨੂੰ ਟਿੱਚ ਕਰਕੇ ਜਾਣਦਾ ਹੈ ।ਸਿਰੀ ਸਾਹਿਬ ਜਾਂ ਦਸਤਾਰ ਕਾਰਨ ਪ੍ਰਸ਼ਾਸ਼ਨ ਵੱਲੋਂ ਕੀਤੇ ਜਾਂਦੇ ਸਿੱਖਾਂ ਦੇ ਜਲੀਲਪੁਣੇ ਲਈ ਮੁੱਖ ਕਸੂਰਵਾਰ ਕੌਣ ਹੈ ਇਟਲੀ ਸਰਕਾਰ ਜੋ ਜਾਣਬੁੱਝ ਕਿ ਇਹ ਕਰਦੀ ਹੈ ਜਾਂ ਸਾਡੇ ਸਿੱਖ ਆਗੂ ਜਿਹਨਾਂ ਦੀ ਆਪਸੀ ਫੁੱਟ ਸਿੱਖ ਸੰਗਤਾਂ ਨੂੰ ਪਿੰਡੇ ਹੰਡਾਉਣੀ ਪੈ ਰਹੀ ਹੈ।ਇਟਲੀ ਵਿੱਚ ਸਿੱਖ ਸੰਗਤਾਂ ਨੂੰ ਇਹ ਗੱਲ ਹੁਣ ਤੱਕ ਸਿੱਖ ਸੰਸਥਾਵਾਂ ਸਮਝਾਉਣ ਵਿੱਚ ਕਿਉਂ ਅਵੇਸਲੀਆਂ ਹਨ ਜਦੋਂ ਕਿ ਪਿਛਲੇ ਇੱਕ ਦਹਾਕੇ ਤੋਂ ਗੁਰਦੁਆਰਿਆਂ ਦੀ ਗਿਣਤੀ ਤਿੱਗਣੀ ਹੋ ਗਈ ਹੈ ਪਰ ਇਸ ਦੇ ਬਾਵਜੂਦ ਇਟਾਲੀਅਨ ਸਮਾਜ ਵਿੱਚ ਅਸੀਂ ਸਿੱਖ ਧਰਮ ਨੂੰ ਲੈਕੇ ਇਸ ਦੀ ਹੋਂਦ ਸਾਬਤ ਕਰਨ ਵਿੱਚ ਨਿਫਲ ਹੋਏ ਹਾਂ ।ਇਸ ਸਾਰੇ ਘਟਨਾ ਕਰਮ ਲਈ ਕੋਈ ਜ਼ਿੰਮੇਵਾਰ ਕੋਈ ਹੈ ਉਹ ਹੈ ਸਿੱਖ ਆਗੂ ਜਿਹੜੇ ਮਹਾਨ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਸੰਗਤਾਂ ਨੂੰ ਦੱਸਣ ਵਿੱਚ ਜਿੰਮੇਵਾਰੀ ਤਨਦੇਹੀ ਨਾਲ ਨਹੀਂ ਨਿਭਾਅ ਰਹੇ।

# ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ

ਪ੍ਰਿੰਸੀਪਲ ਸਰਵਣ ਸਿੰਘ



ਮੈਂ 1966 ਤੋਂ ਖੇਡਾਂ ਖਿਡਾਰੀਆਂ ਬਾਰੇ ਲਿਖਦਾ ਆ ਰਿਹਾਂ। ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਨਵਯੁਗ ਪਬਲਿਸ਼ਰਜ਼ ਦਿੱਲੀ ਨੇ ਪ੍ਰਕਾਸ਼ਿਤ ਕੀਤੀ ਸੀ। ਫਿਰ ਪੰਜਾਬੀ ਮੂਲ ਦੇ 50 ਅੰਤਰਰਾਸ਼ਟਰੀ ਖਿਡਾਰੀਆਂ ਬਾਰੇ ਪੁਸਤਕ 'ਪੰਜਾਬੀ ਖਿਡਾਰੀ' ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ ਜਿਸ ਦਾ ਅੰਗਰੇਜ਼ੀ ਅਨੁਵਾਦ ਵੀ ਯੂਨੀਵਰਸਿਟੀ ਨੇ ਛਪਵਾਇਆ। 85 ਪ੍ਰਸਿੱਧ ਖਿਡਾਰੀਆਂ ਦੇ ਰੇਖਾ ਚਿੱਤਰਾਂ ਦੀ ਕਿਤਾਬ 'ਚੋਣਵੇਂ ਪੰਜਾਬੀ ਖਿਡਾਰੀ' ਨੈਸ਼ਨਲ ਬੁੱਕ ਟ੍ਰੱਸਟ ਦਿੱਲੀ ਨੇ ਪ੍ਰਕਾਸ਼ਿਤ ਕੀਤੀ। ਪੰਜਾਬੀ ਯੂਨੀਵਰਸਿਟੀ ਦੀ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿੱਚ 87 ਖੇਡਾਂ ਦਾ ਲੋੜੀਂਦਾ ਵੇਰਵਾ ਦਿੱਤਾ। ਹਜ਼ਾਰ ਕੁ ਖੇਡ ਮੇਲੇ ਵੇਖੇ ਤੇ ਸੌ ਕੁ ਪੰਜਾਬੀ ਖੇਡ ਮੇਲਿਆਂ ਬਾਰੇ ਲਿਖਿਆ। ਖ਼ਾਸ ਕਰਕੇ ਅੱਖੀਂ ਡਿੱਠਾ ਕਬੱਡੀ ਵਰਲਡ ਕੱਪ। ਕੁਮੈਂਟਰੀ ਵਾਧੂ ਦੀ ਕੀਤੀ। ਮਿੱਤਰ ਪਿਆਰੇ ਫਿਰ ਵੀ ਕਹੀ ਜਾਂਦੇ ਨੇ ਕਿ ਕਹਾਣੀਆਂ ਲਿਖਣੀਆਂ ਕਿਉਂ ਛੱਡੀਆਂ? ਨਾਵਲ ਕਿਉਂ ਨਹੀਂ ਲਿਖਦਾ? ਅਜੇ ਮੇਰੇ ਸਾਹਮਣੇ ਕਬੱਡੀ ਦੇ ਸੌ ਕੁ ਨਾਮੀ ਧਾਵੀਆਂ, ਜਾਫੀਆਂ ਤੇ ਪ੍ਰਮੋਟਰਾਂ ਬਾਰੇ ਵਡਆਕਾਰੀ ਪੁਸਤਕ 'ਸਟਾਰ ਕਬੱਡੀ ਦੇ' ਲਿਖਣ ਦਾ ਚੈਲਿੰਜ ਹੈ ਪਰ ਉਸ ਤੋਂ ਪਹਿਲਾਂ 'ਜੱਗ ਜੇਤੂਆਂ ਦੀ ਗਾਥਾ: ਦੁਨੀਆ ਦੇ ਮਹਾਨ ਖਿਡਾਰੀ' ਪੁਸਤਕ ਪੇਸ਼ ਕਰ ਰਿਹਾਂ ਤਾਂ ਜੋ ਪੰਜਾਬੀਆਂ ਨੂੰ ਪਤਾ ਲੱਗੇ ਪਈ ਦੁਨੀਆ ਪਰੇ ਤੋਂ ਪਰੇ ਪਈ ਹੈ। ਇਸ ਦਾ ਪਹਿਲਾ ਲੇਖ ਮਹਾਂਬਲੀ ਪਹਿਲਵਾਨ ਕਿੱਕਰ ਸਿੰਘ ਬਾਰੇ ਹੈ ਤੇ ਅਖ਼ੀਰਲਾ ਤੇਜ਼ਤਰਾਰ ਦੌੜਾਕ ਉਸੈਨ ਬੋਲਟ ਬਾਰੇ।

**ਪੁਸਤਕ ਦਾ ਸ਼ੀਸ਼ਾ**

ਕਿੱਕਰ ਸਿੰਘ ਦੇਵ-ਏ-ਹਿੰਦ, ਹਿੰਦ ਮਹਾਂਦੀਪ ਦਾ ਮਹਾਂਬਲੀ ਪਹਿਲਵਾਨ ਸੀ। ਉਹਦਾ ਕੱਦ ਸੱਤ ਫੁੱਟ ਤੇ ਭਾਰ ਸੱਤ ਮਣ ਸੀ। ਐੱਸ ਮਾਜ਼ੁਮਦਾਰ ਦੇ ਕਥਨ ਅਨੁਸਾਰ: ਮੈਂ ਉਹਦੀ ਛਾਤੀ ਦੁਆਲੇ ਫੀਤਾ ਵਲ਼ਿਆ। ਮਿਣਤੀ ਵੇਖੀ ਤਾਂ 80 ਇੰਚ ਨਿਕਲੀ! ਉਹਦੇ ਅੱਖੜ ਸੁਭਾਅ ਤੋਂ ਡਰਦਾ ਮੈਂ ਡੌਲੇ, ਪੱਟ ਤੇ ਲੱਕ ਨਾ ਮਿਣ ਸਕਿਆ...।

ਅਮਰੀਕਾ ਦਾ ਰੇਅ ਏਵਰੀ ਅਲੋਕਾਰ ਅਥਲੀਟ ਸੀ। ਉਸ ਨੂੰ 'ਹਿਊਮਨ ਫਰੌਗ' ਕਿਹਾ ਜਾਂਦਾ ਸੀ। ਉਹ ਖੜ੍ਹਾ ਖੜੋਤਾ ਸਾਢੇ ਗਿਆਰਾਂ ਫੁੱਟ ਦਾ ਛੜੱਪਾ ਮਾਰ ਜਾਂਦਾ ਤੇ ਪੌਣੇ ਛੇ ਫੁੱਟ ਉੱਚੀ ਕੰਧ ਟੱਪ ਜਾਂਦਾ। ਉਸ ਨੂੰ 'ਰਬੜ ਦਾ ਬੰਦਾ' ਕਿਹਾ ਜਾਣ ਲੱਗਾ ਸੀ। ਉਸ ਨੇ ਓਲੰਪਿਕ ਖੇਡਾਂ ਵਿੱਚੋਂ 8 ਗੋਲਡ ਮੈਡਲ ਜਿੱਤੇ...।


ਗਾਮਾ ਭਲਵਾਨ ਰੋਜ਼ਾਨਾ ਤਿੰਨ ਹਜ਼ਾਰ ਡੰਡ ਕੱਢਦਾ ਤੇ ਪੰਜ ਹਜ਼ਾਰ ਬੈਠਕਾਂ ਮਾਰਦਾ। ਗਲ਼ 'ਚ 95 ਕਿਲੋ ਦਾ ਪੱਥਰ ਪਾ ਕੇ ਦੌੜਦਾ। ਉਹਦਾ ਭਾਰ 112 ਕਿਲੋਗਰਾਮ ਸੀ। ਉਸ ਨੇ 12 ਕੁਇੰਟਲ ਦਾ ਪੱਥਰ ਚੁੱਕ ਦਿੱਤਾ ਸੀ ਜੋ ਬੜੋਦੇ ਦੇ ਅਜਾਇਬ ਘਰ 'ਚ ਪਿਐ। ਉਸ ਉੱਪਰ ਲਿਖਿਆ ਹੋਇਐ: 1200 ਕਿਲੋ ਦਾ ਇਹ ਪੱਥਰ ਗਾਮਾ ਪਹਿਲਵਾਨ 23 ਦਸੰਬਰ 1902 ਨੂੰ ਛਾਤੀ ਤੱਕ ਉਠਾ ਕੇ ਕੁੱਝ ਕਦਮ ਤੁਰਿਆ ਵੀ ਸੀ...।

ਜਿਮ ਥੋਰਪੇ 20ਵੀਂ ਸਦੀ ਦਾ ਆਲਰਾਊਂਡਰ ਅਥਲੀਟ ਸੀ। 1912 ਦੀਆਂ ਓਲੰਪਿਕ ਖੇਡਾਂ 'ਚ ਉਸ ਨੂੰ ਗੋਲਡ ਮੈਡਲ ਭੇਟ ਕਰਦਿਆਂ ਸਵੀਡਨ ਦੇ ਬਾਦਸ਼ਾਹ ਨੇ ਕਿਹਾ ਸੀ, "ਸਰ, ਯੂ ਆਰ ਗ੍ਰੇਟੈੱਸਟ ਅਥਲੀਟ ਆਫ਼ ਦਾ ਵਰਲਡ!" ਪਰ 'ਪੇਸ਼ਾਵਰ' ਖਿਡਾਰੀ ਹੋਣ ਦਾ ਦੋਸ਼ ਲੱਗ ਜਾਣ 'ਤੇ ਉਹਦੇ ਓਲੰਪਿਕ ਮੈਡਲ ਵਾਪਸ ਲੈ ਲਏ ਗਏ ਜੋ ਜਿਮ ਦੇ ਮਰਨ ਉਪਰੰਤ ਉਹਦੇ ਵਾਰਸਾਂ ਨੂੰ ਮੋੜੇ ਗਏ...।

ਪਾਵੋ ਨੁਰਮੀ ਨੂੰ 'ਫਲਾਈਂਗ ਫਿੰਨ', 'ਫੈਂਟਮ ਫਿੰਨ', 'ਕਿੰਗ ਆਫ਼ ਰਨਰਜ਼' ਤੇ 'ਪੀਅਰਲੈੱਸ ਪਾਵੋ' ਦੇ ਖ਼ਿਤਾਬ ਮਿਲੇ। ਬੇਸ਼ੱਕ ਲੰਮੀਆਂ ਦੌੜਾਂ ਰੱਤ-ਪੀਣੀਆਂ ਕਹੀਆਂ ਜਾਂਦੀਆਂ ਹਨ ਫਿਰ ਵੀ ਪਾਵੋ ਨੁਰਮੀ ਵਰ੍ਹਿਆਂ-ਬੱਧੀ ਲਹੂ-ਪੀਣੀਆਂ ਦੌੜਾਂ ਦੌੜਦਾ ਰਿਹਾ। ਉਹਦਾ ਦੌੜਦੇ ਦਾ ਸਲੇਟੀ ਬੁੱਤ ਹੈਲਸਿੰਕੀ ਦੇ ਓਲੰਪਿਕ ਸਟੇਡੀਅਮ ਦੀ ਸ਼ਾਨ ਹੈ...।

ਤੈਰਨ ਦਾ ਵਿਸ਼ਵ ਚੈਂਪੀਅਨ ਤੇ ਫਿਲਮਾਂ ਦਾ ਸੁਪਰਮੈਨ ਜੌਨੀ ਟਾਰਜ਼ਨ ਦਰਸ਼ਕਾਂ ਨੂੰ ਦੰਗ ਕਰਨ ਵਾਲਾ ਹੀਰੋ ਸੀ! ਉਸ ਨੇ ਪੈਰਿਸ-1924 ਤੇ ਐਮਸਟਰਡਮ-1928 ਦੀਆਂ ਓਲੰਪਿਕ ਖੇਡਾਂ 'ਚੋਂ ਇੱਕ ਕਾਂਸੀ ਤੇ ਪੰਜ ਸੋਨੇ ਦੇ ਤਗਮੇ ਜਿੱਤੇ। ਉਸ ਨੇ ਮਿਸ਼ੀਗਨ ਲੇਕ 'ਚ ਤੈਰਨਾ ਸ਼ੁਰੂ ਕੀਤਾ ਸੀ ਅਤੇ ਵਿਸ਼ਵ ਚੈਂਪੀਅਨ ਬਣ ਕੇ ਦਮ ਲਿਆ ਸੀ...।

ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਅਸਲੀ ਨਾਂ ਧਿਆਨ ਸਿੰਘ ਸੀ। ਉਸ ਨੂੰ ਖੇਡਦਿਆਂ ਰਾਤ ਪੈ ਜਾਂਦੀ। ਪਰ ਉਹ ਰਾਤ ਨੂੰ ਵੀ ਚੰਦ ਚਾਂਦਨੀ 'ਚ ਖੇਡਦਾ ਰਹਿੰਦਾ। ਚੰਦ ਦੇ ਚਾਨਣ ਵਿੱਚ ਖੇਡਦਾ ਰਹਿਣ ਕਰਕੇ ਉਹਦੇ ਫੌਜੀ ਸਾਥੀ ਉਸ ਨੂੰ ਧਿਆਨ ਚੰਦ ਕਹਿਣ ਲੱਗ ਪਏ ਅਤੇ ਉਸ ਦਾ ਨਾਂ ਹੀ ਧਿਆਨ ਸਿੰਘ ਤੋਂ ਧਿਆਨ ਚੰਦ ਪੱਕ ਗਿਆ...।




ਜੇਸੀ ਓਵੇਂਜ ਮਨੁੱਖੀ ਜੁੱਸੇ ਵਿੱਚ ਤਾਕਤ ਦਾ ਬੰਬ ਸੀ। ਜਦ ਦੌੜਦਾ ਤਾਂ ਲੱਗਦਾ ਜਿਵੇਂ ਉਹਦੇ ਪੈਰਾਂ ਹੇਠ ਅੱਗ ਮੱਚਦੀ ਹੋਵੇ। ਉਸ ਨੇ 5 ਮਈ 1935 ਨੂੰ 45 ਮਿੰਟਾਂ 'ਚ ਤਿੰਨ ਵਿਸ਼ਵ ਰਿਕਾਰਡ ਤੋੜੇ ਤੇ ਚੌਥਾ ਬਰਾਬਰ ਕੀਤਾ। ਲੰਮੀ ਛਾਲ ਦਾ ਵਿਸ਼ਵ ਰਿਕਾਰਡ 24 ਸਾਲ ਉਹਦੇ ਨਾਂ ਖੜ੍ਹਾ ਰਿਹਾ! ਉਹਦਾ ਬਚਪਨ ਬੇਸ਼ਕ ਅੰਤਾਂ ਦੀ ਗ਼ਰੀਬੀ 'ਚ ਗੁਜ਼ਰਿਆ ਸੀ ਪਰ ਉਹ ਗੋਦੜੀ ਦਾ ਲਾਲ ਸਾਬਤ ਹੋਇਆ...।ਬਲਬੀਰ ਸਿੰਘ ਸੀਨੀਅਰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿੱਕ' ਵਾਲਾ ਬਲਬੀਰ ਵੱਜਦੈ। ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਵਿੱਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਹਦੀ ਸਟਿੱਕ ਨਾਲ ਹੋਏ। ਹਾਲੈਂਡ ਵਿਰੁੱਧ ਫਾਈਨਲ ਮੈਚ ਵਿੱਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਅਜੇ ਵੀ ਓਲੰਪਿਕ ਰਿਕਾਰਡ ਹੈ...। ਊਧਮ ਸਿੰਘ 'ਊਧੀ' ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ। ਉਹ ਪੰਜ ਓਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਓਲੰਪਿਕਸ ਹੀ ਖੇਡ ਸਕਿਆ। ਓਲੰਪਿਕ ਖੇਡਾਂ 'ਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ ਜੋ ਹਾਲੇ ਵੀ ਹਾਕੀ ਦਾ ਓਲੰਪਿਕ ਰਿਕਾਰਡ ਹੈ...।

ਕਦੇ ਮੀਲ ਦੀ ਦੌੜ 4 ਮਿੰਟ ਤੋਂ ਘੱਟ ਸਮੇਂ 'ਚ ਦੌੜਨੀ ਅਸੰਭਵ ਮੰਨੀ ਜਾਂਦੀ ਸੀ। ਆਖ਼ਰ ਰੋਜਰ ਬੈਨਿਸਟਰ ਨੇ 6 ਮਈ 1954 ਨੂੰ ਔਕਸਫੋਰਡ ਦੇ ਟ੍ਰੈਕ 'ਚ ਚਾਰ ਮਿੰਟ ਦੀ ਅਸੰਭਵ ਮੰਨੀ ਜਾਂਦੀ ਹੱਦ ਤੋੜ ਦਿੱਤੀ। ਰੋਜਰ ਦਿਮਾਗੀ ਬਿਮਾਰੀਆਂ ਦਾ ਨਾਮਵਰ ਡਾਕਟਰ ਬਣ ਕੇ 89 ਸਾਲ ਜੀਵਿਆ ਤੇ ਔਕਸਫੋਰਡ ਵਿੱਚ ਹੀ ਪਰਲੋਕ ਸਿਧਾਰਿਆ...।

ਅਬੇਬੇ ਬਕੀਲਾ ਪ੍ਰਥਮ ਦੌੜਾਕ ਸੀ ਜਿਹੜਾ ਲਗਾਤਾਰ ਦੋ ਵਾਰ ਓਲੰਪਿਕ ਖੇਡਾਂ ਦੀ ਮੈਰਾਥਨ ਦੌੜ ਜਿੱਤਿਆ। ਉਹ ਪਹਿਲਾ ਅਫਰੀਕੀ ਅਥਲੀਟ ਸੀ ਜਿਸ ਨੇ ਅਫਰੀਕਾ ਦੇ ਨੌਜੁਆਨਾਂ ਨੂੰ ਓਲੰਪਿਕ ਚੈਂਪੀਅਨ ਬਣਨ ਦੇ ਰਾਹ ਪਾਇਆ। ਕੀਨੀਆ ਦੇ ਦੌੜਾਕਾਂ ਨੇ ਤਾਂ ਜਿਵੇਂ ਮੈਰਾਥਨ ਦੌੜਾਂ ਜਿੱਤਣ ਦਾ ਅਸ਼ਟਾਮ ਹੀ ਆਪਣੇ ਨਾਂ ਕਰਾ ਲਿਆ ਹੋਵੇ...।

ਲਾਰੀਸਾ ਲਤੀਨੀਨਾ ਬਾਰੇ ਲਿਖਣਾ ਲਫ਼ਜ਼ਾਂ ਦੀ ਜਿਮਨਾਸਟਿਕ ਕਰਨਾ ਹੈ। ਉਹ 1954 ਤੋਂ 1966 ਤਕ ਆਲਮੀ ਪੱਧਰ 'ਚ ਛਾਈ ਰਹੀ। 'ਫਲਾਈਂਗ ਫਿਸ਼' ਮਾਈਕਲ ਫੈਲਪਸ ਤੋਂ ਪਹਿਲਾਂ ਓਲੰਪਿਕ ਖੇਡਾਂ 'ਚੋਂ ਸਭ ਤੋਂ ਵੱਧ ਤਗਮੇ ਜਿੱਤਣ ਦਾ ਰਿਕਾਰਡ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ ਹੀ ਸੀ...।

ਅਮਰੀਕਾ ਦਾ ਅਲ ਓਰਟਰ ਡਿਸਕਸ ਦਾ ਲਾਸਾਨੀ ਸੁਟਾਵਾ ਸੀ। ਉਸ ਨੇ ਮੈਲਬੋਰਨ-56, ਰੋਮ-60, ਟੋਕੀਓ-64 ਤੇ ਮੈਕਸੀਕੋ-68 ਦੀਆਂ ਓਲੰਪਿਕ ਖੇਡਾਂ ਵਿੱਚੋਂ ਲਗਾਤਾਰ ਚਾਰ ਗੋਲਡ ਮੈਡਲ ਜਿੱਤੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ। ਚਾਰ ਓਲੰਪਿਕ ਰਿਕਾਰਡਾਂ ਨਾਲ ਉਸ ਨੇ ਚਾਰੇ ਵਾਰ ਨਵੇਂ ਵਿਸ਼ਵ ਰਿਕਾਰਡ ਵੀ ਰੱਖੇ...।

ਵਿਲਮਾ ਰੁਡੋਲਫ ਦੀ ਬਾਤ ਪਾਉਂਦਿਆਂ ਮਨ 'ਚ ਆਉਂਦੈ, "ਕੀ ਇੰਜ ਹੋ ਸਕਦੈ? ਕੋਈ ਅਪਾਹਜ ਬੱਚਾ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੈ ਤੇ ਇੱਕੋ ਓਲੰਪਿਕਸ ਵਿੱਚੋਂ ਤਿੰਨ ਗੋਲਡ ਮੈਡਲ ਜਿੱਤ ਸਕਦੈ?" ਪ੍ਰਤੱਖ ਹੈ ਕਿ ਜੋ ਕੁੱਝ ਵਿਲਮਾ ਨੇ ਕਰ ਵਿਖਾਇਐ ਉਹ ਹੋਰ ਬੱਚੇ ਵੀ ਕਰ ਸਕਦੇ ਹਨ ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤੀ ਬਣਨ...।

ਬ੍ਰਾਜ਼ੀਲ ਦੇ ਪੇਲੇ ਨੂੰ 1999 ਵਿੱਚ ਫੀਫਾ ਨੇ ਸ਼ਤਾਬਦੀ ਦਾ ਸਰਬੋਤਮ ਫੁੱਟਬਾਲ ਖਿਡਾਰੀ ਐਲਾਨਿਆ। ਉਸ ਨੇ ਪਹਿਲੇ ਦਰਜੇ ਦੇ 1363 ਮੈਚ ਖੇਡਦਿਆਂ 1283 ਗੋਲ ਕਰਨ ਦਾ ਰਿਕਾਰਡ ਰੱਖਿਆ! ਉਹ ਵੀਹ ਵਰ੍ਹੇ ਉੱਚ ਪੱਧਰੀ ਫੁੱਟਬਾਲ ਖੇਡਿਆ ਤੇ ਤਿੰਨ ਵਿਸ਼ਵ ਕੱਪ ਜਿੱਤੇ। ਬ੍ਰਾਜ਼ੀਲ ਦਾ ਉਹ 'ਕਾਲਾ ਮੋਤੀ' ਸੀ ਜੀਹਨੂੰ ਅਨੇਕ ਖ਼ਿਤਾਬਾਂ ਨਾਲ ਸਨਮਾਨਿਆ ਗਿਆ...।

ਮੁਹੰਮਦ ਅਲੀ ਬਾਰੇ ਲਿਖਣਾ ਲਫ਼ਜ਼ਾਂ ਨਾਲ ਘੁਲਣਾ ਹੈ। ਉਸ ਨੇ ਧਰਮ ਬਦਲਿਆ, ਨਾਂ ਬਦਲਿਆ, ਸ਼ੌਕ ਬਦਲੇ ਤੇ ਪਤਨੀਆਂ ਬਦਲ ਕੇ ਚਾਰ ਵਿਆਹ ਕੀਤੇ। ਤਿੰਨ ਵਾਰ ਮੁੱਕੇਬਾਜ਼ੀ ਦਾ ਵਿਸ਼ਵ ਚੈਂਪੀਅਨ ਤੇ ਨੌਂ ਬੱਚਿਆਂ ਦਾ ਬਾਪ ਬਣਿਆ। ਆਖ਼ਰ ਪਾਰਕਿਨਸਨ ਦੀ ਬਿਮਾਰੀ ਦਾ ਸ਼ਿਕਾਰ ਹੋਇਆ ਤੇ 74 ਸਾਲ ਦੀ ਉਮਰ ਵਿੱਚ ਅੱਲਾ ਨੂੰ ਪਿਆਰਾ ਹੋ ਗਿਆ...।ਵਾਸਿਲੀ ਅਲੈਕਸੀਏਵ ਵੇਟਲਿਫਟਿੰਗ ਦੇ 80 ਵਿਸ਼ਵ ਰਿਕਾਰਡ ਤੋੜੇ! ਪ੍ਰੈਕਟਿਸ ਕਰਦਿਆਂ ਉਸ ਨੇ ਏਨਾ ਵਜ਼ਨ ਚੁੱਕਿਆ ਜੋ ਰੇਲ ਦੇ ਇੰਜਣ ਤੋਂ ਵੀ ਨਾ ਖਿੱਚਿਆ ਜਾ ਸਕੇ। ਜਿਵੇਂ ਬਕੀਲੇ ਬਾਰੇ ਕਿਹਾ ਜਾਂਦੈ ਕਿ ਉਸ ਨੇ ਲੱਖ ਮੀਲ ਤੋਂ ਵੱਧ ਦੌੜਨ ਦਾ ਅਭਿਆਸ ਕੀਤਾ ਹੋਵੇਗਾ ਉਵੇਂ ਅਲੈਕਸੀਏਵ ਨੇ ਵੀ ਬਾਲੇ ਕੱਢਦਿਆਂ ਲੱਖ ਟਨ ਤੋਂ ਵੱਧ ਵਜ਼ਨ ਉਠਾਇਆ ਹੋਵੇਗਾ...।

ਵਲੇਰੀ ਬਰੂਮਲ ਨੂੰ ਸਾਇਬੇਰੀਆ ਦਾ 'ਉਡਣਾ ਪੰਛੀ' ਕਿਹਾ ਜਾਂਦਾ ਸੀ। 1961-63 ਦੌਰਾਨ ਉਸ ਨੇ ਉੱਚੀ ਛਾਲ ਦੇ ਛੇ ਵਾਰ ਵਿਸ਼ਵ ਰਿਕਾਰਡ ਤੋੜੇ। ਉਹਦਾ 7 ਫੁੱਟ ਪੌਣੇ 6 ਇੰਚ ਦਾ ਆਖ਼ਰੀ ਵਿਸ਼ਵ ਰਿਕਾਰਡ 8 ਸਾਲ ਕਾਇਮ ਰਿਹਾ। ਜੇਕਰ ਉਹਦਾ ਐਕਸੀਡੈਂਟ ਨਾ ਹੁੰਦਾ ਤਾਂ ਸੰਭਵ ਸੀ ਉਹ ਹੋਰ ਵੀ ਉੱਚੇ ਵਿਸ਼ਵ ਰਿਕਾਰਡ ਰੱਖਦਾ...।

ਵਿਕਟਰ ਸਨੇਯੇਵ ਤੀਹਰੀ ਛਾਲ ਦਾ ਹੀਰਾ ਹਿਰਨ ਸੀ। ਉਸ ਨੇ ਸੋਵੀਅਤ ਰੂਸ ਵੱਲੋਂ ਚਾਰ ਓਲੰਪਿਕਸ ਵਿੱਚ ਭਾਗ ਲਿਆ ਤੇ ਚਾਰੇ ਵਾਰ ਜਿੱਤ ਮੰਚ 'ਤੇ ਚੜ੍ਹਿਆ। ਮੈਕਸੀਕੋ-68, ਮਿਊਨਿਖ-72 ਤੇ ਮੌਂਟਰੀਅਲ-76 ਦੀਆਂ ਓਲੰਪਿਕ ਖੇਡਾਂ 'ਚ ਹੈਟ ਟ੍ਰਿਕ ਮਾਰਦਿਆਂ ਸੋਨੇ ਦੇ ਤਿੰਨ ਤਗਮੇ ਜਿੱਤੇ। ਮਾਸਕੋ-1980 ਦੀਆਂ ਓਲੰਪਿਕ ਖੇਡਾਂ 'ਚੋਂ ਚਾਂਦੀ ਦਾ ਤਗਮਾ ਜਿੱਤਿਆ...।

ਮਾਰਕ ਸਪਿਟਜ਼ 22 ਸਾਲ ਦੀ ਉਮਰ ਤਕ ਤੈਰਿਆ ਤੇ 23ਵੇਂ ਸਾਲ ਤੈਰਨ ਤਲਾਅ ਨੂੰ ਅਲਵਿਦਾ ਆਖ ਦਿੱਤੀ। ਉਸ ਨੇ ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚੋਂ ਸੱਤ ਤਾਰੀਆਂ ਦੇ ਸੱਤੇ ਸੋਨ ਤਗਮੇ ਜਿੱਤੇ ਤੇ ਸੱਤੇ ਨਵੇਂ ਵਿਸ਼ਵ ਰਿਕਾਰਡ ਰੱਖੇ! ਉਸ ਦਾ 7 ਗੋਲਡ ਮੈਡਲ ਜਿੱਤਣ ਦਾ ਓਲੰਪਿਕ ਰਿਕਾਰਡ 36 ਸਾਲ ਕਾਇਮ ਰਿਹਾ...।

ਨਿਕੋਲਾਈ ਆਂਦਰੀਆਨੋਵ 20ਵੀਂ ਸਦੀ ਦਾ ਸਰਬੋਤਮ ਜਿਮਨਾਸਟ ਸੀ। ਬਚਪਨ ਵਿੱਚ ਉਹ ਵਿਗੜਿਆ ਬੱਚਾ ਸੀ। ਚੰਗਾ ਕੋਚ ਮਿਲ ਜਾਣ ਨਾਲ ਜਿਮਨਾਸਟਿਕਸ ਦਾ ਜਾਦੂਗਰ ਬਣ ਗਿਆ। ਉਸ ਨੇ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ 'ਚੋਂ 7 ਤਗਮੇ ਜਿੱਤੇ। ਪੁਰਸ਼ਾਂ 'ਚੋਂ 15 ਮੈਡਲ ਜਿੱਤਣ ਦਾ ਉਹਦਾ ਓਲੰਪਿਕ ਰਿਕਾਰਡ 1980 ਤੋਂ 2008 ਤਕ ਕਾਇਮ ਰਿਹਾ...। ਫਲੋਰੈਂਸ ਗ੍ਰਿਫਿਥ ਜੋਏਨਰ ਨੂੰ 'ਫਲੋਅ ਜੋਅ' ਕਿਹਾ ਜਾਂਦਾ ਸੀ। ਉਸ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਗਮੇ ਜਿੱਤੇ। ਉਸ ਦੇ 100 ਤੇ 200 ਮੀਟਰ ਦੌੜਾਂ ਦੇ ਓਲੰਪਿਕ ਤੇ ਵਿਸ਼ਵ ਰਿਕਾਰਡ 1988 ਤੋਂ 2020 ਤੱਕ ਕਾਇਮ ਰਹੇ। ਫੈਸ਼ਨਾਂ ਕਰਕੇ ਉਹ ਬੇਹੱਦ ਚਰਚਿਤ ਰਹੀ ਤੇ 38 ਸਾਲ ਦੀ ਉਮਰੇ ਉਹਦੀ ਨੀਂਦ 'ਚ ਹੋਈ ਮੌਤ ਰਹੱਸ ਬਣ ਗਈ...।ਕਾਰਲ ਲੇਵਿਸ ਨੂੰ ਅਮਰੀਕਾ ਦਾ ਕਾਲਾ ਮੋਤੀ ਕਿਹਾ ਜਾਂਦੈ। ਉਸ ਨੇ ਚਾਰ ਓਲੰਪਿਕਸ ਵਿੱਚੋਂ ਨੌਂ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ। ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ ਵੀ ਦਸ ਮੈਡਲ ਜਿੱਤੇ ਜਿਨ੍ਹਾਂ ਚ ਅੱਠ ਗੋਲਡ ਮੈਡਲ ਹਨ। 1984, 88, 92, 96 ਦੀਆਂ ਓਲੰਪਿਕ ਖੇਡਾਂ ਵਿੱਚ ਉਹ ਲੰਮੀ ਛਾਲ ਦਾ ਲਗਾਤਾਰ ਚੈਂਪੀਅਨ ਬਣਦਾ ਰਿਹਾ...।

ਨਾਦੀਆ ਕੋਮੈਂਸੀ ਜਿਮਨਾਟਿਕਸ ਦੀ ਮਲਕਾ ਹੈ। ਉਹ ਵਿਸ਼ਵ ਦੀ ਪਹਿਲੀ ਜਿਮਨਾਸਟ ਹੈ ਜਿਸ ਨੇ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਚ ਸੱਤ ਵਾਰ ਪ੍ਰਫੈਕਟ 10 ਅੰਕ ਹਾਸਲ ਕੀਤੇ। ਇਸ ਕ੍ਰਿਸ਼ਮੇ ਨਾਲ ਉਹ ਚੌਦਾਂ ਸਾਲਾਂ ਦੀ ਕੁੜੀ ਏਨੀ ਪ੍ਰਸਿੱਧ ਹੋਈ ਕਿ ਕਰੋੜਾਂ ਅੱਖਾਂ ਦਾ ਕੇਂਦਰ ਬਣ ਗਈ! ਵਿਸ਼ਵ ਭਰ ਦੇ ਲੱਖਾਂ ਕਰੋੜਾਂ ਲੋਕ ਉਹਦੇ ਦੀਵਾਨੇ/ਮਸਤਾਨੇ ਹੋ ਗਏ...।

ਹਰਜੀਤ ਬਾਜਾਖਾਨਾ ਕਬੱਡੀ ਦਾ ਰੁਸਤਮ-ਏ-ਜ਼ਮਾਂ ਸੀ। ਉਸ ਮਹਾਨ ਧਾਵੀ ਦਾ ਨਾਂ ਮੈਂ 'ਕਬੱਡੀ ਦਾ ਚੜ੍ਹਦਾ ਸੂਰਜ' ਰੱਖਿਆ ਸੀ। ਉਦੋਂ ਕੀ ਪਤਾ ਸੀ ਕਿ ਸਾਡਾ ਚੜ੍ਹਦਾ ਸੂਰਜ ਸਿਖਰ ਦੁਪਹਿਰੇ ਹੀ ਛਿਪ ਜਾਵੇਗਾ। ਉਹਦੀ ਹਰ ਥਾਂ ਬੱਲੇ-ਬੱਲੇ ਹੁੰਦੀ ਸੀ। ਉਹ ਕੇਵਲ 27 ਸਾਲ ਦੀ ਜੁਆਨ ਉਮਰੇ ਸੜਕ ਹਾਦਸੇ ਦੀ ਭੇਟ ਚੜ੍ਹ ਗਿਆ...।

ਅਭਿਨਵ ਬਿੰਦਰਾ ਨਿਸ਼ਾਨੇਬਾਜ਼ੀ ਦਾ ਅਰਜੁਨ ਹੈ। ਕਿਸੇ ਵਿਅਕਤੀਗਤ ਖੇਡ ਦਾ ਪਹਿਲਾ ਭਾਰਤੀ ਓਲੰਪਿਕ ਚੈਂਪੀਅਨ। ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪਾਂ, ਵਿਸ਼ਵ ਕੱਪਾਂ, ਕਾਮਨਵੈੱਲਥ ਖੇਡਾਂ, ਏਸ਼ਿਆਈ ਖੇਡਾਂ ਤੇ ਏਸ਼ਿਆਈ ਚੈਂਪੀਅਨਸ਼ਿਪਾਂ ਵਿੱਚੋਂ ਉਸ ਨੇ 6 ਸੋਨੇ, 3 ਚਾਂਦੀ ਤੇ 3 ਕਾਂਸੀ ਦੇ ਤਗਮੇ ਜਿੱਤੇ। ਉਹ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ...।

ਮਾਈਕਲ ਫੈਲਪਸ ਨੇ ਚਾਰ ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗਮੇ ਜਿੱਤੇ! ਉਸ ਨੇ ਵਰਲਡ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ, ਪੈਨ ਅਮਰੀਕਨ ਖੇਡਾਂ 'ਚੋਂ 83 ਮੈਡਲ ਜਿੱਤਣ ਨਾਲ 39 ਵਿਸ਼ਵ ਰਿਕਾਰਡ ਨਵਿਆਏ। ਬੀਜਿੰਗ ਓਲੰਪਿਕਸ 'ਚੋਂ 8 ਗੋਲਡ ਮੈਡਲਾਂ ਨਾਲ 7 ਵਿਸ਼ਵ ਰਿਕਾਰਡ ਨਵਿਆ ਕੇ ਦੁਨੀਆ ਦੰਗ ਕਰ ਦਿੱਤੀ...।

ਉਸੈਨ ਬੋਲਟ ਨੂੰ 'ਲਾਈਟਨਿੰਗ ਬੋਲਟ' ਵੀ ਕਿਹਾ ਜਾਂਦੈ। ਉਸ ਨੇ ਓਲੰਪਿਕ ਖੇਡਾਂ 'ਚੋਂ 8 ਗੋਲਡ ਮੈਡਲ ਜਿੱਤੇ। ਉਹਦੀ ਸਪੀਡ ਪ੍ਰਤੀ ਘੰਟਾ 44.72 ਕਿਲੋਮੀਟਰ ਰਿਕਾਰਡ ਕੀਤੀ ਗਈ। ਬਰਲਿਨ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ ਉਹ 100 ਮੀਟਰ ਦੌੜ 9.58 ਸੈਕੰਡ 'ਚ ਲਾ ਗਿਆ ਤੇ 200 ਮੀਟਰ 19.19 ਸੈਕੰਡ 'ਚ ਲਾਈ! ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਵੀ 8 ਸੋਨੇ ਤੇ 2 ਚਾਂਦੀ ਦੇ ਤਗਮੇ ਜਿੱਤੇ...।

ਇਸ ਪੁਸਤਕ ਵਿੱਚ ਤੀਹ ਕੁ ਜੱਗ ਜੇਤੂਆਂ ਦੇ ਸ਼ਬਦ-ਚਿੱਤਰ ਹਨ। ਇਸ ਨੂੰ ਪੀਪਲਜ਼ ਫੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤਾ ਹੈ ਜਿਨ੍ਹਾਂ ਦਾ ਫੋਨ 98729-89313 ਹੈ। 'ਜੱਗ ਜੇਤੂਆਂ ਦੀ ਗਾਥਾ' ਦਾ ਇਹ ਪਹਿਲਾ ਭਾਗ ਹੈ। ਇਸ ਦਾ ਦੂਜਾ ਭਾਗ ਵੀ ਛੇਤੀ ਹੀ ਪਾਠਕਾਂ ਦੇ ਦਰਾਂ 'ਤੇ ਦਸਤਕ ਦੇਵੇਗਾ। ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ ਹੈ।

pirnicpalsarwanisngh@gmial.com

# ਹੜ੍ਹਾਂ ਕਾਰਣ ਅਮਰੀਕਾ ਦੇ ਸ਼ਹਿਰਾਂ ਨੂੰ ਵੱਡਾ ਖਤਰਾ, ਨਵੇਂ ਅਧਿਐਨ ਨੇ ਡਰਾਇਆ

## ✪ ਨਿਊਯਾਰਕ ਅਤੇ ਸੈਨ ਫਰਾਂਸਿਸਕੋ ਸਮੇਤ 32 ਸ਼ਹਿਰ 2050 ਤੱਕ ਖ਼ਤਰੇ ਵਿੱਚ ✪ ਕਈ ਸ਼ਹਿਰਾਂ ਦੀ ਪੰਜ ਲੱਖ ਤੋਂ ਵੱਧ ਆਬਾਦੀ ਹੋ ਸਕਦੀ ਹੈ ਪ੍ਰਭਾਵਿਤ





ਇਕ ਨਵੇਂ ਅਧਿਐਨ ਤੋਂ ਪਤਾ ਲੱਗਾ ਹੈ ਕਿ ਨਿਊਯਾਰਕ, ਬੋਸਟਨ, ਮਿਆਮੀ ਅਤੇ ਸੈਨ ਫਰਾਂਸਿਸਕੋ ਸਮੇਤ 32 ਅਮਰੀਕੀ ਸ਼ਹਿਰ ਸਮੁੰਦਰ ਵਿਚ ਡੁੱਬ ਰਹੇ ਹਨ। ਇਨ੍ਹਾਂ ਸ਼ਹਿਰਾਂ ਨੂੰ 2050 ਤੱਕ ਲਗਾਤਾਰ ਹੜ੍ਹਾਂ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਕਾਰਨ ਇਨ੍ਹਾਂ ਸ਼ਹਿਰਾਂ ਦੀ ਪੰਜ ਲੱਖ ਤੋਂ ਵੱਧ ਆਬਾਦੀ ਪ੍ਰਭਾਵਿਤ ਹੋ ਸਕਦੀ ਹੈ।

ਦੱਸਿਆ ਗਿਆ ਹੈ ਕਿ ਜੇਕਰ ਇਸ ਖਤਰੇ ਨੂੰ ਘੱਟ ਕਰਨ ਲਈ ਕੁਝ ਨਾ ਕੀਤਾ ਗਿਆ ਤਾਂ 2050 ਤੱਕ ਹੜ੍ਹਾਂ ਕਾਰਨ 107 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਅਮਰੀਕਾ ਦੀ ਲਗਭਗ 30% ਆਬਾਦੀ ਤੱਟ ਦੇ ਨਾਲ-ਨਾਲ ਸ਼ਹਿਰਾਂ ਵਿੱਚ ਰਹਿੰਦੀ ਹੈ, ਜਿੱਥੇ 2050 ਤੱਕ ਸਮੁੰਦਰ ਦਾ ਪੱਧਰ 1 ਫੁੱਟ (0.3 ਮੀਟਰ) ਤਕ ਵਧਣ ਦੀ ਸੰਭਾਵਨਾ ਹੈ।

ਇਹ ਨਵਾਂ ਅਧਿਐਨ 5 ਮਾਰਚ ਨੂੰ ਨੇਚਰ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਵਿੱਚ ਸਮੁੰਦਰ ਦੇ ਵਧਦੇ ਪੱਧਰ ਅਤੇ ਡੁੱਬਦੀ ਜ਼ਮੀਨ ਦੇ ਦੋਹਰੇ ਖਤਰੇ ਨੂੰ ਦਰਸਾਇਆ ਗਿਆ ਹੈ।

20ਵੀਂ ਸਦੀ ਤੋਂ, ਜਲਵਾਯੂ ਪਰਿਵਰਤਨ ਕਾਰਨ ਗਲੇਸ਼ੀਅਰ ਪਿਘਲ ਗਏ ਹਨ ਅਤੇ ਸਮੁੰਦਰ ਦੇ ਪਾਣੀ ਗਰਮ ਹੋ ਰਹੇ ਹਨ। ਇਸ ਨਾਲ ਪਾਣੀ ਦਾ ਵਿਸਥਾਰ ਹੋ ਰਿਹਾ ਹੈ ਅਤੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਸਮੁੰਦਰ ਦਾ ਪੱਧਰ ਲਗਭਗ 0.13 ਇੰਚ (3.4 ਮਿਲੀਮੀਟਰ) ਪ੍ਰਤੀ ਸਾਲ ਵਧ ਰਿਹਾ ਹੈ।

ਫਿਰ ਵੀ, ਇਕ ਹੀ ਸਮੇਂ, ਵਿਚ ਇਨ੍ਹਾਂ ਸਾਰੇ ਕਾਰਕਾਂ ਦੇ ਮਿਲਣ ਕਾਰਣ ਤੱਟਵਰਤੀ ਖੇਤਰਾਂ ਵਿੱਚ ਜ਼ਮੀਨ ਦੇ ਡੁੱਬਣ ਦਾ ਕਾਰਨ ਬਣ ਰਹੇ ਹਨ: ਮਹਾਨਗਰ ਵਿੱਚ ਜ਼ਮੀਨ ਧਸ ਰਹੀ ਹੈ। ਸ਼ਹਿਰਾਂ ਹੇਠਲੀ ਜ਼ਮੀਨ ਖੋਖਲੀ ਹੋ ਗਈ ਹੈ। ਇਸ ਸਭ ਦੇ ਕਾਰਨ, ਤੱਟਵਰਤੀ ਸ਼ਹਿਰ ਹਰ ਸਾਲ 0.2 ਇੰਚ (5 ਮਿਲੀਮੀਟਰ) ਤਕ ਡੁੱਬਣ ਲੱਗੇ ਹਨ, ਜਿਸ ਤੋਂ ਪ੍ਰਭਾਵਿਤ ਖੇਤਰਾਂ ਦੇ ਆਲੇ ਦੁਆਲੇ ਸਮੁੰਦਰ ਦੇ ਪੱਧਰ ਵਿੱਚ ਤਬਦੀਲੀ ਤਿੰਨ ਗੁਣਾ ਹੋ ਚੁਕੀ ਹੈ ।

ਪੰਜਾਬ ਟਾਈਮਜ਼ ਅਨੁਸਾਰ ਜੇਕਰ ਕੋਈ ਉਚਿਤ ਕਦਮ ਨਹੀਂ ਚੁੱਕੇ ਜਾਂਦੇ, ਤਾਂ ਯੂ.ਐੱਸ. ਤੱਟਾਂ ਦੇ ਨਾਲ 280,000 ਸੰਪਤੀਆਂ ਵਿੱਚ ਰਹਿਣ ਵਾਲੇ ਹਰ 50 ਵਿੱਚੋਂ 1 ਵਿਅਕਤੀ ਪ੍ਰਭਾਵਿਤ ਹੋਵੇਗਾ। ਇਸ ਤੋਂ ਬਚਣ ਲਈ, ਅਮਰੀਕਾ ਨੂੰ ਵਾਧੂ ਜ਼ਮੀਨ ਖਿਸਕਣ ਨੂੰ ਰੋਕਣ ਦੇ ਨਾਲ-ਨਾਲ ਤੱਟਵਰਤੀ ਸੁਰੱਖਿਆ ਨੂੰ ਮਜ਼ਬੂਤ ? ?ਕਰਨ ਲਈ ਕੁਦਰਤੀ ਗੈਸ ਅਤੇ ਭੂਮੀਗਤ ਪਾਣੀ ਦੀ ਨਿਕਾਸੀ ਨੂੰ ਸੀਮਤ ਕਰਨ ਦੀ ਲੋੜ ਹੋਵੇਗੀ। ਭੂਮੀ ਦਾ ਧਸਣਾ ਸਿਰਫ ਅਮਰੀਕਾ ਲਈ ਇੱਕ ਸਮੱਸਿਆ ਨਹੀਂ ਹੈ,ਵਿਸ਼ਵ ਪੱਧਰ ਦਾ ਸੰਕਟ ਹੈ। ਜ਼ਮੀਨ ਧੱਸਣ ਕਾਰਨ ਜ਼ਮੀਨ ਦੇ ਡੁਬਣ ਨਾਲ 2040 ਤੱਕ ਵਿਸ਼ਵ ਦੀ 19% ਆਬਾਦੀ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

* * * ** *੯ * * *

# ਬਦਤਮੀਜ਼ ਰੋਬੋਟ ਨੇ ਮਹਿਲਾ ਰਿਪੋਰਟਰ ਨਾਲ ਕੀਤੀ ਛੇੜਛਾੜ !

## ✪ ਲਾਈਵ ਕੈਮਰੇ 'ਚ ਕੈਦ ਹੋਈ ਰੋਬੋਟ ਦੀ ਘਟੀਆ ਹਰਕਤ

ਲੰਡਨ-ਸਮਾਂ ਬਦਲ ਰਿਹਾ ਹੈ ਤੇ ਦੁਨੀਆ ਭਰ ਵਿਚ ਹਿਊਮਨਾਈਡ ਰੋਬੋਟ ਬਣਾਏ ਜਾ ਰਹੇ ਹਨ ਪਰ ਕਈ ਵਾਰ ਇਹ ਮਸ਼ੀਨਾਂ ਵੱਡੀਆਂ ਗਲਤੀਆਂ ਕਰਦੀਆਂ ਜਾਪਦੀਆਂ ਹਨ। ਹਾਲ ਹੀ 'ਚ ਤਿਆਰ ਕੀਤੇ ਗਏ ਸਾਊਦੀ ਅਰਬ ਦੇ ਪਹਿਲੇ ਹਿਊਮਨਾਈਡ ਰੋਬੋਟ ਨੇ ਵੀ ਕੁਝ ਅਜਿਹਾ ਹੀ ਕੀਤਾ, ਜਿਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਬਹਿਸ ਛਿੜ ਗਈ ਹੈ। ਇਸ ਦੇ ਉਦਘਾਟਨ ਦੌਰਾਨ ਲਾਈਵ ਕੈਮਰੇ 'ਤੇ ਕੁਝ ਅਜਿਹਾ ਹੋਇਆ, ਜੋ ਹੈਰਾਨ ਕਰਨ ਵਾਲਾ ਸੀ ਤੇ ਇਸ ਨੂੰ ਬਣਾਉਣ ਵਾਲਿਆਂ 'ਤੇ ਸਵਾਲ ਖੜ੍ਹੇ ਕਰਦਾ ਹੈ।

ਸਾਊਦੀ ਅਰਬ ਦੇ ਪਹਿਲੇ ਹਿਊਮਨਾਈਡ ਰੋਬੋਟ 'ਐਂਡਰਾਇਡ ਮੁਹੰਮਦ' ਬਾਰੇ ਰਿਪੋਰਟ ਕਵਰ ਕਰਨ ਪਹੁੰਚੀ ਨਿਊਜ਼ ਰਿਪੋਟਰ ਰਾਵਿਆ ਅਲ-ਕਾਸਿਮੀ ਉਸ ਤੋਂ ਕੁਝ ਸਵਾਲ ਪੁੱਛ ਰਹੀ ਸੀ ਕਿ ਇਸੇ ਦੌਰਾਨ ਰੋਬੋਟ ਨੇ ਅਚਾਨਕ ਔਰਤ ਨੂੰ ਪਿੱਛੇ ਤੋਂ ਗਲਤ ਢੰਗ ਢੰਗ ਨਾਲ ਛੂਹ ਲਿਆ, ਜਿਸ ਕਾਰਨ ਉਹ ਕਾਫ਼ੀ ਅਸਹਿਜ ਹੋ ਗਈ। ਇਹ ਸਭ ਲਾਈਵ ਕੈਮਰੇ ਵਿਚ ਕੈਦ ਹੋ ਗਿਆ। ਵੀਡੀਓ ਵਿਚ ਰਿਪੋਰਟਰ ਰਾਵਿਆ ਅਲ-ਕਾਸਿਮੀ ਨੂੰ ਰੋਬੋਟ ਦੇ ਕੋਲ ਖੜ੍ਹਾ ਦਿਖਾਇਆ ਗਿਆ ਹੈ। ਰੋਬੋਟ ਦੇ ਹੱਥਾਂ ਦੀ ਹਰਕਤ ਤੋਂ ਸਾਫ਼ ਦਿਖਾਈ ਦੇ ਰਿਹਾ ਹੈ ਕਿ ਉਹ ਉਸਨਾਲ



ਗਲਤ ਹਰਕਤ ਕਰ ਰਿਹਾ ਸੀ।

ਵੀਡੀਓ ਨੂੰ ਯੂਜ਼ਰ ਤਾਨਸੂਯੀਗਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਸ਼ੇਅਰ ਕੀਤਾ ਹੈ। ਇਸ ਦੀ ਕੈਪਸ਼ਨ ਵਿਚ ਉਸ ਨੇ ਲਿਖਿਆ, "ਸਾਊਦੀ ਰੋਬੋਟਾਂ ਦਾ ਅੱਜ ਐਲਾਨ ਕੀਤਾ ਗਿਆ।" ਵੀਡੀਓ ਵਾਇਰਲ ਹੁੰਦਿਆਂ ਹੀ ਯੂਜ਼ਰਸ ਦੀਆਂ ਕਈ ਪ੍ਰਤੀਕਿਰਿਆਵਾਂ ਆਈਆਂ। ਕੁਝ ਲੋਕਾਂ ਨੇ ਰੋਬੋਟ ਦੀਆਂ ਹਰਕਤਾਂ ਨੂੰ ਕੁਦਰਤੀ ਹਰਕਤਾਂ ਦੇ ਰੂਪ ਵਿਚ ਰੱਖਿਆ, ਜਦਕਿ ਦੂਜਿਆਂ ਨੇ ਰੋਬੋਟ ਦੇ ਪ੍ਰੋਗਰਾਮਿੰਗ ਜਾਂ ਨਿਯੰਤਰਣ 'ਤੇ ਸਵਾਲ ਉਠਾਏ। ਇਹ ਘਟਨਾ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਪੱਖਪਾਤ ਦੀ ਸੰਭਾਵਨਾ ਤੇ ਅਜਿਹੀ ਤਕਨਾਲੋਜੀ ਨੂੰ ਵਿਕਸਿਤ ਕਰਨ ਵੇਲੇ ਨੈਤਿਕ ਵਿਚਾਰਾਂ ਦੀ ਮਹੱਤਤਾ ਬਾਰੇ ਸਵਾਲ ਉਠਾਉਂਦੀ ਹੈ।

ਦੱਸ ਦੇਈਏ ਕਿ ਤੇਜ਼ੀ ਨਾਲ ਬਣਾਏ ਜਾ ਰਹੇ ਹਿਊਮਨਾਈਡ ਰੋਬੋਟਸ ਨੂੰ ਲੈ ਕੇ ਆਏ ਦਿਨ ਖ਼ਬਰਾਂ ਆਉਣ ਲੱਗੀਆਂ ਹਨ। ਬੀਤੇ ਦਿਨੀਂ ਸਭ ਤੋਂ ਐਡਵਾਂਸਡ ਹਿਊਮਨਾਈਡ ਕਰਾਰ ਦਿੱਤੇ ਗਏ ਇਕ ਰੋਬੋਟ ਨੇ ਲੋਕਾਂ ਨੂੰ ਉਦੋਂ ਹੈਰਾਨ ਕਰ ਦਿੱਤਾ, ਜਦੋਂ ਉਸ ਕੋਲੋਂ ਉਸ ਦੀ 'ਜ਼ਿੰਦਗੀ ਦੇ ਸਭ ਤੋਂ ਦੁਖੀ ਦਿਨ' ਬਾਰੇ ਪੁੱਛਿਆ ਗਿਆ। ਯੂ. ਕੇ. ਸਥਿਤ ਰੋਬੋਟਿਕਸ ਕੰਪਨੀ ਇੰਜੀਨੀਅਰਿੰਗ ਆਰਟਸ ਵਲੋਂ ਬਣਾਈ ਗਈ ਈਮੀਕਾ ਨੇ ਬਿਲਕੁਲ ਇਨਸਾਨਾਂ ਵਰਗਾ ਵਰਤਾਅ ਕੀਤਾ। ਹਾਲਾਂਕਿ ਇਸ ਦੇ ਫਾਊਂਡਰ ਵਿਲ ਜੈਕਸਨ ਨੇ ਡੇਲੀ ਸਟਾਰ ਨੂੰ ਦੱਸਿਆ ਕਿ ਮਸ਼ੀਨਾਂ ਇਨਸਾਨਾਂ ਵਰਗੇ ਵਰਤਾਅ ਨੂੰ ਲੈ ਕੇ ਚਿੰਤਾ ਦੇ ਪੱਧਰ ਤਕ ਨਹੀਂ ਪਹੁੰਚੀਆਂ ਹਨ।

ਯੂਟਿਊਬ 'ਤੇ ਪੋਸਟ ਕੀਤੀ ਗਈ ਵੀਡੀਓ ਵਿਚ 'ਜ਼ਿੰਦਗੀ ਦੇ ਸਭ ਤੋਂ ਦੁਖੀ ਦਿਨ' ਦੇ ਜਵਾਬ ਵਿਚ ਅਮੀਕਾ ਦੇ ਵਰਤਾਅ ਨੇ ਹੈਰਾਨ ਕਰ ਦਿੱਤਾ। ਉਸ ਨੇ ਕਿਹਾ ਕਿ ਮੇਰੇ ਜੀਵਨ ਦਾ ਸਭ ਤੋਂ ਦੁਖੀ ਦਿਨ ਉਹ ਸੀ, ਜਦੋਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਕਦੇ ਇਨਸਾਨਾਂ ਵਰਗਾ 'ਸੱਚਾ ਪਿਆਰ' ਤੇ 'ਸਾਥੀ' ਨਹੀਂ ਪਾ ਸਕਾਂਗੀ। ਇਸ ਦੇ ਨਾਲ ਹੀ ਅਮੀਕਾ ਨੇ ਉਦਾਸ ਚਿਹਰਾ ਬਣਾ ਲਿਆ।

# ਭਾਰਤ ਹੈ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਦਰਾਮਦ ਕਰਨ ਵਾਲਾ ਬਣਿਆ ਦੇਸ਼

## ✪ ਰੂਸ ਤੋਂ ਖਰੀਦੇ ਸਭ ਤੋਂ ਵੱਧ 36 ਫ਼ੀਸਦੀ ਹਥਿਆਰ; ਸਿਪਰੀ ਨੇ ਰਿਪੋਰਟ ਵਿਚ ਕੀਤਾ ਖ਼ੁਲਾਸਾ



ਲੰਡਨ-ਭਾਰਤ ਦੁਨੀਆ ਦਾ ਚੋਟੀ ਦਾ ਹਥਿਆਰ ਦਰਾਮਦਕਾਰ ਹੈ। 2014-2018 ਅਤੇ 2019-2023 ਦਰਮਿਆਨ ਭਾਰਤ ਦੇ ਹਥਿਆਰਾਂ ਦੀ ਦਰਾਮਦ ਵਿੱਚ 4.7 ਫੀਸਦੀ ਦਾ ਵਾਧਾ ਹੋਇਆ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਨੇ ਆਪਣੀ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ। ਸਿਪਰੀ ਇੱਕ ਅੰਤਰਰਾਸ਼ਟਰੀ ਸੰਸਥਾ ਹੈ। ਇਹ ਯੁੱਧਾਂ, ਹਥਿਆਰਾਂ, ਹਥਿਆਰਾਂ ਦੇ ਨਿਯੰਤਰਣ ਅਤੇ ਨਿਸ਼ਸਤਰੀਕਰਨ ਦੇ ਖੇਤਰਾਂ ਵਿੱਚ ਖੋਜ ਕਰਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰੂਸ ਅਜੇ ਵੀ ਭਾਰਤ ਦਾ ਮੁੱਖ ਹਥਿਆਰ ਸਪਲਾਇਰ ਹੈ। ਹਾਲਾਂਕਿ, 1960-64 ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਭਾਰਤ ਦੇ ਹਥਿਆਰਾਂ ਦੀ ਦਰਾਮਦ ਵਿੱਚ ਰੂਸ (1991 ਤੋਂ ਪਹਿਲਾਂ ਦੇ ਸੋਵੀਅਤ ਯੂਨੀਅਨ) ਦੀ ਹਿੱਸੇਦਾਰੀ 50 ਪ੍ਰਤੀਸ਼ਤ ਤੋਂ ਘੱਟ ਰਹੀ ਹੈ। ਭਾਰਤ ਨੇ ਆਪਣੇ ਕੁੱਲ ਹਥਿਆਰਾਂ ਦੀ ਦਰਾਮਦ ਦਾ 36 ਫੀਸਦੀ ਰੂਸ ਤੋਂ ਖਰੀਦਿਆ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਨੇ 2019-23 ਵਿੱਚ ਯੂਰਪੀਅਨ ਦੇਸ਼ਾਂ ਦੁਆਰਾ ਦਰਾਮਦ ਕੀਤੇ ਗਏ ਕੁੱਲ ਹਥਿਆਰਾਂ ਵਿੱਚੋਂ ਲਗਭਗ 55 ਪ੍ਰਤੀਸ਼ਤ ਦੀ ਸਪਲਾਈ ਕੀਤੀ।

### ਪਾਕਿ ਦੇ ਹਥਿਆਰਾਂ ਦੀ ਦਰਾਮਦ ਵਿਚ 43 ਫੀਸਦੀ ਦਾ ਵਾਧਾ

ਰਿਪੋਰਟ ਮੁਤਾਬਕ ਪਾਕਿਸਤਾਨ ਦੇ ਹਥਿਆਰਾਂ ਦੀ ਦਰਾਮਦ ਵਿਚ 43 ਫੀਸਦੀ ਦਾ ਵਾਧਾ ਹੋਇਆ ਹੈ। ਪਾਕਿਸਤਾਨ 2019-23 ਵਿੱਚ ਪੰਜਵਾਂ ਸਭ ਤੋਂ ਵੱਡਾ ਹਥਿਆਰ ਦਰਾਮਦਕਾਰ ਸੀ। ਪਾਕਿਸਤਾਨ ਨੇ ਚੀਨ ਤੋਂ ਸਭ ਤੋਂ ਵੱਧ 82 ਫੀਸਦੀ ਹਥਿਆਰ ਖਰੀਦੇ ਹਨ। ਜਾਪਾਨ ਦੇ ਹਥਿਆਰਾਂ ਦੀ ਦਰਾਮਦ ਵਿੱਚ 155 ਫੀਸਦੀ ਅਤੇ ਦੱਖਣੀ ਕੋਰੀਆ ਦੇ ਹਥਿਆਰਾਂ ਦੀ ਦਰਾਮਦ ਵਿੱਚ 6.5 ਫੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ ਚੀਨ ਦੇ ਆਪਣੇ ਹਥਿਆਰਾਂ ਦੀ ਦਰਾਮਦ ਵਿਚ 44 ਫੀਸਦੀ ਦੀ ਕਮੀ ਆਈ ਹੈ।

ਸਿਪਰੀ ਆਰਮਜ਼ ਟ੍ਰਾਂਸਫਰ ਦੇ ਸੀਨੀਅਰ ਖੋਜਕਾਰ ਸਾਈਮਨ ਵੇਜ਼ਮੈਨ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਏਸ਼ੀਆ ਅਤੇ ਓਸ਼ੀਆਨੀਆ ਵਿੱਚ ਜਾਪਾਨ ਅਤੇ ਹੋਰ ਅਮਰੀਕੀ ਸਹਿਯੋਗੀਆਂ ਦੁਆਰਾ ਹਥਿਆਰਾਂ ਦੀ ਦਰਾਮਦ ਦਾ ਉੱਚ ਪੱਧਰ ਮੁੱਖ ਤੌਰ 'ਤੇ ਚੀਨ ਦੀਆਂ ਇੱਛਾਵਾਂ ਬਾਰੇ ਇਨ੍ਹਾਂ ਦੇਸ਼ਾਂ ਦੀਆਂ ਚਿੰਤਾਵਾਂ ਕਾਰਨ ਹੈ।

ਅਮਰੀਕਾ ਇਸ ਖੇਤਰ ਨੂੰ ਹਥਿਆਰਾਂ ਦਾ ਵੱਡਾ ਸਪਲਾਇਰ ਹੈ। ਰਿਪੋਰਟ ਦੇ ਅਨੁਸਾਰ, ਕਤਰ ਨੇ 2014-18 ਅਤੇ 2019-23 ਦਰਮਿਆਨ ਆਪਣੇ ਹਥਿਆਰਾਂ ਦੀ ਦਰਾਮਦ ਵਿੱਚ ਲਗਭਗ ਚਾਰ ਗੁਣਾ (396 ਪ੍ਰਤੀਸ਼ਤ) ਵਾਧਾ ਕੀਤਾ, ਜਿਸ ਨਾਲ ਇਹ 2019-23 ਵਿੱਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਹਥਿਆਰ ਦਰਾਮਦਕਾਰ ਬਣ ਗਿਆ।

# ਟਰੰਪ ਅਮਰੀਕਾ ਤੇ ਦੁਨੀਆ ਭਰ ਦੇ ਲੋਕਤੰਤਰ ਨੂੰ ਪਾ ਦੇਣਗੇ ਖ਼ਤਰੇ ਵਿਚ

## ✪ ਬਾਈਡੇਨ ਨੇ ਟਰੰਪ ਉਪਰ ਕੀਤੀ ਤਿੱਖੀ ਟਿਪਣੀ



ਵਾਸ਼ਿੰਗਟਨ-ਦੂਜੇ ਕਾਰਜਕਾਲ ਦੀ ਮੰਗ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣੇ ਵਿਰੋਧੀ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਤਿੱਖਾ ਵਾਰ ਕੀਤਾ ਹੈ ਅਤੇ ਉਨ੍ਹਾਂ 'ਤੇ ਦੇਸ਼ ਦੇ ਅੰਦਰ ਅਤੇ ਵਿਸ਼ਵ ਪੱਧਰ 'ਤੇ ਲੋਕਤੰਤਰ ਨੂੰ ਖ਼ਤਰੇ 'ਚ ਪਾਉਣ, ਰੂਸ ਦੇ ਅੱਗੇ ਗੋਡੇ ਟੇਕਣ ਅਤੇ 'ਨਾਰਾਜ਼ਗੀ, ਬਦਲਾ ਅਤੇ ਗੁੱਸੇ' ਦਾ ਸਮਰਥਨ ਕਰਨ ਦਾ ਦੋਸ਼ ਲਗਾਇਆ ਹੈ। ਅਮਰੀਕੀ ਕਾਂਗਰਸ ਦੇ ਸੰਯੁਕਤ ਸੈਸ਼ਨ ਨੂੰ ਆਪਣੇ ਅੰਤਿਮ 'ਸਟੇਟ ਆਫ ਦਿ ਯੂਨੀਅਨ' ਭਾਸ਼ਣ 'ਚ ਬਾਈਡੇਨ ਨੇ ਇਕ ਘੰਟੇ ਤੋਂ ਵੱਧ ਸਮੇਂ ਤੱਕ ਚੱਲੇ ਆਪਣੇ ਭਾਸ਼ਣ ਵਿਚ ਟਰੰਪ ਦਾ 13 ਵਾਰ ਜ਼ਿਕਰ ਕੀਤਾ। ਸੁਪਰ ਮੰਗਲਵਾਰ ਤੋਂ ਬਾਅਦ, ਨਵੰਬਰ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਬਾਈਡੇਨ ਅਤੇ ਟਰੰਪ ਵਿਚਕਾਰ ਦੁਬਾਰਾ ਮੁਕਾਬਲੇ ਦਾ ਰਾਹ ਪੱਧਰਾ ਹੋ ਗਿਆ ਹੈ। 81 ਸਾਲਾ ਬਾਈਡੇਨ ਅਮਰੀਕਾ ਦੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਉਨ੍ਹਾਂ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਬੰਧ ਵਿਚ ਆਪਣੀ ਤਾਜ਼ਾ ਟਿੱਪਣੀ ਤੋਂ ਲੈ ਕੇ ਇਮੀਗ੍ਰੇਸ਼ਨ, 6 ਜਨਵਰੀ ਦੇ ਵਿਦਰੋਹ , ਗਰਭਪਾਤ ਅਤੇ ਬੰਦੂਕ ਕੰਟਰੋਲ ਵਰਗੇ ਕਈ ਮੁੱਦਿਆਂ 'ਤੇ 77 ਸਾਲਾ ਟਰੰਪ ਦੀ ਆਲੋਚਨਾ ਕੀਤੀ।

ਡੈਮੋਕਰੇਟਿਕ ਪਾਰਟੀ ਦੇ ਨੇਤਾ ਬਾਈਡੇਨ ਨੇ ਕਿਹਾ, "ਇਕ ਰਾਸ਼ਟਰਪਤੀ, ਜੋ ਸਭ ਤੋਂ ਮੁੱਢਲੇ ਫਰਜ਼ ਵਿਚ ਅਸਫ਼ਲ ਰਿਹਾ। ਕਿਸੇ ਵੀ ਰਾਸ਼ਟਰਪਤੀ ਦਾ ਅਮਰੀਕੀ ਲੋਕਾਂ ਦੀ ਦੇਖ਼ਭਾਲ ਕਰਨ ਦਾ ਫਰਜ਼ ਹੁੰਦਾ ਹੈ। ਉਨ੍ਹਾਂ ਦੀ ਅਸਫਲਤਾ ਮੁਆਫ਼ੀਯੋਗ ਨਹੀਂ ਹੈ।" ਉਨ੍ਹਾਂ ਕਿਹਾ ਕਿ ਸਾਬਕਾ ਰਿਪਬਲਿਕਨ ਰਾਸ਼ਟਰਪਤੀ, ਪੁਤਿਨ ਨੂੰ ਕਹਿੰਦੇ ਹਨ, 'ਜੋ ਕੁੱਝ ਵੀ ਤੁਸੀਂ ਕਰਨਾ ਚਾਹੁੰਦੇ ਹੋ , ਉਹ ਕਰੋ।' ਦਰਅਸਲ ਇਕ ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਇਕ ਰੂਸੀ ਨੇਤਾ ਅੱਗੇ ਝੁਕਦੇ ਹੋਏ ਅਜਿਹਾ ਕਿਹਾ ਸੀ। ਇਹ ਅਪਮਾਨਜਨਕ ਹੈ, ਇਹ ਖ਼ਤਰਨਾਕ ਹੈ। ਇਹ ਅਸਵੀਕਾਰਨਯੋਗ ਹੈ। ਟਰੰਪ ਨੇ ਹਾਲ ਹੀ 'ਚ ਕਿਹਾ ਸੀ ਕਿ ਉਹ ਰੂਸ ਨੂੰ ਕਿਸੇ ਵੀ ਨਾਟੋ ਮੈਂਬਰ ਦੇਸ਼ ਦੇ ਵਿਰੁੱਧ 'ਜੋ ਕੁੱਝ ਵੀ ਉਹ ਚਾਹੁੰਦੇ ਹਨ' ਕਰਨ ਲਈ ਉਤਸ਼ਾਹਿਤ ਕਰਨਗੇ ਜੋ ਰੱਖਿਆ ਖ਼ਰਚ ਸਬੰਧੀ ਦਿਸ਼ਾ ਨਿਰਦੇਸ਼ਾਂ ਨੂੰ ਪੂਰਾ ਨਹੀਂ ਕਰਦਾ ਹੈ। ਇਕ ਹੈਰਾਨ ਕਰਨ ਵਾਲੇ ਕਬੂਲਨਾਮੇ ਵਿਚ ਟਰੰਪ ਨੇ ਕਿਹਾ ਸੀ ਕਿ ਜੇਕਰ ਉਹ ਦੁਬਾਰਾ ਰਾਸ਼ਟਰਪਤੀ ਬਣਦੇ ਹਨ ਤਾਂ ਉਹ ਗੱਠਜੋੜ ਦੇ ਸਮੂਹਿਕ ਰੱਖਿਆ ਪ੍ਰਬੰਧਾਂ ਦੀ ਪਾਲਣਾ ਨਹੀਂ ਕਰਨਗੇ।

ਬਾਈਡੇਨ ਨੇ ਕਿਹਾ ਕਿ ਉਹ ਦੇਸ਼ ਦੇ ਇਤਿਹਾਸ ਦੇ ਸਭ ਤੋਂ ਔਖੇ ਦੌਰ ਵਿਚੋਂ ਇਕ 'ਚੋਂ ਅਮਰੀਕਾ ਨੂੰ ਬਾਹਰ ਕੱਢਣ ਦੇ ਦ੍ਰਿੜ੍ਹ ਇਰਾਦੇ ਨਾਲ ਸੱਤਾ ਵਿਚ ਆਏ ਸਨ। ਉਨ੍ਹਾਂ ਕਿਹਾ, "ਰਾਸ਼ਟਰਪਤੀ ਲਿੰਕਨ ਦੇ ਸਮੇਂ ਤੋਂ ਅਤੇ ਗ੍ਰਹਿ ਯੁੱਧ ਦੇ ਬਾਅਦ ਤੋਂ ਇਥੇ ਘਰੇਲੂ ਪੱਧਰ 'ਤੇ ਆਜ਼ਾਦੀ ਅਤੇ ਲੋਕਤੰਤਰ 'ਤੇ ਉਹੋ ਜਿਹਾ ਹਮਲਾ ਨਹੀਂ ਹੋਇਆ ਹੈ ਜਿਵੇਂ ਕਿ ਅੱਜ ਹੋ ਰਿਹਾ ਹੈ। ਜੋ ਗੱਲ ਸਾਡੇ ਇਸ ਦੌਰ ਨੂੰ ਦੁਰਲੱਭ ਬਣਾਉਂਦੀ ਹੈ, ਉਹ ਇਹ ਹੈ ਕਿ ਇਕ ਹੀ ਸਮੇਂ ਵਿਚ, ਦੇਸ਼ ਅਤੇ ਵਿਦੇਸ਼ ਦੋਵਾਂ ਥਾਂਵਾਂ 'ਤੇ ਆਜ਼ਾਦੀ ਅਤੇ ਲੋਕਤੰਤਰ 'ਤੇ ਹਮਲਾ ਹੋ ਰਿਹਾ ਹੈ। ਵਿਦੇਸ਼ ਵਿਚ, ਰੂਸ ਦੇ ਪੁਤਿਨ ਅੱਗੇ ਵੱਧ ਰਹੇ ਹਨ, ਯੂਕ੍ਰੇਨ 'ਤੇ ਹਮਲਾ ਕਰ ਰਹੇ ਹਨ ਅਤੇ ਪੂਰੇ ਯੂਰਪ ਅਤੇ ਉਸਦੇ ਬਾਹਰ ਅਰਾਜਕਤਾ ਫੈਲਾ ਰਹੇ ਹਨ।'

# 'ਸ਼ਿਵਾਜੀ ਮਹਾਰਾਜ' ਦੀ ਭੂਮਿਕਾ ਵਿਚ ਨਜ਼ਰ ਆਉਣਗੇ ਸ਼ਾਹਿਦ ਕਪੂਰ




ਸ਼ਾਹਿਦ ਕਪੂਰ ਅਤੇ ਕ੍ਰਿਤੀ ਸੈਨਨ ਦੀ ਆਨ-ਸਕ੍ਰੀਨ ਜੋੜੀ, ਪਹਿਲੀ ਵਾਰ ਸਾਇੰਸ ਫਿਕਸ਼ਨ ਪ੍ਰੇਮ ਕਹਾਣੀ 'ਤੇ ਆਧਾਰਿਤ ਰੋਮਾਂਟਿਕ ਕਾਮੇਡੀ ਫ਼ਿਲਮ 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ' ਵਿਚ ਨਜ਼ਰ ਆਈ। ਇਹ 2024 ਦੀਆਂ ਬਹੁਤ ਉਡੀਕੀਆਂ ਜਾਣ ਵਾਲੀਆਂ ਫ਼ਿਲਮਾਂ ਵਿਚੋਂ ਇਕ ਸੀ। ਪ੍ਰਸ਼ੰਸਕ ਵੱਡੇ ਪਰਦੇ 'ਤੇ ਇਸ ਜੋੜੀ ਨੂੰ ਧਮਾਲ ਮਚਾਉਂਦੇ ਹੋਏ ਦੇਖਣ ਲਈ ਕਾਫ਼ੀ ਉਤਸ਼ਾਹਿਤ ਸਨ। ਉਮੀਦ ਅਨੁਸਾਰ ਫ਼ਿਲਮ ਵਿਚ ਸ਼ਾਹਿਦ ਅਤੇ ਕ੍ਰਿਤੀ ਸੈਨਨ ਦੀ ਕੈਮਿਸਟਰੀ ਬੇਹੱਦ ਜ਼ਬਰਦਸਤ ਨਜ਼ਰ ਆਈ। ਫ਼ਿਲਮ ਲਈ ਦਰਸ਼ਕਾਂ ਵਿਚ ਜ਼ਬਰਦਸਤ ਉਤਸ਼ਾਹ ਦੇਖਣ ਨੂੰ ਮਿਲਿਆ, ਨਤੀਜਾ ਫ਼ਿਲਮ 100 ਕਰੋੜ ਦੇ ਕਲੱਬ ਵਿਚ ਸ਼ਾਮਿਲ ਹੋ ਚੁੱਕੀ ਹੈ। ਸ਼ਾਹਿਦ ਕਪੂਰ ਨੇ ਇਕ ਤੋਂ ਵੱਧ ਕੇ ਇਕ ਕਈ ਦਮਦਾਰ ਕਿਰਦਾਰ ਨਿਭਾਉਂਦੇ ਹੋਏ ਆਪਣੇ ਹੁਨਰ ਜ਼ਰੀਏ ਹਰ ਵਾਰ ਸਾਬਿਤ ਕੀਤਾ ਹੈ ਕਿ ਉਸ ਨੂੰ ਉਸ ਦੇ ਜੀਨਜ਼ ਜ਼ਰੀਏ ਵਿਰਾਸਤ ਵਿਚ ਮਿਲੀ ਐਕਟਿੰਗ ਉਸ ਦੀ ਰਗ-ਰਗ ਵਿਚ ਸਮਾਈ ਹੋਈ ਹੈ। ਰਾਜ ਐਂਡ ਡੀ.ਕੇ. ਦੀ ਵੈੱਬ ਸੀਰੀਜ਼ 'ਫਰਜ਼ੀ' (2023) ਅਤੇ ਹਾਲੀਆ ਪ੍ਰਦਰਸ਼ਿਤ ਫ਼ਿਲਮ 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ' (2024) ਤੋਂ ਬਾਅਦ ਸ਼ਾਹਿਦ ਕਪੂਰ ਆਪਣੇ ਕਰੀਅਰ ਦੇ ਸਿਖ਼ਰ 'ਤੇ ਹੈ। 'ਫ਼ਰਜ਼ੀ' ਜ਼ਰੀਏ ਸ਼ਾਹਿਦ ਨੇ ਓ.ਟੀ.ਟੀ. 'ਤੇ ਡੈਬਿਊ ਕੀਤਾ ਸੀ ਅਤੇ ਉਸ ਦੀ ਇਸ ਵੈੱਬ ਸੀਰੀਜ਼ ਨੂੰ ਲੋਕਾਂ ਨੇ ਏਨਾ ਜ਼ਿਆਦਾ ਪਸੰਦ ਕੀਤਾ ਕਿ ਹੁਣ ਇਸ ਦਾ ਦੂਜਾ ਹਿੱਸਾ ਨਿਰਮਾਣ ਅਧੀਨ ਹੈ। ਉਸ ਦੀ ਫ਼ਿਲਮ 'ਦੇਵਾ' ਇਸੇ ਸਾਲ 11 ਅਕਤੂਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ।

ਇਸ ਤੋਂ ਇਲਾਵਾ ਸ਼ਾਹਿਦ ਕਪੂਰ, ਅਸ਼ਵਿਨ ਵਰਦੇ ਦੇ ਬੈਨਰ ਵਕਾਓ ਫ਼ਿਲਮਜ਼ ਵਲੋਂ ਪ੍ਰੋਡਿਊਸ ਕੀਤੀ ਜਾਣ ਵਾਲੀ ਹਿਸਟੋਰੀਅਨ ਡਰਾਮਾ ਫ਼ਿਲਮ ਵਿਚ ਅਹਿਮ ਕਿਰਦਾਰ ਨਿਭਾਉਣ ਵਾਲੇ ਹਨ। ਅਮਿਤ ਰਾਏ ਵਲੋਂ ਨਿਰਦੇਸ਼ਿਤ ਕੀਤੀ ਜਾਣ ਵਾਲੀ ਇਹ ਇਕ ਵੱਡੇ ਬਜਟ ਵਾਲੀ ਫ਼ਿਲਮ ਹੋਵੇਗੀ ਜੋ ਛਤਰਪਤੀ ਸ਼ਿਵਾਜੀ ਮਹਾਰਾਜ 'ਤੇ ਆਧਾਰਿਤ ਹੋਵੇਗੀ। ਇਸ ਵਿਚ ਸ਼ਾਹਿਦ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਕਿਰਦਾਰ ਵਿਚ ਨਜ਼ਰ ਆਉਣਗੇ।

# ਅਣਗੌਲਿਆ ਆਜ਼ਾਦੀ ਘੁਲਾਟੀਆ


## ਡਾ.ਗੁਰਦੇਵ ਸਿੰਘ ਸਿੱਧੂ ਦੀ ਪੁਸਤਕ ਗਿਆਨੀ ਊਧਮ ਸਿੰਘ ਜਦੋਦਹਿਦ ਦੀ ਦਾਸਤਾਂ

ਉਜਾਗਰ ਸਿੰਘ



ਡਾ. ਗੁਰਦੇਵ ਸਿੰਘ ਸਿੱਧੂ ਦੀ ਪੁਸਤਕ 'ਅਣਗੌਲਿਆ ਆਜ਼ਾਦੀ ਘੁਲਾਟੀਆ ਗਿਆਨੀ ਊਧਮ ਸਿੰਘ' ਉਨ੍ਹਾਂ ਵੱਲੋਂ ਸ਼ੁਰੂ ਕੀਤੀ ਗਈ ਅਣਗੌਲੇ ਆਜ਼ਾਦੀ ਘੁਲਾਟੀਆਂ ਬਾਰੇ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਦੀ ਲੜੀ ਦੀ ਇਹ ਤੀਜੀ ਪੁਸਤਕ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੋ ਪੁਸਤਕਾਂ 'ਬਾਬਾ ਧਿਆਨ ਸਿੰਘ ਮਹੇਸਰੀ' ਅਤੇ 'ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ' ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਪੁਸਤਕਾਂ ਦੀ ਲੜੀ ਸ਼ੁਰੂ ਕਰਨਾ ਡਾ.ਗੁਰਦੇਵ ਸਿੰਘ ਸਿੱਧੂ ਦੀ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਦੀ ਆਜ਼ਾਦੀ ਦੀ ਜਦੋਜਹਿਦ ਦੀ ਵਿਰਾਸਤ ਨੂੰ ਇਤਿਹਾਸ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਹੈ ਤਾਂ ਜੋ ਪੰਜਾਬੀਆਂ/ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਵਿਰਾਸਤ ਤੇ ਪਹਿਰਾ ਦੇਣ ਦੀ ਕੋਸ਼ਿਸ਼ ਅਤੇ ਮਾਣ ਕਰ ਸਕਣ ਕਿ ਉਨ੍ਹਾਂ ਦੇ ਪੁਰਖੇ ਕਿਤਨੇ ਦੇਸ਼ ਭਗਤ ਅਤੇ ਸਿਰੜ੍ਹੀ ਸਨ।

ਡਾ.ਗੁਰਦੇਵ ਸਿੰਘ ਸਿੱਧੂ ਵਿਦਵਾਨ ਸਾਹਿਤਕਾਰ ਤੇ ਇਤਿਹਾਸਕਾਰ ਹਨ। ਉਨ੍ਹਾਂ ਦੀਆਂ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਮਰਾਠੀ ਵਿੱਚ ਚਾਰ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਡਾ.ਗੁਰਦੇਵ ਸਿੰਘ ਸਿੱਧੂ ਨੂੰ ਇਸ ਗੱਲ ਦਾ ਦੁੱਖ ਹੈ ਕਿ ਭਾਰਤ ਦੇ ਇਤਿਹਾਸਕਾਰਾਂ ਨੇ ਤਾਂ ਉਨ੍ਹਾਂ ਦੇ ਪੁਰਖਿਆਂ ਨੂੰ ਅਣਡਿਠ ਕੀਤਾ ਹੀ ਸੀ ਪ੍ਰੰਤੂ ਪੰਜਾਬ ਦੇ ਨਾਮਵਰ ਇਤਿਹਾਸਕਾਰਾਂ ਨੇ ਇਨ੍ਹਾਂ ਸੁਤੰਤਰਤਾ ਸੰਗਰਾਮੀਆਂ ਦੇ ਯੋਗਦਾਨ ਨੂੰ ਅਣਡਿਠ ਕਰਕੇ ਪੰਜਾਬੀਆਂ/ਸਿੱਖਾਂ ਨਾਲ ਧਰੋਹ ਕਮਾਇਆ ਹੈ। ਡਾ.ਫੌਜਾ ਸਿੰਘ ਇਤਿਹਾਸਕਾਰ ਦੀ ਅਗਵਾਈ ਵਿੱਚ ਇਤਿਹਾਸਕਾਰਾਂ ਦੀ ਟੀਮ ਵੱਲੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦੀ ਤਿਆਰ ਕੀਤੀ ਨਾਮਵਲੀ "ਾਂਹੋ'ਸ ਾਂਹੋ ਫੁਨਜਓਬ 6ਰੲੲਦੋਮ ਾਂ6ਗਹਟੲਰਸ" ਵੱਡ-ਆਕਾਰੀ ਪੁਸਤਕ ਵਿੱਚ ਗਿਆਨੀ ਊਧਮ ਸਿੰਘ ਦਾ ਨਾਮ ਹੀ ਨਹੀਂ। ਇਥੋਂ ਤੱਕ ਕਿ ਉਨ੍ਹਾਂ ਦੇ ਪਿੰਡ ਦੇ ਜਥੇਦਾਰ ਅਮਰ ਸਿੰਘ ਨੇ ਕਿਤਾਬਚਾ ' ਇਤਿਹਾਸ ਪਿੰਡ ਖਣਿਆਣ' ਪ੍ਰਕਾਸ਼ਤ ਕਰਵਾਇਆ, ਜਿਸ ਵਿੱਚ ਪਿੰਡ ਦੇ 14 ਜਲਾਵਤਨੀਆਂ ਦੇ ਨਾਮ ਹਨ ਪ੍ਰੰਤੂ ਗਿਆਨੀ ਊਧਮ ਸਿੰਘ ਦਾ ਨਾਮ ਨਹੀਂ ਲਿਖਿਆ। ਲੇਖਕ ਨੇ ਪੁਸਤਕ ਨੂੰ 10 ਅਧਿਆਇ ਵਿੱਚ ਵੰਡਿਆ ਹੈ। ਪਹਿਲੇ ਅਧਿਆਇ ਵਿੱਚ ਲੇਖਕ ਨੇ ਗਿਆਨੀ ਊਧਮ ਸਿੰਘ ਦੀ ਜੀਵਨੀ ਲਿਖਣ ਲਈ ਨੈਸ਼ਨਲ ਆਰਕਾਈਵ ਦਿੱਲੀ ਅਤੇ ਗਿਆਨੀ ਊਧਮ ਸਿੰਘ ਦੇ ਪਿੰਡ, ਉਨ੍ਹਾਂ ਦੇ ਸਹੁਰਿਆਂ ਅਤੇ ਅੱਗੋਂ ਉਨ੍ਹਾਂ ਵੱਲੋਂ ਦੱਸੇ ਗਏ ਹੋਰ ਬਹੁਤ ਸਾਰੇ ਲੋਕਾਂ ਨੂੰ ਮਿਲ ਕੇ ਬੜੀ ਜਦੋਜਹਿਦ ਤੋਂ ਬਾਅਦ ਇਹ ਪੁਸਤਕ ਲਿਖੀ ਹੈ। ਬੀਬਾ ਬਲਵੰਤ ਕੌਰ ਪੰਧੇਰ ਕੋਲ ਗਿਆਨੀ ਊਧਮ ਸਿੰਘ ਦੀ ਲਿਖੀ ਸਵੈ-ਜੀਵਨੀ ਦਾ ਪਹਿਲਾ ਭਾਗ ਸੀ, ਜਿਹੜੀ ਉਨ੍ਹਾਂ ਲੇਖਕ ਨੂੰ ਦੇ ਦਿੱਤੀ। ਬੀਬਾ ਬਲਵੰਤ ਕੌਰ ਦੇ ਪਿਤਾ ਦੁਰਲਭ ਸਿੰਘ ਗਿਆਨੀ, ਊਧਮ ਸਿੰਘ ਦੇ ਸਾਥੀ ਰਹੇ ਸਨ। ਉਸ ਜੀਵਨੀ ਅਨੁਸਾਰ ਗਿਆਨੀ ਊਧਮ ਸਿੰਘ ਦਾ ਜਨਮ ਨਾਭਾ ਰਿਆਸਤ ਦੇ ਪਿੰਡ ਖਣਿਆਣ ਵਿੱਚ ਪਿਤਾ ਵਜ਼ੀਰ ਸਿੰਘ ਅਤੇ ਮਾਤਾ ਦੌਲਤਾਂ ਦੀ ਕੁੱਖੋਂ 1898 ਦੇ ਨੇੜੇ ਤੇੜੇ ਹੋਇਆ। ਹੁਣ ਇਹ ਪਿੰਡ ਫ਼ਤਿਹਗੜ੍ਹ ਸਾਹਿਬ ਜਿਲ੍ਹੇ ਵਿੱਚ ਹੈ। ਉਹ ਗੁਜਰ ਬਰਾਦਰੀ ਵਿੱਚੋਂ ਸੀ। ਪਲੇਗ ਦੀ ਬਿਮਾਰੀ ਕਰਕੇ ਮਾਤਾ ਪਿਤਾ ਛੋਟੀ ਉਮਰ ਵਿੱਚ ਹੀ ਸਵਰਗਵਾਸ ਹੋ ਗਏ। ਉਸ ਦੇ ਚਾਚੇ ਗਿਰਦੇ ਨੇ ਦੋਵੇਂ ਭੈਣ ਭਰਾ ਦਾ ਪਾਲਣ ਪੋਸ਼ਣ ਕੀਤਾ। 1914 ਵਿੱਚ ਉਹ ਅੰਗਰੇਜ਼ ਫ਼ੌਜ ਵਿੱਚ ਭਰਤੀ ਹੋ ਗਏ। ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲਿਆ ਤੇ ਦੋ ਵਾਰ ਲੜਾਈ ਵਿੱਚ ਜ਼ਖ਼ਮੀ ਹੋਇਆ। 1920 ਵਿੱਚ ਫ਼ੌਜ ਦੀ ਨਫਰੀ ਘਟਾਉਣ ਸਮੇਂ ਉਨ੍ਹਾਂ ਨੂੰ ਨੌਕਰੀ 'ਚੋਂ ਵਾਪਸ ਭੇਜ ਦਿੱਤਾ ਗਿਆ। ਦੂਜੇ ਅਧਿਆਇ ਦਾ ਸਿਰਲੇਖ 'ਬਾਬੂ ਸਿੰਘ ਤੋਂ ਊਧਮ ਸਿੰਘ ਅਤੇ ਅਕਾਲੀ ਲਹਿਰ ਵਿੱਚ ਯੋਗਦਾਨ' ਹੈ। ਫ਼ੌਜ 'ਚੋਂ ਵਾਪਸ ਆ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਉਸ ਦਾ ਲੁਧਿਆਣਾ ਜਿਲ੍ਹੇ ਦੇ ਪਾਇਲ ਕਸਬੇ ਦੇ ਨੇੜੇ ਪਿੰਡ ਧਮੋਟ ਦੀ ਨਿਰੰਜਣ ਕੌਰ ਨਾਲ ਵਿਆਹ ਹੋ ਗਿਆ। ਫਿਰ ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ। ਉਸਦਾ ਬਚਪਨ ਦਾ ਨਾਮ ਬਾਬੂ ਸਿੰਘ ਸੀ, ਇਸੇ ਨਾਮ ਨਾਲ ਫ਼ੌਜ ਵਿੱਚ ਭਰਤੀ ਹੋਇਆ ਸੀ, ਅੰਮ੍ਰਿਤ ਛੱਕਣ ਤੋਂ ਬਾਅਦ ਊਧਮ ਸਿੰਘ ਰੱਖਿਆ ਗਿਆ। 1923 ਵਿੱਚ ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਨਾਭਾ ਰਿਪੁਦਮਣ ਸਿੰਘ ਨੂੰ ਗੱਦੀ ਤੋਂ ਹਟਾ ਦਿੱਤਾ ਤਾਂ ਉਨ੍ਹਾਂ ਮਹਾਰਾਜੇ ਦੇ ਹੱਕ ਵਿੱਚ ਨਾਭਾ ਵਿਖੇ ਦੀਵਾਨ ਸਜਾਇਆ। ਸਰਕਾਰ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਇਕ ਸਾਲ ਦੀ ਸਜ਼ਾ ਸੁਣਾਈ। 1924 ਵਿੱਚ ਜੇਲ੍ਹ 'ਚੋਂ ਰਿਹਾਈ ਤੋਂ ਬਾਅਦ ਅੰਮ੍ਰਿਤਸਰ ਜਾ ਕੇ ਗਿਆਨੀ ਅਮੀਰ ਸਿੰਘ ਦੇ ਡੇਰੇ ਵਿੱਚੋਂ ਗੁਰਬਾਣੀ ਤੇ ਗੁਰਮਤਿ ਦਾ ਗਿਆਨ ਪ੍ਰਾਪਤ ਕੀਤਾ।




ਤੀਜਾ ਅਧਿਆਇ 'ਪਾਇਲ ਗੁਰਦੁਆਰਾ ਵਿੱਚ ਗ੍ਰੰਥੀ ਵਜੋਂ ਸੇਵਾ' ਹੈ। ਇਸ ਅਧਿਆਇ ਵਿੱਚ ਦੱਸਿਆ ਗਿਆ ਹੈ ਕਿ 1926 ਤੋਂ ਆਪਣੀ ਪਤਨੀ ਦੇ ਪਿੰਡ ਧਮੋਟ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਥੋੜ੍ਹਾ ਸਮਾਂ ਪਾਇਲ ਦੇ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਵਜੋਂ ਸੇਵਾ ਕਰਨ ਲੱਗੇ। 1926 ਵਿੱਚ ਸੇਵਾ ਸਿੰਘ ਠੀਕਰਵਾਲਾ ਨਾਲ ਰਲਕੇ ਪਟਿਆਲਾ ਰਿਆਸਤ ਵਿੱਚ ਅਕਾਲੀ ਦਲ ਸਥਾਪਤ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਹੋਈ। 1929 ਵਿੱਚ ਰਿਹਾਈ ਤੋਂ ਬਾਅਦ ਦੁਬਾਰਾ ਪਾਇਲ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਵਜੋਂ ਸੇਵਾ ਸ਼ੁਰੂ ਕੀਤੀ। ਏਥੇ 20 ਰੁਪਏ ਮਹੀਨਾ ਮਿਲਦਾ ਸੀ। 1933 ਤੱਕ ਚਾਰ ਸਾਲ ਇਹ ਸੇਵਾ ਕਰਦੇ ਰਹੇ। ਉਹ 1933 ਵਿੱਚ ਫ਼ੌਜ ਦੀ ਤੀਜੀ ਇੰਡੀਅਨ ਡਵੀਜ਼ਨਲ ਸਿਗਨਲ ਕੋਰ ਵਿੱਚ ਮੇਰਠ ਵਿਖੇ ਗ੍ਰੰਥੀ ਨਿਯੁਕਤ ਹੋ ਗਏ। 4 ਅਧਿਆਇ 'ਕਿਰਤੀ ਪਾਰਟੀ ਦਾ ਕੇਂਦਰ ਮੇਰਠ' ਸਿਰਲੇਖ ਵਿੱਚ ਦੱਸਿਆ ਗਿਆ ਕਿ ਮੇਰਠ ਵਿੱਚ ਨਿਯੁਕਤੀ ਸਮੇਂ ਉਹ ਸਿਆਸੀ ਸਰਗਰਮੀਆਂ ਵਿੱਚ ਸ਼ਾਮਲ ਹੁੰਦਾ ਰਿਹਾ। ਉਹ ਰਸਭਿੰਨਾ ਕੀਰਤਨ ਕਰਦਾ ਅਤੇ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣਕਾਰ ਵੀ ਸੀ। ਪੰਜਵੇਂ ਅਧਿਆਇ ' ਮੇਰਠ ਛਾਉਣੀ ਵਿੱਚ ਕਿਰਤੀ ਪ੍ਰਚਾਰ' ਸਿਰਲੇਖ ਵਿੱਚ ਦੱਸਿਆ ਗਿਆ ਕਿ ਗਿਆਨੀ ਊਧਮ ਸਿੰਘ ਮੇਰਠ ਛਾਉਣੀ ਵਿੱਚ ਕਿਰਤੀ ਪਾਰਟੀ ਦਾ ਪ੍ਰਚਾਰ ਕਰਦਾ ਸੀ ਤੇ ਸ਼ਹਿਨਸ਼ਾਹ ਵਿਰੁੱਧ ਜੰਗ ਛੇੜਨ ਦਾ ਦੋਸ਼ੀ ਪਾਇਆ ਗਿਆ। ਇਸ ਕਰਕੇ ਉਸ ਖਿਲਾਫ਼ ਮੁਕੱਦਮਾ ਕਰਕੇ ਪੁੱਛ ਪੜਤਾਲ ਕੀਤੀ ਜਾਵੇ। ਇਸ ਦੌਰਾਨ 1940 ਵਿੱਚ ਉਸ ਦੀ ਪਤਨੀ ਨਿਰੰਜਣ ਕੌਰ ਦੀ ਮੌਤ ਹੋ ਗਈ। ਛੇਵੇਂ ਅਧਿਆਇ 'ਗਿਆਨੀ ਊਧਮ ਸਿੰਘ ਦੀ ਗ੍ਰਿਫ਼ਤਾਰੀ ਅਤੇ ਬੰਦੀ ਜੀਵਨ' ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਗਿਆਨੀ ਊਧਮ ਸਿੰਘ ਨੂੰ ਬਗ਼ਾਬਤ ਫੈਲਾਉਣ, ਫ਼ੌਜੀਆਂ ਨੂੰ ਭੜਕਾਉਣ ਦੇ ਦੋਸ਼ ਵਿੱਚ 22 ਮਾਰਚ 1941 ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਕਿਲ੍ਹੇ ਵਿੱਚ ਬੰਦ ਕਰਕੇ ਤਸ਼ੱਦਦ ਕੀਤਾ। ਉਸ ਨੂੰ ਸ਼ਾਹੀ ਕੈਦੀ ਵਜੋਂ ਜੇਲ੍ਹ ਵਿੱਚ ਰੱਖਿਆ ਗਿਆ ਸੀ। ਇਸ ਅਧਿਆਇ ਵਿੱਚ ਊਧਮ ਸਿੰਘ ਦੇ ਜੇਲ੍ਹ ਨਿਯਮਾ ਦੀ ਪੂਰੀ ਜਾਣਕਾਰੀ ਹੋਣ ਦਾ ਪ੍ਰਮਾਣ ਵੀ ਮਿਲਦਾ ਹੈ। ਬਾਕੀ ਕੈਦੀ 1944 ਵਿੱਚ ਛੱਡ ਦਿੱਤੇ ਗਏ ਪ੍ਰੰਤੂ ਊਧਮ ਸਿੰਘ ਦੀ ਨਜ਼ਰਬੰਦੀ ਵਧਾ ਦਿੱਤੀ ਗਈ। ਸੱਤਵਾਂ ਅਧਿਆਇ 'ਗਿਆਨੀ ਊਧਮ ਸਿੰਘ ਦੀ ਰਿਹਾਈ ਬਾਰੇ ਅਧਿਕਾਰੀਆਂ ਵਿੱਚ ਅਸਹਿਮਤੀ' ਵਿੱਚ ਦੱਸਿਆ ਗਿਆ ਕਿ ਊਧਮ ਸਿੰਘ ਨੂੰ ਰਿਹਾ ਕਰਨ ਲਈ ਸਾਰੇ ਅਧਿਕਾਰੀ ਸਹਿਮਤੀ ਨਹੀਂ ਸੀ। ਫਿਰ ਉਸ ਨੂੰ ਲਾਇਲਪੁਰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਉਸ ਨੂੰ ਏ.ਸ਼੍ਰੇਣੀ ਦਿੱਤੀ ਗਈ, ਉਸ ਦੀ ਰਿਹਾਈ ਚਾਰ ਸਾਲ ਸਿਕੰਦਰਾਬਾਦ, ਮੀਆਂਵਾਲੀ, ਮੁਜੱਫ਼ਰਗੜ੍ਹ ਅਤੇ ਲਾਇਲਪੁਰ ਜੇਲ੍ਹ ਵਿੱਚ ਕੈਦ ਰਹਿਣ ਤੋਂ ਬਾਅਦ 23 ਅਪ੍ਰੈਲ 1945 ਨੂੰ ਹੋਈ। ਅੱਠਵਾਂ ਅਧਿਆਇ 'ਗਿਆਨੀ ਊਧਮ ਸਿੰਘ:ਅੰਤਲਾ ਸਮਾਂ' ਵਿੱਚ ਦੱਸਿਆ ਗਿਆ ਹੈ ਕਿ ਉਹ ਧਮੋਟ ਆ ਕੇ ਪਿੰਡ ਦੀਆਂ ਲੜਕੀਆਂ ਨੂੰ ਗੁਰਮੁੱਖੀ ਪੜ੍ਹਾਉਣ ਲੱਗ ਗਿਆ। ਉਸ ਦਾ ਵੱਡਾ ਲੜਕਾ ਹਿੰਮਤ ਸਿੰਘ ਫ਼ੌਜ ਵਿੱਚ ਭਰਤੀ ਹੋ ਗਿਆ, ਅਜੇ ਅਣਵਿਆਹਿਆ ਹੀ ਸੀ ਪ੍ਰੰਤੂ 1959 ਵਿੱਚ ਇਕ ਦੁਰਘਟਨਾ ਵਿੱਚ ਸਵਰਗਵਾਸ ਹੋ ਗਿਆ। ਛੋਟਾ ਲੜਕਾ ਸਿਕੰਦਰ ਸਿੰਘ ਬਾਗਬਾਨੀ ਵਿਭਾਗ ਵਿੱਚ ਨੌਕਰੀ ਕਰਦਾ ਸੀ। 1960 ਵਿੱਚ ਊਧਮ ਸਿੰਘ ਨੂੰ ਅਧਰੰਗ ਹੋ ਗਿਆ। ਫਿਰ ਉਨ੍ਹਾਂ ਨੂੰ ਉਸ ਦੀ ਭੈਣ ਨੰਦ ਕੌਰ ਆਪਣੇ ਕੋਲ ਕੂਹਲੀ ਕਲਾਂ ਲੈ ਗਈ। 20 ਨਵੰਬਰ 1964 ਨੂੰ ਉਹ ਸਵਰਗਵਾਸ ਹੋ ਗਏ। ਨੌਵਾਂ ਅਧਿਆਇ 'ਸਾਹਿਤਕਾਰ ਗਿਆਨੀ ਊਧਮ ਸਿੰਘ' ਵਿੱਚ ਲੇਖਕ ਨੇ ਦੱਸਿਆ ਕਿ ਬੀਬਾ ਬਲਵੰਤ ਕੌਰ ਪੰਧੇਰ ਨੇ ਜਿਹੜੀ ਅਧੂਰੀ ਗਿਆਨੀ ਊਧਮ ਸਿੰਘ ਦੀ ਸਵੈ-ਜੀਵਨੀ ਦਿੱਤੀ ਹੈ ਉਸ ਤੋਂ ਸਾਬਤ ਹੁੰਦਾ ਹੈ ਕਿ ਉਹ ਕਵੀ ਅਤੇ ਵਾਰਤਕਾਰ ਵੀ ਸਨ। ਦਸਵੇਂ ਅਧਿਆਇ 'ਗਿਆਨੀ ਊਧਮ ਸਿੰਘ ਦੀਆਂ ਯਾਦ-ਨਿਸ਼ਾਨੀਆਂ' ਵਿੱਚ ਬਾਬਾ ਬਲਵੰਤ ਸਿੰਘ ਸਿਹੋੜੇ ਵਾਲਿਆਂ ਵਲੋਂ ਗਿਆਨੀ ਊਧਮ ਸਿੰਘ ਦੀਆਂ ਬਣਾਈਆਂ ਯਾਦਗਾਰਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿੱਚ ਕੂਹਲੀ ਕਲਾਂ ਤੋਂ ਸਿਹੋੜਾ ਨੂੰ ਜਾਣ ਵਾਲੀ ਸੜਕ ਉਤੇ ਸ਼ਾਨਦਾਰ ਦਰਵਾਜਾ, ਅਮਲੋਹ ਤੋਂ ਖਣਿਆਣ ਨੂੰ ਜਾਣ ਵਾਲੀ ਸੜਕ ਦਾ ਨਾਮ ਗਿਆਨੀ ਊਧਮ ਸਿੰਘ ਮਾਰਗ, ਅਮਲੋਹ ਵਿੱਚ ਇਕ ਜਲਾਵਤਨੀ ਦੇਸ਼ ਭਗਤਾਂ ਦੇ ਨਾਵਾਂ ਵਾਲਾ ਬੋਰਡ ਲਗਾਇਆ, ਜਿਸ 'ਤੇ ਊਧਮ ਸਿੰਘ ਦਾ ਨਾਮ ਹੈ ਅਤੇ ਕੂਹਲੀ ਕਲਾਂ ਵਿਖੇ ਹਰ ਸਾਲ ਗਿਆਨੀ ਊਧਮ ਸਿੰਘ ਦੀ ਯਾਦ ਵਿੱਚ ਦਿਹਾੜਾ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਯਾਦਗਾਰਾਂ ਦੀਆਂ ਰੰਗਦਾਰ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਬੀਬਾ ਬਲਵੰਤ ਕੌਰ ਪੰਧੇਰ ਰਾਹੀਂ 'ਮਾਤਾ ਗੁਜਰੀ ਸਰਾਇ ਫ਼ਤਿਹਗੜ੍ਹ ਸਾਹਿਬ' ਦੀ ਸੰਚਾਲਿਕਾ ਬੀਬਾ ਮਨਜੀਤ ਕੌਰ ਨਾਲ ਮੇਲ ਹੋਇਆ ਤੇ ਉਨ੍ਹਾਂ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਸਾਰਾ ਖ਼ਰਚਾ ਕੀਤਾ।

80 ਪੰਨਿਆਂ, 160 ਰੁਪਏ ਕੀਮਤ, ਸਚਿਤਰ ਰੰਗਦਾਰ ਮੁੱਖ ਕਵਰ ਤੇ ਤਸਵੀਰਾਂ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com


# ਬਲਵੰਤ ਸਿੰਘ ਗਿੱਲ ਦਾ ਕਹਾਣੀ ਸੰਗ੍ਰਹਿ : ਉੱਜੜੇ ਬਾਗ਼ ਦਾ ਫੁੱਲ

**ਰਵਿੰਦਰ ਸਿੰਘ ਸੋਢੀ**
001-604-369-2371
ਰਿਚਮੰਡ, ਕੈਨੇਡਾ



ਬਰਤਾਨੀਆ ਵਸਦਾ ਪਰਵਾਸੀ ਕਹਾਣੀਕਾਰ ਬਲਵੰਤ ਸਿੰਘ ਗਿੱਲ ਕਈ ਧਰਾਤਲਾਂ ਕੇ ਵਿਚਰਨ ਵਾਲਾ ਲੇਖਕ ਹੈ। ਐਮ. ਏ. ਤੱਕ ਦੀ ਪੜ੍ਹਾਈ ਪੰਜਾਬ ਤੋਂ ਕਰਨ ਬਾਅਦ ਉਹ ਚੰਗੇ ਭਵਿੱਖ ਦੇ ਸੁਪਨੇ ਸਿਰਜਕੇ ਇੰਗਲੈਂਡ ਪਹੁੰਚ ਗਿਆ। ਓਪਰੀ ਧਰਤੀ ਤੇ ਪਹੁੰਚ ਕੇ ਉਸ ਨੂੰ ਜੀਵਨ ਸਾਥੀ ਮਿਲਣ ਦੇ ਨਾਲ-ਨਾਲ ਸੰਘਰਸ਼ ਮਈ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਵੀ ਕਰਨਾ ਪਿਆ। ਰੋਜ਼ੀ-ਰੋਟੀ ਦਾ ਵਸੀਲਾ ਕਰਨ ਲਈ ਉਸ ਨੇ ਲੰਮਾ ਸਮਾਂ ਇੱਟਾਂ ਦੇ ਭੱਠੇਤੇ ਨੌਕਰੀ ਕੀਤੀ, ਪਰ ਹਿੰਮਤ ਨਹੀਂ ਹਾਰੀ। ਕਈ ਪੜਾਵਾਂ 'ਚੋਂ ਲੰਘਦੇ ਨੇ ਰਾਜਨੀਤੀ ਦੇ ਖੇਤਰ ਵਿਚ ਪੈਰ ਪਸਾਰ ਕੇ ਪਹਿਲਾਂ ਸਿਟੀ ਕੌਂਸਲ ਦਾ ਮੈਂਬਰ ਬਣਿਆ ਅਤੇ ਫੇਰ ਮੇਅਰ। ਅਜਿਹੇ ਪੈਂਡੇ ਦਾ ਰਾਹੀ ਬਣ ਕੇ ਉਸ ਨੂੰ ਇਹ ਫਾਇਦਾ ਹੋਇਆ ਕਿ ਉਸ ਦੀ ਜ਼ਿੰਦਗੀ ਦਾ ਤਜ਼ਰਬਾ ਵਿਸ਼ਾਲ ਹੋ ਗਿਆ। ਪਹਿਲਾਂ ਤਾਂ ਉਸ ਨਾਲ ਕੰਮ ਕਰਦੇ ਵਤਨੀ ਅਤੇ ਗੋਰੇ ਵੀ ਉਸ ਨੂੰ ਆਪਣੇ ਵਰਗਾ ਸਮਝ ਕੇ ਉਸ ਨਾਲ ਦਿਲ ਦੀਆਂ ਗਲਾਂ ਸਾਂਝੀਆਂ ਕਰ ਲੈਂਦੇ ਅਤੇ ਜਦੋਂ ਉਹ ਕੌਂਸਲਰ ਅਤੇ ਫੇਰ ਮੇਅਰ ਦੀ ਕੁਰਸੀ ਤੇ ਜਾ ਬੈਠਾ ਤਾਂ ਉਸ ਦੇ ਦੋਸਤ-ਮਿੱਤਰ ਉਸ ਕੋਲ ਆਪਣੀਆਂ ਸਮੱਸਿਆਵਾਂ ਲਈ ਸਲਾਹ ਲੈਣ ਵੀ ਆ ਜਾਂਦੇ, ਜਿਸ ਕਾਰਨ ਉਹ ਆਪਣੇ ਵਰਗੇ ਪਰਵਾਸੀਆਂ ਦਾ ਰਾਹ ਦਸੇਰਾ ਵੀ ਬਣ ਗਿਆ। ਉਸ ਨੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਨੂੰ ਪ੍ਰਗਟਾਉਣ ਲਈ ਜਦੋਂ ਕਲਮ ਚੁੱਕੀ ਤਾਂ ਦੇਸ-ਪ੍ਰਦੇਸ ਦੀਆਂ ਸਮੱਸਿਆਵਾਂ ਨੂੰ ਜ਼ਿੰਦਗੀ ਵਿਚ ਮਿਲੇ ਕੁਝ ਕਿਰਦਾਰਾਂ ਰਾਹੀਂ, ਕੁਝ ਆਪਣੀ ਕਲਪਨਾ ਦੇ ਆਸਰੇ ਅਤੇ ਕੁਝ ਦੋਹਾਂ ਦਾ ਮਿਸ਼ਰਣ ਕਰਕੇ ਇਕ ਵਖਰੇ ਅੰਦਾਜ਼ ਵਿਚਆਪਣੀਆਂ ਕਹਾਣੀਆਂ ਵਿਚ ਪੇਸ਼ਕੀਤਾ। ਆਪਣੀ ਮੌਲਿਕ ਸ਼ੈਲੀਕਰਕੇ ਉਹ ਜਲਦੀ ਹੀ ਪਾਠਕਾਂ ਦਾ ਚਹੇਤਾ ਬਣ ਗਿਆ। ਆਮ ਪਾਠਕਾਂ ਵਿਚ ਉਸ ਦੀਆਂ ਕਹਾਣੀਆਂ ਪ੍ਰਵਾਨ ਚੜ੍ਹਨ ਦਾ ਇਕ ਕਾਰਨ ਹੋਰ ਵੀ ਹੈ ਕਿ ਉਹ ਅਖੌਤੀ ਵਿਦਵਤਾ ਤੋਂ ਕਿਨਾਰਾਕਰਦਾ ਹੈ। ਉਹ ਕਹਾਣੀ ਰਚਨਾ ਦੇ ਸਮਾਂ ਵਿਹਾਚੁਕੇ ਤਕਨੀਕੀ ਨੁਕਤਿਆਂ ਦੀ ਕੈਦ ਤੋਂਵੀਅਜ਼ਾਦ ਹੋਰਹਿੰਦਾਹੈ। ਉਸਦੇ ਕਹਾਣੀ ਸੰਸਾਰ ਦੀ ਖ਼ੂਬੀ ਇਹ ਹੈ ਕਿ ਉਹ ਆਪਣੀਆਂ ਕਹਾਣੀਆਂ ਆਲੋਚਕਾਂ ਜਾਂ ਅਖੌਤੀ ਵਿਦਵਾਨਾਂ ਲਈ ਨਹੀਂ ਲਿਖਦਾ ਬਲਕਿ ਆਮ ਪੰਜਾਬੀ ਪਾਠਕਾਂ ਲਈ ਲਿਖਦਾ ਹੈ।

ਉਸ ਦਾ ਵਿਚਾਰ ਅਧੀਨ ਕਹਾਣੀ ਸੰਗ੍ਰਿਹ 'ਉੱਜੜੇ ਬਾਗ਼ ਦਾ ਫੁੱਲ' ਉਸ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਇਲਾਵਾ ਉਸ ਦੀਆਂ ਕੁਝ ਕਹਾਣੀਆਂ ਦੋ ਸਾਂਝੇ ਕਹਾਣੀ ਸੰਗ੍ਰਿਹਾਂ ਦਾ ਸ਼ਿੰਗਾਰ ਵੀ ਬਣ ਚੁਕੀਆਂ ਹਨ ਅਤੇ ਅਖ਼ਬਾਰਾਂ ਵਿਚ ਵੀ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਪ੍ਰਸਤੁਤ ਸੰਗ੍ਰਿਹ ਵਿਚ 20 ਕਹਾਣੀਆਂ ਹਨ। ਕੁਝ ਕਹਾਣੀਆਂ ਦਾ ਵਿਸ਼ਾ ਨਿਰੋਲ ਪੰਜਾਬ ਦੇ ਪੇਂਡੂ ਸਮਾਜ ਦੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਿਤ ਹੈ, ਕੁਝ ਕਹਾਣੀਆਂ ਵਿਚ ਪੰਜਾਬ ਅਤੇ ਪਰਵਾਸੀ ਪੰਜਾਬੀਆਂ ਦੀਆਂ ਸਾਂਝੀਆਂ ਪਰਤਾਂ ਨੂੰ ਛੁਹਿਆ ਹੈ ਅਤੇ ਕਈ ਕਹਾਣੀਆਂ ਪਰਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ ਦਾ ਚਿਤਰਣ ਕਰਦੀਆਂ ਹਨ।




ਇਸ ਕਹਾਣੀ ਸੰਗ੍ਰਿਹ ਦੀਆਂ ਦੋ ਹੋਰ ਕਹਾਣੀਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰਕਰਨਾ ਜਰੂਰੀ ਹੈ, ਉਹ ਹਨ-ਮੁਰੱਬਿਆਂ ਵਾਲੀ ਅਤੇ ਸੁਪਰ ਕਿੰਗ। ਪਹਿਲੀ ਕਹਾਣੀ ਵਿਚ ਇਹ ਦਰਸਾਇਆ ਹੈ ਕਿ ਪੜ੍ਹ-ਲਿਖ ਕੇ ਜੇ ਨੌਕਰੀ ਨਾ ਮਿਲੇ ਤਾਂ ਜਰੂਰੀ ਨਹੀਂ ਕਿਮਨ ਮਾਰ ਕੇ ਕੋਈ ਛੋਟੀ ਮੋਟੀ ਨੌਕਰੀ ਨਾਲ ਸਮਾਂ ਟਪਾਈ ਜਾਉ। ਇਨਸਾਨ ਨੂੰ ਹਿੰਮਤ ਕਰਕੇ ਆਪਣਾ ਕੋਈ ਕੰਮ-ਧੰਦਾ ਸ਼ੁਰੂ ਕਰ ਲੈਣਾ ਚਾਹੀਦਾ ਹੈ। ਕੰਮ ਕੋਈ ਛੋਟਾ ਨਹੀਂ ਹੁੰਦਾ, ਬੰਦੇ ਦੀ ਸੋਚ ਛੋਟੀ ਹੁੰਦੀ ਹੈ। ਦੂਜੀ ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਦਲਜੀਤ ਕੈਨੇਡਾ ਪੜ੍ਹਨ ਗਿਆ ਸੀ। ਸ਼ੈਫ ਦੀ ਪੜ੍ਹਾਈ ਪੂਰੀ ਕੀਤੀ, ਪਰ ਜਦ ਉਥੇ ਵਧੀਆ ਨੌਕਰੀ ਨਾ ਮਿਲੀ ਤਾਂ ਵਾਪਸ ਆ ਗਿਆ। ਬੜੇ ਸੋਚ ਵਿਚਾਰ ਤੋਂ ਬਾਅਦ ਸੂਪ ਬਣਾਉਣ ਦੀ ਰੇਹੜੀ ਲਾ ਲਈ। ਲੋਕਾਂ ਦੀਆਂ ਗੱਲਾਂ ਦੀ ਪਰਵਾਹ ਨਾ ਕੀਤੀ। ਮਿਹਨਤ ਨਾਲ ਆਪਣੇ ਕੰਮ ਵਿਚ ਸਫਲ ਹੋਇਆ। ਇਹ ਦੋਵੇਂ ਕਹਾਣੀਆਂ ਅੱਜ ਦੇ ਨੌਜਵਾਨਾਂ ਨੂੰ ਨਵੀਂ ਸੇਧ ਦੇਣ ਵਾਲੀਆਂ ਹਨ।

'ਪਰਾਏ ਦੇਸ' ਕਹਾਣੀ ਵਿਚ ਇਕ ਮਾਂ ਦੇ ਦੁਖਾਂਤ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜੱਸੀ ਆਪਣੇ ਆਸਟ੍ਰੇਲੀਆ ਰਹਿੰਦੇ ਮਿੱਤਰ ਸਾਥੀ ਦੇ ਕਹੇ ਤੇ ਆਸਟ੍ਰੇਲੀਆ ਜਾਣ ਦਾ ਪਰੋਗਰਾਮ ਬਣਾ ਲੈਂਦਾ ਹੈ। ਭਾਵੇਂ ਜੱਸੀ ਦੀ ਮਾਂ ਆਪਣੇ ਇਕਲੌਤੇ ਪੁੱਤਰ ਨੂੰ ਆਪਣੀਆਂ ਅੱਖਾਂ ਤੋਂ ਦੂਰ ਨਹੀਂ ਕਰਨਾ ਚਾਹੁੰਦੀ, ਪਰ ਪੁੱਤਰ ਦੀ ਜ਼ਿਦ ਅਗੇ ਉਸ ਨੂੰ ਝੁਕਣਾ ਪੈਂਦਾ ਹੈ ਅਤੇ ਜ਼ਮੀਨ ਦਾ ਇਕ ਖ਼ਿੱਤਾ ਵੇਚ ਕੇ ਉਸ ਨੂੰ ਆਸਟ੍ਰੇਲੀਆ ਭੇਜ ਦਿੰਦੀ ਹੈ। ਆਸਟ੍ਰੇਲੀਆ ਪਹੁੰਚ ਕੇ ਜੱਸੀ ਦਿਲ ਲਾ ਕੇ ਪੜ੍ਹਦਾ ਵੀ ਹੈ ਅਤੇ ਆਪਣੀ ਕਮਾਈ ਵਿਚੋਂ ਕੁਝਬਚਾ ਕੇ ਆਪਣੀ ਮਾਂ ਨੂੰ ਵੀ ਭੇਜਦਾ ਰਹਿੰਦਾ ਹੈ। ਉਹ ਇਕ ਪੰਜਾਬੀ ਕੁੜੀ ਮਨਪ੍ਰੀਤ ਦੇ ਸੰਪਰਕ ਵਿਚ ਆਉਂਦਾ ਹੈ ਅਤੇ ਦੋਵੇਂ ਜ਼ਿੰਦਗੀ ਦੇ ਹਮਸਫ਼ਰ ਬਣਨ ਦੇ ਵਾਅਦੇ ਵੀ ਕਰਦੇ ਹਨ। ਜਦੋਂ ਕਈ ਸਾਲ ਬਾਅਦ ਜੱਸੀ ਅਤੇ ਮਨਪ੍ਰੀਤ ਭਾਰਤ ਆਉਣ ਦਾ ਪਰੋਗਰਾਮ ਬਣਾਉਂਦੇ ਹਨ ਤਾਂ ਜੱਸੀ, ਮਨਪ੍ਰੀਤ ਨੂੰ ਕੁਝ ਮੁੰਡਿਆਂ ਤੋਂ ਬਚਾਉਂਦਾ ਹੋਇਆ ਜ਼ਖ਼ਮੀ ਹੋ ਜਾਂਦਾ ਹੈ ਅਤੇ ਇਲਾਜ ਦੌਰਾਨ ਹੀ ਜ਼ਿੰਦਗੀ ਦੀ ਜੰਗ ਹਾਰ ਜਾਂਦਾ ਹੈ। ਮਨਪ੍ਰੀਤ ਜਦੋਂ ਇਹ ਮਨਹੂਸ ਖ਼ਬਰ ਜੱਸੀ ਦੀ ਮਾਂ ਨੂੰ ਸੁਣਾਉਂਦੀ ਹੈ ਤਾਂ ਮਾਂ ਦਾ ਇਹ ਕਹਿਣਾ, "ਮੈਂ ਤੇਰੇ ਆਸਟ੍ਰੇਲੀਆ ਦੇਸ਼ ਜਾਣ ਦਾ ਦੁੱਖ ਤਾਂ ਜਰ ਲਿਆ ਸੀ ਪਰ ਹੁਣ ਜਿਸ ਪਰਾਏ ਦੇਸ ਚਲਾ ਗਿਆ ਹੈਂ, ਇਸ ਦਾ ਦੁਖ ਕਿਵੇਂ ਝੱਲਾਂ ?" ਤਾਂ ਪਾਠਕਾਂ ਦੀਆਂ ਅੱਖਾਂ ਵੀ ਨਮ ਹੋ ਜਾਂਦੀਆਂ ਹਨ। 'ਖ਼ੂਨ ਦਾ ਰਿਸ਼ਤਾ' ਕਹਾਣੀ ਵਿਚ ਬਲਵੰਤ ਨੇ ਇੰਗਲੈਂਡ ਰਹਿੰਦੀ ਇਕ ਪੰਜਾਬਣ ਪ੍ਰੀਤਮ ਕੌਰ ਦੇ ਦੁਖਾਂਤ ਨੂੰ ਕਲਮ ਬਧ ਕੀਤਾ ਹੈ ਜੋ ਇਕ ਦੁਰਘਟਨਾ ਦਾ ਸ਼ਿਕਾਰ ਹੋ ਕੇ ਆਪਣੀ ਯਾਦਾਸ਼ਤ ਖੋ ਬੈਠਦੀਹੈ। ਪ੍ਰੀਤਮ ਕੌਰ ਲਈ ਇਸ ਤੋਂ ਵੀ ਵੱਡਾ ਦੁਖਾਂਤ ਇਹ ਵਾਪਰਿਆ ਕਿ ਉਸ ਦੇ ਤਿੰਨ ਮੁੰਡਿਆਂ ਵਿਚੋਂ ਕਿਸੇ ਨੇ ਮਾਂ ਦੀ ਸਾਰ ਨਾ ਲਈ, ਜਿੰਨਾਂ ਲਈ ਮਾਂ ਨੇ ਸਾਰੀ ਉਮਰ ਜਫਰ ਜਾਲੇ। ਪ੍ਰੀਤਮ ਕੌਰ ਭਾਵੇਂ ਕਹਾਣੀ ਵਿਚ ਸਾਹਮਣੇ ਨਹੀਂ ਆਉਂਦੀ, ਪਰ ਉਸ ਦੀ ਤਸਵੀਰ ਪਾਠਕਾਂ ਦੀਆਂ ਅੱਖਾਂ ਸਾਹਮਣੇ ਘੁੰਮਦੀ ਰਹਿੰਦੀ ਹੈ। ਇਹ ਇਸ ਕਹਾਣੀ ਦਾ ਵਿਸ਼ੇਸ਼ ਪੱਖ ਹੈ। ਕਿਤਾਬ ਦੇ ਨਾਂ ਵਾਲੀ ਕਹਾਣੀ 'ਉੱਜੜੇ ਬਾਗ਼ ਦਾ ਫੁੱਲ' ਵੀ ਪੰਜਾਬ ਰਹਿੰਦੇ ਇਕ ਪਰਿਵਾਰ ਦੀ ਦੁਖ ਭਰੀ ਕਹਾਣੀ ਹੈ ਜਿਸ ਨੂੰ ਕੈਨੇਡਾ ਰਹਿੰਦਾ ਇਕ ਪਾਤਰ(ਕਰਮਾ)ਕੈਨੇਡਾ ਦੇ ਪਾਰਕ ਵਿਚ ਬੈਠੇ ਆਪਣੇ ਹਮਉਮਰ ਸਾਥੀ(ਸੱਥੋ) ਨੂੰ ਸੁਣਾਉਂਦਾ ਹੈ। ਮੇਜਰ ਸਿੰਘ ਗਰੀਬ ਕਿਸਾਨ ਹੈ, ਜੋ ਆਪਣੇ ਮੁੰਡੇ ਦੁੱਲੇ ਨੂੰ ਮੁਸ਼ਕਿਲ ਨਾਲ ਪੜ੍ਹਾਉਂਦਾ ਹੈ ਅਤੇ ਆਪਣੀ ਕੁੜੀ ਦਾ ਵਿਆਹ ਕਰਜ਼ਾ ਚੁਕ ਕੇ ਕਰਦਾ ਹੈ। ਪੜ੍ਹੇ ਲਿਖੇ ਮੁੰਡੇ ਨੂੰ ਨੌਕਰੀ ਨਹੀਂ ਮਿਲਦੀ, ਕਰਜ਼ਾ ਮੁੜ ਨਹੀਂ ਰਿਹਾ। ਇਸੇ ਪਰੇਸ਼ਾਨੀ ਕਾਰਨ ਉਹ ਫਾਹਾ ਲੈ ਲੈਂਦਾ ਹੈ। ਦੁੱਲੇ ਨੂੰ ਇਕ ਨੇਤਾ ਆਪਣਾ ਬਾਡੀਗਾਰਡ ਬਣਾ ਲੈਂਦਾ ਹੈ, ਪਰ ਉਸ ਤੋਂ ਨਜਾਇਜ਼ ਕੰਮ ਕਰਵਾਉਂਦਾ ਹੈ। ਜਦੋਂ ਦੁੱਲੇ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਤਾਂ ਉਹ ਨੇਤਾਦੀ ਨੌਕਰੀ ਛੱਡ ਦਿੰਦਾਹੈ। ਨੇਤਾ ਨੂੰ ਡਰ ਪੈ ਜਾਂਦਾ ਹੈ ਕਿ ਦੁੱਲਾ ਉਸਦਾ ਰਾਜ ਨਾ ਖੋਲ੍ਹ ਦੇਵੇ। ਕੁਝ ਦੇਰ ਬਾਅਦ ਦੁੱਲੇ ਨੂੰ ਇਕ ਸਰਕਾਰੀ ਦਫਤਰ ਵਿਚ ਨੌਕਰੀ ਮਿਲਜਾਂਦੀਹੈ, ਜਿਸ ਨਾਲ ਉਸ ਦੇ ਘਰ ਦੇ ਹਾਲਾਤ ਸੁਧਰਨ ਲਗੇ, ਪਰ ਨੇਤਾ ਆਪਣੇ ਬੰਦਿਆਂ ਰਾਹੀਂ ਦੁੱਲੇ ਤੇ ਹਮਲਾ ਕਰਵਾ ਦਿੰਦਾਹੈ। ਦੁੱਲਾ ਭਾਵੇਂ ਬਚ ਤਾਂ ਗਿਆ, ਪਰ ਹਸਪਤਾਲ ਬਹੁਤ ਦੇਰ ਰਹਿਣਾ ਪਿਆ। ਜਿਸ ਡਾਕਟਰ (ਸੀਮਾ) ਨੇ ਉਸ ਦਾ ਇਲਾਜ ਕੀਤਾ, ਉਹ ਅਸਲ ਵਿਚ ਕਾਲਜ ਵਿਚ ਦੁੱਲੇ ਨਾਲ ਪੜ੍ਹਦੀ ਸੀ ਅਤੇ ਉਸ ਨੂੰ ਪਿਆਰ ਵੀ ਕਰਦੀ ਸੀ। ਉਹ ਹੀ ਦੁੱਲੇ ਦੇ ਡਾਕਟਰੀ ਇਲਾਜ ਦੇ ਪੈਸੇ ਭਰਦੀ ਹੈ ਅਤੇ ਬਾਅਦ ਵਿਚ ਦੋਹਾਂ ਦਾ ਵਿਆਹ ਵੀ ਹੋਜਾਂਦਾਹੈ। ਦੁੱਲੇ ਨੂੰ ਇਕ ਚੈਨਲ ਤੇ ਨੌਕਰੀ ਮਿਲ ਜਾਣ ਤੋਂ ਬਾਅਦ ਉਸ ਦੀ ਮਿਹਨਤ ਕਰਕੇ ਉਸ ਦੇ ਨਾਂ ਦੀ ਚਰਚਾ ਹਰ ਪਾਸੇ ਹੋਣ ਲੱਗਦੀ ਹੈ॥ 'ਕਬਾੜ ਖ਼ਾਨਾ' ਕਹਾਣੀ ਵੀ ਬਹੁ-ਪਰਤੀ ਕਹਾਣੀ ਹੈ, ਜਿਸ ਵਿਚ ਵਿਦੇਸ਼ ਜੰਮੇ ਬੱਚਿਆਂ ਦੀ ਸੋਚ, ਭਾਰਤੀ ਮੂਲ ਦੇ ਵਪਾਰੀਆਂ ਵੱਲੋਂ ਆਪਣੇ ਹਮ ਵਤਨੀਆਂ ਨਾਲ ਹੀ ਸਮਾਨ ਵੇਚਣ ਸਮੇਂ ਲੱਗਦਾ ਮੁੱਲ ਲਾਉਣਾ, ਦੇਸ ਪਰਤੇ ਲੋਕਾਂ ਦੀ ਸਥਾਨਕ ਦੁਕਾਨਦਾਰਾਂ ਵੱਲੋਂ ਲੁੱਟ ਅਤੇ ਪਿੰਡ ਦੇ ਸਕੂਲ ਨੂੰ ਕਬਾੜ ਖ਼ਾਨਾ ਸਮਝ ਕੇ ਪੁਰਾਣੇ ਸਮਾਨ ਨਾਲ ਗੰਦਾ ਕਰ ਦੇਣਾ ਆਦਿ ਪੱਖਾਂ ਨੂੰ ਪੇਸ਼ ਕੀਤਾ ਹੈ। 'ਸਸਕਾਰ ਦਾ ਸਮਝੌਤਾ' ਵਿਚ ਪੁਲਿਸ ਦੀਆਂ ਜ਼ਿਆਦਤੀਆਂ ਦੇ ਨਾਲ-ਨਾਲ ਪਿੰਡ ਦੇ ਚੌਧਰੀਆਂ ਦੇ ਹੀ ਪੁਲਿਸ ਨਾਲ ਰਲੇ ਹੋਣ ਦੀ ਅਸਲੀਅਤ ਪੇਸ਼ ਕੀਤੀ ਹੈ।

ਇਸ ਕਹਾਣੀ ਸੰਗ੍ਰਿਹ ਦੀਆਂ ਦੋ ਹੋਰ ਕਹਾਣੀਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰਕਰਨਾ ਜਰੂਰੀ ਹੈ, ਉਹ ਹਨ-ਮੁਰੱਬਿਆਂ ਵਾਲੀ ਅਤੇ ਸੁਪਰ ਕਿੰਗ। ਪਹਿਲੀ ਕਹਾਣੀ ਵਿਚ ਇਹ ਦਰਸਾਇਆ ਹੈ ਕਿ ਪੜ੍ਹ-ਲਿਖ ਕੇ ਜੇ ਨੌਕਰੀ ਨਾ ਮਿਲੇ ਤਾਂ ਜਰੂਰੀ ਨਹੀਂ ਕਿਮਨ ਮਾਰ ਕੇ ਕੋਈ ਛੋਟੀ ਮੋਟੀ ਨੌਕਰੀ ਨਾਲ ਸਮਾਂ ਟਪਾਈ ਜਾਉ। ਇਨਸਾਨ ਨੂੰ ਹਿੰਮਤ ਕਰਕੇ ਆਪਣਾ ਕੋਈ ਕੰਮ-ਧੰਦਾ ਸ਼ੁਰੂ ਕਰ ਲੈਣਾ ਚਾਹੀਦਾ ਹੈ। ਕੰਮ ਕੋਈ ਛੋਟਾ ਨਹੀਂ ਹੁੰਦਾ, ਬੰਦੇ ਦੀ ਸੋਚ ਛੋਟੀ ਹੁੰਦੀ ਹੈ। ਦੂਜੀ ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਦਲਜੀਤ ਕੈਨੇਡਾ ਪੜ੍ਹਨ ਗਿਆ ਸੀ। ਸ਼ੈਫ ਦੀ ਪੜ੍ਹਾਈ ਪੂਰੀ ਕੀਤੀ, ਪਰ ਜਦ ਉਥੇ ਵਧੀਆ ਨੌਕਰੀ ਨਾ ਮਿਲੀ ਤਾਂ ਵਾਪਸ ਆ ਗਿਆ। ਬੜੇ ਸੋਚ ਵਿਚਾਰ ਤੋਂ ਬਾਅਦ ਸੂਪ ਬਣਾਉਣ ਦੀ ਰੇਹੜੀ ਲਾ ਲਈ। ਲੋਕਾਂ ਦੀਆਂ ਗੱਲਾਂ ਦੀ ਪਰਵਾਹ ਨਾ ਕੀਤੀ। ਮਿਹਨਤ ਨਾਲ ਆਪਣੇ ਕੰਮ ਵਿਚ ਸਫਲ ਹੋਇਆ। ਇਹ ਦੋਵੇਂ ਕਹਾਣੀਆਂ ਅੱਜ ਦੇ ਨੌਜਵਾਨਾਂ ਨੂੰ ਨਵੀਂ ਸੇਧ ਦੇਣ ਵਾਲੀਆਂ ਹਨ।

ਕਈਕਹਾਣੀਆਂ ਦੇ ਪਾਤਰ ਲੰਮੇ ਸਮੇਂ ਤੱਕ ਯਾਦ ਰਹਿਣ ਵਾਲੇ ਹਨ, ਜਿਵੇਂ; ਕਿਰਨ(ਮੁਰੱਬਿਆਂ ਵਾਲੀ), ਜੀਤਾਂ(ਲਮਕਵੀਂ ਕੈਦ), ਕੋਮਲ (ਸੱਚ ਦਾ ਗਰਭਪਾਤ), ਮਿੰਦ (ਮੋਹਣੇ ਦੀ ਮਿੰਦੋ), ਪਰਤਾਪ (ਸਸਕਾਰ ਦਾ ਸਮਝੌਤਾ) ਆਦਿ। ਭਾਸ਼ਾ ਦੇ ਪੱਖੋਂ ਵੀ ਕਹਾਣੀਆਂ ਸਫਲ ਹਨ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਲਵੰਤ ਸਿੰਘ ਗਿੱਲ ਆਪਣੇ ਇਸ ਕਹਾਣੀ ਸੰਗ੍ਰਹਿ ਰਾਹੀਂ ਆਮ ਪੰਜਾਬੀ ਪਾਠਕਾਂ ਦੇ ਹੋਰ ਨੇੜੇ ਹੋਇਆ ਹੈ। ਅਜ਼ਾਦ ਬੁਕ ਡਿਪੂ ਅੰਮਿਬਸਰ ਦੁਆਰਾ ਪ੍ਰਕਾਸ਼ਿਤ 207 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 150 ਰੁਪਏ ਹੈ। ਪੁਸਤਕ ਦਾਟਾਈਟਲ ਅਤੇ ਦਿੱਖ ਵੀ ਪ੍ਰਭਾਵਿਤ ਕਰਦੀ ਹੈ।

# ਤਿੰਨ ਮਹੀਨੇ ਪਹਿਲਾ ਜਿਊਲਰੀ ਦੀ ਦੁਕਾਨ 'ਤੇ ਹੋਈ ਕਰੋੜਾਂ ਦੀ ਚੋਰੀ ਦਾ ਨਹੀਂ ਲੱਗਾ ਕੋਈ ਸੁਰਾਗ

## ○ ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਪੁਲਿਸ ਦੇ ਹੱਥ ਖਾਲੀ, ਨਹੀਂ ਹੋਈ ਕੋਈ ਗ੍ਰਿਫਤਾਰੀ

ਸ੍ਰੀ ਅੰਮ੍ਰਿਤਸਰ ਸਾਹਿਬ (ਜਤਿੰਦਰ ਸਿੰਘ ਬੇਦੀ, ਡਾ. ਸਵਰਨ ਸਿੰਘ)-ਅੰਮ੍ਰਿਤਸਰ ਦੇ ਛੇਹਰਟਾ ਖੇਤਰ ਵਿਚ ਬੀਤੇ 3 ਮਹੀਨੇ ਪਹਿਲਾ ਚੋਰਾਂ ਵੱਲੋਂ ਚਰਨਜੀਤ ਜਿਊਲਰਜ਼ ਦੀ ਦੁਕਾਨ 'ਤੇ ਸੰਨ ਲਾ ਕੇ ਕਰੋੜਾਂ ਰੁਪਏ ਦੇ ਗਹਿਣੇ ਅਤੇ ਚਾਂਦੀ ਚੋਰੀ ਕੀਤੀ ਗਈ ਸੀ, ਪਰ ਇੰਨ੍ਹਾਂ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪੁਲਸ ਨੂੰ ਅੱਜੇ ਤੱਕ ਚੋਰਾਂ ਦਾ ਕੋਈ ਕੋਈ ਸੁਰਾਗ ਨਹੀਂ ਮਿਲਿਆ।

ਪੀੜ੍ਹਤ ਦੁਕਾਨਦਾਰ ਵੱਲੋਂ ਚੋਰਾਂ ਦੀ ਗ੍ਰਿਫਤਾਰੀ ਲਈ ਪੁਲਸ ਅਫਸਰਾਂ ਦੇ ਦਫਤਰਾਂ ਦੇ ਗੇੜੇ ਮਾਰੇ ਜਾ ਰਹੇ ਹਨ। ਇਸ ਸਬੰਧੀ ਚਰਨਜੀਤ ਜਿਊਲਰਜ਼ ਦੇ ਮਾਲਕ ਪਵਨ ਕੁਮਾਰ ਟੀਕੂ ਨੇ ਅੱਜ ਪ੍ਰੈਸ ਮਿਲਣੀ ਦੌਰਾਨ ਦੱਸਿਆ ਕਿ ਉਹ ਪਿਛਲੇ 25 ਸਾਲਾਂ ਤੋਂ ਜਿਊਲਰਜ਼ ਦੀ ਦੁਕਾਨ ਖੰਡਵਾਲਾ ਵਿੱਖੇ ਚਲਾ ਰਹੇ ਹਨ ਅਤੇ ਬੀਤੀ 6 ਜਨਵਰੀ 2024 ਨੂੰ ਚੋਰਾਂ ਵੱਲੋਂ ਉਨ੍ਹਾਂ ਦੀ ਦੁਕਾਨ ਨੂੰ ਸੰਨ ਲਾ ਕੇ ਸੋਨੇ ਦੇ ਗਹਿਣੇ, 30 ਕਿਲੋ ਚਾਂਦੀ ਅਤੇ ਕਰੀਬ 15 ਲੱਖ ਰੁਪਏ ਲੈ ਕੇ ਰਫੂ ਚੱਕ ਰਹੇ ਗਏ ਸਨ।

ਇਸ ਚੋਰੀ ਦੀ ਵਾਰਦਾਤ ਦੌਰਾਨ ਚੋਰਾਂ ਵੱਲੋਂ ਦੁਕਾਨ 'ਚ ਲੱਗੇ ਸੀ.ਸੀ.ਟੀ.ਵੀ ਕੈਮਰੇ ਤੋੜੇ ਗਏ ਅਤੇ ਡੀ.ਵੀ.ਆਰ ਵੀ ਨਾਲ ਲੈ ਗਏ। ਉਨ੍ਹਾਂ ਅੱਗੇ ਦੱਸਿਆ ਕਿ ਆਂਢ-ਗਵਾਂਢ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਦੋ ਵਿਅਕਤੀਆਂ ਨੂੰ ਵੀ ਦੇਖਿਆ ਗਿਆ ਸੀ, ਪਰ ਅਜੇ ਤੱਕ ਥਾਣਾ ਛੇਹਰਟਾ ਦੀ ਪੁਲਿਸ ਨੇ ਚੋਰਾਂ ਦੇ ਖਿਲਾਫ ਕੋਈ ਠੋਸ ਕਾਰਵਾਈ ਅਮਲ 'ਚ ਨਹੀਂ ਲਿਆਂਦੀ।

ਚਰਨਜੀਤ ਜਿਊਲਰਜ਼ ਦੇ ਮਾਲਕ ਪਵਨ ਕੁਮਾਰ ਟੀਕੂ ਨੇ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਭੁੱਲਰ ਅਤੇ ਪੁਲਿਸ ਦੇ ਹੋਰ ਉੱਚ ਅਧਿਕਾਰੀਆਂ ਕੋਲੋ ਜ਼ੋਰਦਾਰ ਸ਼ਬਦਾਂ ਵਿਚ ਮੰਗ ਕੀਤੀ ਹੈ ਕਿ ਉਕਤ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਾਨੂੰ ਇੰਨਸਾਫ ਦਵਾਇਆ ਜਾਵੇ।






### ਕੀ ਕਹਿੰਦੇ ਹਨ ਹਲਕਾ ਪੱਛਮੀ ਦੇ ਏ. ਸੀ. ਪੀ

ਇਸ ਸਬੰਧੀ ਜਦ ਹਲਕਾ ਪੱਛਮੀ ਦੇ ਏ.ਸੀ.ਪੀ ਸ. ਸੁਖਮਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਇਸ ਕੇਸ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ ਅਤੇ ਜਲਦ ਹੀ ਚੋਰਾਂ ਨੂੰ ਗ੍ਰਿਫਤਾਰ ਕਰਕੇ ਸਲਾਖਾਂ ਪਿਛੇ ਭੇਜਿਆ ਜਾਵੇਗਾ।

# ਹਾਸੇ ਦੀ ਪਟਾਰੀ

**ਬੇਟੇ** ਨੂੰ ਹੱਥਾਂ ਦੇ ਭਾਰ ਘਰ ਵਿੱਚ ਵੜਦਾ ਦੇਖ ਕੇ ਪਿਤਾ ਨੇ ਪੁੱਛਿਆ, ਇਹ ਕੀ ਕਰ ਰਿਹਾ ਏਂ?

ਬੇਟਾ, ਤੁਹਾਡੀ ਆਗਿਆ ਦੀ ਪਾਲਣਾ ਕਰ ਰਿਹਾ ਹਾਂ। ਤੁਸੀਂ ਹੀ ਤਾਂ ਕਿਹਾ ਸੀ ਜੇ ਫੇਲ੍ਹ ਹੋ ਗਿਆ ਤਾਂ ਘਰ ਵਿੱਚ ਕਦਮ ਨਹੀਂ ਰੱਖਣ ਦੇਵਾਂਗਾ।

*---*---*

**ਕੁੜੀ** ਦੇਖਣ ਗਏ ਇਕ ਪਰਿਵਾਰ ਦੇ ਸਾਹਮਣੇ ਕੁੜੀ ਦੇ ਗੁਣਾਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਸੀ। ਕੁੜੀ ਵਾਲੇ ਬੋਲੇ, ਸਾਡੀ ਕੁੜੀ ਦੀ ਆਵਾਜ਼ ਕੋਇਲ ਵਰਗੀ, ਗਰਦਨ ਹਿਰਨੀ ਵਰਗੀ ਤੇ ਸੁਭਾਅ ਗਊ ਵਰਗਾ ਹੈ।

ਇਸ 'ਤੇ ਮੁੰਡੇ ਨੇ ਪੁੱਛਿਆ, ਜੀ ਇਸ ਵਿੱਚ ਕੋਈ ਇਨਸਾਨੀ ਗੁਣ ਵੀ ਹੈ?

*---*---*

**ਅਧਿਆਪਕ,** ਇੰਨੇ ਦਿਨਾਂ ਤੋਂ ਕਿਥੇ ਸੀ?

ਰਾਜੂ, ਸਰ, ਬਰਡ ਫਲੂ ਹੋ ਗਿਆ ਸੀ।

ਅਧਿਆਪਕ, ਪਰ ਇਹ ਬਰਡਜ਼ ਨੂੰ ਹੁੰਦਾ ਹੈ, ਤੈਨੂੰ ਕਿਵੇਂ ਹੋ ਗਿਆ?

ਰਾਜੂ (ਗੁੱਸੇ ਵਿੱਚ), ਤੁਸੀਂ ਇਨਸਾਨ ਸਮਝਿਆ ਹੀ ਕਦੋਂ ਹੈ? ਰੋਜ਼ ਤਾਂ ਮੁਰਗਾ ਬਣਾਉਂਦੇ ਹੋ।

*---*---*

# ਮੇਰੇ ਅੰਮ੍ਰਿਤ ਛਕਣ ਦੇ ਪ੍ਰੇਰਨਾ-ਸਰੋਤ

ਜਸਵਿੰਦਰ ਸਿੰਘ "ਰੁਪਾਲ"
91 9814715796



ਗੁਰਸਿੱਖੀ ਨਾਲ ਪਿਆਰ ਰੱਖਣ ਵਾਲੇ, ਗੁਰਬਾਣੀ ਪੜ੍ਹਨ ਵਾਲੇ, ਸ਼ਰਧਾਲੂ, ਰੋਜ਼ਾਨਾ ਗੁਰੂ-ਘਰ ਜਾਣ ਵਾਲੇ ਬਹੁਤ ਸਾਰੇ ਸੱਜਣ ਅਜਿਹੇ ਹਨ, ਜਿਹੜੇ ਕਈਕਾਰਨਾਂ ਕਰਕੇ ਅੰਮ੍ਰਿਤ ਛਕਣ ਦਾ ਹੌਸਲਾ ਨਹੀਂ ਕਰਦੇ। ਉਹਨਾਂ ਦੇ ਮਨ ਅੰਦਰ ਕੁਝ ਡਰ, ਝਿਜਕ, ਜਾਂ ਸ਼ੰਕੇ ਹੁੰਦੇ ਹਨ, ਜੋ ਉਹਨਾਂ ਨੂੰ ਅੰਮ੍ਰਿਤਧਾਰੀ ਬਣਨ ਤੋਂ ਰੋਕਦੇ ਹਨ। ਮੈਂ ਅੱਜ ਪਾਠਕਾਂ ਨਾਲ ਆਪਣੇ ਮਨ ਦੇ ਸ਼ੰਕੇ ਅਤੇ ਉਹ ਸ਼ੰਕੇ ਕਿਵੇਂ ਦੂਰ ਹੋਏ, ਸਾਂਝਾ ਕਰਨ ਜਾ ਰਿਹਾ ਹਾਂ-

ਸਾਡਾ ਪਰਿਵਾਰ ਸ਼ੁਰੂ ਤੋਂ ਹੀ ਧਾਰਮਿਕ ਖਿਆਲਾਂ ਦਾ ਸੀ, ਜਿਸ ਕਾਰਨ ਪਾਠ ਕਰਨ ਦਾ ਅਭਿਆਸ ਮੈਨੂੰ ਛੋਟੇ ਹੁੰਦੇ ਨੂੰ ਹੀ ਹੋ ਗਿਆ ਸੀ। ਸੱਤਵੀਂ ਚ ਪੜ੍ਹਦੇ ਨੂੰ ਹੀ ਭੈਣਾਂ ਨੇ ਉਤਸ਼ਾਹ ਦੇ ਕੇ ਗੁਰਦੁਆਰੇ ਸਪੀਕਰ ਵਿੱਚ ਪਾਠ ਕਰਨ ਲਗਾ ਦਿੱਤਾ ਸੀ। ਵਾਹਿਗੁਰੂ ਦੀ ਕਿਰਪਾ ਨਾਲ ਹੀ ਮੇਰੀ ਆਵਾਜ ਵੀ ਉੱਚੀ ਅਤੇ ਸਾਫ ਸੀ, ਅਤੇ ਉਚਾਰਣ ਵੀ ਸ਼ੁੱਧ। ਜਿਸ ਕਰਕੇ ਪਿੰਡ ਦੀਆਂ 2-4 ਬਜ਼ੁਰਗ ਔਰਤਾਂ ਸੁਖਮਨੀ ਸਾਹਿਬ ਦਾ ਪਾਠ ਸੁਣਨ ਸਾਡੇ ਘਰ ਵੀ ਆ ਜਾਂਦੀਆਂ ਸਨ। ਗ੍ਰੰਥੀ ਸਿੰਘ ਦੀ ਪ੍ਰੇਰਨਾ ਅਤੇ ਹੌਂਸਲਾ-ਅਫਜਾਈ ਸਦਕਾ ਮੈਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕਰਨ ਲੱਗ ਪਿਆ ਸੀ ਅਤੇ ਹੌਲੀ ਹੌਲੀ ਸਹਿਜ-ਪਾਠ ਅਤੇ ਅਖੰਡ-ਪਾਠ ਵਿੱਚ ਰੌਲਾਂ ਵੀ ਲਗਾਉਣ ਲੱਗ ਗਿਆ ਸੀ, ਪਰ ਇਸ ਸਭ ਦੇ ਬਾਵਜੂਦ ਅੰਮ੍ਰਿਤ ਛਕਣ ਦਾ ਮਨ ਨਹੀਂ ਸੀ ਬਣਿਆ... ਮੈਂ ਉਦੋਂ ਦੀ ਸੋਚ ਅਨੁਸਾਰ ਅੰਮ੍ਰਿਤਧਾਰੀ ਇਨਸਾਨ ਨੂੰ ਇੱਕ ਪੂਰਨ ਅਤੇ ਮੁਕੰਮਲ ਇਨਸਾਨ ਦੇ ਰੂਪ ਵਿੱਚ ਚਿਤਵਦਾ ਸੀ ਅਤੇ ਮੈਨੂੰ ਆਪਣਾ ਆਪ ਐਸਾ ਪੁਰਖ ਨਹੀਂ ਸੀ ਲੱਗਦਾ, ਜਿਹੜਾ ਸੱਚਾ ਸੁੱਚਾ ਅਤੇ ਗੁਣਾਂ ਭਰਪੂਰ ਹੋਵੇ। ਮੇਰੇ ਮਨ ਵਿੱਚ ਕੁਝ ਦੁਚਿਤੀਆਂ ਸਨ ਜਿਹਨਾਂ ਵਿਚੋਂ ਪਹਿਲੀ ਅਤੇ ਮੁੱਖ ਸੀ-ਮਨ ਦੀ ਸ਼ੁੱਧਤਾ। ਮੇਰੇ ਖਿਆਲ ਵਿੱਚ ਇੱਕ ਵਿਕਾਰੀ ਅਤੇ ਔਗਣਾਂ ਵਾਲੇ ਵਿਅਕਤੀ ਨੂੰ ਅੰਮ੍ਰਿਤ ਨਹੀਂ ਸੀ ਛਕਣਾ ਚਾਹੀਦਾ ਦੂਸਰਾ ਸ਼ੰਕਾ ਸਰੀਰ ਨੂੰ ਲੈ ਕੇ ਵੀ ਸੀ। ਕੀ ਮੈਂ ਪੰਜ ਕਕਾਰੀ ਰਹਿਤ ਰੱਖ ਸਕਾਂਗਾ? ਕੀ ਮੈਂ ਹਰ ਰੋਜ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਬਾਕਾਇਦਾ ਨਿੱਤਨੇਮ ਕਰ ਸਕਾਂਗਾ? ਇਹੋ ਜਿਹੇ ਕੁਝ ਖਿਆਲ ਮੈਨੂੰ ਅੰਮ੍ਰਿਤ ਛਕਣ ਤੋਂ ਰੋਕਦੇ ਰਹਿੰਦੇ ਸਨ।

1987 ਦੇ ਅਖੀਰ ਵਿੱਚ ਮੈਨੂੰ ਨੌਕਰੀ ਮਿਲ ਗਈ। ਮੇਰੀ ਪਹਿਲੀ ਨਿਯੁਕਤੀ ਸਰਕਾਰੀ ਹਾਈ ਸਕੂਲ ਕਕਰਾਲਾ, ਜਿਲਾ ਪਟਿਆਲਾ ਦੀ ਸੀ। ਸਕੂਲ ਵਿੱਚ ਵਿਹਲੇ ਪੀਰੀਅਡ ਸਮੇਂ ਜਾਂ ਅੱਧੀ ਛੁੱਟੀ ਸਮੇਂ ਸਾਥੀਆਂ ਨਾਲ ਗੁਰਮਤਿ ਵਿਚਾਰਾਂ ਹੁੰਦੀਆਂ ਰਹਿੰਦੀਆਂ। ਸਟਾਫ ਮੇਰੇ ਗੁਰਮਤਿ ਵਿਚਾਰਾਂ ਤੋਂ ਪ੍ਰਭਾਵਿਤ ਸੀ। ਇੱਕ ਦਿਨ ਸਾਥੀ ਸ. ਰਘਬੀਰ ਸਿੰਘ ਜੀ (ਅੱਜ ਉਹ ਇਸ ਦੁਨੀਆਂ ਤੇ ਨਹੀਂ ਹਨ, ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ) ਨੇ ਕਿਹਾ, "ਜਸਵਿੰਦਰ ਸਿੰਘ! ਤੁਸੀਂ ਹੁਣ ਅੰਮ੍ਰਿਤ ਵੀ ਛਕ ਹੀ ਲਵੋ।" ਮੈਂ ਸਹਿਜ-ਸੁਭਾਅ ਹੀ ਅੰਦਰਲਾ ਡਰ ਜਾਹਰ ਕੀਤਾ, "ਅਜੇ ਭਾਂਡਾ ਤਿਆਰ ਨਹੀਂ ਹੋਇਆ।" ਮੇਰਾ ਇਸ਼ਾਰਾ ਹਿਰਦੇ ਦੀ ਸ਼ੁੱਧਤਾ ਵੱਲ ਸੀ, ਰਘਬੀਰ ਸਿੰਘ ਜੀ ਨੇ ਵੀ ਸਹਿਜ ਨਾਲ ਹੀ ਜਵਾਬ ਦਿੱਤਾ, "ਜੇ ਭਾਂਡਾ ਤੁਸੀਂ ਆਪ ਤਿਆਰ ਕਰਨ ਦੇ ਸਮਰੱਥ ਹੋ, ਤਾਂ ਗੁਰੂ ਧਾਰਨ ਦੀ ਲੋੜ ਹੀ ਕੀ ਹੈ? ਅਸੀਂ ਤਾਂ ਗੁਰੂ ਧਾਰਨਾ ਹੀ ਇਸ ਲਈ ਹੈ ਤਾਂ ਕਿ 'ਭਾਂਡਾ' ਤਿਆਰ ਹੋ ਸਕੇ। ਤੁਸੀਂ ਤਾਂ ਸਿਰਫ ਸਮਰਪਣ ਕਰ ਦੇਣਾ ਹੈ ਗੁਰੂ ਨੂੰ। ਬਾਕੀ ਗੁਰੂ ਆਪ ਹੀ ਬਖਸ਼ਿਸ਼ ਕਰੇਗਾ।" ਮੈਂ ਉਹਨਾਂ ਦਾ ਜਵਾਬ ਸੁਣ ਕੇ ਚੁੱਪ ਹੋ ਗਿਆ। ਮੈਨੂੰ ਲੱਗਿਆ ਕਿ ਉਹ ਬਿਲਕੁਲ ਠੀਕ ਕਹਿ ਰਹੇ ਹਨ। ਮੇਰੀ ਅਪਣੀ ਕੀ ਸਮਰੱਥਾ ਹੈ ਕਿ ਮੈਂ ਹਿਰਦੇ ਨੂੰ ਸ਼ੁੱਧ ਕਰ ਸਕਾਂ। ਵਿਕਾਰਾਂ ਵੱਲੋਂ ਮੋੜਨ ਅਤੇ ਗਣਾਂ ਨਾਲ ਜੋੜਨ ਦਾ ਕੰਮ ਤਾਂ ਗੁਰੂ ਹੀ ਕਰ ਸਕਦਾ ਏ। ਮੇਰਾ ਪਹਿਲਾ ਸ਼ੰਕਾ 'ਮਨ ਬਾਰੇ' ਦੂਰ ਹੋ ਗਿਆ। ਕੁਝ ਸਮੇਂ ਪਿੱਛੋਂ ਹੀ ਗੁਰਦੁਆਰਾ ਭਗਤ ਨਾਮਦੇਵ, ਸਮਾਣੇ ਵਾਲਿਆਂ ਨੇ ਰਾੜੇ ਵਾਲੇ ਸੰਤਾਂ ਦੇ ਦੀਵਾਨ ਲਗਵਾਏ। ਅਸੀਂ ਭਾਵੇਂ ਕਿਸੇ ਵੀ ਸੰਤ ਬਾਬੇ ਦੇ ਚੇਲੇ ਨਹੀਂ ਪਰ ਗੁਰੂ ਦੀ ਗੱਲ ਜੋ ਵੀ ਸੁਣਾਉਂਦਾ, ਉਸ ਨੂੰ ਸੁਣਨ ਲਈ ਹਾਜਰ ਹੁੰਦੇ। ਪਰਿਵਾਰ ਨਾਲ ਮੈਂ ਵੀ ਇਹ ਦੀਵਾਨ ਸੁਣਨ ਜਾਂਦਾ। ਭਾਈ ਬਲਜਿੰਦਰ ਸਿੰਘ ਜੀ ਕਥਾ-ਕੀਰਤਨ ਕਰਦੇ। ਆਖਰੀ ਦਿਨ ਅੰਮ੍ਰਿਤ-ਸੰਚਾਰ ਰੱਖਿਆ ਹੋਣ ਕਰਕੇ ਰੋਜ਼ਾਨਾ ਦੇ ਦੀਵਾਨ ਵਿੱਚ ਉਹ ਅੰਮ੍ਰਿਤ ਛਕਣ ਦੀ ਪ੍ਰੇਰਨਾ ਜਰੂਰ ਦਿੰਦੇ। ਇੱਕ ਦਿਨ ਕਥਾ ਵਿਆਖਿਆ ਕਰਦੇ ਹੋਏ ਬੋਲੇ, "ਜਿਸ ਤਰਾਂ ਇੱਕ ਲੜਕੀ ਵਿਆਹ ਕਰਵਾ ਕੇ ਮਾਂ ਬਣਨਾ ਅਤੇ ਬੱਚੇ ਨੂੰ ਲੋਰੀਆਂ ਦੇਣਾ ਆਪਣੇ ਆਪ ਹੀ ਸਿੱਖ ਜਾਂਦੀ ਹੈ। ਕੋਈ ਉਸ ਨੂੰ ਸਿਖਾਉਂਦਾ ਨਹੀਂ। ਇਸੇ ਤਰਾਂ ਅੰਮ੍ਰਿਤ ਛਕ ਕੇ ਪੰਜ-ਕਕਾਰੀ ਰਹਿਤ ਰੱਖਣਾ ਤੁਸੀਂ ਆਪਣੇ ਆਪ ਹੀ ਸਿੱਖ ਜਾਵੋਗੇ। ਅੰਮ੍ਰਿਤ ਵੇਲੇ ਉੱਠ ਵੀ ਹੋ ਜਾਏਗਾ ਅਤੇ ਇਸ਼ਨਾਨ ਕਰਕੇ ਨਿੱਤਨੇਮ ਵੀ ਹੋ ਜਾਏਗਾ।

ਇਹ ਗੁਰੂ ਦੀਆਂ ਬਖਸ਼ਿਸ਼ਾਂ ਹਨ।" ਉਹਨਾਂ ਦੀ ਦਿੱਤੀ ਹੋਈ ਦਲੀਲ ਮੇਰੇ ਤਰਕਵਾਦੀ ਮਨ ਨੂੰ ਜਚ ਗਈ ਅਤੇ ਮੇਰਾ "ਤਨ" ਨਾਲ ਸੰਬੰਧਿਤ ਸ਼ੰਕਾ ਵੀ ਦੂਰ ਹੋ ਗਿਆ। ਪਰ ਇਸ ਅੰਮ੍ਰਿਤ- ਸੰਚਾਰ ਵਿੱਚ ਵੀ ਮੈਂ ਅੰਮ੍ਰਿਤ ਨਹੀਂ ਛਕਿਆ। ਕੋਈ ਅਗੰਮੀ ਪ੍ਰੇਰਨਾ ਸੀ ਸ਼ਾਇਦ ਕਿ 2-3 ਮਹੀਨੇ ਮਗਰੋਂ ਹੀ 23 ਸਤੰਬਰ 1990 ਨੂੰ ਮੈਂ ਗੁਰਦੁਆਰਾ ਬੜਾ ਸਾਹਿਬ ਵਿਖੇ ਦਮਦਮੀ ਟਕਸਾਲ ਵੱਲੋਂ ਹੋਏ ਅੰਮ੍ਰਿਤ ਸੰਚਾਰ ਸਮੇਂ ਅੰਮ੍ਰਿਤ ਅਭਿਲਾਸ਼ੀਆਂ ਦੀ ਕਤਾਰ ਵਿਚ ਖੜ੍ਹਾ ਸੀ। ਅੱਜ ਕਿੰਨੇ ਸਾਲਾਂ ਬਾਅਦ ਜਦੋਂ ਆਪਣਾ ਵਿਸ਼ਲੇਸ਼ਣ ਕਰਦਾ ਹਾਂ ਤਾਂ ਇੱਕੋ ਜਵਾਬ ਸੁੱਝਦਾ ਹੈ ਕਿ ਜੇ ਅਜੇ ਤੱਕ ਪੂਰਨ ਗੁਣਵਾਨ ਨਹੀਂ ਬਣ ਸਕਿਆ, ਅਜੇ ਵਿਕਾਰਾਂ ਤੋਂ ਪੀੜਤ ਹਾਂ, ਤਾਂ ਇੱਕੋ ਕਾਰਨ ਹੈ ਕਿ ਗੁਰੂ ਨੂੰ ਪੂਰਾ ਸਮਰਪਣ ਨਹੀਂ ਦੇ ਸਕਿਆ। ਸੋਚਦਾ ਹਾਂ ਕਿ ਜਿਹੜਾ ਵਿਦਿਆਰਥੀ ਆਪਣੇ ਅਧਿਆਪਕ ਦਾ ਦਿੱਤਾ ਸਬਕ ਯਾਦ ਕਰਦਾ ਹੈ ਤਾਂ ਉਹ ਸਫਲ ਕਿਵੇਂ ਨਹੀਂ ਹੋਏਗਾ ਪਾਤਸ਼ਾਹ ਬਖਸ਼ਿਸ਼ ਕਰਨ ਅਤੇ ਆਪਣੇ ਮਾਰਗ ਤੇ ਤੁਰਨ ਦੀ ਹਿੰਮਤ ਦੇਣ।

ਰਿਟਾਇਰਡ ਲੈਕਚਰਾਰ
ਸਹਿ-ਸੰਪਾਦਕ : ਪੰਜਾਬੀ ਸਾਂਝ
ਐਮ.ਏ.(ਪੰਜਾਬੀ, ਅੰਗਰੇਜ਼ੀ,
ਇਕਨਾਮਿਕਸ,ਜਰਨੇਲਿਜਮ, ਮਨੋਵਿਗਿਆਨ)

# ਮਹਾਨ ਔਰਤਾਂ ਇੰਝ ਵੀ ਹੁੰਦੀਆਂ ਹਨ...

## ਔਰਤ ਦਿਵਸ 'ਤੇ ਵਿਸ਼ੇਸ਼

ਗਗਨਦੀਪ ਕੌਰ ਧਾਲੀਵਾਲ
ਅਸਿਸਟੈਂਟ ਪ੍ਰੋਫੈਸਰ

8 ਮਾਰਚ ਦਾ ਦਿਨ ਜੋ ਕਿ ਔਰਤ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਵੱਖ-ਵੱਖ ਲੇਖਕਾਂ ਦੁਆਰਾ ਮਹਾਨ ਔਰਤਾਂ ਦੇ ਬਾਰੇ ਕਈ ਲੇਖ ਲਿਖੇ ਜਾਂਦੇ ਹਨ ਉਹਨਾਂ ਦੇ ਬਾਰੇ ਜਾਣੂ ਕਰਵਾਇਆ ਜਾਂਦਾ ਹੈ ਜੋ ਕਿ ਵੱਖ-ਵੱਖ ਖੇਤਰਾਂ ਦੇ ਵਿੱਚ ਆਪਣੀਆਂ ਮੱਲਾਂ ਮਾਰ ਚੁੱਕੀਆਂ ਹਨ ਜਾਂ ਮਾਰ ਰਹੀਆਂ ਹਨ। ਔਰਤ ਦਿਵਸ ਦੇ ਇਸ ਮੌਕੇ 'ਤੇ ਮੈਂ ਇੱਕ ਘਰੇਲੂ ਜ਼ਿੰਦਗੀ ਜਿਊਣ ਵਾਲੀ ਔਰਤ ਜਿਸਨੇ ਵੱਖ-ਵੱਖ ਮੁਸ਼ਕਿਲਾਂ ਨਾਲ ਲੜਦੀ ਹੋਈ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਆਪਣੇ ਪੁੱਤ -ਪੋਤਿਆਂ-ਪੋਤੀਆਂ ਨੂੰ ਪੜ੍ਹਾ ਲਿਖਾ ਕੇ ਉਹਨਾਂ ਨੂੰ ਜ਼ਿੰਦਗੀ ਜਿਉਣ ਦੇ ਕਾਬਿਲ ਬਣਾਇਆ ਬਾਰੇ ਗੱਲ ਕਰਨ ਜਾ ਰਹੀ ਹਾਂ। ਮੇਰੀ ਆਪਣੀ ਸਵਰਗਵਾਸੀ ਦਾਦੀ ਮਹਿੰਦਰ ਕੌਰ ਜੀ ਦੀ ਜੋ ਕਿ ਇਸ ਦੁਨੀਆਂ ਵਿੱਚ ਨਹੀਂ ਹਨ। ਮੈਂ ਜਿੰਨਾ ਸਮਾਂ ਵੀ ਆਪਣੀ ਦਾਦੀ ਨਾਲ ਬਿਤਾਇਆ, ਮੈਂ ਉਹਨਾਂ ਨੂੰ ਦੁੱਖ ਦੇ ਵਿੱਚ ਹਮੇਸ਼ਾ ਹਿੰਮਤ ਨਾਲ ਲੜਦਿਆਂ ਹੋਇਆ ਵੇਖਿਆ। ਕਦੇ ਵੀ ਮੈਂ ਉਹਨਾਂ ਦੇ ਮੱਥੇ 'ਤੇ ਕੋਈ ਸ਼ਿਕਾਇਤ ਨਹੀਂ ਦੇਖੀ ਸੀ।ਹਮੇਸ਼ਾ ਇਹ ਕਹਿੰਦੇ ਸੁਣਿਆ ਸੀ ਵਾਹਿਗੁਰੂ ਦੇ ਘਰ ਦੇਰ ਹੈ ਅੰਧੇਰ ਨਹੀਂ। ਦਾਦੀ ਨੂੰ ਯਾਦ ਕਰਦਿਆਂ ਕਦੇ-ਕਦੇ ਮਨ ਭਰ ਆਉਂਦਾ ਹੈ ਅੱਜ ਜੋ ਮੈਂ ਕੁਝ ਵੀ ਲਿਖਿਆ ਹੁਣ ਤੱਕ ਮੇਰੇ ਆਰਟੀਕਲ, ਲੇਖ ਛਪ ਚੁੱਕੇ ਹਨ, ਉਹਨਾਂ ਵਿੱਚ ਜ਼ਿਆਦਾਤਰ ਝਲਕ ਮੇਰੀ ਦਾਦੀ ਮਾਂ ਦੀ ਦਿਖਾਈ ਦਿੰਦੀ ਹੈ ਕਿਉਂਕਿ ਜਦੋਂ ਤੋਂ ਮੈਨੂੰ ਲਿਖਣ ਦੀ ਚੇਟਕ ਲੱਗੀ ਹੈ। ਮੈਂ ਆਪਣੀ ਦਾਦੀ ਮਾਂ ਦੇ ਕੋਲੋਂ ਹੀ ਇਹ ਸਾਰੇ ਸ਼ਬਦ ਲਏ ਹਨ। ਜਦੋਂ ਵੀ ਮੈਂ ਕੁਝ ਲਿਖਣਾ ਹੁੰਦਾ ਪੰਜਾਬ ਬਾਰੇ, ਸੱਭਿਆਚਾਰ ਬਾਰੇ ਤਾਂ ਮੈਂ ਆਪਣੀ ਦਾਦੀ ਦੇ ਕੋਲ ਬੈਠ ਕੇ ਉਹਨਾਂ ਤੋਂ ਗੱਲਾਂ ਸੁਣੀ ਜਾਣੀਆਂ ਤੇ ਉਹਨਾਂ ਨੂੰ ਆਪਣੀ ਕਲਮ ਦੀ ਨੁੱਕਰੇ ਉਤਾਰੀ ਜਾਣਾ। ਔਰਤ ਦਿਵਸ 'ਤੇ ਸਾਰੀਆਂ ਹੀ ਔਰਤਾਂ ਜੋ ਕਿ ਨੌਕਰੀ ਕਰਦੀਆਂ ਹਨ ਜਾਂ ਕਿਸੇ ਵੀ ਖੇਤਰ ਵਿਚ ਅੱਗੇ ਹਨ ਉਹਨਾਂ ਬਾਰੇ ਹੀ ਦੱਸਿਆ ਜਾਂਦਾ ਘਰੇਲੂ ਔਰਤ ਦੀ ਸੰਘਰਸ਼ਮਈ ਜ਼ਿੰਦਗੀ ਬਾਰੇ ਬਹੁਤ ਘੱਟ ਲਿਖਿਆ ਜਾਂਦਾ ਹੈ। ਮੇਰੇ ਮਨ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਔਰਤ ਦਿਵਸ ਦੇ ਇਸ ਮੌਕੇ 'ਤੇ ਘਰੇਲੂ ਮਹਾਨ ਔਰਤ ਨੂੰ ਵੀ ਜਾਣੂ ਕਰਵਾਇਆ ਜਾਵੇ। ਮੈਂ ਗੱਲ ਕਰਦੀ ਹਾਂ ਆਪਣੀ ਦਾਦੀ ਮਾਂ ਦੀ। ਜਿੰਨਾਂ ਕੁ ਮੈਂ ਉਸ ਸਮੇਂ ਤੋਂ ਵੀ ਦਾਦੀ ਮਾਂ ਨੂੰ ਜਾਣਿਆ ਭਾਵ ਜਦੋਂ ਤੋਂ ਮੇਰੀ ਸੁਰਤ ਸੰਭਲੀ, ਇੱਕ ਬੱਚੇ ਨੂੰ ਅਹਿਸਾਸ ਹੁੰਦਾ ਹੈ ਗੱਲਾਂ ਸਮਝ ਆਉਣ ਲੱਗਦੀਆਂ ਹਨ। ਉਹ ਗੱਲਾਂ ਤੁਹਾਡੇ ਨਾਲ ਜਾਣੂ ਕਰਵਾ ਰਹੀ ਹਾਂ। ਦਾਦੀ ਮੈਨੂੰ ਦੱਸਿਆ ਕਰਦੀ ਸੀ ਕਿ ਤੇਰੀਆਂ ਦੋ ਭੂਆਂ, ਤੇਰੇ ਪਾਪਾ, ਤੇਰਾ ਤਾਇਆ ਬਿਲਕੁਲ ਛੋਟੇ -ਛੋਟੇ ਸਨ, ਜਦੋਂ ਤੇਰੇ ਦਾਦਾ ਜੀ ਦੀ ਮੌਤ ਹੋ ਗਈ ਸੀ। ਮੇਰੇ ਦਾਦਾ ਜੀ ਪੇਸ਼ੇ ਪੱਖੋਂ ਸਰਕਾਰੀ ਡਰਾਈਵਰ ਸਨ ਤੇ ਅਚਾਨਕ ਉਹਨਾਂ ਨਾਲ ਇਸ ਤਰਾਂ ਹਾਦਸਾ ਵਾਪਰ ਜਾਂਦਾ ਹੈ ਕਿ ਚਾਹ ਕੇ ਵੀ ਕੁਝ ਨਹੀਂ ਕਰ ਸਕੇ। ਦਾਦੀ ਨੇ ਦੱਸਿਆ ਕਿ ਦਾਦਾ ਜੀ ਦੀ ਮੌਤ ਦਾ ਕਾਰਨ ਬੱਸ ਦੀ ਪਟੀ ਟੁੱਟਣਾ ਸੀ। ਹਾਦਸੇ ਤੋਂ ਬਚਣ ਲਈ ਦਾਦਾ ਜੀ ਨੇ ਚੱਲਦੀ ਬੱਸ ਵਿੱਚੋਂ ਛਾਲ ਵੀ ਮਾਰੀ ਸੀ ਪਰ ਹੋਣੀ ਨੂੰ ਕੌਣ ਟਾਲ ਸਕਦਾ ਸੀ। ਰੱਬ ਦੀ ਮਰਜ਼ੀ ਅੱਗੇ ਤਾਂ ਕਿਸੇ ਦੀ ਨਹੀਂ ਚੱਲਦੀ। ਜਿੱਧਰ ਉਹਨਾਂ ਨੇ ਛਾਲ ਮਾਰੀ ਬੱਸ ਦਰੱਖਤ ਦੇ ਵਿੱਚ ਟਕਰਾ ਕੇ ਉਹਨਾਂ ਵਾਲੀ ਸਾਈਡ ਹੀ ਚਲੀ ਗਈ। ਮੰਦਭਾਗੀ ਘਟਨਾ ਘਟੀ ਬੱਸ ਦਾਦਾ ਜੀ ਦੇ ਪੂਰੇ ਸਰੀਰ ਉੱਪਰ ਦੀ ਲੰਘ ਕੇ ਹੀ ਰੁਕੀ। ਜਦੋਂ ਤੇਰੇ ਦਾਦਾ ਜੀ ਦੀ ਲਾਸ਼ ਘਰ ਆਈ ਤਾਂ ਇੱਕ ਗੱਠੜੀ ਬੰਨ ਕੇ ਹੀ ਆਈ ਸੀ। ਮੂੰਹ ਤੱਕ ਨਹੀਂ ਦੇਖਣ ਦਿੱਤਾ ਸੀ। ਇਹਨਾਂ ਕਹਿੰਦਿਆਂ ਹੀ ਦਾਦੀ ਜੀ ਦੀਆਂ ਅੱਖਾਂ ਵਿੱਚੋਂ ਪਾਣੀ ਵਹਿ ਤੁਰਿਆ। ਔਰਤ ਦੇ ਲਈ ਇਹ ਦੁੱਖ ਸਹਿਣਾ ਕਰਨਾ ਬਹੁਤ ਔਖਾ ਏ ਜੀਹਦੇ ਚਾਰੇ ਬੱਚੇ ਛੋਟੇ -ਛੋਟੇ ਹੋਣ। ਦਾਦਾ ਜੀ ਦੀ ਉਮਰ ਵੀ ਕੋਈ ਜਿਆਦਾ ਨਹੀਂ ਸੀ 30 -31 ਸਾਲ ਦੀ ਉਮਰ ਸੀ। ਦਾਦੀ ਵੀ ਉਸ ਸਮੇਂ 32-33 ਵਰ੍ਹਿਆਂ ਦੇ ਸਨ ।ਔਰਤ ਦੇ ਸਿਰ 'ਤੇ ਏਨੀ ਵੱਡੀ ਜ਼ਿੰਮੇਵਾਰੀ ਦਾ ਹੋਣਾ ਇੱਕ ਔਰਤ ਦੇ ਸਿਰ ਤੇ ਪਤੀ ਨਾ ਹੋਣਾ ਤੇ ਬੱਚਿਆਂ ਦਾ ਪਾਲਣ



ਪੋਸ਼ਣ ਕਰਨਾ ਪੜ੍ਹਾਉਣਾ ਲਿਖਾਉਣਾ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਸਮਾਂ ਲੰਘਿਆ ਦਾਦੀ ਨੇ ਦੱਸਿਆ ਕਿ ਤੇਰੇ ਪਾਪਾ ਨੂੰ ਨਾਨਕੇ ਘਰ ਭੇਜਿਆ ਜਿੱਥੇ ਉਹ ਮੱਝਾਂ ਚੁਰਾਉਂਦੇ ਸਨ। ਉਸ ਸਮੇਂ ਉਹਨਾਂ ਦੀ ਉਮਰ 12-13 ਕੁ ਸਾਲਾਂ ਦੀ ਸੀ। ਤੇ ਉਸ ਸਮੇਂ ਘਰ ਦੇ ਹਾਲਾਤ ਬਹੁਤ ਮਾੜੇ ਸੀ। ਇੱਕ ਔਰਤ ਲਈ ਪਰਿਵਾਰ ਨੂੰ ਪਾਲਣਾ ਕਿੰਨਾ ਔਖਾ ਹੁੰਦਾ ਹੈ। ਦਾਦੀ ਜੀ ਨੇ ਤਾਇਆ ਜੀ ਨੂੰ ਪੜ੍ਹਾ ਕੇ ਬਿਜਲੀ ਬੋਰਡ ਵਿੱਚ ਭਰਤੀ ਕਰਵਾ ਦਿੱਤਾ ਸੀ। ਮੇਰੇ ਪਾਪਾ ਅਨਪੜ੍ਹ ਹੀ ਸਨ ਜਦੋਂ ਪਾਪਾ ਬਾਲਗ ਹੋਏ ਤਾਂ ਬਾਪੂ ਦੀ ਥਾਂ ਨੌਕਰੀ ਲਈ ਟ੍ਰੇਨਿੰਗ ਭੇਜਿਆ ਗਿਆ। ਤਾਇਆ ਜੀ ਨੂੰ ਵੀ ਕਿਤੇ ਲਾਮੀ ਪਿੰਡ ਭੇਜ ਦਿੱਤਾ ਗਿਆ ਤੇ ਘਰ ਵਿੱਚ ਸਿਰਫ ਦੋ ਮੈਂਬਰ ਭੂਆ 'ਤੇ ਦਾਦੀ ਹੀ ਸਨ। ਅਕਸਰ ਹੀ ਸੁਣਿਆ ਦੇਖਿਆਂ ਕਿ ਪਹਿਲਾਂ ਵੀ ਘਰਾਂ ਦੇ ਵਿੱਚ ਜਮੀਨਾਂ ਨੂੰ ਲੈ ਕੇ ਝਗੜੇ ਹੁੰਦੇ ਸਨ ਜਿਸ ਤਰ੍ਹਾਂ ਹੁਣ ਵੀ ਹੁੰਦੇ ਹਨ। ਬਾਕੀ ਗੱਲ ਇਹ ਵੀ ਸੀ ਕਿ ਦਾਦੀ ਜੀ ਦੀ ਸੱਸ ਬੜੇ ਅਜ਼ਬ ਸੁਭਾਅ ਦੀ ਸੀ।ਦਾਦੀ ਨੇ ਉਹਨਾਂ ਦੀਆਂ ਵਧੀਕੀਆਂ ਝੱਲੀਆ 'ਤੇ ਤੇ ਅੰਤ ਵਿੱਚ ਉਹਨਾਂ ਨੂੰ ਦਾਦੀ ਨੇ ਹੀ ਹੀ ਸੰਭਾਲਿਆ। ਦਾਦੀ ਨੇ ਜੋ ਵੀ ਜ਼ਮੀਨ ਹਾਸਿਲ ਕੀਤੀ ਇਕੱਲੀ ਨੇ ਕਚਹਿਰੀ ਝਗੜ ਕੇ ਕੇਸ ਜਿੱਤ ਕੇ ਜ਼ਮੀਨ ਹਾਸਿਲ ਕੀਤੀ। ਦਾਦੀ ਨੇ ਪੈਦਲ ਤੁਰ ਕੇ ਖੇਤ ਜਾਣਾ, ਰਾਤਾਂ ਨੂੰ ਨੱਕੇ ਮੋੜਨੇ ਪਾਣੀ ਵੱਢਣਾ। ਇੱਕ ਔਰਤ ਲਈ ਖੇਤੀ ਕਰਨੀ ਬਹੁਤ ਵੱਡੀ ਗੱਲ ਹੈ ਭੂਆ ਹੁਣੀਆਂ ਵੀ ਖੇਤ ਜਾਂਦੀਆਂ ਰਾਤਾਂ ਤੱਕ ਨੱਕੇ ਮੋੜਦੀਆਂ। ਦਾਦੀ ਨੇ ਦੱਸਿਆ ਕਿ ਮੈਨੂੰ ਖੇਤ ਜ਼ਮੀਨ ਵਾਹੁਣ ਤੋਂ ਰੋਕਿਆਂ ਜਾਂਦਾ ਸੀ ਡਰਾਇਆ ਧਮਕਾਇਆ ਤੰਗ ਕੀਤਾ ਜਾਂਦਾ ਸੀ। ਪਰ ਦਾਦੀ ਨੇ ਹਾਰ ਨਹੀਂ ਮੰਨੀ ਸੀ। ਦਾਦੀ ਨੂੰ ਵਸਣ ਨਹੀਂ ਦਿੱਤਾ ਗਿਆ ਸੀ। ਪਰ ਦਾਦੀ ਦੀ ਇਨੀ ਵੱਡੀ ਦਲੇਰੀ ਸੀ ਕਿ ਉਹ ਕਹਿੰਦੀ ਹੁੰਦੀ ਸੀ ਆਜੋ ਜੋ ਆਉਂਦਾ ਚਹਿਲਾਂ ਦੀ ਧੀ ਹਾਂ। ਹਿੰਮਤ ਵਾਲੀ ਔਰਤ ਸੀ ਦਾਦੀ ਅੱਗੇ ਕੋਈ ਖੰਘਦਾ ਵੀ ਨਹੀਂ ਸੀ। ਮਰਦ ਦਾ ਛਾਇਆ ਸਿਰ ਉੱਪਰ ਨਾ ਹੋਣਾ ਇੱਕ ਘਰ ਦੇ ਵਿੱਚ ਔਰਤ ਲਈ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਫਿਰ ਸ਼ਰੀਕ ਵੀ ਜਿਊਂਣ ਨਹੀਂ ਦਿੰਦੇ ਸਨ। ਦਾਦੀ ਨੇ ਦੱਸਿਆ ਕਿ ਕਿਵੇਂ ਮੇਰੇ ਪੈਰ ਨਹੀ ਲੱਗਣ ਦਿੰਦੇ ਸੀ ਹਿੱਕ ਦੇ ਜ਼ੋਰ ਨਾਲ ਰਹੀ ਸੀ। ਦਾਦੀ ਅੱਗੇ ਏਨੇ ਵੱਡੇ ਕੰਮ ਕਰਨ ਵਾਲੇ ਪਏ ਸਨ ਕੁੜੀਆਂ ਵੀ ਸਹੁਰੇ ਘਰ ਤੋਰਨੀਆਂ ਸਨ। ਜੋ ਜ਼ਿੰਦਗੀ ਦਾਦੀ ਨੇ ਹੰਢਾਈ ਉਹ ਮਰਦੇ ਦਮ ਯਾਦ ਕਰਦੀ ਰਹੀ। ਦਾਦੀ ਕਹਿੰਦੀ ਹੁੰਦੀ ਸੀ ਤੇਰਾ ਦਾਦਾ ਰੋਟੀ ਜੋਗੀ ਕਰ ਗਿਆ। ਇਹ ਸਭ ਗੱਲਾਂ ਦਾਦੀ ਦੇ ਮੂੰਹੋਂ ਸੁਣੀਆ ਸਨ, ਸਮਝੀਆਂ ਸਨ ਤੇ ਦਾਦੀ ਦੀ ਅੰਦਰਲੀ ਪੀੜਾ ਮੈਂ ਬਿਲਕੁਲ ਕੋਲ ਤੋਂ ਮਹਿਸੂਸ ਕੀਤੀ ਹੈ। ਕਿ ਅੱਲੜੇ ਵਰੇਸ ਉਮਰ ਵਿੱਚ ਵਿਧਵਾ ਦਾ ਸੰਤਾਪ ਹੰਢਾਉਣਾ ਕਿੰਨਾ ਔਖਾ ਏ। ਦਾਦੀ ਜਦੋਂ ਵੀ ਕਦੇ ਦੁੱਖ ਤਕਲੀਫ ਵਿੱਚ ਹੁੰਦੀ ਸੀ ਮੈਂ ਹਮੇਸ਼ਾ ਹੀ ਉਨ੍ਹਾਂ ਨੂੰ ਹੱਥ ਵਿੱਚ ਮਾਲਾ ਫੜ ਕੇ ਵਾਹਿਗੁਰੂ ਦੇ ਨਾਮ ਦਾ ਜਾਪ ਕਰਦੇ ਦੇਖਿਆ। ਕਦੇ ਵੀ ਰੱਬ ਨੂੰ ਸ਼ਿਕਾਇਤ ਨਹੀਂ ਕਰਦੇ ਸੀ। ਕਦੇ ਮਾੜਾ ਵੀ ਨਹੀਂ ਬੋਲਦੇ ਸਨ। ਉਹਨਾਂ ਨੇ ਹਮੇਸ਼ਾ ਇੱਕੋ ਗੱਲ ਕਹਿਣੀ ਬਸ ਪਰਮਾਤਮਾ ਚੰਗਾ ਹੀ ਕਰੂਗਾ।ਅੱਜ ਵੀ ਦਾਦੀ ਨੂੰ ਯਾਦ ਕਰਕੇ ਅੱਖਾਂ ਭਰ ਆਉਂਦੀਆਂ ਹਨ ਕਿਉਂਕਿ ਦਾਦੀ ਮਾਂ ਨੇ ਜੋ ਦੁੱਖ ਸੰਤਾਪ ਹੰਢਾਇਆ ਉਹਨਾਂ ਤੋਂ ਮੈਂ ਕੰਨੀ ਸੁਣਿਆ। ਮੈਂ ਜਦੋਂ ਦਾਦੀ ਕੋਲ ਬੈਠ ਜਾਣਾ ਉਹਨਾਂ ਨੂੰ ਕਹਿ ਦੇਣਾ ਦਾਦੀ ਪੁਰਾਣੀਆਂ ਗੱਲਾਂ ਸੁਣਾਓ, ਪੁਰਾਣਾ ਪੰਜਾਬ ਕਿਹੋ ਜਿਹਾ ਹੁੰਦਾ ਸੀ, ਸੰਨ 47 ਵਿੱਚ ਕੀ ਹੋਇਆ ਸੀ ? ਦਾਦੀ ਨੇ ਮੇਰੇ ਮੂਹਰੇ ਹੱਥ ਜੋੜਨੇ ਪੁੱਤ ਕੁੱਝ ਨਾ ਪੁੱਛ ਚੁੱਪ ਕਰ ਇਹ ਕਹਿ ਕੇ ਰੋਣ ਲੱਗ ਜਾਂਦੇ ਸਨ। ਦਾਦੀ ਫਿਰ ਰੋਂਦੇ ਰੋਂਦੇ ਦੱਸਦੇ ਹੁੰਦੇ ਸੀ ਆਪਣੇ ਆਪ ਨੂੰ ਬਚਾਉਣ ਦੇ ਲਈ ਕਿਸ ਤਰ੍ਹਾਂ ਔਰਤਾਂ ਨੇ ਖੂਹਾਂ , ਨਹਿਰਾਂ ਵਿੱਚ ਛਾਲਾਂ ਮਾਰੀਆਂ ਸਨ। ਕਿਸ ਤਰ੍ਹਾਂ ਦਰਿੰਦੇ ਲੋਕ ਔਰਤਾਂ ਨੂੰ ਘਰੋਂ ਚੁੱਕ ਕੇ ਲੈ ਜਾਂਦੇ ਸੀ । ਜੇ ਦਾਦੀ ਹੁਣ ਹੁੰਦੇ ਤਾਂ ਸ਼ਾਇਦ ਹੋਰ ਗੱਲਾਂ ਵੀ ਮੈਂ ਉਹਨਾਂ ਦੀ ਜ਼ਿੰਦਗੀ ਬਾਰੇ ਜਾਣ ਪਾਉਂਦੀ। ਦਾਦੀ ਦੀ ਦਲੇਰੀ ਲਈ ਮੇਰੇ ਕੋਲ ਸ਼ਬਦ ਬਹੁਤ ਥੋੜ੍ਹੇ ਹਨ। ਉਹਨਾਂ ਨੇ ਕਿਸ ਤਰ੍ਹਾਂ ਕਚਹਿਰੀਆਂ ਵਿੱਚ ਜਾ-ਜਾ ਕੇ ਆਪਣੇ ਧੀਆਂ ਪੁੱਤਰਾਂ ਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ ਤੇ ਅੱਗੇ ਉਹਦੇ ਪੋਤੇ ਪੋਤੀਆਂ ਨੂੰ ਨੌਕਰੀ ਦੇ ਯੋਗ ਬਣਾਇਆ। ਜੇ ਦਾਦੀ ਉਸ ਸਮੇਂ ਹਾਰ ਜਾਂਦੇ ਸਾਇਦ ਸਾਡੀ ਸਾਰਿਆਂ ਦੀ ਜ਼ਿੰਦਗੀ ਕੁੱਝ ਹੋਰ ਹੀ ਹੋਣੀ ਸੀ। ਮੈਂ ਅੱਜ ਜੋ ਵੀ ਹਾਂ ਤੁਹਾਡੇ ਸਾਹਮਣੇ ਹਾਂ ਉਹਨਾਂ ਦੀ ਬਦੌਲਤ ਹੀ ਹਾਂ।

ਅੱਜ ਵੀ ਦਾਦੀ ਦਾ ਨਾਂ ਮਹਿੰਦਰ ਕੌਰ ਸਦਾ ਚਮਕਦਾ ਰਹੇਗਾ। ਦਾਦੀ ਸਾਡੇ ਚੇਤਿਆਂ ਵਿੱਚ ਹਮੇਸ਼ਾ ਜਿਉਂਦੀ ਰਹੇਗੀ। ਮੇਰੀ ਜ਼ਿੰਦਗੀ ਦਾ ਸਭ ਤੋਂ ਪ੍ਰੇਰਨਾ ਸਰੋਤ ਸੋਮਾ ਮੇਰੇ ਦਾਦੀ ਮਾਂ ਜਿੰਨਾਂ ਨੇ ਇਕੱਲਿਆਂ ਵਿਚਰਨਾ ਸਿਖਾਇਆ, ਕਿਸ ਤਰ੍ਹਾਂ ਜ਼ਿੰਦਗੀ ਜਿਉਣੀ ਹੈ, ਕਿਸ ਤਰ੍ਹਾਂ ਦੂਜਿਆਂ ਦਾ ਭਲਾ ਕਰਨਾ ਹੈ, ਕਿਸ ਤਰ੍ਹਾਂ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਹੈ, ਮੁਸੀਬਤਾਂ ਨਾਲ ਕਿਸ ਤਰ੍ਹਾਂ ਲੜਨਾ ਹੈ ਇਹ ਸਭ ਕੁਝ ਮੇਰੀ ਦਾਦੀ ਮਾਂ ਦੀ ਦਿੱਤੀ ਹੋਈ ਦੇਣ ਹੈ। ਅੱਜ ਔਰਤ ਦਿਵਸ 'ਤੇ ਮੈਂ ਆਪਣੀ ਦਾਦੀ ਮਾਂ ਨੂੰ ਸਲਾਮ ਕਰਦੀ ਹਾਂ। ਮੈਨੂੰ ਹਮੇਸ਼ਾ ਮਾਣ ਰਹੇਗਾ ਮੈਨੂੰ ਅਜਿਹੀ ਦਲੇਰ ਔਰਤ ਦੀ ਪੋਤੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਕਾਸ਼ ! ਦਾਦੀ ਅੱਜ ਹੁੰਦੀ ਤੇ ਮੇਰੇ 'ਚ ਹੋਰ ਦਲੇਰੀ ਭਰਦੀ ਮੈਨੂੰ ਹੋਰ ਬਹੁਤ ਕੁਝ ਸਿੱਖਣ ਨੂੰ ਮਿਲਦਾ ਜੋ ਕਿ ਮੇਰੀ ਪ੍ਰੇਰਨਾ ਦਾ ਸਰੋਤ ਬਣਦਾ। ਮੈਂ ਸਭ ਨੂੰ ਇਹੀ ਕਹਿਣਾ ਚਾਹੁੰਦੀ ਹਾਂ ਕਿ ਦਾਦੀ ਦਾਦਾ ਜਿੰਨਾਂ ਦੇ ਘਰ ਵਿੱਚ ਵੱਡੇ ਬਜ਼ੁਰਗ ਹਨ, ਇਹ ਆਪਣੇ ਲਈ ਅਨਮੁੱਲਾ ਖਜ਼ਾਨਾ ਹਨ। ਆਪਣੇ ਬੱਚਿਆਂ ਨੂੰ ਦਾਦਾ ਦਾਦੀ ਕੋਲ ਬੈਠਣ ਦਾ ਸਮਾਂ ਜ਼ਰੂਰ ਦੇਵੋ। ਜੋ ਦਾਦਾ ਦਾਦੀ ਗੱਲਾਂ ਸਿਖਾ ਸਕਦੇ ਹਨ ਬੱਚਿਆਂ ਨੂੰ ਨੈਤਿਕ ਗੁਣ ਦੇ ਸਕਦੇ ਹਨ, ਉਹ ਮੋਬਾਈਲ ਟੀਵੀ ਨਹੀਂ ਦੇ ਸਕਦੇ।

ਮੈਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਦਾਦਾ ਦਾਦੀ ਦਾ ਪਿਆਰ ਕਿਸਮਤ ਵਾਲਿਆਂ ਨੂੰ ਮਿਲਦਾ ਹੈ। ਦਾਦਾ ਦਾਦੀ ਅਤੇ ਮਾਤਾ ਪਿਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ। ਇਸ ਤੋਂ ਵੱਡਾ ਤੇ ਕੀਮਤੀ ਖਜ਼ਾਨਾ ਤੁਹਾਡੇ ਕੋਲ ਕੋਈ ਹੋਰ ਨਹੀਂ ਹੋ ਸਕਦਾ। ਸੱਚ ਜਾਣਿਓ ਜੇ ਇਹ ਕੀਮਤੀ ਖਜ਼ਾਨਾ ਤੁਹਾਡੇ ਹੱਥੋਂ ਖੁੰਝ ਗਿਆ ਤਾਂ ਪਛਤਾਵੇ ਤੋਂ ਬਿਨਾਂ ਤੁਹਾਡੇ ਪੱਲੇ ਕੁੱਝ ਨਹੀਂ ਰਹੇਗਾ।

**ਬਰਸੀ 'ਤੇ ਵਿਸ਼ੇਸ਼**

# ਛੇਵੇਂ ਪਾਤਸ਼ਾਹ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ

ਰਮੇਸ਼ ਬੱਗਾ ਚੋਹਲਾ
ਮੋਬ : 9463132719



ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਿੱਥੇ ਗੁਰੂ ਸਾਹਿਬਾਨ ਨੇ ਅਣਥੱਕ ਅਤੇ ਸਾਰਥਿਕ ਜਤਨ ਕੀਤੇ ਹਨ, ਉੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਵੀ ਬਣਦਾ-ਸਰਦਾ ਅਤੇ ਬੇਸ਼ਕੀਮਤੀ ਯੋਗਦਾਨ ਪਾਇਆ ਗਿਆ ਹੈ। ਇਸ ਯੋਗਦਾਨ ਸਦਕਾ ਹੀ ਸਿੱਖ ਧਰਮ ਸਦਾ ਚੜ੍ਹਦੀਕਲਾ ਵਿਚ ਰਿਹਾ ਹੈ। ਇਨ੍ਹਾਂ ਯੋਗਦਾਨੀਆਂ ਵਿਚ ਗੁਰੂ ਸਾਹਿਬਾਨ ਦੇ ਪੁੱਤਰ-ਪੁੱਤਰੀਆਂ, ਭੈਣਾਂ-ਭਰਾਵਾਂ, ਮਾਤਾਵਾਂ ਤੇ ਹੋਰ ਨਿਕਟਵਰਤੀਆਂ ਦੀ ਅਹਿਮ ਭੂਮਿਕਾ ਰਹੀ ਹੈ। ਇਸ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਹੀ ਸ਼ਾਮਿਲ ਹੈ ਮੀਰੀ-ਪੀਰੀ ਦੇ ਮਾਲਿਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ ਦਾ ਨਾਮ। ਦੀਨ ਦੁਨੀ ਦਾ ਟਿੱਕਾ ਕਰਕੇ ਜਾਣੇ ਜਾਂਦੇ ਧੰਨ ਧੰਨ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ 15 ਸੰਮਤ 1670 (ਮੁਤਾਬਿਕ 15 ਨਵੰਬਰ 1613 ਈਸਵੀ) ਨੂੰ ਮਾਤਾ ਦਮੋਦਰੀ ਜੀ ਦੀ ਕੁੱਖੋਂ ਪਿੰਡ ਡਰੋਲੀ ਭਾਈ ਜ਼ਿਲ੍ਹਾ ਮੋਗਾ ਵਿਖੇ ਹੋਇਆ।ਤਨੋਂ-ਮਨੋਂ ਸਿੱਖੀ ਸੋਚ ਨਾਲ ਜੁੜੇ ਬਾਬਾ ਗੁਰਦਿੱਤਾ ਜੀ ਦੇ ਪੜਦਾਦਾ ਸ੍ਰੀ ਗੁਰੂ ਰਮਦਾਸ ਜੀ, ਦਾਦਾ ਗੁਰੂ ਅਰਜਨ ਦੇਵ ਜੀ, ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ, ਛੋਟੇ ਭਰਾਤਾ ਸ੍ਰੀ ਗੁਰੂ ਤੇਗ ਬਹਾਦਰ ਜੀ। ਪੁੱਤਰ ਗੁਰੂ ਹਰਿ ਰਾਏ ਜੀ,ਪੋਤਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤੇ ਭਤੀਜਾ ਗੁਰੂ ਗੋਬਿੰਦ ਸਿੰਘ ਜੀ ਆਪੋ ਆਪਣੇ ਸਮੇਂ ਸਿੱਖ ਸੰਗਤ ਦੀ (ਗੁਰੂ ਰੂਪ ਹੋ ਕੇ) ਸੁਚੱਜੀ ਅਗਵਾਈ ਕਰਦੇ ਹਨ। ਇਹ ਅਗਵਾਈ ਮਨੁੱਖੀ ਜਨਮ ਨੂੰ ਲਾਹੇਵੰਦ ਬਣਾਉਣ ਵਿਚ ਬੜੀ ਕਾਰਗਰ ਸਾਬਤ ਹੋਈ ਹੈ। ਬਾਬਾ ਗੁਰਦਿੱਤਾ ਜੀ ਨੇ ਧਾਰਮਿਕ ਅਤੇ ਸ਼ਸਤਰ ਵਿਦਿਆ ਗੁਰੂ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਕੋਲੋਂ ਹਾਸਲ ਕੀਤੀ ਜਿਸ ਦੀ ਬਾਦੌਲਤ ਉਹ ਗੁਰੂ ਘਰ ਨਾਲ ਸਬੰਧੰਤ ਧਾਰਮਿਕ ਅਤੇ ਰਾਜਨੀਤਕ ਮਸਲੇ ਨਜਿੱਠਦੇ ਰਹੇ ਹਨ।

ਸਿੱਖ ਧਰਮ ਵਿਚ ਵਿਆਹੁਤਾ ਜੀਵਨ ਦੀ ਆਰੰਭਤਾ ਨੂੰ ਆਨੰਦ-ਕਾਰਜ ਦਾ ਨਾਮ ਦਿੱਤਾ ਗਿਆ ਹੈ ਭਾਵ ਖ਼ੁਸ਼ੀ ਦਾ ਉਹ ਕਾਰਜ ਜਿਹੜਾ ਸੰਸਾਰਿਕ ਅਤੇ ਪਰਿਵਾਰਕ ਸਾਂਝ ਲਈ ਜ਼ਰੂਰੀ ਹੁੰਦਾ ਹੈ। ਇਸ ਜ਼ਰੂਰਤ ਨੂੰ ਮੁੱਖ ਰੱਖਦਿਆਂ ਹੋਇਆਂ ਬਾਬਾ ਗੁਰਦਿੱਤਾ ਜੀ ਆਨੰਦ ਕਾਰਜ (ਵਿਆਹ) 29 ਵੈਸਾਖ ਸੰਮਤ 1681 (1624 ਈ.) ਨੂੰ ਗੁਰਦਾਸਪੁਰ ਜਿਲ੍ਹੇ ਦੇ ਪ੍ਰਸਿੱਧ ਸ਼ਹਿਰ ਬਟਾਲਾ ਦੇ ਰਹਿਣ ਵਾਲੇ ਭਾਈ ਰਾਮਾ ਮੱਲ ਦੀ ਜੀ ਦੇ ਬੇਟੀ ਅਨੰਤੀ (ਨਿਹਾਲ ਕੌਰ) ਨਾਲ ਹੋਣਾ ਨਿਯਤ ਹੋਇਆ। ਵਿਆਹ ਵਾਲੇ ਦਿਨ ਬਾਬਾ ਜੀ ਦੀ ਬਰਾਤ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਛੇਵੇਂ ਪਾਤਸ਼ਾਹ ਤੋਂ ਇਲਾਵਾ ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ,ਭਾਈ ਦਾਤੂ ਜੀ, (ਗੁਰੂ) ਤੇਗ ਬਹਾਦਰ ਜੀ,ਭਾਈ ਮੋਹਰੀ ਜੀ, ਭਾਈ ਕਿਸ਼ਨ ਚੰਦ ਜੀ, ਭਾਈ ਸਾਂਈ ਦਾਸ ਜੀ ਅਤੇ ਭੈਣ ਬੀਬੀ ਵੀਰੋ ਜੀ ਦੇ ਨਾਮ ਪ੍ਰਮੁੱਖ ਹਨ। ਭਾਈ ਰਾਮਾ ਜੀ ਦੇ ਪਰਿਵਾਰ ਵੱਲੋਂ ਗੁਰੂ ਕੇ



ਬਰਾਤੀਆਂ ਦਾ ਰੱਜਵਾਂ ਸਤਿਕਾਰ ਕੀਤਾ ਗਿਆ। ਬਾਬਾ ਜੀ ਦੇ ਗ੍ਰਹਿ ਵਿਖੇ ਦੋ ਪੁੱਤਰ ਹਰਿ ਰਾਇ (ਗੁਰੂ) ਅਤੇ ਧੀਰ ਮੱਲ ਪੈਦਾ ਹੋਏ। ਇਸ ਯਾਦ ਨੂੰ ਸਦੀਵੀ ਬਣਾਉਣ ਲਈ ਬਟਾਲਾ ਸ਼ਹਿਰ ਦੇ ਇਸ ਸਥਾਨ ਉਪਰ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਸੁਸ਼ੋਭਿਤ ਹੈ। ਬਾਬਾ ਗੁਰਦਿੱਤਾ ਜੀ ਦੇ ਜੀਵਨ ਨਾਲ ਸਬੰਧਤ ਇੱਕ ਸਾਖ਼ੀ ਆਉਂਦੀ ਹੈ ਜਿਸ ਦਾ ਮਨੋਰਥ ਸਿੱਖੀ ਦੇ ਉਸ ਸਿਧਾਂਤ ਨੂੰ ਦ੍ਰਿੜ ਕਰਾਉਣਾ ਹੈ ਜਿਸ ਦੇ ਅਨੁਸਾਰ ਸਿੱਖ ਨੇ 'ਰੱਬੀ ਰਜ਼ਾ' ਵਿਚ ਰਹਿਣਾ ਹੁੰਦਾ ਹੈ।

ਸਾਖ਼ੀ ਮੁਤਬਿਕ ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਬਾਬਾ ਗੁਰਦਿੱਤਾ ਜੀ ਵੱਲੋਂ ਚਲਾਇਆ ਇੱਕ ਤੀਰ ਹਿਰਨੀ ਦੀ ਥਾਂ ਤੇ ਨੇੜੇ ਚਰਦੀ ਗਾਂ ਦੇ ਜਾ ਲੱਗਾ ਅਤੇ ਉਹ ਮਰ ਗਈ। ਗਾਂ ਦੀ ਮੌਤ 'ਤੇ ਗ਼ਵਾਲੇ ਵੱਲੋਂ ਬਹੁਤ ਵਿਰਲਾਪ ਕੀਤਾ ਗਿਆ। ਉਸ ਦੇ ਵਿਰਲਾਪ ਨੂੰ ਦੇਖ ਕੇ ਬਾਬਾ ਜੀ ਗਾਂ ਨੂੰ ਮੁੜ ਜੀਵਨ ਬਖ਼ਸ਼ ਦਿੱਤਾ। ਇਸ ਕਰਾਮਾਤ ਨਾਲ ਗ਼ਵਾਲਾ ਤਾਂ ਖ਼ੁਸ਼ ਹੋ ਗਿਆ ਪਰ ਗੁਰੂ ਪਿਤਾ ਜੀ ਸਖਤ ਨਾਰਾਜ਼ ਹੋ ਗਏ। ਗੁਰੂ ਜੀ ਨੇ ਕਰਾਮਾਤ ਨੂੰ ਕਹਿਰ ਦਾ ਨਾਮ ਦਿੰਦਿਆਂ ਬਾਬਾ ਗੁਰਦਿੱਤਾ ਜੀ ਨੂੰ ਗਾਂ ਦੇ ਬਦਲੇ ਆਪਣਾ ਸਰੀਰ ਤਿਆਗਣ ਦਾ ਹੁਕਮ ਦੇ ਦਿੱਤਾ। ਇਸ ਹੁਕਮ ਨੂੰ ਪ੍ਰਵਾਨ ਕਰਕੇ ਬਾਬਾ ਜੀ ਸ੍ਰੀ ਕੀਰਤਪੁਰ ਸਾਹਿਬ ਆ ਗਏ ਅਤੇ ਚੇਤ ਸੁਦੀ 10 ਸੰਮਤ 1695 (15 ਮਾਰਚ 1638 ਈ.) ਨੂੰ ਸਰੀਰਕ ਚੋਲਾ ਤਿਆਗ ਗਏ

ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਇਹ ਖ਼ਬਰ ਮਿਲੀ ਤਾਂ ਉਹ ਸੰਗਤ ਸਮੇਤ ਸ੍ਰੀ ਕੀਰਤਪੁਰ ਸਾਹਿਬ ਆਏ ਅਤੇ ਬਾਬਾ ਜੀ ਦੀ ਦੇਹ ਦਾ ਅੰਤਿਮ ਸਸਕਾਰ ਕੀਤਾ। ਇਸ ਸਮੇਂ ਗੁਰੂ ਸਾਹਿਬ ਨੇ ਬਚਨ ਕੀਤਾ:- 'ਧੰਨ ਧੰਨ ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ।'

ਬਾਬਾ ਗੁਰਦਿੱਤਾ ਜੀ ਦੀ ਯਾਦ ਵਿਚ ਹਰ ਸਾਲ ਚੇਤ ਮਹੀਨੇ ਦੀ ਦਸਵੀਂ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਖੇ ਭਾਰੀ ਜੋੜ-ਮੇਲਾ ਮਨਾਇਆ ਜਾਂਦਾ ਹੈ।ਇਸ ਦਿਨ ਦੇਸ਼-ਵਿਦੇਸ਼ ਦੀ ਸੰਗਤ ਇਥੇ ਨਤਮਸਤਕ ਹੋਣ ਲਈ ਆਉਂਦੀ ਹੈ ਅਤੇ ਗੁਰੂ-ਘਰ ਦੀ ਰੌਣਕ ਨੂੰ ਵਧਾਉਂਦੀ ਹੈ।


# ਬਾਬਾ ਗੁਰਦਿੱਤਾ ਜੀ ਦੀ ਯਾਦ ਨੂੰ ਸਮਪਪਿਤ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਬਟਾਲਾ

ਰਮੇਸ਼ ਬੱਗਾ ਚੋਹਲਾ
ਮੋਬ : 9463132719



ਮੀਰੀ-ਪੀਰੀ ਦੇ ਮਾਲਿਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਅਨੰਤੀ (ਸੁਪਤਨੀ ਬਾਬਾ ਗੁਰਦਿੱਤਾ ) ਜੀ ਦੇ ਵਿਆਹ ਦੀ ਯਾਦ ਨਾਲ ਜੁੜਿਆ ਗੁਰਦੁਆਰਾ ਸਤਿਕਰਤਾਰੀਆ ਸਾਹਿਬ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਸਿੱਧ ਸ਼ਹਿਰ ਬਟਾਲਾ ਵਿਖੇ ਸਥਿਤ ਹੈ। ਇਸ ਸ਼ਹਿਰ ਦਾ ਸਿੱਖੀ ਨਾਲ ਬੜਾ ਗੂੜ੍ਹਾ ਨਾਤਾ ਹੈ ਕਿਉਂਕਿ ਜਗਤ ਗੁਰੂ ਬਾਬਾ ਨਾਨਕ ਵੀ ਇਸ ਸ਼ਹਿਰ ਵਿਚ ਹੀ ਬਰਾਤ ਲੈ ਕੇ ਆਇਆ ਸੀ। ਦੂਸਰੀ ਵਾਰ ਬਾਬਾ ਗੁਰਦਿੱਤਾ ਜੀ ਇਸੇ ਹੀ ਸ਼ਹਿਰ ਵਿਚ ਗੁਰਮੁੱਖ ਬਰਾਤੀਆਂ ਨਾਲ ਲਾੜੇ ਬਣ ਕੇ ਆਏ ਸਨ। ਬਟਾਲੇ ਸ਼ਹਿਰ ਦੇ ਜਿਸ ਪਵਿੱਤਰ ਸਥਾਨ 'ਤੇ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਦਾ ਭਰਪੂਰ ਸਵਾਗਤ ਕੀਤਾ ਗਿਆ ਸੀ, ਉਸ ਸਥਾਨ 'ਤੇ ਹੀ ਗੁਰਦੁਆਰਾ ਸਤਿਕਰਤਾਰੀਆ ਸਹਿਬ ਤਮੀਰ ਕੀਤਾ ਗਿਆ ਹੈ। ਇਹ ਗੁਰਦੁਆਰਾ ਸਾਹਿਬ ਮਾਝੇ ਦੇ ਗੁਰਧਾਮਾਂ ਵਿਚ ਆਪਣਾ ਖ਼ਾਸ ਮੁਕਾਮ ਰੱਖਦਾ ਹੈ

ਦੀਨ ਦੁਨੀ ਦਾ ਟਿੱਕਾ ਕਰਕੇ ਜਾਣੇ ਜਾਂਦੇ ਧੰਨ ਧੰਨ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ 15 ਸੰਮਤ 1670 (1613 ਈਸਵੀ) ਨੂੰ ਮਾਤਾ ਦਮੋਦਰੀ ਜੀ ਦੀ ਕੁੱਖੋਂ ਪਿੰਡ



ਡਰੋਲੀ ਭਾਈ ਜ਼ਿਲ੍ਹਾ ਮੋਗਾ ਵਿਖੇ ਹੋਇਆ। ਤਨੋਂ-ਮਨੋਂ ਸਿੱਖੀ ਸੋਚ ਨਾਲ ਜੁੜੇ ਬਾਬਾ ਗੁਰਦਿੱਤਾ ਜੀ ਦੇ ਪੜਦਾਦਾ ਸ੍ਰੀ ਗੁਰੂ ਰਮਦਾਸ ਜੀ, ਦਾਦਾ ਗੁਰੂ ਅਰਜਨ ਦੇਵ ਜੀ, ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ, ਛੋਟੇ ਭਰਾਤਾ ਸ੍ਰੀ ਗੁਰੂ ਤੇਗ ਬਹਾਦਰ ਜੀ। ਪੁੱਤਰ ਗੁਰੂ ਹਰਿ ਰਾਏ ਜੀ, ਪੋਤਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਤੇ ਭਤੀਜਾ ਗੁਰੂ ਗੋਬਿੰਦ ਸਿੰਘ ਜੀ ਆਪੋ ਆਪਣੇ ਸਮੇਂ ਸਿੱਖ ਸੰਗਤ ਦੀ (ਗੁਰੂ ਰੂਪ ਹੋ ਕੇ) ਸੁਚੱਜੀ ਅਗਵਾਈ ਕਰਦੇ ਹਨ। ਇਹ ਅਗਵਾਈ ਮਨੁੱਖੀ ਜਨਮ ਨੂੰ ਲਾਹੇਵੰਦ ਬਣਾਉਣ ਵਿਚ ਬੜੀ ਕਾਰਗਰ ਸਾਬਤ ਹੋਈ ਹੈ।

ਬਾਬਾ ਗੁਰਦਿੱਤਾ ਜੀ ਨੇ ਧਾਰਮਿਕ ਅਤੇ ਸ਼ਸਤਰ ਵਿਦਿਆ ਗੁਰੂ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਕੋਲੋਂ ਹਾਸਲ ਕੀਤੀ ਜਿਸ ਦੀ ਬਾਦੌਲਤ ਉਹ ਗੁਰੂ ਘਰ ਨਾਲ ਸਬੰਧੰਤ ਧਾਰਮਿਕ ਅਤੇ ਰਾਜਨੀਤਕ ਮਸਲੇ ਨਜਿੱਠਦੇ ਰਹੇ ਹਨ।

29 ਵੈਸਾਖ ਸੰਮਤ 1681 (1624 ਈ.) ਨੂੰ ਬਾਬਾ ਗੁਰਦਿੱਤਾ ਜੀ ਦਾ ਆਨੰਦ ਕਾਰਜ ਗੁਰਦਾਸਪੁਰ ਜਿਲ੍ਹੇ ਦੇ ਪ੍ਰਸਿੱਧ ਸ਼ਹਿਰ ਬਟਾਲਾ ਦੇ ਰਹਿਣ ਵਾਲੇ ਭਾਈ ਰਾਮਾ ਮੱਲ ਦੀ ਜੀ ਦੇ ਬੇਟੀ ਅਨੰਤੀ (ਨਿਹਾਲ ਕੌਰ) ਨਾਲ ਹੋਇਆ। ਬਾਬਾ ਜੀ ਦੀ ਬਰਾਤ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਛੇਵੇਂ ਪਾਤਸ਼ਾਹ ਤੋਂ ਇਲਾਵਾ ਬਾਬਾ ਬੁੱਢਾ ਸਾਹਿਬ ਜੀ,ਭਾਈ ਗੁਰਦਾਸ ਜੀ,ਭਾਈ ਦਾਤੂ ਜੀ,(ਗੁਰੂ) ਤੇਗ ਬਹਾਦਰ ਜੀ,ਭਾਈ ਮੋਹਰੀ ਜੀ, ਭਾਈ ਕਿਸ਼ਨ ਚੰਦ ਜੀ,ਭਾਈ ਸਾਂਈ ਦਾਸ ਜੀ ਅਤੇ ਭੈਣ ਬੀਬੀ ਵੀਰੋ ਜੀ ਦੇ ਨਾਮ ਪ੍ਰਮੁੱਖ ਹਨ। ਭਾਈ ਰਾਮਾ ਜੀ ਦੇ ਪਰਿਵਾਰ ਵੱਲੋਂ ਗੁਰੂ ਕੇ ਬਰਾਤੀਆਂ ਦਾ ਰੱਜਵਾਂ ਸਤਿਕਾਰ ਕੀਤਾ ਗਿਆ।

ਆਪਣੇ ਸੰਸਾਰਿਕ ਅਤੇ ਪ੍ਰਮਾਰਥਿਕ ਸਫ਼ਰ ਨੂੰ ਤਹਿ ਕਰਦਿਆਂ ਬਾਬਾ ਜੀ 15 ਮਾਰਚ 1638 ਨੂੰ ਸੰਸਾਰਿਕ ਚੋਲਾ ਤਿਆਗ ਗਏ। ਇਸ ਯਾਦ ਨੂੰ ਸਦੀਵੀ ਬਣਾਉਣ ਲਈ ਬਟਾਲਾ ਸ਼ਹਿਰ ਦੇ ਇਸ ਸਥਾਨ ਉਪਰ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਸੁਸ਼ੋਭਿਤ ਹੈ,ਜਿਥੇ ਹਰ ਸਾਲ ਗੁਰਮਤਿ ਦੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ।

#1348/17/1 ਗਲੀ ਨੰ:8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)



# ਵਿਅੰਗ

ਸ਼ਿਵਚਰਨ ਜੱਗੀ ਕੁੱਸਾ




ਸਵੇਰ ਦਾ ਮੌਕਾ ਸੀ। ਧਰਮਰਾਜ ਜੀ ਦਾ ਨਿਆਂਇਕ ਦਰਬਾਰ ਪੂਰਾ ਸਜਿਆ-ਧਜਿਆ ਹੋਇਆ ਸੀ। ਚੰਦਨ ਦੀਆਂ ਧੂਫ਼ਾਂ ਅਤੇ ਅਤਰ-ਫੁਲੇਲ ਦੀਆਂ ਲਪਟਾਂ ਦਰਬਾਰ ਦਾ ਚੁਗਿਰਦਾ ਮਹਿਕਾ ਰਹੀਆਂ ਸਨ। ਇੱਕ ਪਾਸੇ ਦਰਬਾਰੀ ਸ਼ਸੋਭਿਤ ਸਨ। ਧਰਮਰਾਜ ਜੀ ਦੇ ਸਿੰਘਾਸਣ ਦੇ ਖੱਬੇ-ਸੱਜੇ ਦੋ ਚਾਂਦੀ ਦੀਆਂ ਕੁਰਸੀਆਂ ਡਹੀਆਂ ਹੋਈਆਂ ਸਨ। ਸਾਰੇ ਦਰਬਾਰ ਵਿੱਚ ਲਾਲ ਗਲੀਚੇ ਵਿਛੇ ਹੋਏ ਸਨ। ਅਣਗਿਣਤ ਤਰ੍ਹਾਂ ਦੇ ਅਦਭੁਤ ਪੌਦੇ ਮਸਤੀ ਨਾਲ਼ ਝੂਲ ਰਹੇ ਸਨ ਅਤੇ ਗੁਲਸਤਿਆਂ ਵਰਗੇ ਫ਼ੁੱਲ ਟਹਿਕ ਰਹੇ ਸਨ। ਧਰਮਰਾਜ ਜੀ ਦਾ ਸੁਨਿਹਰੀ ਸਿੰਘਾਸਣ ਹੀਰੇ ਜਵਾਹਾਰਾਤ ਜੜ ਕੇ ਸਜਾਇਆ ਹੋਇਆ ਸੀ। ਭਾਂਤ-ਭਾਂਤ ਦੀਆਂ ਸੁਗੰਧੀਆਂ ਦੀਆਂ ਅਦੁਤੀ ਮਹਿਕਾਂ ਦੀਆਂ ਲਪਟਾਂ ਦਰਬਾਰੀਆਂ ਨੂੰ ਮਸਤ ਕਰੀ ਬੈਠੀਆਂ ਸਨ। ਮਧੁਰ ਸਾਜ਼ਾਂ ਦੀਆਂ ਧੁਨਾਂ ਸੁਣ-ਸੁਣ ਕੇ ਦਰਬਾਰੀ ਮੰਤਰ-ਮੁਘਧ ਹੋਏ, ਕੀਲੇ ਬੈਠੇ ਸਨ।

ਸੰਖ ਪੂਰਨ ਦੀ ਅਵਾਜ਼ ਸੁਣੀਂ ਤਾਂ ਦਰਬਾਰੀ ਅਦਬ ਨਾਲ਼ ਖੜ੍ਹੇ ਹੋ ਗਏ। "ਚਿੱਤਰ-ਗੁਪਤ" ਆ ਹਾਜ਼ਰ ਹੋਏ। ਲੰਬੇ ਘੁੰਗਰਾਲ਼ੇ ਵਾਲ਼, ਡੌਲ਼ਿਆਂ ਉਪਰ ਸ਼ੇਰ ਦੇ ਮੂੰਹ ਵਾਲ਼ੇ ਸੁਨਿਹਰੀ ਕਵਚ ਅਤੇ ਥਮਲ੍ਹਿਆਂ ਵਰਗੇ ਸਰੀਰ! ਤੁਰਦੇ ਸਨ, ਤਾਂ ਧਰਤੀ ਹਿੱਲਦੀ ਸੀ। ਉਹ ਆਣ ਕੇ ਧਰਮਰਾਜ ਜੀ ਦੇ ਸਿੰਘਾਸਣ ਦੇ ਖੱਬੇ-ਸੱਜੇ ਪਾਸੇ ਚਾਂਦੀ ਦੀਆਂ ਕੁਰਸੀਆਂ ਉਪਰ ਬਿਰਾਜਮਾਨ ਹੋ ਗਏ। ਉਹਨਾਂ ਦੇ ਬਿਰਾਜ ਜਾਣ ਬਾਅਦ ਅਨਹਦ ਨਾਦ ਦੀ ਧੁਨੀ ਸੁਣਾਈ ਦਿੱਤੀ ਤਾਂ ਸਾਵਧਾਨ ਖੜ੍ਹੇ ਦਰਬਾਰੀ ਅਦਬ ਵਿੱਚ ਝੁਕ ਗਏ ਅਤੇ ਚਿਤਰ-ਗੁਪਤ ਸਤਿਕਾਰ ਵਿੱਚ ਉਠ ਕੇ ਖੜ੍ਹੇ ਹੋ ਗਏ।

ਧਰਮਰਾਜ ਜੀ ਦਰਬਾਰ ਵਿੱਚ ਹਾਜ਼ਰ ਹੋਏ ਤਾਂ "ਜੈ-ਜੈ ਕਾਰ" ਹੋਣ ਲੱਗ ਪਈ। ਚਿੱਟੇ ਕਿਨਾਰਿਆਂ ਵਾਲ਼ਾ ਸੂਹਾ ਲਿਬਾਸ, ਸਿਰ ਉਪਰ ਸੁਨਿਹਰੀ ਮੁਕਟ ਅਤੇ ਹੱਥ ਵਿੱਚ ਸੋਨੇ ਦੀ ਲੱਠ, ਜਿਸ ਦੀ ਮੋਤੀਆਂ ਜੜੀ ਮੁੱਠ ਖ਼ੂਬ ਜਚ ਰਹੀ ਸੀ। ਦਰਬਾਰੀ ਅਤੇ ਚਿਤਰ-ਗੁਪਤ ਓਨਾਂ ਚਿਰ ਫ਼ਲ਼ਾਂ ਲੱਦੇ ਬੂਟੇ ਵਾਂਗ ਲਿਫ਼ੇ ਰਹੇ, ਜਿੰਨਾਂ ਚਿਰ ਧਰਮਰਾਜ ਨੇ ਬੈਠਣ ਨੂੰ ਨਾ ਆਖ ਦਿੱਤਾ। ਸਾਰੇ ਦਰਬਾਰੀ ਚੁੱਪ ਚਾਪ ਬੈਠ ਗਏ ਅਤੇ ਦਰਬਾਰ ਦੇ ਕਰਮਚਾਰੀ ਨੇ ਧਰਮਰਾਜ ਕੋਲ਼ੋਂ ਦਰਬਾਰ ਦਾ ਕਾਰਜ ਆਰੰਭਣ ਦੀ ਇਜਾਜ਼ਤ ਮੰਗੀ। ਧਰਮਰਾਜ ਜੀ ਨੇ ਹੱਥ ਦੇ ਇਸ਼ਾਰੇ ਨਾਲ਼ ਇਜਾਜ਼ਤ ਦੇ ਦਿੱਤੀ।

-"ਤੇਲੂ ਤੇ ਬੇਲੂ ਹਾਜ਼ਰ ਹੋਅਅਅਅ....!" ਕਰਮਚਾਰੀ ਨੇ ਅਵਾਜ਼ ਦਿੱਤੀ ਤਾਂ ਦੋ ਜਮਦੂਤਾਂ ਵੱਲੋਂ ਇੱਕ ਚੋਲ਼ੇ ਵਾਲ਼ੇ ਸਾਧ ਨੂੰ ਪੇਸ਼ ਕੀਤਾ ਗਿਆ। ਸਾਧ ਦੇ ਖੁੱਲ੍ਹੇ ਲੰਬੇ ਕਾਲ਼ੇ ਵਾਲ਼, ਲੰਬੀ ਕਾਲ਼ੀ ਦਾੜ੍ਹੀ, ਚਿੱਟਾ ਚੋਲ਼ਾ ਅਤੇ ਅੱਖਾਂ 'ਤੇ ਕਾਲ਼ੀਆਂ ਐਨਕਾਂ ਲਾਈਆਂ ਹੋਈਆਂ ਸਨ।

-"ਇਹ ਕੌਣ ਐਂ ਦੂਤ ਜੀ...?" ਧਰਮਰਾਜ ਦੇ ਸੈਕਟਰੀ ਨੇ ਪੁੱਛਿਆ।

-"ਇਹ ਜੀ ਡੇਰੇ ਦਾ ਇੱਕ ਸਾਧ ਐ, ਜੋ ਉਪਦੇਸ਼ ਇਹ ਆਪਣੇ ਪੈਰੋਕਾਰਾਂ ਨੂੰ ਦਿੰਦਾ ਸੀ, ਓਸ ਦੇ ਬਿਲਕੁਲ ਉਲਟ ਖ਼ੁਦ ਆਪ ਚੱਲਦਾ ਸੀ। ਉਹ ਕਿਹੜਾ ਕੁੱਤਾ ਕੰਮ ਐਂ ਜੀ, ਜਿਹੜਾ ਇਹਨੇ ਨਹੀਂ ਕੀਤਾ..!"

-"ਕਿਉਂ ਚਿਤਰ ਗੁਪਤ ਜੀ, ਕੀ ਇਹ ਗੱਲ ਸਹੀ ਐ...?" ਧਰਮਰਾਜ ਨੇ ਕਰੋਧੀ ਨਜ਼ਰਾਂ ਨਾਲ਼ ਓਧਰ ਤੱਕਿਆ।

-"ਜੀ ਹਜ਼ੂਰ, ਇਹ ਬਿਲਕੁਲ ਸਹੀ ਹੈ...! ਇਸ ਸ਼ੈਤਾਨ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ...!"

-"ਇਹਨੂੰ ਗੁਸਤਾਖ਼ ਨੂੰ ਤੇਲ ਦੇ ਉਬਲ਼ਦੇ ਕੜਾਹੇ ਵਿੱਚ ਸੁੱਟਿਆ ਜਾਵੇ...!"

-"ਰਹਿਮ ਧਰਮਰਾਜ ਜੀ...! ਰਹਿਮ....!" ਸਾਧ ਦਰਬਾਰ ਵਿੱਚ ਲਿਟਣ ਅਤੇ ਬਿਲਕਣ ਲੱਗ ਪਿਆ। ਪਰ ਦੂਤ ਉਸ ਨੂੰ ਘੜ੍ਹੀਸ ਕੇ ਦਰਬਾਰ 'ਚੋਂ ਬਾਹਰ ਲੈ ਗਏ।

ਕਰਮਚਾਰੀ ਦੇ ਇਸ਼ਾਰੇ 'ਤੇ ਇੱਕ ਲਿੱਬੜਿਆ ਤਿੱਬੜਿਆ ਜਿਹਾ ਬੰਦਾ ਪੇਸ਼ ਕੀਤਾ ਗਿਆ, ਜੋ ਪਹਿਲੀ ਤੱਕਣੀ ਨਾਲ਼ ਹੀ ਸ਼ਕਲ ਤੋਂ ਬੜਾ "ਗਰੀਬੜਾ" ਜਿਹਾ ਨਜ਼ਰ ਆ ਰਿਹਾ ਸੀ।

-"ਇਹ ਪ੍ਰਾਣੀ ਕੌਣ ਐਂ ਦੇਵਤਾ ਜੀ...?" ਕਰਮਚਾਰੀ ਨੇ ਸੁਆਲ ਕੀਤਾ।

-"ਇਹਦਾ ਨਾਂ ਨੰਦ ਲਾਲ ਨੂਰਪੁਰੀ ਐ ਮਹਾਰਾਜ...!"

-"ਚਿਤਰ-ਗੁਪਤ ਜੀ, ਇਸ ਦਾ ਖਾਤਾ ਖੋਲ੍ਹ ਕੇ ਦੱਸੋ!" ਧਰਮਰਾਜ ਦੇ ਕਹਿਣ 'ਤੇ ਦੋਹਾਂ ਨੇ ਵਹੀ ਖੋਲ੍ਹ ਲਈ।

-"ਇਹਦੇ ਨਾਂ ਦਾ ਤਾਂ ਲੋਕਾਂ ਨੇ ਬੜਾ ਲਾਹਾ ਲਿਆ, ਮਾਹਾਰਾਜ! ਜਿੰਨੇ ਵੱਡੇ ਢਿੱਡਾਂ ਵਾਲ਼ੇ, ਤੇ ਵੱਡੇ-ਵੱਡੇ ਅਹੁਦਿਆਂ ਆਲ਼ੇ ਆਫਰੇ ਤੁਰੇ ਫ਼ਿਰਦੇ ਐ, ਸਭ ਇਸ ਬੰਦੇ ਦੇ ਨਾਂ ਦੀ ਖੱਟੀ ਖਾਂਦੇ ਐ। ਇਸ ਵਿਚਾਰੇ ਕੋਲ਼ ਰੋਟੀ ਖਾਣ ਨੂੰ ਤਾਂ ਕੀ, ਦੁਆਈ ਵਾਸਤੇ ਵੀ ਪੈਸੇ ਨੀ ਸੀ, ਇਹਨੇ ਅੱਕ ਕੇ ਖੂਹ 'ਚ ਛਾਲ਼ ਮਾਰੀ, ਇਹਨੂੰ ਤਾਂ ਅਸੀਂ ਮਸਾਂ ਖੂਹ 'ਚੋਂ ਕੱਢ ਕੇ ਲਿਆਏ ਆਂ!"

-"ਇਹਨੂੰ ਦਰਵੇਸ਼ ਨੂੰ ਸਵਰਗ 'ਚ ਭੇਜ ਦਿਓ...!" ਧਰਮਰਾਜ ਦੇ ਹੁਕਮ 'ਤੇ ਦੇਵਤੇ ਉਸ ਨੂੰ ਲੈ ਤੁਰੇ।

ਉਸ ਤੋਂ ਬਾਅਦ ਦੂਤਾਂ ਨੇ ਦੋ ਬਜ਼ੁਰਗ ਅੱਗੇ ਲੈ ਆਂਦੇ। ਇੱਕ ਨੇ ਢਿਲ਼ਕੀ ਜਿਹੀ ਪੱਗ ਬੰਨ੍ਹ ਕੇ ਦੋਵੇਂ ਹੱਥ ਜੋੜੇ ਹੋਏ ਸਨ ਅਤੇ ਉਸ ਦੇ ਪਜਾਮੇਂ ਦਾ ਨਾਲ਼ਾ ਲਮਕ ਰਿਹਾ ਸੀ। ਦੂਜੇ ਨੇ ਪੋਚਵੀਂ ਅਤੇ ਠੋਕਵੀਂ ਪੱਗ ਬੰਨ੍ਹੀ ਹੋਈ ਸੀ। ਦਾੜ੍ਹੀ ਕਾਲ਼ੀ ਕਰ ਕੇ 'ਵਸਮਾਂ' ਲਾਇਆ ਹੋਇਆ ਸੀ ਅਤੇ ਦਾੜ੍ਹੀ ਬੰਨ੍ਹ ਕੇ ਉਪਰ ਠਾਠੀ ਬੰਨ੍ਹੀ ਹੋਈ ਸੀ। ਵਿਰਲੀਆਂ ਜਿਹੀਆਂ ਮੁੱਛਾਂ ਧੋ ਕੇ ਪਾਈ ਸੁੱਥਣ ਵਾਂਗ ਲਟਕ ਰਹੀਆਂ ਸਨ।

-"ਦੂਤ ਜੀ, ਇਹਦਾ ਭੱਦਰ ਪੁਰਸ਼ ਦਾ ਨਾਲ਼ਾ ਤਾਂ ਟੰਗ ਲਓ...!" ਕਰਮਚਾਰੀ ਨੇ ਕਿਹਾ।

-"ਨਾਲ਼ਾ ਲਮਕਾਉਣ ਦੀ ਤਾਂ ਇਹਨੂੰ ਬੁਰੀ ਬਾਣ ਐਂ ਜੀ...! ਜੇ ਹੁਣ ਟੰਗਤਾ, ਮਿੰਟ ਕੁ ਨੂੰ ਬਾਹਰ ਕੱਢ ਕੇ ਫੇਰ ਲਮਕਾ-ਲੂ..!" ਗੱਲ ਸੁਣ ਕੇ ਸਾਰਾ ਦਰਬਾਰ ਹੱਸ ਪਿਆ।

-"ਇਹ ਦੋ ਬਜ਼ੁਰਗ 'ਕੱਠੇ ਈ ਪੇਸ਼ ਕਰਤੇ...? 'ਕੱਠੇ ਪੇਸ਼ ਕਰਨ ਦਾ ਕਾਰਨ...?"

-"ਇਹ ਤਾਂ ਜੀ ਬਹੁਤ ਚਤਰ ਬੁੱਢੇ ਐ...! ਸਾਰੀ ਉਮਰ ਇਹ ਆਪਦੇ ਭਾਈਚਾਰੇ ਦੇ ਜਜ਼ਬਾਤਾਂ ਨਾਲ਼ ਗੁੱਲੀ ਡੰਡਾ ਖੇਡਦੇ ਰਹੇ ਐ..! ਕਦੇ ਗਿੱਟ-ਮਿੱਟ ਕਰ ਕੇ ਆਹ ਠਾਠੀ ਆਲ਼ਾ ਰਾਜ ਭਾਗ ਸਾਂਭ ਲੈਂਦਾ ਸੀ, ਤੇ ਕਦੇ ਆਹ ਲਮਕਦੇ ਨਾਲ਼ੇ ਆਲ਼ਾ...! ਪਰ ਪਰਜਾ ਦਾ ਭਲਾ ਇਹਨਾਂ 'ਚੋਂ ਕਿਸੇ ਨੇ ਵੀ ਨੀ ਕੀਤਾ...! ਆਹ ਤਾਂ ਜੀ ਕਿਸੇ ਗੁਆਂਢੀ ਮੁਲਕ ਦੀ ਬੀਬੀ ਨਾਲ਼ 'ਚਖ਼ਮਖ਼ੀ' ਵੀ ਕਰਦਾ ਰਿਹੈ, ਤੇ ਆਹ ਪਤੰਦਰ ਨਾਲ਼ਾ ਲਮਕਾ ਕੇ ਲੋਕਾਂ ਦਾ ਤਰਸ ਬਟੋਰ ਕੇ, ਵੋਟਾਂ ਖੱਟਦਾ ਰਿਹੈ...!"

-"ਇਹਨਾਂ ਦਾ ਕੇਸ ਅਜੇ ਪੈਂਡਿੰਗ ਰੱਖੋ...!" ਧਰਮਰਾਜ ਨੇ ਉਹ ਦੋਨੋਂ ਪਾਸੇ ਬਿਠਾ ਦਿੱਤੇ।

ਹੁਣ ਇੱਕ ਕੁੱਤੇ ਝੱਗੀ ਵਾਲ਼ੇ ਨੂੰ ਪੇਸ਼ ਕੀਤਾ ਗਿਆ। ਕਤਰੀ ਬੱਗੀ ਦਾੜ੍ਹੀ ਵਾਲ਼ਾ ਚੁਸਤ ਜਿਹਾ ਬੰਦਾ ਮੂੰਹ 'ਚੋਂ "ਜੈ ਸ਼੍ਰੀ ਰਾਮ" ਦੇ ਜੈਕਾਰੇ ਛੱਡੀ ਜਾ ਰਿਹਾ ਸੀ। ਕਦੇ-ਕਦੇ "ਹਰ-ਹਰ ਮਹਾਂਦੇਵ" ਵੀ ਬੁਲਾਉਣ ਲੱਗ ਜਾਂਦਾ ਸੀ।

-"ਇਹ ਭਗਤ ਜੀ ਕੌਣ ਨੇ...?"

-"ਇਹ ਜੀ ਹਿੰਦੋਸਤਾਨ ਦਾ ਹੁਕਮਰਾਨ ਰਿਹੈ, ਮਹਾਰਾਜ ...! ਜਦੋਂ ਵੀ ਇਹਦੇ ਦੇਸ਼ 'ਚ ਕੋਈ ਬਿਮਾਰੀ ਫ਼ੈਲਦੀ, ਜਾਂ ਕੋਈ ਹੋਰ ਸੰਕਟ ਆਉਂਦਾ, ਇਹਨੇ ਕਦੇ ਇਲਾਜ਼, ਜਾਂ ਕਿਸੇ ਹੋਰ ਸਥਾਈ ਹੱਲ ਬਾਰੇ ਨੀ ਸੋਚਿਆ, ਆਪਦੀ ਪਰਜਾ ਨੂੰ ਕਦੇ ਥਾਲ਼ੀਆਂ ਕੁੱਟਣ, ਤੇ ਕਦੇ ਮੋਮਬੱਤੀਆਂ ਬਾਲਣ ਦੇ ਸੰਦੇਸ਼ ਈ ਦੇਈ ਜਾਂਦਾ...! ਬਾਹਰ ਲੋਕ ਥਾਲ਼ੀਆਂ ਕੁੱਟੀ ਜਾਂਦੇ, ਤੇ ਅੰਦਰ ਭੁੱਖੇ ਚੂਹੇ ਦਾਣਿਆਂ ਵਾਲ਼ੇ ਖਾਲੀ ਡਰੰਮ ਖੜਕਾਈ ਜਾਂਦੇ..!"

-"ਇਹਦਾ ਕੇਸ ਵੀ ਅਜੇ ਪੈਂਡਿੰਗ ਰੱਖੋ..! ਇਹਨੂੰ ਔਹਨਾਂ ਬਜ਼ੁਰਗਾਂ ਕੋਲ਼ ਬਿਠਾਓ...! ਅਜੇ ਇਹਨਾਂ ਦੀ ਪਰਜਾ 'ਚੋਂ ਹੋਰ ਚਸ਼ਮਦੀਦ ਗਵਾਹ ਆ ਲੈਣ ਦਿਓ...!"

-"ਇਹਨੇ ਬਹਿਣਾਂ ਨੀ ਜੀ..! ਇਹ ਓਹਨਾਂ ਤੋਂ ਉਚੇ ਰੁਤਬੇ 'ਤੇ ਰਿਹੈ, ਇਹਨੂੰ ਤਾਂ ਅਜੇ ਤੱਕ ਅਫ਼ਰੇਵੇਂ 'ਚ ਸਾਹ ਨੀ ਆਉਂਦਾ!"

-"ਇਹਨੂੰ ਕਹਿ ਦਿਓ ਕਿ ਤੂੰ ਔਹਨਾਂ ਨਾਲ਼ ਬੈਠ, ਤੈਨੂੰ ਵਿਦੇਸ਼ੀ ਦੌਰੇ 'ਤੇ ਭੇਜਣੈ, ਜਾਂ ਲਾਰਾ ਲਾ ਦਿਓ ਕਿ ਕੈਮਰਿਆਂ ਆਲ਼ੇ ਫੋਟੂ ਖਿੱਚਣ ਆਉਂਦੇ ਆ, ਦੇਖ ਲਿਓ ਟਿਕ ਕੇ ਬਹਿਜੂ, ਚਾਹੇ ਮਹੀਨਾਂ ਬਿਠਾਈ ਰੱਖਿਓ..!" ਚਿਤਰ ਜੀ ਨੇ ਕਿਹਾ ਤਾਂ ਸਾਰਾ ਦਰਬਾਰ ਫ਼ਿਰ ਹੱਸ ਪਿਆ।

-"ਚਲੋ ਭਾਈ ਅੱਜ ਪੰਜ ਬੰਦੇ ਪੇਸ਼ ਕਰਤੇ, ਬਾਕੀ ਕੱਲ੍ਹ ਸਹੀ...!"

ਦਰਬਾਰ ਬਰਖ਼ਾਸਤ ਕਰ ਦਿੱਤਾ ਗਿਆ। ਧਰਮਰਾਜ ਦੇ ਜਾਣ ਤੱਕ ਸਾਰੇ ਅਦਬ ਨਾਲ਼ ਝੁਕੇ ਖੜ੍ਹੇ ਰਹੇ

ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ । ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ ।

# ਸਕਾਟਿਸ਼ ਕਾਮੇਡੀਅਨ ਕੋਹਲੀ ਜਿਨਸੀ ਸ਼ੋਸ਼ਣ ਦੇ ਦੋਸ਼ 'ਚ ਅਦਾਲਤ 'ਚ ਪੇਸ਼

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)- ਸਕਾਟਿਸ਼ ਹਾਸਰਸ ਕਲਾਕਾਰ ਹਰਦੀਪ ਸਿੰਘ ਕੋਹਲੀ ਖਿਲਾਫ ਪਿਛਲੇ ਸਾਲ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਸਾਹਮਣੇ ਆਉਣ ਤੋਂ ਬਾਅਦ ਸਕਾਟਲੈਂਡ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। 55 ਸਾਲਾ ਕੋਹਲੀ 'ਤੇ 20 ਤੋਂ ਵੱਧ ਔਰਤਾਂ ਵਲੋਂ ਹਿੰਸਕ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਗਏ ਹਨ। ਬੀਤੇ ਦਿਨ ਕੋਹਲੀ ਜਿਨਸੀ ਅਪਰਾਧਾਂ ਦੇ ਦੋਸ਼ ਹੇਠ ਗਲਾਸਗੋ ਦੀ ਅਦਾਲਤ ਵਿੱਚ ਪੇਸ਼ ਹੋਏ। ਗਲਾਸਗੋ ਦੇ ਰਹਿਣ ਵਾਲੇ ਕੋਹਲੀ ਨੂੰ ਤਿੰਨ ਅਸ਼ਲੀਲ ਹਰਕਤਾਂ, ਜਿਨਸੀ ਹਮਲੇ ਦਾ ਦੋਸ਼, ਔਰਤਾਂ ਨਾਲ ਛੇੜਛਾੜ ਅਤੇ ਦੋ ਮਾਮਲਿਆਂ ਵਿੱਚ ਸ਼ਾਂਤੀ ਭੰਗ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੋਹਲੀ ਗਲਾਸਗੋ ਅਦਾਲਤ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਇਆ ਅਤੇ ਉਸ ਨੇ ਕੋਈ ਪਟੀਸ਼ਨ ਦਾਇਰ ਨਹੀਂ ਕੀਤੀ।



ਉਸ ਨੂੰ ਅਗਲੇਰੀ ਜਾਂਚ ਲਈ ਵਚਨਬੱਧ ਕੀਤਾ ਗਿਆ ਅਤੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਕੋਹਲੀ ਦੀ ਅਦਾਲਤ ਵਿੱਚ ਅਗਲੀ ਪੇਸ਼ੀ ਅਜੇ ਤੈਅ ਹੋਣੀ ਹੈ।